*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 13, ਅੰਕ-1, ਜਨਵਰੀ 2023 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300




ਮਾਨਵੀ ਸਰੋਕਾਰ ਉਸ ਵਗਦੇ ਨਿਰਮਲ ਪਾਣੀ ਵਾਂਗ ਹੁੰਦੇ ਹਨ ਜਿਸ ਤਰ੍ਹਾਂ ਕਿਸੇ ਦਰਿਆ ਵਿਚ ਪਵਿੱਤਰ ਪਾਣੀ ਲਗਾਤਾਰ ਵਹਿੰਦਾ ਰਹਿੰਦਾ ਹੈ। ਇਸੇ ਤਰ੍ਹਾਂ 'ਸਰੋਕਾਰਾਂ ਦੀ ਆਵਾਜ਼' ਹਰੇਕ ਨਵੇਂ ਵਰ੍ਹੇ ਦੀ ਆਮਦ ਉਤੇ ਆਪਣੇ ਸਹਿਯੋਗੀਆਂ ਅਤੇ ਪਾਠਕਾਂ ਨਾਲ ਵਾਅਦਾ ਕਰਦੀ ਹੈ ਕਿ ਵਰ੍ਹਾ 2023 ਮਾਨਵੀ ਸਰੋਕਾਰਾਂ ਨੂੰ ਉਚਾ ਕਰਨ ਦਾ ਹੋਵੇ ਅਤੇ ਸਮੁੱਚੇ ਸਾਡੇ ਵਿਸ਼ਾਲ ਘੇਰੇ ਵਿਚ ਵਿਚਰਨ ਵਾਲੀ ਹਰੇਕ ਸ਼ਖਸੀਅਤ ਜੋ ਸਾਡੇ ਸ਼ਬਦਾਂ ਨੂੰ ਆਪਣੇ ਵਿਚ ਸਮਾਉਂਦੀ ਹੈ ਉਹ ਵੀ ਨਵੇਂ ਵਰ੍ਹੇ, ਨਵੀਆਂ ਬੁਲੰਦੀਆਂ ਸੋਚ ਤੋਂ ਲੈ ਕੇ ਜੀਵਨ ਦੇ ਹਰੇਕ ਖੇਤਰ ਵਿਚ ਆਪਣੇ ਪਰਿਵਾਰਾਂ ਨਾਲ ਵਿਚਰਦਿਆਂ ਸ਼ਾਨਦਾਰ ਸਮਾਜ ਦੀ ਕਲਪਨਾ ਕਰਦਿਆਂ ਬਤੀਤ ਕਰੇ। ਇਹ ਹੀ ਸਾਡੀ ਦੁਆ ਹੈ।

**ਸੰਪਾਦਕੀ ਮੰਡਲ**

# ਹੋਰ ਵੀ ਸਖ਼ਤ ਚੁਣੌਤੀਆਂ ਅਤੇ ਸੰਭਾਵਨਾਵਾਂ ਦਰਮਿਆਨ ਨਵੇਂ ਵਰ੍ਹੇ ਦੀ ਆਮਦ

-ਬੂਟਾ ਸਿੰਘ ਮਹਿਮੂਦਪੁਰ-

ਦੁਨੀਆ ਨਵੇਂ ਵਰ੍ਹੇ ਦੀ ਦਹਿਲੀਜ਼ 'ਤੇ ਹੈ ਅਤੇ ਨਵੇਂ ਵਰ੍ਹੇ ਦੀ ਖ਼ੁਸ਼ੀ ਨੂੰ ਗ੍ਰਹਿਣ ਲਾਉਣ ਵਾਲੀਆਂ ਸਮੱਸਿਆਵਾਂ ਵੀ ਉੱਘੜਵੇਂ ਰੂਪ 'ਚ ਨਜ਼ਰ ਆ ਰਹੀਆਂ ਹਨ। ਬੀਤੇ ਦੀ ਤਰ੍ਹਾਂ ਹੀ 2023 'ਚ ਵੀ ਦੁਨੀਆ ਦੇ ਲੋਕਾਂ ਨੂੰ ਵੱਡੀਆਂ ਚੁਣੌਤੀਆਂ ਅਤੇ ਵਿਰਾਟ ਸਮੱਸਿਆਵਾਂ ਨਾਲ ਜੂਝਣਾ ਪਵੇਗਾ ਅਤੇ ਸੰਘਰਸ਼ਾਂ ਰਾਹੀਂ ਬਦੀ ਦੀਆਂ ਆਲਮੀ ਤਾਕਤਾਂ ਨੂੰ ਪਿੱਛੇ ਧੱਕਕੇ ਉਨ੍ਹਾਂ ਦੇ ਲੋਕ ਵਿਰੋਧੀ ਮਨਸੂਬੇ ਅਸਫ਼ਲ ਬਣਾਉਂਦੇ ਹੋਏ ਆਪਣੇ ਹਿਤਾਂ ਦੀ ਰਾਖੀ ਕਰਨੀ ਪਵੇਗੀ।



ਦੁਨੀਆ ਆਦਮਖ਼ੋਰ ਸਰਮਾਏਦਾਰੀ ਪ੍ਰਬੰਧ ਦੇ ਪੈਦਾ ਕੀਤੇ ਅਟੱਲ ਆਰਥਕ ਸੰਕਟ ਦੀ ਲਗਾਤਾਰ ਲਪੇਟ ਵਿਚ ਹੈ। ਵੱਧ ਤੋਂ ਵੱਧ ਮੁਨਾਫ਼ਿਆਂ ਦੀ ਖ਼ਾਤਰ ਸਰਮਾਏਦਾਰਾ ਵਿਕਾਸ ਮਾਡਲ ਵੱਲੋਂ ਕੀਤੀ ਕੁਦਰਤੀ ਚੌਗਿਰਦੇ ਦੀ ਤਬਾਹੀ ਨੇ ਧਰਤੀ ਦੀ ਹੋਂਦ ਹੀ ਖ਼ਤਰੇ 'ਚ ਪਾ ਦਿੱਤੀ ਹੈ। ਜਿਸ ਦਾ ਨਤੀਜਾ ਮਨੁੱਖ ਤੇ ਹੋਰ ਜੀਵ-ਜੰਤੂਆਂ ਨੂੰ ਕੁਦਰਤੀ ਸਿਲਸਿਲੇ ਵਿਚ ਭਿਆਨਕ ਤਬਦੀਲੀਆਂ, ਜਾਨਲੇਵਾ ਬੀਮਾਰੀਆਂ ਅਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦੇ ਰੂਪ 'ਚ ਭੁਗਤਣਾ ਪੈ ਰਿਹਾ ਹੈ। ਕੋਵਿਡ-ਮਹਾਮਾਰੀ ਨਾਲ ਨਜਿੱਠਣ 'ਚ ਅਤੇ ਮਹਾਮਾਰੀ ਦੌਰਾਨ ਨਾਗਰਿਕਾਂ ਦੀਆਂ ਰੋਜ਼ੀ-ਰੋਟੀ, ਇਲਾਜ ਅਤੇ ਮਨੁੱਖੀ ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ ਦੇ ਇੰਤਜ਼ਾਮ ਕਰਨ 'ਚ ਸਰਮਾਏਦਾਰੀ ਪ੍ਰਬੰਧ ਦੇ ਬੁਰੀ ਤਰ੍ਹਾਂ ਨਾਕਾਮ ਰਹਿਣ ਨੇ ਇਸ ਦੀ ਘਿਣਾਉਣੀ ਅਸਲੀਅਤ ਉਨ੍ਹਾਂ ਲੋਕਾਂ ਨੂੰ ਵੀ ਦਿਖਾ ਦਿੱਤੀ ਜੋ ਇਸ ਨੂੰ ਟਿਕਾਊ, ਵਿਕਾਸਸ਼ੀਲ ਅਤੇ ਤਰੱਕੀਪਸੰਦ ਪ੍ਰਬੰਧ ਸਮਝਦੇ ਸਨ।

ਸਮਾਜਵਾਦੀ ਪ੍ਰਬੰਧ ਦੇ ਟੁੱਟਣ ਤੋਂ ਬਾਦ ਦੁਨੀਆ ਵਿਚ ਸਾਮਰਾਜੀ ਸਰਮਾਏਦਾਰੀ ਦੇ ਖ਼ੂੰਖ਼ਾਰ ਹਮਲੇ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਬੇਹੱਦ ਕਮਜ਼ੋਰ ਹੋ ਚੁੱਕੀਆਂ ਹਨ ਅਤੇ ਘੋਰ ਸੱਜੇਪੱਖੀ ਗੁੱਟ ਲਗਾਤਾਰ ਮਜਬੂਤ ਹੋ ਰਹੇ ਹਨ ਅਤੇ ਸੱਤਾ ਉੱਪਰ ਉਨ੍ਹਾਂ ਦੀ ਜਕੜ ਤੇ ਪਕੜ ਵੀ ਵਧ ਰਹੀ ਹੈ। ਬੁਰਜ਼ੂਆ ਹਕੂਮਤਾਂ ਉਨ੍ਹਾਂ ਸੀਮਤ ਹੱਕਾਂ ਅਤੇ ਸਰਕਾਰੀ ਸਹੂਲਤਾਂ/ਰਾਹਤਾਂ ਨੂੰ ਖ਼ਤਮ ਕਰ ਰਹੀਆਂ ਹਨ ਜੋ ਸਮਾਜਵਾਦੀ ਪ੍ਰਬੰਧ ਦੇ ਦਬਾਓ ਹੇਠ ਦੁਨੀਆ ਭਰ 'ਚ ਮਜ਼ਦੂਰ ਜਮਾਤ ਨੂੰ ਦੇਣੀਆਂ ਪਈਆਂ ਸਨ। ਇਨ੍ਹਾਂ ਹਾਲਾਤ 'ਚ ਵਧ ਰਿਹਾ ਆਰਥਕ ਸੰਕਟ ਸਮੂਹ ਮਿਹਨਤਕਸ਼ ਲੋਕਾਂ ਲਈ ਹੋਰ ਮਾਰੂ ਸਾਬਤ ਹੋ ਰਿਹਾ ਹੈ।

ਇਕ ਸਾਲ ਤੋਂ ਚੱਲ ਰਹੀ ਯੂਕਰੇਨ ਜੰਗ ਨਾਲ ਆਰਥਕ ਸੰਕਟ ਦੀ ਮਾਰ ਝੱਲ ਰਹੇ ਮਿਹਨਤਕਸ਼ ਲੋਕਾਂ ਉੱਪਰ ਸੰਕਟ ਦਾ ਬੋਝ ਹੋਰ ਜ਼ਿਆਦਾ ਪੈਣਾ ਸ਼ੁਰੂ ਹੋ ਗਿਆ ਹੈ। ਸਾਰੇ ਹੀ ਮੁਲਕਾਂ 'ਚ ਮਹਿੰਗਾਈ ਨੇ ਪਹਿਲਾਂ ਹੀ ਲੋਕਾਂ ਦਾ ਜਿਊਣਾ ਮੁਸ਼ਕਲ ਬਣਾ ਦਿੱਤਾ ਹੈ। ਊਰਜਾ ਦਾ ਗੰਭੀਰ ਸੰਕਟ ਯੂਰਪ ਦੇ ਲੋਕਾਂ ਨੂੰ ਆਪਣੀਆਂ ਹੋਰ ਜ਼ਰੂਰੀ ਲੋੜਾਂ 'ਚ ਵੱਡੀ ਕਟੌਤੀ ਕਰਕੇ ਵਕਤ ਟਪਾਉਣ ਲਈ ਮਜਬੂਰ ਕਰ ਰਿਹਾ ਹੈ। ਸਾਫ਼ ਸੰਕੇਤ ਹਨ ਕਿ ਜੰਗ ਵੱਲੋਂ ਮਚਾਈ ਤਬਾਹੀ ਨਾਲ ਅੰਨ੍ਹ ਦੀ ਪੈਦਾਵਾਰ ਘਟਣ ਕਾਰਨ ਆਲਮੀ ਪੱਧਰ 'ਤੇ ਅੰਨ੍ਹ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਮਹਿੰਗਾਈ ਹੋਰ ਜ਼ਿਆਦਾ ਵਧ ਸਕਦੀ ਹੈ ਅਤੇ ਕਈ ਤਰੀਕਿਆਂ ਨਾਲ ਸੰਕਟ ਦਾ ਬੋਝ ਆਮ ਲੋਕਾਂ ਉੱਪਰ ਲੱਦਣ ਦਾ ਹਾਕਮ ਜਮਾਤੀ ਦਸਤੂਰ ਹੋਰ ਤੇਜ਼ ਹੋਣ ਦੀ ਪੂਰੀ ਸੰਭਾਵਨਾ ਹੈ। ਅੰਤਰ-ਸਾਮਰਾਜੀ ਖਹਿ-ਭੇੜ 'ਚੋਂ ਉਪਜੀ ਇਸ ਪੂਰੀ ਤਰ੍ਹਾਂ ਨਹੱਕੀ ਜੰਗ ਦੇ ਮੁੱਕਣ ਦੇ ਕੋਈ ਆਸਾਰ ਅਜੇ ਨਜ਼ਰ ਨਹੀਂ ਆ ਰਹੇ। ਸਾਮਰਾਜੀ ਤਾਕਤਾਂ ਇਸ ਜੰਗ ਨੂੰ ਆਪਣੇ ਹਿਤਾਂ ਲਈ ਵੱਧ ਤੋਂ ਵੱਧ

(ਬਾਕੀ ਸਫ਼ਾ 18 'ਤੇ)

CONGRATULATIONS
TEAM OVER 850 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • ਕਾਰ ਇੰਸ਼ੋਰੈਂਸ
• Home Insurance • ਹੋਮ ਇੰਸ਼ੋਰੈਂਸ
• Life Insurance • ਲਾਈਫ ਇੰਸ਼ੋਰੈਂਸ
• Critical illness • ਕਰਿਟੀਕਲ ਇਲਨੈਸ ਇੰਸ਼ੋਰੈਂਸ
• Disability Insurance • ਡਿਸਅਬਿਲਿਟੀ ਇੰਸ਼ੋਰੈਂਸ
• Car Loans • ਕਾਰ ਲੋਨ
• Business Insurance • ਬਿਜਨਸ ਇੰਸ਼ੋਰੈਂਸ
SAVE UPTO 30%
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:825.945.8441
Email: sidhugurprit@hotmail.com
www.bruceliang.ca

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# ਵਿਦਿਅਕ ਦੇਵੀ ਵਪਾਰ ਦੇ ਸਿਕੰਜੇ 'ਚ



ਡਾ. ਕੁਲਦੀਪ ਸਿੰਘ
98151-15429



*ਰਾਜਾਂ ਦੇ ਵੱਖ ਵੱਖ ਬੋਰਡ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਗਭਗ ਮਰਨ ਕੰਡੇ ਪਹੁੰਚਾਈਆਂ ਜਾ ਰਹੀਆਂ ਹਨ। ਜਿਸ ਨਾਲ ਦੇਸ਼ ਦੀ ਵਿਦਿਅਕ ਵਿਭਿੰਨਤਾ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤੀ ਗਈ ਹੈ। ਰਾਜਾਂ ਦੇ ਪੱਧਰ 'ਤੇ ਸਿੱਖਿਅਕ ਲੋੜਾਂ ਜਿਨ੍ਹਾਂ ਵਿਚ ਵੱਖ-ਵੱਖ ਵਿਸ਼ਿਆਂ ਦੀ ਪੜ੍ਹਾਈ ਤੋਂ ਲੈ ਕੇ ਪ੍ਰੋਫੈਸ਼ਨਲ ਕੋਰਸਾਂ ਤੱਕ ਦੀ ਵਿਦਿਆ ਖਾਤਮੇ ਵੱਲ ਤੋਰੀ ਜਾ ਰਹੀ ਹੈ।*

ਹਰ ਸਾਲ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਦਸ ਲੱਖ ਤੋਂ ਵੱਧ ਸਮਰੱਥਾ ਅਤੇ ਸੰਭਾਵਨਾ ਭਰਪੂਰ ਵਿਦਿਆਰਥੀ ਵੱਖ-ਵੱਖ ਪ੍ਰੋਫੈਸ਼ਨਲ ਕੋਰਸਾਂ ਲਈ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਵਿਚ ਪ੍ਰਵੇਸ਼ ਕਰਦੇ ਹਨ। ਜਿਨ੍ਹਾਂ ਨੇ ਆਪਣੇ ਦਸਵੀਂ ਕਲਾਸ ਦੇ ਸਫ਼ਰ ਦੌਰਾਨ ਉਚ ਪੱਧਰ ਦੇ ਅੰਕ ਪ੍ਰਾਪਤ ਕੀਤੇ ਹੁੰਦੇ ਹਨ। ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਮੈਡੀਕਲ ਤੋਂ ਲੈ ਕੇ ਇੰਜੀਨੀਅਰਿੰਗ ਤੱਕ ਦੀਆਂ ਪ੍ਰੀਖਿਆਵਾਂ ਦੀ ਮੁਕਾਬਲੇ ਵਾਲੀ ਤਿਆਰੀ ਦੇ ਦਬਾਅ ਹੇਠ ਕਈ ਵਾਰੀ ਆਤਮ ਹੱਤਿਆਵਾਂ ਕਰਨ ਤੱਕ ਮਜਬੂਰ ਹੋਣਾ ਪੈਂਦਾ ਹੈ। ਇਹ ਸਿਲਸਿਲਾ ਦੇਸ਼ ਭਰ 'ਚ ਚੱਲ ਰਿਹਾ ਹੈ। ਹੁਣ ਜਦੋਂ ਇਕੋ ਦਿਨ ਤਿੰਨ ਸਮਰੱਥਾ ਭਰਪੂਰ ਹੋਣਹਾਰ ਵਿਦਿਆਰਥੀਆਂ ਅੰਕੁਸ਼ ਕੁਮਾਰ (18), ਉਜਵਲ ਕੁਮਾਰ (17) ਪ੍ਰਨਵ ਕੁਮਾਰ (17) ਨੇ ਦੇਸ਼ ਦੇ ਸਭ ਤੋਂ ਵੱਡੇ ਚੱਲ ਰਹੇ ਕੋਚਿੰਗ ਸੈਂਟਰ ਕੋਟਾ (ਰਾਜਸਥਾਨ) ਵਿਖੇ ਤਣਾਅਗ੍ਰਸਤ ਹੋਣ ਉਪਰੰਤ ਆਤਮ ਹੱਤਿਆ ਕਰ ਲਈ ਹੈ। ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੇ ਹਰ ਇਕ ਨੂੰ ਸੋਚਣ ਲਈ ਮਜਬੂਰ ਕੀਤਾ ਹੈ ਕਿ ਅਸੀਂ ਇਨ੍ਹਾਂ ਨੂੰ ਕਿਸ ਦਿਸ਼ਾ ਅਤੇ ਦਸ਼ਾ ਵੱਲ ਵਧਾ ਰਹੇ ਹਾਂ। ਇਹ ਤਿੰਨੋਂ ਵਿਦਿਆਰਥੀ ਰਾਜਸਥਾਨ ਦੇ ਨਹੀਂ ਸਨ ਬਲਕਿ ਕੋਚਿੰਗ ਦੀ ਸਭ ਤੋਂ ਵੱਡੀ ਮੰਡੀ ਸਮਝੇ ਜਾਂਦੇ ਕੇਂਦਰ ਕੋਟਾ (ਰਾਜਸਥਾਨ) ਵਿਖੇ ਬਿਹਾਰ ਤੇ ਮੱਧ ਪ੍ਰਦੇਸ਼ ਤੋਂ ਮੱਧ ਵਰਗ ਪਰਿਵਾਰਾਂ ਵਿਚੋਂ ਪੜ੍ਹਨ ਲਈ ਘਰੋਂ ਬੇਘਰ ਹੋ ਕੇ ਆਏ ਸਨ। ਜਿਨ੍ਹਾਂ ਦੇ ਮਾਪੇ ਅਜੋਕੇ ਦੌਰ ਦੀ ਸਭ ਤੋਂ ਉਤਮ ਮੰਨੀ ਜਾਂਦੀ ਪੜ੍ਹਾਈ ਨੂੰ ਖਰੀਦ ਕੇ ਆਪਣੇ ਬੱਚਿਆਂ ਦਾ ਸੁਨਹਿਰੀ ਭਵਿੱਖ ਬਣਾਉਣ ਦੀ ਲਾਲਸਾ ਲਈ ਬੈਠੇ ਸਨ। ਪ੍ਰੰਤੂ ਉਨ੍ਹਾਂ ਦੇ ਪੱਲੇ ਇਕ ਭਿਆਨਕ ਤਰਾਸਦੀ ਪਈ। ਦੇਸ਼ ਦੀ ਤਰਾਸਦੀ ਇਹ ਹੈ ਕਿ ਵਿਦਿਆ ਦੀ ਦੇਵੀ ਪੂਰੀ ਤਰ੍ਹਾਂ ਵਪਾਰ ਦੇ ਸਿਕੰਜ਼ੇ ਵਿਚ ਆ ਗਈ ਹੈ।

ਦੇਸ਼ ਭਰ ਵਿਚ ਪੰਜ ਲੱਖ ਤੋਂ ਵੱਧ ਵੱਡੇ ਅਤੇ ਛੋਟੇ ਕੋਚਿੰਗ ਕੇਂਦਰ/ਸੈਂਟਰ ਨਿੱਜੀ ਰੂਪ ਵਿਚ ਚੱਲ ਰਹੇ ਹਨ। ਜਿਨ੍ਹਾਂ ਵਿਚ ਵਿਦਿਅਕ ਵਪਾਰ ਦਾ ਕਾਰੋਬਾਰ ਵਰ੍ਹਾ 2020 ਵਿਚ ਸੱਤ ਲੱਖ 40 ਹਜ਼ਾਰ ਕਰੋੜ ਤੋਂ ਵੱਧ ਕੇ 2022 ਵਿਚ 10 ਲੱਖ ਕਰੋੜ ਤੱਕ ਪਹੁੰਚ ਗਿਆ ਹੈ। ਇਕ ਅੰਦਾਜ਼ੇ ਮੁਤਾਬਕ ਇਹ 2025 ਤੱਕ 13 ਲੱਖ ਕਰੋੜ ਤੱਕ ਪਹੁੰਚ ਜਾਏਗਾ। ਇਹ ਪੈਸਾ ਮੱਧ ਵਰਗ ਪਰਿਵਾਰਾਂ ਤੋਂ ਲੈ ਕੇ ਉਚ ਸ਼੍ਰੇਣੀਆਂ ਦੇ ਵੱਖ-ਵੱਖ ਵਰਗਾਂ ਦੀਆਂ ਜੇਬਾਂ/ਬਚਤਾਂ ਵਿਚੋਂ ਜਾਂਦਾ ਹੈ। ਇਹ ਵੀ ਵਿਡੰਵਨਾ ਹੈ ਕਿ ਜੋ ਗਰੀਬ ਪਰਿਵਾਰਾਂ ਦੇ ਵਿਦਿਆਰਥੀ ਮੰਡੀ ਦੀ ਇਹ ਵਿਦਿਆ ਖਰੀਦ ਨਹੀਂ ਸਕਦੇ ਉਹ ਸਰਕਾਰਾਂ ਦੇ ਰਹਿਮੋ-ਕਰਮ 'ਤੇ ਚਲਦੇ ਸਕੂਲਾਂ/ਕਾਲਜਾਂ ਵਿਚੋਂ ਪੜ੍ਹਾਈ ਹਾਸਲ ਕਰਦੇ ਹਨ ਜਿਥੇ ਦਹਾਕਿਆਂ ਤੋਂ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹੁੰਦੀਆਂ ਹਨ। ਜਿਥੇ ਇਕ ਪਾਸੇ ਵਿਦਿਅਕ ਵਿਵਸਥਾ ਅਜੋਕੇ ਸਮਾਜ ਵਿਚ ਜਾਤਾਂ, ਜਮਾਤਾਂ ਤੇ ਸਮਾਜਿਕ ਗਰੁੱਪਾਂ ਨੂੰ ਕਾਣੀ ਵੰਡ ਦੇ ਰੂਪ ਵਿਚ ਅਲੱਗ ਥਲੱਗ ਕਰ ਰਹੀ ਹੈ, ਉਥੇ ਵਿਦਿਆ ਦੀ ਦੇਵੀ ਨੂੰ ਖਰੀਦ ਕੇ ਪੜ੍ਹਨ ਵਾਲੇ ਵੀ ਬੇਹੱਦ ਭਿਆਨਕ ਤਰਾਸਦੀ ਵਿਚ ਹਨ।

ਜਿਸ ਵਿਦਿਅਕ ਵਪਾਰ ਦੇ ਕੇਂਦਰ ਕੋਟਾ (ਰਾਜਸਥਾਨ) ਵਿਚ ਇਨ੍ਹਾਂ ਤਿੰਨ ਹੋਣਹਾਰ ਵਿਦਿਆਰਥੀਆਂ ਨੇ ਖ਼ੁਦਕਸ਼ੀ ਕੀਤੀ ਹੈ, ਉਥੇ ਸਾਲ ਵਿਚ 5 ਹਜ਼ਾਰ ਕਰੋੜ ਤੋਂ ਵੱਧ ਦੀ ਵਿਦਿਆ ਵੇਚੀ ਤੇ ਖਰੀਦੀ ਜਾਂਦੀ ਹੈ। ਇਕ ਵਿਦਿਆਰਥੀ ਨੂੰ ਇਕ ਸਮੈਸਟਰ ਦੀ ਪੜ੍ਹਾਈ ਖਰੀਦਣ ਲਈ 1 ਲੱਖ 25 ਹਜ਼ਾਰ ਤੋਂ ਵੱਧ ਮਾਪਿਆਂ ਦੀ ਖ਼ੂਨ ਪਸੀਨੇ ਦੀ ਕਮਾਈ ਲਗਾਉਣੀ ਪੈਂਦੀ ਹੈ। ਜਿਸ ਦੀ ਕੋਚਿੰਗ ਸੈਂਟਰਾਂ ਵੱਲੋਂ ਟਿਊਸ਼ਨਾਂ ਅਤੇ ਸਹੂਲਤਾਂ ਦੇ ਅਨੁਸਾਰ ਪੈਸਾ ਇਕੱਤਰ ਕਰਨ ਦੀ ਵੰਡ ਪ੍ਰਤੀ ਸਮੈਸਟਰ ਇਸ ਤਰ੍ਹਾਂ ਹੈ। ਟਿਊਸ਼ਨ ਫੀਸ 80 ਹਜ਼ਾਰ ਰੁਪਏ, ਦਾਖਲਾ ਫੀਸ 10 ਰੁਪਏ, ਅਲੂਮਨੀ ਫੀਸ 2 ਹਜ਼ਾਰ ਰੁਪਏ, ਕੋਚਿੰਗ ਸੈਂਟਰ ਡਿਵੈਲਪਮੈਂਟ ਫੀਸ 5 ਹਜ਼ਾਰ, ਲਾਇਬ੍ਰੇਰੀ ਫੀਸ 25 ਸੌ ਰੁਪਏ ਅਤੇ ਅਡੈਂਟੀ ਕਾਰਡ 125 ਰੁਪਏ ਆਦਿ ਹੁੰਦੇ ਹਨ। ਇਸ ਤੋਂ ਵੱਖਰੇ ਰਹਿਣ-ਸਹਿਣ ਅਤੇ ਖਾਣ ਪੀਣ ਤੋਂ ਲੈ ਕੇ ਆਵਾਜਾਈ ਦੇ ਖਰਚੇ ਬਣਦੇ ਹਨ। ਹਕੀਕਤ ਇਹ ਹੈ ਕਿ ਦੇਸ਼ ਦੀਆਂ ਮੌਜੂਦਾ ਸਰਕਾਰਾਂ ਨੇ ਵਿਦਿਆ ਦੀ ਦੇਵੀ ਨੂੰ ਕੋਚਿੰਗ ਸੈਂਟਰਾਂ ਦੇ ਹਵਾਲੇ ਕਰ ਦਿੱਤਾ ਹੈ। ਦੇਸ਼ ਦੇ ਵੱਖ ਵੱਖ ਰਾਜਾਂ ਦਾ ਵਿਦਿਅਕ ਪ੍ਰਬੰਧ ਪੂਰੀ ਤਰ੍ਹਾਂ ਇਨ੍ਹਾਂ ਸਮਰੱਥਾ ਭਰਪੂਰ ਵਿਦਿਆਰਥੀਆਂ ਨੂੰ ਵਿਦਿਆ ਮੁਹੱਈਆ ਕਰਨ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਨਵੇਂ ਕਿਸਮ ਦੇ ਛੋਟੇ ਅਤੇ ਵੱਡੇ ਵਿਦਿਅਕ ਵਪਾਰੀਆਂ/ਘਰਾਣਿਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਉਚੇਰੇ ਪ੍ਰੋਫੈਸ਼ਨਲ ਕੋਰਸਾਂ ਦੀ ਸਿੱਖਿਆ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਕੇਂਦਰੀ ਬੋਰਡਾਂ/ਏਜੰਸੀਆਂ ਦੇ ਹਵਾਲੇ ਕਰ ਦਿੱਤੀਆਂ ਗਈਆਂ ਹਨ।

ਰਾਜਾਂ ਦੇ ਵੱਖ ਵੱਖ ਬੋਰਡ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਗਭਗ ਮਰਨ ਕੰਡੇ ਪਹੁੰਚਾਈਆਂ ਜਾ ਰਹੀਆਂ ਹਨ। ਜਿਸ ਨਾਲ ਦੇਸ਼ ਦੀ ਵਿਦਿਅਕ ਵਿਭਿੰਨਤਾ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤੀ ਗਈ ਹੈ। ਰਾਜਾਂ ਦੇ ਪੱਧਰ 'ਤੇ ਸਿੱਖਿਅਕ ਲੋੜਾਂ ਜਿਨ੍ਹਾਂ ਵਿਚ ਵੱਖ-ਵੱਖ ਵਿਸਿਆਂ ਦੀ ਪੜ੍ਹਾਈ ਤੋਂ ਲੈ ਕੇ ਪ੍ਰੋਫੈਸ਼ਨਲ ਕੋਰਸਾਂ ਤੱਕ ਦੀ ਵਿਦਿਆ ਖਾਤਮੇ ਵੱਲ ਤੋਰੀ ਜਾ ਰਹੀ ਹੈ। ਕੌਮੀ ਸਿੱਖਿਆ ਨੀਤੀ-2020 ਪੂਰੀ ਤਰ੍ਹਾਂ ਇਸ ਦਿਸ਼ਾ ਵੱਲ ਸੰਕੇਤ ਕਰਦੀ ਹੈ ਜਿਸ ਦੇ ਬਣਨ ਵੇਲੇ ਰਾਜ ਸਰਕਾਰਾਂ ਤੋਂ ਪੁੱਛਿਆ ਤੱਕ ਨਹੀਂ ਗਿਆ। ਤੱਤ ਰੂਪ ਵਿਚ ਦੇਸ਼ ਦੀ ਸਮੁੱਚੀ ਸਿੱਖਿਆ ਦਾ ਜਿਥੇ ਕੇਂਦਰੀਕਰਨ ਹੋ ਰਿਹਾ ਹੈ, ਉਥੇ ਉਸ ਦਾ ਵਪਾਰੀਕਰਨ ਸਪਸ਼ਟ ਰੂਪ ਵਿਚ ਦਿਖਾਈ ਦੇ ਰਿਹਾ ਹੈ।

ਦੁਨੀਆ ਭਰ 'ਚ ਭਾਰਤ ਕਿਸਾਨ ਆਤਮ ਹੱਤਿਆਵਾਂ ਕਰਕੇ ਜਾਣਿਆ ਜਾਂਦਾ ਸੀ। ਹੁਣ ਵਿਦਿਆਰਥੀਆਂ ਵਲੋਂ ਕੀਤੀਆਂ ਜਾਂਦੀਆਂ ਆਤਮ ਹੱਤਿਆਵਾਂ ਕਰਕੇ ਵੀ ਜਾਣਿਆ ਜਾਣ ਲੱਗਾ ਹੈ। ਭਾਰਤ ਸਰਕਾਰ ਦੀ ਹੀ ਏਜੰਸੀ ਨੈਸ਼ਨਲ ਕ੍ਰਾਇਮ ਰਿਕਾਰਡ ਬਿਊਰੋ ਅਨੁਸਾਰ ਹਰੇਕ 42 ਮਿੰਟਾਂ ਬਾਅਦ ਦੇਸ਼ ਵਿਚ ਇਕ ਵਿਦਿਆਰਥੀ ਆਤਮ ਹੱਤਿਆ ਕਰਦਾ ਹੈ, ਜਿਨ੍ਹਾਂ ਦੀ ਪ੍ਰਤੀ ਦਿਨ ਗਿਣਤੀ 34 ਤੋਂ ਵੱਧ ਹੁੰਦੀ ਹੈ। ਇਨ੍ਹਾਂ ਆਤਮ ਹੱਤਿਆਵਾਂ ਦੇ ਪ੍ਰਮੁੱਖ ਕਾਰਨਾਂ ਵਿਚ ਪ੍ਰੀਖਿਆਵਾਂ ਦਾ ਦਬਾਅ, ਗੁੰਝਲਦਾਰ ਸਿਲੇਬਸ ਤੇ ਭਾਸ਼ਾ, ਮਾਨਸਿਕ ਅਸੰਤੁਲਤਾ ਤੇ ਇਕੱਲਤਾ, ਫੇਲ੍ਹ ਹੋਣ ਦਾ ਡਰ ਅਤੇ ਲਗਾਤਾਰ ਆਰਥਿਕ ਤਣਾਅ ਆਦਿ ਪਹਿਲੂ ਹੁੰਦੇ ਹਨ। ਇਹ ਸਭ ਕੁਝ ਅਸਲ ਵਿਚ ਦੇਸ਼ ਦੇ ਜਰਜਰੇ ਅਤੇ ਭੈੜੇ ਹੋਏ ਸਿੱਖਿਆ ਪ੍ਰਬੰਧ ਦੇ ਨਾਲ ਨਾਲ ਬਿਮਾਰ ਸਮਾਜ ਦੀ ਵੀ ਨਿਸ਼ਾਨੀ ਹੈ। ਜਿਸ ਸਮਾਜ ਨੇ ਇਨ੍ਹਾਂ ਹੋਣਹਾਰ ਤੇ ਨੌਜਵਾਨ ਵਿਦਿਆਰਥੀਆਂ ਦੇ ਸੁਪਨਿਆਂ ਤੇ ਸੰਭਾਵਨਾਵਾਂ ਨੂੰ ਸਿਰਫ਼ ਤੇ ਸਿਰਫ਼ ਇਕ ਖੋਲ੍ਹ-ਕਮ-ਬੰਦ ਦਰਵਾਜ਼ੇ ਵਾਲੀਆਂ ਕੋਚਿੰਗ ਫੈਕਟਰੀਆਂ ਤੱਕ ਸਮੇਟ ਦਿੱਤਾ ਹੈ। ਇਸ ਕਿਸਮ ਦੀ ਸਥਿਤੀ ਵਿਚ ਮਾਪੇ, ਵਿਦਿਅਕ ਨੀਤੀ ਘਾੜੇ, ਵਿਦਿਅਕ ਸੰਸਥਾਵਾਂ ਤੇ ਅਜੋਕੇ ਹੁਕਮਰਾਨ ਚੁੱਪ ਵੱਟੀ ਬੈਠੇ ਹਨ। ਹੋਣਹਾਰ ਵਿਦਿਆਰਥੀਆਂ ਦੀਆਂ ਤਰਾਸਦੀਆਂ ਨੂੰ ਚੁੱਪ ਕਰਕੇ ਵਾਪਰਨ ਲਈ ਇਕ ਕਿਸਮ ਨਾਲ ਸਹਿਮਤੀ ਹੀ ਦੇ ਰਹੇ ਹਨ। ਕਿਉਂਕਿ ਉਹ ਕਿਸੇ ਵੀ ਕਿਸਮ ਦੀ ਵਿਰੋਧ ਦੀ ਆਵਾਜ਼ ਨਹੀਂ ਉਠਾ ਰਹੇ ਅਤੇ ਸਰਕਾਰਾਂ ਨੂੰ ਹਰੇਕ ਲਈ ਵਧੀਆ, ਬਰਾਬਰਤਾ, ਮੁਫ਼ਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਨ ਲਈ ਮਜਬੂਰ ਨਹੀਂ ਕਰ ਰਹੇ। ਇਸ ਕਰਕੇ ਵਿਦਿਆ ਦੀ ਦੇਵੀ ਨੂੰ ਵਪਾਰ ਕੇ ਦੇ ਸਿਕੰਜ਼ੇ 'ਚੋਂ ਛੁਡਾਉਣ ਲਈ ਸਮਾਜ ਦੇ ਹਰੇਕ ਵਰਗ ਨੂੰ ਕਾਰਜਸ਼ੀਲ ਹੋਣਾ ਪਵੇਗਾ।

ਜਿਸ ਕਿਸਮ ਨਾਲ ਵੱਖ-ਵੱਖ ਸਰਕਾਰਾਂ ਨੇ ਸਿੱਖਿਆ ਤੋਂ ਆਪਣਾ ਹੱਥ ਪਿਛੇ ਖਿੱਚ ਲਿਆ ਹੈ ਅਤੇ ਖੁੱਲ੍ਹੇਆਮ ਸਿੱਖਿਆ ਨੂੰ ਵੇਚਣ ਅਤੇ ਖਰੀਦਣ ਵਾਲੀ ਵਸਤੂ ਦੇ ਤੌਰ 'ਤੇ ਬਣਾ ਦਿੱਤਾ ਹੈ ਉਹ ਗੈਰ-ਬਰਾਬਰ ਸਮਾਜ ਨੂੰ ਤਾਂ ਜਨਮ ਦੇ ਹੀ ਰਹੀਆਂ ਹਨ ਬਲਕਿ ਸਮਾਜਿਕ ਤੌਰ 'ਤੇ ਵੱਖ-ਵੱਖ ਪਾੜੇ ਵੀ ਉਤਪੰਨ ਕਰ ਰਹੀਆਂ ਹਨ। ਇਸ ਦੇ ਨਾਲ ਹੀ ਹਜ਼ਾਰਾਂ ਹੋਣਹਾਰ ਅਧਿਆਪਕ ਅਤੇ ਵਿਦਿਆਰਥੀ ਜਿਨ੍ਹਾਂ ਦੀ ਵਿਦਿਅਕ ਲਿਆਕਤ ਦੁਨੀਆ ਭਰ ਵਿਚ ਆਪਣੀ ਧਾਂਕ ਜਮਾਉਣ ਦੀ ਸਮਰੱਥਾ ਰੱਖਦੀ ਹੈ ਉਹ ਇਸ ਦੇਸ਼ ਵਿਚੋਂ ਇਨ੍ਹਾਂ ਹਾਲਾਤਾਂ ਕਰਕੇ ਪ੍ਰਵਾਸ ਵੀ ਕਰ ਰਹੇ ਹਨ, ਕਿਉਂਕਿ ਵੱਡੀ ਪੱਧਰ 'ਤੇ ਡਾਕਟਰੀ ਅਤੇ ਇੰਜੀਨੀਅਰਿੰਗ ਦੀਆਂ ਡਿਗਰੀਆਂ ਹਾਸਲ ਕਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਦੀ ਦੁਨੀਆ ਵਿਚ ਪ੍ਰਵੇਸ਼ ਕਰਨਾ ਪੈਂਦਾ ਹੈ। ਜਿਸ ਦੀ ਪੀੜਾ ਇਕ ਪਾਸੇ ਮਾਪੇ ਆਰਥਿਕ ਤਣਾਅਗ੍ਰਸਤ ਹੋਣ ਦੇ ਰੂਪ ਵਿਚ ਹੰਢਾਉਂਦੇ ਹਨ ਅਤੇ ਦੂਜੇ ਪਾਸੇ ਇਹ ਨੌਜਵਾਨ ਬੇਰੁਜ਼ਗਾਰੀ ਦੇ ਆਲਮ ਵਿਚ ਭੜਕਣ ਲੱਗਦੇ ਹਨ। ਭਲਾ ਇਹ ਇਕ ਵੱਖਰਾ ਵਿਸ਼ਾ ਹੈ ਪ੍ਰੰਤੂ ਜਿਸ ਪੱਧਰ 'ਤੇ ਕਰੋੜਾਂ ਰੁਪਏ ਖਰਚ ਕੇ ਵਿਦਿਆ ਹਾਸਲ ਕੀਤੀ ਜਾਂਦੀ ਹੈ ਉਹ ਆਤਮ ਹੱਤਿਆਵਾਂ ਵਰਗੀਆਂ ਗੈਰ-ਮਾਨਵੀ ਘਟਨਾਵਾਂ ਨੂੰ ਤਾਂ ਜਨਮ ਦਿੰਦੀ ਹੀ ਹੈ ਬਲਕਿ ਇਕ ਅਜਿਹੇ ਤਣਾਅਗ੍ਰਸਤ ਅਤੇ ਮਾਨਸਿਕ ਤੌਰ 'ਤੇ ਅਸੰਤੁਲਨ ਹੋਣਹਾਰ ਵਿਦਿਆਰਥੀਆਂ ਨੂੰ ਵੀ ਵਿਕਸਿਤ ਕਰਦੀ ਹੈ। ਜਿਹੜੇ ਲਗਾਤਾਰ ਘਟਨਾ-ਦਰ-ਘਟਨਾ ਰਾਹੀਂ ਆਪਣੇ ਆਪ ਨੂੰ ਸਮਾਜ ਵਿਚ ਕਿਸੇ ਵੀ ਕਿਸਮ ਨਾਲ ਕਾਰਜਸ਼ੀਲ ਨਹੀਂ ਸਮਝਦੇ। ਇਹ ਹਰੇਕ ਰਾਜ ਅਤੇ ਸ਼ਹਿਰ ਦੀ ਕਹਾਣੀ ਹੈ ਜਿਥੇ ਹਜ਼ਾਰਾਂ ਬੇਰੁਜ਼ਗਾਰ ਹੱਥਾਂ ਵਿਚ ਡਿਗਰੀਆਂ ਲੈ ਕੇ ਕੱਖੋਂ ਹੌਲੇ ਹੋਏ ਪਏ ਹਨ। ਇਨ੍ਹਾਂ ਤਿੰਨ ਵਿਦਿਆਰਥੀਆਂ ਨੇ ਤਾਂ ਅਜੇ ਮੁਕਾਬਲੇ ਦੀ ਪ੍ਰੀਖਿਆ ਰਾਹੀਂ ਡਾਕਟਰ ਅਤੇ ਇੰਜੀਨੀਅਰ ਬਣਨ ਵੱਲ ਵਧਣਾ ਹੀ ਸੀ ਪ੍ਰੰਤੂ ਉਹ ਤਾਂ ਪਹਿਲਾਂ ਹੀ ਇਸ ਦੁਨੀਆ ਤੋਂ ਵਿਦਾ ਹੋ ਗਏ। ਇਹ ਸਵਾਲ ਖੜ੍ਹਾ ਕਰਕੇ ਕਿ ਇਹ ਸਮਾਜ ਜਿਥੇ ਵਿਦਿਆ ਦੀ ਦੇਵੀ ਵਪਾਰ ਦੇ ਸਿਕੰਜ਼ੇ ਵਿਚ ਆ ਗਈ ਹੈ ਅਸੀਂ ਉਸ ਅੱਗੇ ਹਾਰ ਗਏ ਹਾਂ।

11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ) 416-817-7142



ਦੇਵਿੰਦਰ ਤੂਰ (ਟੋਰਾਂਟੋ) 416 902 9372



ਮਾਸਟਰ ਭਜਨ (ਕੈਲਗਰੀ) 403-455-4220



ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794



ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955



ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598



SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Nawan Shahr
(Punjab)
946-347-4342
atoozed@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਪੰਜਾਬ ਦੇ ਚੌਗਿਰਦੇ ਨੂੰ ਗੈਸ ਚੈਂਬਰ ਨਾ ਬਣਨ ਦਿਓ

**ਗੁਰਚਰਨ ਸਿੰਘ ਨੂਰਪੁਰ**

ਸਾਡੀ ਸਾਡੀ ਲੋਕਧਾਰਾ ਵਿਚ ਪੰਜਾਬ ਨੂੰ 'ਛੇ ਰੁੱਤਾਂ ਦਾ ਦੇਸ਼' ਕਿਹਾ ਗਿਆ। ਇੱਥੇ ਹਰ ਦੋ ਮਹੀਨੇ ਬਾਅਦ ਰੁੱਤ ਬਦਲਦੀ ਹੈ। ਹਰ ਰੁੱਤ ਦੀ ਆਪਣੀ ਮਹੱਤਤਾ ਹੈ। ਬਾਰਹਮਾਹ ਦਾ ਗੁਰਬਾਣੀ ਵਿਚ ਵਿਸ਼ੇਸ਼ ਸਥਾਨ ਹੈ ਅਤੇ ਵੱਖ-ਵੱਖ ਸਮਿਆਂ ਦੌਰਾਨ ਕਈ ਲੇਖਕਾਂ ਤੇ ਕਵੀਆਂ ਨੇ ਵੀ ਬਾਰਹਮਾਹ ਦੀ ਰਚਨਾ ਕਰਦਿਆਂ ਦੇਸ਼ ਪੰਜਾਬ ਦੇ ਬਾਰਾਂ ਮਹੀਨਿਆਂ ਦੀ ਮਹੱਤਤਾ ਅਤੇ ਰੁੱਤਾਂ ਬਾਰੇ ਬੜੀ ਸ਼ਿੱਦਤ ਨਾਲ ਜ਼ਿਕਰ ਕੀਤਾ ਹੈ। ਅੱਸੂ-ਕੱਤਕ ਦੀ ਰੁੱਤ ਅਜਿਹੀ ਰੁੱਤ ਹੈ ਜਦੋਂ ਸਰਦੀਆਂ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਦਿਨ ਨਿੱਕੇ ਤੇ ਰਾਤਾਂ ਵੱਡੀਆਂ ਹੋਣ ਲੱਗਦੀਆਂ ਹਨ। ਹਵਾ ਵਿਚ ਨਮੀ ਵਧਣ ਲੱਗਦੀ ਹੈ। ਹਾੜ੍ਹ, ਸਾਉਣ ਅਤੇ ਭਾਦੋਂ ਦੀ ਤਿੱਖੀ ਤੇ ਹੁੰਮਸ ਭਰੀ ਗਰਮੀ ਤੋਂ ਨਿਜਾਤ ਮਿਲਣ ਲੱਗਦੀ ਹੈ। ਇਸ ਮੌਸਮ ਦੌਰਾਨ ਦਿਨ ਵੇਲੇ ਅਜੇ ਕੁਝ ਗਰਮੀ ਹੁੰਦੀ ਹੈ ਤੇ ਰਾਤਾਂ ਠੰਢੀਆਂ ਹੋਣ ਲੱਗਦੀਆਂ ਹਨ।



ਪਿਛਲੇ ਕੁਝ ਅਰਸੇ ਤੋਂ ਅਸੀਂ ਹਰ ਸਾਲ ਨਵੰਬਰ ਦੇ ਮਹੀਨੇ ਦੌਰਾਨ ਆਪਣੇ ਆਲੇ ਦੁਆਲੇ ਨੂੰ ਗੈਸ ਚੈਂਬਰ ਵਿਚ ਤਬਦੀਲ ਕਰ ਲੈਂਦੇ ਹਾਂ। ਨਮੀ ਨਾਲ ਭਾਰੀ ਹੋਈ ਹਵਾ ਵਿਚ ਜਦੋਂ ਧੂੰਏਂ ਅਤੇ ਧੂੜ ਦੇ ਕਣ ਸੰਘਣੇ ਹੋਣ ਲਗਦੇ ਹਨ ਤਾਂ ਚਾਰ ਚੁਫੇਰੇ ਧੂੰਏਂ ਦੀ ਸੰਘਣੀ ਪਰਤ ਬਣ ਜਾਂਦੀ ਹੈ ਜਿਸ ਵਿਚ ਸਾਹ ਲੈਣਾ ਮੁਸ਼ਕਿਲ ਹੋ ਜਾਂਦਾ ਹੈ। ਕੁਝ ਅਰਸੇ ਤੋਂ ਹਵਾ ਦਾ ਪ੍ਰਦੂਸ਼ਣ ਸਾਡੇ ਲਈ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਵਿਸ਼ਵ ਪੱਧਰ 'ਤੇ ਵਿਸ਼ਵ ਸਿਹਤ ਸੰਗਠਨ ਨੇ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਤ 20 ਸ਼ਹਿਰਾਂ ਦੀ ਜੋ ਸੂਚੀ ਬਣਾਈ ਹੈ, ਉਸ ਵਿਚ 14 ਭਾਰਤ ਦੇ ਸ਼ਹਿਰ ਹਨ। ਇਨ੍ਹਾਂ ਦਿਨਾਂ ਦੌਰਾਨ ਕਾਰਖ਼ਾਨਿਆਂ, ਭੱਠਿਆਂ ਦਾ ਧੂੰਆਂ, ਝੋਨੇ ਦੀ ਪਰਾਲੀ ਦਾ ਸੜਨਾ, ਤਿਉਹਾਰਾਂ ਦੌਰਾਨ ਚਲਾਏ ਜਾਣ ਵਾਲੇ ਪਟਾਕੇ, ਵਾਹਨਾਂ ਚੋਂ ਨਿਕਲਣ ਵਾਲਾ ਧੂੰਆਂ, ਵਿਆਹਾਂ-ਸ਼ਾਦੀਆਂ ਅਤੇ ਧਾਰਮਿਕ ਸਮਾਗਮਾਂ 'ਤੇ ਕੀਤੀ ਜਾਂਦੀ ਆਤਿਸ਼ਬਾਜ਼ੀ ਆਦਿ ਸਰਗਰਮੀਆਂ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਹਵਾ ਵਿਚ ਤੈਰਦੇ /2.5 ਪ੍ਰਦੂਸ਼ਕ ਕਣ ਜੋ 2.5 ਮਾਈਕ੍ਰੋਨ ਤੋਂ ਵੀ ਛੋਟੇ ਧੂੜ ਦੇ ਕਣ ਹੁੰਦੇ ਹਨ ਦੀ ਭਰਮਾਰ ਹਵਾ ਵਿਚ ਵਧ ਜਾਂਦੀ ਹੈ। ਪਲੀਤ ਹੋਏ ਆਲੇ-ਦੁਆਲੇ ਵਿਚ ਜਦੋਂ ਅਸੀਂ ਸਾਹ ਲੈਂਦੇ ਹਾਂ ਤਾਂ ਇਹ ਪ੍ਰਦੂਸ਼ਿਤ ਕਣ ਫੇਫੜਿਆਂ ਰਾਹੀਂ ਸਾਡੇ ਖ਼ੂਨ ਵਿਚ ਜਾ ਮਿਲਦੇ ਹਨ ਜੋ ਸਾਡੇ ਸੋਚਣ ਸਮਝਣ ਦੀ ਸ਼ਕਤੀ 'ਤੇ ਅਸਰ ਅੰਦਾਜ਼ ਹੁੰਦੇ ਹਨ ਅਤੇ ਸਾਹ ਪ੍ਰਣਾਲੀ ਦੇ ਨਾਲ ਦਿਲ ਦੀ ਕਾਰਜ ਪ੍ਰਣਾਲੀ 'ਤੇ ਵੀ ਇਹ ਬੁਰਾ ਪ੍ਰਭਾਵ ਪਾਉਂਦੇ ਹਨ। ਦਿਲ ਅਤੇ ਛਾਤੀ ਨਾਲ ਸੰਬੰਧਿਤ ਰੋਗੀਆਂ ਦੀ ਮੌਤ ਦਰ ਇਨ੍ਹਾਂ ਦਿਨਾਂ ਵਿਚ ਸਾਲ ਦੇ ਬਾਕੀ ਮਹੀਨਿਆਂ ਨਾਲੋਂ ਵਧ ਜਾਂਦੀ ਹੈ। ਮਰਗ ਦੇ ਭੋਗਾਂ ਦੇ ਸੱਦੇ ਇਨ੍ਹਾਂ ਦਿਨਾਂ ਵਿਚ ਸਭ ਤੋਂ ਵੱਧ ਹੁੰਦੇ ਹਨ। ਜਿੱਥੇ ਇਸ ਅਰਸੇ ਦੌਰਾਨ ਹੋਣ ਵਾਲੀਆਂ ਮੌਤਾਂ ਚਿੰਤਾ ਦਾ ਵਿਸ਼ਾ ਹਨ ਉੱਥੇ ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਇਸ ਸਮੇਂ ਦੌਰਾਨ ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ ਹਰ ਵਰਗ ਦੇ ਲੋਕਾਂ ਦੀ ਸਿਹਤ 'ਤੇ ਇਨ੍ਹਾਂ 'ਮੌਤ ਦੇ ਦਿਨਾਂ' ਵਾਲੇ ਦਿਨਾਂ ਦੇ ਅਰਸੇ ਦਾ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਸ਼ਿਕਾਗੋ ਯੂਨੀਵਰਸਿਟੀ ਦੇ 'ਐਨਰਜੀ ਪਾਲਿਸੀ ਇੰਸਟੀਚਿਊਟ' ਦੀ ਪਿਛਲੇ ਅਰਸੇ ਦੌਰਾਨ ਆਈ ਇੱਕ ਰਿਪੋਰਟ ਵਿਚ ਕਿਹਾ ਗਿਆ ਕਿ ਉੱਤਰ ਭਾਰਤ ਦੇ ਲੋਕਾਂ ਦੀ ਸੰਘਣੇ ਪ੍ਰਦੂਸ਼ਣ ਵਾਲੀ ਹਵਾ ਵਿਚ ਸਾਹ ਲੈਣ ਕਾਰਨ ਬਾਕੀ ਦੁਨੀਆ ਦੇ ਮੁਕਾਬਲੇ 9 ਤੋਂ 10 ਸਾਲ ਉਮਰ ਘਟ ਸਕਦੀ ਹੈ।

*ਕੁਝ ਅਰਸੇ ਤੋਂ ਹਵਾ ਦਾ ਪ੍ਰਦੂਸ਼ਣ ਸਾਡੇ ਲਈ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਵਿਸ਼ਵ ਪੱਧਰ 'ਤੇ ਵਿਸ਼ਵ ਸਿਹਤ ਸੰਗਠਨ ਨੇ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਤ 20 ਸ਼ਹਿਰਾਂ ਦੀ ਜੋ ਸੂਚੀ ਬਣਾਈ ਹੈ, ਉਸ ਵਿਚ 14 ਭਾਰਤ ਦੇ ਸ਼ਹਿਰ ਹਨ।*

ਇਹ ਨਹੀਂ ਕਿ ਕੇਵਲ ਭਾਰਤ ਵਿਚ ਹੀ ਪ੍ਰਦੂਸ਼ਣ ਦੀ ਸਮੱਸਿਆ ਹੈ, ਦੁਨੀਆ ਦੇ ਕੁਝ ਹੋਰ ਦੇਸ਼ ਵੀ ਹਨ ਜਿੱਥੇ ਵਿਕਾਸ ਦੇ ਮੰਜ਼ਰ ਨੇ ਜ਼ਿੰਦਗੀ ਆਜਾਬ ਬਣਾ ਦਿੱਤੀ ਹੈ। ਬ੍ਰਾਜ਼ੀਲ ਦੇ ਸ਼ਹਿਰ ਕਿਊਬਟਾਓ ਨੂੰ ਹਵਾ ਦੇ ਪ੍ਰਦੂਸ਼ਣ ਕਰਕੇ 'ਮੌਤ ਦੀ ਵਾਦੀ' ਆਖਿਆ ਜਾਣ ਲੱਗਿਆ ਹੈ। ਇਸੇ ਤਰ੍ਹਾਂ ਪਿਛਲੇ ਅਰਸੇ ਦੌਰਾਨ ਸਵਿਟਜ਼ਰਲੈਂਡ ਵਿਚ ਪਾਰਕਿੰਗ ਵਾਲੀਆਂ ਥਾਵਾਂ ਨੂੰ ਘਟਾਉਣਾ ਪਿਆ ਤਾਂ ਕਿ ਲੋਕ ਕਾਰਾਂ ਦਾ ਇਸਤੇਮਾਲ ਘੱਟ ਤੋਂ ਘੱਟ ਕਰਨ ਅਤੇ ਹਵਾ ਸਾਫ਼ ਰਹੇ। ਚੀਨ ਦੇ ਬੀਜਿੰਗ ਵਰਗੇ ਸ਼ਹਿਰਾਂ ਵਿਚ ਹਵਾ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ ਕਈ ਤਰ੍ਹਾਂ ਦੇ ਢੰਗ ਤਰੀਕੇ ਵਰਤੇ ਜਾਂਦੇ ਹਨ।

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਸ. ਗੁਰਬਚਨ ਸਿੰਘ ਵਰਗੇ ਸਿੱਖ ਵਿਦਵਾਨ ਆਖਿਰ ਚਾਹੁੰਦੇ ਕੀ ਹਨ ?-ਭਾਗ-1



ਹਰਚਰਨ ਸਿੰਘ ਪਰਹਾਰ
403-681-8689

ਸਿੱਖ ਵਿਦਵਾਨ ਸ. ਗੁਰਬਚਨ ਸਿੰਘ ਜੀ ਨੇ ਪੰਜਾਬ ਦੇ ਕਾਮਰੇਡਾਂ ਬਾਰੇ ਆਪਣੀ ਇੱਕ ਫੇਸਬੁੱਕ ਪੋਸਟ 'ਕਾਮਰੇਡਾਂ ਵਲੋਂ ਸਰਕਾਰੀ ਹਥਿਆਰਾਂ ਦੀ ਮੰਗ' ਵਿੱਚ ਕਾਮਰੇਡਾਂ ਤੇ ਹਮਲਾ ਬੋਲਦੇ ਹੋਏ, ਲਿਖਿਆ ਹੈ: 'ਉਗਰਾਹਾਂ ਜਥੇਬੰਦੀ ਲਈ ਹੁਣ ਇਸਦੀ 'ਸਵੈ ਰੱਖਿਆ' ਨੂੰ ਜਿਹੜਾ ਖਤਰਾ ਖੜਾ ਹੋਇਆ ਹੈ, ਉਹ ਇਸਦਾ ਖੁਦ ਸਹੇੜਿਆ ਹੋਇਆ ਹੈ। ਜਦੋਂ ਇਸ ਖਤਰੇ ਦੀਆਂ ਸੰਭਾਵਨਾਵਾਂ ਸਾਹਮਣੇ ਆਈਆਂ ਤਾਂ ਇਹ ਧੁਰ ਅੰਦਰੋਂ ਕੰਬ ਉਠੀ। ਉਗਰਾਹਾਂ ਨੇ ਅੰਮ੍ਰਿਤਪਾਲ ਦੀ ਪੰਜਾਬ ਦੇ ਸਿਆਸੀ ਰੰਗ-ਮੰਚ ਉਤੇ ਆਮਦ ਪ੍ਰਤੀ ਜੋ ਲਫਜ਼ ਬੋਲੇ ਸਨ, ਉਸ ਸਿਆਸੀ ਸ਼ਬਦਾਵਲੀ ਨਹੀਂ ਸੀ।'

ਗੁਰਬਚਨ ਸਿੰਘ ਜੀ ਅਜਿਹੀ ਪੋਸਟ ਰਾਹੀਂ ਕੀ ਸੁਨੇਹਾ ਦੇਣਾ ਚਾਹੁੰਦੇ ਹਨ? ਕੀ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਅਲੋਚਨਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ? ਕੀ ਇਸਦਾ ਮਤਲਬ ਇਹ ਸਮਝਿਆ ਜਾਵੇ ਕਿ ਹੁਣ ਪੰਜਾਬ ਵਿੱਚ ਧਮਕੀਆਂ ਦਾ ਦੌਰ ਦੁਬਾਰਾ ਸ਼ੁਰੂ ਹੋਣ ਜਾ ਰਿਹਾ ਹੈ ਤੇ ਲੋਕਾਂ ਦੇ ਬੋਲਣ ਤੇ ਪਾਬੰਧੀ ਲਗਾਈ ਜਾ ਰਹੀ ਹੈ? ਉਗਰਾਹਾਂ ਗਰੁੱਪ ਵਲੋਂ ਕਿਸੇ ਸੰਭਾਵੀ ਖਤਰੇ ਦੇ ਮੱਦੇ-ਨਜ਼ਰ ਸਰਕਾਰ ਤੋਂ ਸਵੈ-ਰੱਖਿਆ ਲਈ ਸੁਰੱਖਿਆ ਦੀ ਕੋਈ ਮੰਗ ਕੀਤੀ ਗਈ ਹੈ, ਬਾਰੇ ਵੈਸੇ ਕਿਤੇ ਪੜ੍ਹਿਆ-ਸੁਣਿਆ ਤੇ ਨਹੀਂ? ਪਰ ਸਰਦਾਰ ਸਾਹਿਬ ਦਾ ਇਹ ਕਹਿਣਾ ਕਿ 'ਇਹ ਖਤਰਾ ਉਨ੍ਹਾਂ ਦਾ ਆਪ ਸਹੇੜਿਆ ਹੈ', ਤੋਂ ਕੀ ਭਾਵ ਹੈ? ਕੀ ਇਸਦਾ ਮਤਲਬ ਜਿਹੜਾ ਵੀ ਵਿਅਕਤੀ ਅੰਮ੍ਰਿਤਪਾਲ ਜਾਂ ਇਨ੍ਹਾਂ ਦੇ ਧੜਿਆਂ ਦੀ ਅਲੋਚਨਾ ਕਰੇਗਾ, ਉਹ ਆਪਣੀ ਜਾਨ ਲਈ ਖਤਰਾ ਸਹੇੜੇਗਾ?

ਗੁਰਬਚਨ ਸਿੰਘ ਆਪਣੀਆਂ ਪੁਸਤਕਾਂ ਤੇ ਪ੍ਰਵਚਨਾਂ ਵਿੱਚ ਗੁਰਬਾਣੀ ਦੀ ਪ੍ਰਭਾਵਸ਼ਾਲੀ ਵਿਆਖਿਆ ਕਰਦਿਆਂ, ਅਕਸਰ ਸਿੱਖਾਂ ਲਈ 'ਹਲੇਮੀ ਰਾਜ', 'ਬੇਗਮਪੁਰਾ' ਆਦਿ ਦੇ ਸੁਪਨੇ ਸਿਰਜਦੇ ਹਨ। ਉਨ੍ਹਾਂ ਅਨੁਸਾਰ 'ਖਾਲਸਾ ਰਾਜ' ਦੁਨੀਆਂ ਦਾ ਅਨੋਖਾ ਰਾਜ ਹੋਵੇਗਾ? ਕੀ ਇਸ ਅਨੋਖੇ ਰਾਜ ਵਿੱਚ ਹਰ ਵਿਰੋਧੀ ਅਵਾਜ ਨੂੰ ਇਸੇ ਤਰ੍ਹਾਂ ਧਮਕੀਆਂ ਨਾਲ਼ ਦਬਾਇਆ ਜਾਇਆ ਕਰੇਗਾ? ਇਸੇ ਤਰ੍ਹਾਂ ਗੁਰਬਚਨ ਸਿੰਘ ਹੋਰਾਂ ਦੇ ਪੁਰਾਣੇ ਸਾਥੀ ਸ. ਅਜਮੇਰ ਸਿੰਘ ਹੋਰਾਂ ਵਲੋਂ ਵੀ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ 84 ਦੇ ਦੌਰ ਵਿੱਚ ਖਾੜਕੂ ਰਹੇ ਭਾਈ ਰਣਜੀਤ ਸਿੰਘ ਕੁੱਕੀ ਬਾਰੇ ਬੋਲਦਿਆਂ ਕਿਹਾ ਗਿਆ ਸੀ: 'ਦੇਖਿਓ ਹੁਣ ਏਹ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੀ ਵੀ ਆਲੋਚਨਾ ਕਰੇਗਾ?' ਰਣਜੀਤ ਸਿੰਘ ਕੁੱਕੀ ਨੇ ਜੂਨ, 84 ਦੇ ਹਮਲੇ ਤੋਂ ਬਾਅਦ ਖਾੜਕੂ ਮੂਵਮੈਂਟ ਵਿੱਚ ਹਿੱਸਾ ਲੈਂਦਿਆਂ 17 ਵਰ੍ਹੇ ਦੇਸ਼-ਵਿਦੇਸ਼ ਦੀਆਂ ਜੇਲ੍ਹਾਂ ਵਿੱਚ ਬਿਤਾਏ ਸਨ। ਉਨ੍ਹਾਂ ਸੰਘਰਸ਼ ਦੇ ਆਪਣੇ ਲੰਮੇ ਤਜੁਰਬੇ ਦੇ ਅਧਾਰ ਤੇ ਇਤਨਾ ਕੁ ਹੀ ਕਿਹਾ ਸੀ ਭਾਈ ਅੰਮ੍ਰਿਤਪਾਲ ਸਿੰਘ ਜ਼ਰਾ ਠਰੰਮੇ ਨਾਲ਼ ਚੱਲੇ।ਸਿੱਖ ਭਾਈਚਾਰੇ ਨੂੰ ਕਿਸੇ ਨਵੀਂ ਸਾੜ੍ਹਸਤੀ ਵੱਲ਼ ਨਾ ਧੱਕ ਦੇਵੇ। ਕੀ ਸਿੱਖ ਕੌਮ ਲਈ ਕੁਰਬਾਨੀ ਕਰਨ ਵਾਲ਼ੇ ਅਜਿਹੇ ਵਿਅਕਤੀ ਨੂੰ ਵੀ ਆਪਣੀ ਸਮਝ ਅਨੁਸਾਰ ਅਲੋਚਨਾ ਕਰਨ ਦਾ ਹੱਕ ਨਹੀਂ? ਕੀ ਬੀਤੇ ਦੀਆਂ ਗਲਤੀਆਂ ਤੋਂ ਸਬਕ ਲੈਣਾ, ਕੌਮ ਨਾਲ਼ ਗਦਾਰੀ ਹੁੰਦੀ ਹੈ? ਕੀ ਸ. ਅਜਮੇਰ ਸਿੰਘ ਸ. ਕੁੱਕੀ ਰਾਹੀਂ ਸਿੱਖਾਂ ਨੂੰ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਅਲੋਚਨਾ ਤੋਂ ਉਪਰ ਹਨ? ਕੀ ਉਨ੍ਹਾਂ ਦੀ ਮੂਵਮੈਂਟ ਦਾ ਵਿਸ਼ਲੇਸ਼ਣ ਨਹੀਂ ਹੋ ਸਕਦਾ? ਅਸੀਂ ਕਿਹੋ ਜਿਹਾ ਸਮਾਜ ਸਿਰਜਣਾ ਚਾਹੁੰਦੇ ਹਾਂ? ਕੀ ਅਜਿਹਾ ਸਮਾਜ ਜਿੱਥੇ ਲੋਕਾਂ ਨੂੰ ਬੋਲਣ, ਲਿਖਣ, ਸੋਚਣ ਦੀ ਅਜ਼ਾਦੀ ਨਹੀਂ ਹੋਵੇਗੀ? ਇਹ ਸਭ ਸਵਾਲ ਹਨ, ਜਿਨ੍ਹਾਂ ਦੇ ਜਵਾਬ ਸਿੱਖਾਂ ਲਈ ਅਜ਼ਾਦੀ ਦੀ ਲੜਾਈ ਲੜਨ ਵਾਲ਼ੇ ਕੌਮ ਦੇ ਵਾਰਿਸਾਂ ਨੂੰ ਦੇਣੇ ਚਾਹੀਦੇ ਹਨ?

ਕੀ ਧਰਮ ਅਧਾਰਿਤ 'ਖਾਲਸਾ ਰਾਜ' ਇਰਾਨ ਵਿੱਚ ਖੁਮੈਨੀ ਦੇ ਇਸਲਾਮਿਕ ਰਾਜ ਵਰਗਾ ਹੋਵੇਗਾ? ਜਾਂ ਇਹ ਰਾਜ ਅਫਗਾਨਿਸਤਾਨ ਦੇ ਤਾਲੀਬਾਨਾਂ ਦੇ ਇਸਲਾਮਿਕ ਰਾਜ ਵਰਗਾ ਹੋਵੇਗਾ? ਅਜੇ ਤਾਂ ਲੋਕਾਂ ਨੂੰ ਭਾਰਤ ਸਰਕਾਰ ਤੋਂ ਕਿਸੇ ਸੁਰਖਿਆ ਦੀ ਆਸ ਹੋਵੇਗੀ? ਸ਼ਾਇਦ ਇਸੇ ਕਰਕੇ ਕਾਮਰੇਡ ਸੁਰੱਖਿਆ ਮੰਗਦੇ ਹੋਣ? ਪਰ ਜੇ 'ਹਲੇਮੀ ਰਾਜ' ਕਾਇਮ ਹੋ ਗਿਆ ਤਾਂ ਫਿਰ ਲੋਕਾਂ ਦੀ ਰਾਖੀ ਕੌਣ ਕਰੇਗਾ? ਸਿੱਖ ਵਿਦਵਾਨਾਂ ਦਾ 'ਹਲੇਮੀ ਰਾਜ' ਕਿਹੋ-ਜਿਹਾ ਹੋਵੇਗਾ, ਉਸਦੀ ਝਲਕ 'ਖਾਲਸਾ ਰਾਜ' ਦੇ ਨਵੇਂ ਝੰਡਾ ਬਰਦਾਰ ਭਾਈ ਅੰਮ੍ਰਿਤਪਾਲ ਸਿੰਘ ਦੀ ਖਾਲਸਾ ਵਹੀਰ ਵਲੋਂ ਪਹਿਲਾਂ ਕਪੂਰਥਲੇ ਅਤੇ ਫਿਰ ਜਲੰਧਰ ਦੇ ਮਾਡਲ ਟਾਊਨ ਗੁਰਦੁਆਰੇ ਦੇ ਫਰਨੀਚਰ ਦੀ ਕੀਤੀ ਭੰਨ-ਤੋੜ ਅਤੇ ਸਾੜ-ਫੂਕ ਤੋਂ ਹੀ ਮਿਲ ਜਾਂਦੀ ਹੈ।ਇਸ ਘਟਨਾ ਬਾਰੇ ਭਾਈ ਅੰਮ੍ਰਿਤਪਾਲ ਸਿੰਘ ਨੇ ਪੱਤਰਕਾਰਾਂ ਸਾਹਮਣੇ ਆਪਣਾ ਪੱਖ ਇਵੇਂ ਪੇਸ਼ ਕੀਤਾ: 'ਸੰਘਰਸ਼ ਵਿੱਚ ਤੁਹਾਡੇ ਕਈ ਐਕਸ਼ਨ 'ਸਿੰਬੌਲਿਕ' ਹੁੰਦੇ ਹਨ ਤਾਂ ਕਿ ਵੱਡੀ ਲੁਕਾਈ ਨੂੰ ਮੈਸੇਜ ਦਿੱਤਾ ਜਾਵੇ ਕਿ ਜੇ ਤੁਸੀਂ ਅਜਿਹੇ ਕੰਮ (ਭਾਵ ਗੁਰਦੁਆਰਿਆਂ ਵਿੱਚ ਕੁਰਸੀਆਂ-ਟੇਬਲ ਰੱਖਣੇ) ਬੰਦ ਨਾ ਕੀਤੇ ਤਾਂ ਤੁਹਾਡੀ ਵਾਰੀ ਵੀ ਜਲਦੀ ਆ ਸਕਦੀ ਹੈ।' ਇਸ ਸਬੰਧੀ ਅੱਗੇ ਉਦਾਹਰਣ ਦਿੰਦੇ ਹੋਏ ਭਾਈ ਸਾਹਿਬ ਕਹਿੰਦੇ ਹਨ: 'ਜਿਸ ਤਰ੍ਹਾਂ ਇਰਾਨ, ਅਫਗਾਨਿਸਤਾਨ, ਸੌਦੀ ਅਰਬ ਆਦਿ ਮੁਸਲਿਮ ਦੇਸ਼ਾਂ ਵਿੱਚ ਜੁਰਮ ਕਰਨ ਤੇ ਹੱਥ-ਪੈਰ ਕੱਟ ਦਿੱਤੇ ਜਾਂਦੇ ਹਨ ਜਾਂ ਮੁਜਰਿਮ ਫਾਹੇ ਲਾ ਕੇ ਚੁਰਾਹਿਆਂ ਵਿੱਚ ਟੰਗ ਦਿੱਤੇ ਜਾਂਦੇ ਹਨ, ਇਹ ਸਭ ਲੋਕਾਂ ਨੂੰ ਮੈਸੇਜ ਦੇਣ ਲਈ ਹੁੰਦਾ ਹੈ, ਸਾਡਾ ਐਕਸ਼ਨ ਵੀ ਲੋਕਾਂ ਨੂੰ ਅਜਿਹਾ ਸੁਨੇਹਾ ਦੇਣ ਵਾਲ਼ਾ ਹੀ ਹੈ।' ਹੁਣ ਇਸ ਬਿਆਨ ਤੋਂ ਇਹ ਸਮਝਿਆ ਜਾਵੇ ਕਿ 'ਹਲੇਮੀ ਖਾਲਸਾ ਰਾਜ' ਮੁੱਲਿਆਂ ਦੇ ਇਰਾਨ, ਤਾਲੀਬਾਨਾਂ ਦੇ ਅਫਗਾਨਿਸਤਾਨ ਜਾਂ ਸ਼ੇਖਾਂ ਦੇ ਸੌਦੀ ਅਰਬ ਤੋਂ ਕਿਸੇ ਤਰ੍ਹਾਂ ਵੀ ਵੱਖਰਾ ਧਾਰਮਿਕ ਦੇਸ਼ ਨਹੀਂ ਹੋਵੇਗਾ?

ਇਸੇ ਪੋਸਟ ਵਿੱਚ ਉਹ ਅੱਗੇ ਲਿਖਦੇ ਹਨ: 'ਪੰਜਾਬ ਦੇ 'ਕਾਮਰੇਡ' ਇੱਕ ਵਾਰ ਫਿਰ ਓਹੀ ਗਲਤੀ ਕਰ ਰਹੇ ਹਨ, ਜਿਹੜੀ ਉਨ੍ਹਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਵੇਲੇ ਕੀਤੀ ਸੀ। ਉਦੋਂ ਵੀ ਉਹ ਸਰਕਾਰ ਤੋਂ ਦੂਰੀ ਬਣਾ ਕੇ ਸੰਤ ਭਿੰਡਰਾਂਵਾਲਿਆ ਦੀ ਲਹਿਰ ਨਾਲ ਹਾਂ-ਪੱਖੀ ਸੰਵਾਦ ਰਚਾਉਣ ਦੀ ਬਜਾਇ ਸਰਕਾਰੀ ਪੈਂਤੜੇ ਉਤੇ ਖੜ ਕੇ ਉਨ੍ਹਾਂ ਦਾ ਅੰਨ੍ਹਾਂ ਵਿਰੋਧ ਕਰਨ ਦੇ ਰਾਹ ਪੈ ਗਏ ਸਨ ਅਤੇ ਹੁਣ ਫਿਰ ਉਹ ਭਾਈ ਅੰਮ੍ਰਿਤਪਾਲ ਸਿੰਘ ਦਾ ਉਸੇ ਪੈਂਤੜੇ ਉਤੇ ਖੜ ਕੇ ਵਿਰੋਧ ਕਰ ਰਹੇ ਹਨ।'

ਇਸ ਤੋਂ ਪਹਿਲਾਂ ਕਿ ਸ. ਸਾਹਿਬ ਵਲੋਂ ਉਠਾਏ ਸਵਾਲ ਕਿ ਕਾਮਰੇਡਾਂ ਨੇ ਸੰਤਾਂ ਜਾਂ ਧਰਮ ਯੁੱਧ ਮੋਰਚਾ ਚਲਾ ਰਹੇ ਅਕਾਲੀਆਂ ਨਾਲ਼ ਸੰਵਾਦ ਕਿਉਂ ਨਹੀਂ ਰਚਾਇਆ ਬਾਰੇ ਚਰਚਾ ਕਰੀਏ। ਇੱਥੇ ਥੋੜਾ ਜਿਹਾ ਇਹ ਸਮਝ ਲੈਣਾ ਜਰੂਰੀ ਹੈ ਕਿ 1984 ਤੋਂ ਪਹਿਲਾਂ ਕਿਹੜੇ ਹਾਲਾਤ ਸਨ, ਜਿਨ੍ਹਾਂ ਕਰਕੇ ਜੂਨ 1984 ਵਰਗਾ ਦੁਖਦਾਈ ਤੇ ਸ਼ਰਮਨਾਕ ਘੱਲੂਘਾਰਾ ਵਾਪਰਿਆ। ਬੇਸ਼ੱਕ ਸੰਵਾਦ ਬਾਰੇ ਆਪਣਾ ਸਹੀ ਪੱਖ ਤਾਂ ਸ਼ਾਇਦ ਕਾਮਰੇਡ ਧਿਰਾਂ ਹੀ ਰੱਖ ਸਕਦੇ ਹਨ। ਪਰ ਇੱਕ ਆਮ ਪੰਜਾਬੀ ਸਿੱਖ ਹੋਣ ਦੇ ਨਾਤੇ ਇਨ੍ਹਾਂ ਸਵਾਲਾਂ ਨੂੰ ਸੰਬੋਧਨ ਹੋਣਾ ਆਪਣਾ ਫਰਜ ਸਮਝਦਾ ਹਾਂ ਕਿਉਂਕਿ 84 ਦਾ ਸੰਤਾਪ ਪੰਜਾਬ ਦੇ ਹਰ ਬਸ਼ਿੰਦੇ ਨੇ ਹੰਢਾਇਆ ਸੀ, ਭਾਵੇਂ ਉਹ ਕਿਸੇ ਵੀ ਧਰਮ, ਜਾਤ, ਫਿਰਕੇ ਨਾਲ਼ ਸਬੰਧਤ ਸੀ।

ਇੱਥੇ ਇਹ ਵਰਨਣਯੋਗ ਹੈ ਕਿ 24 ਅਪਰੈਲ, 1982 ਨੂੰ ਸ਼੍ਰੋਮਣੀ ਅਕਾਲੀ ਦਲ ਵਲੋਂ 'ਕਪੂਰੀ' ਵਿਖੇ ਸਤਲੁਜ ਜਮਨਾ ਲਿੰਕ ਨਹਿਰ ਰੁਕਵਾਉਣ ਲਈ ਮੋਰਚਾ ਸ਼ੁਰੂ ਕੀਤਾ ਗਿਆ ਸੀ। ਜਿੱਥੇ ਕਾਂਗਰਸ ਨੂੰ ਛੱਡ ਕੇ, ਕਮਿਊਨਿਸਟ ਪਾਰਟੀਆਂ ਸਮੇਤ ਪੰਜਾਬ ਦੀ ਸਾਰੀਆਂ ਸਿਆਸੀ ਧਿਰਾਂ ਪੰਜਾਬ ਦੇ ਹੱਕਾਂ, ਪਾਣੀਆਂ ਦੇ ਮੁੱਦੇ ਅਤੇ ਰਾਜਾਂ ਲਈ ਵੱਧ ਅਧਿਕਾਰਾਂ ਵਾਸਤੇ ਇਕੱਠੀਆਂ ਸਨ। ਪਰ ਕੁਝ ਮਹੀਨੇ ਬਾਅਦ ਅਕਾਲੀਆਂ ਨੇ ਆਪਣਾ ਪੈਂਤੜਾ ਬਦਲ ਕੇ 4 ਅਗਸਤ, 1982 ਨੂੰ ਕਪੂਰੀ ਮੋਰਚੇ ਨੂੰ 'ਧਰਮ ਯੁੱਧ ਮੋਰਚੇ' ਦਾ ਨਾਮ ਦੇ ਕੇ 'ਕਪੂਰੀ' ਤੋਂ 'ਦਰਬਾਰ ਸਾਹਿਬ' ਕੰਪਲੈਕਸ ਵਿੱਚ ਲੈ ਆਂਦਾ ਸੀ। ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਉਨ੍ਹਾਂ ਆਪਣੇ ਕੱਟੜ ਵਿਰੋਧੀ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਨੂੰ ਆਪਣੇ ਮੋਰਚੇ ਵਿੱਚ ਸ਼ਾਮਿਲ ਕਰ ਲਿਆ ਸੀ, ਜੋ ਕਿ ਪਹਿਲਾਂ ਹੀ ਕੁਝ ਸਮੇਂ ਤੋਂ ਪੁਲਿਸ ਵਲੋਂ ਫੜੇ ਹੋਏ ਆਪਣੇ ਸਾਥੀਆਂ ਨੂੰ ਛੁਡਾਉਣ ਲਈ ਪੰਜ ਸਿੰਘਾਂ ਦਾ ਜਥਾ ਰੋਜ਼ਾਨਾ ਠਾਣੇ ਭੇਜ ਕੇ ਮੋਰਚਾ ਚਲਾ ਰਹੇ ਸਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਅਕਾਲੀ ਪੰਜਾਬ ਦੀਆਂ ਸਾਂਝੀਆਂ ਲੋਕ-ਪੱਖੀ ਮੰਗਾਂ ਦੇ ਮੋਰਚੇ ਨੂੰ ਛੱਡ ਕੇ ਦਰਬਾਰ ਸਾਹਿਬ ਆ ਗਏ ਅਤੇ ਆਪਣੇ ਮੋਰਚੇ ਦਾ ਨਾਮ 'ਧਰਮ ਯੁੱਧ ਮੋਰਚਾ' ਰੱਖ ਲਿਆ ਤਾਂ ਖੱਬੇਪੱਖੀ ਧਿਰਾਂ ਕੀ ਕਰਦੀਆਂ? ਕੀ ਉਹ ਆਪਣਾ ਸਾਰਾ ਮਾਰਕਸਵਾਦੀ ਵਿਚਾਰਧਾਰਕ ਪੈਂਤੜਾ ਛੱਡ ਕੇ ਧਾਰਮਿਕ ਮੋਰਚੇ ਵਿੱਚ ਸ਼ਾਮਿਲ ਹੋ ਜਾਂਦੇ? ਕੀ ਅਕਾਲੀਆਂ ਨੇ ਕਪੂਰੀ ਮੋਰਚੇ ਵਿੱਚ ਸ਼ਾਮਿਲ ਬਾਕੀ ਧਿਰਾਂ ਨੂੰ ਭਰੋਸੇ ਵਿੱਚ ਲੈ ਕੇ ਕਪੂਰੀ ਮੋਰਚਾ ਛੱਡਿਆ ਸੀ? ਫਿਰ ਸਾਡੇ ਇਹ ਵਿਦਵਾਨ ਦੂਜਿਆਂ ਨੂੰ ਦੋਸ਼ ਕਿਸ ਅਧਾਰ ਤੇ ਦੇ ਰਹੇ ਹਨ ਕਿ ਉਨ੍ਹਾਂ ਸੰਵਾਦ ਨਹੀਂ ਰਚਾਇਆ? ਉਸ ਮੌਕੇ ਅਕਾਲੀਆਂ ਨੇ ਜਿਸ ਕਿਸਮ ਦੀ ਸ਼ਾਤਰ ਤੇ ਜਿਦੀ ਹਾਕਮ ਧਿਰ ਨਾਲ਼ ਸਿੱਧੀ ਲੜਾਈ ਦਰਬਾਰ ਸਾਹਿਬ ਅੰਦਰੋਂ ਵਿੱਢ ਲਈ ਸੀ, ਕੀ ਉਸਨੂੰ ਸ਼ਾਂਤਮਈ ਰੱਖਣ ਲਈ ਢੁੱਕਵੀਂ ਯੁੱਧਨੀਤੀ ਦੀ ਉਨ੍ਹਾਂ ਨੂੰ ਲੋੜੀਂਦੀ ਜ਼ਰਾ ਜਿੰਨੀ ਵੀ ਕੋਈ ਚੇਤਨਾ ਸੀ? ਕੀ ਸ਼ਾਂਤਮਈ ਲੜਾਈਆਂ, ਉਸ ਤਰ੍ਹਾਂ ਲੜੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਦੀ 'ਸ਼ਾਂਤਮਈ' ਲੜਾਈ ਦਰਬਾਰ ਸਾਹਿਬ ਵਿੱਚੋਂ ਹਰਮਿੰਦਰ ਸਿੰਘ ਸੰਧੂ, ਜਥੇਦਾਰ ਰਾਮ ਸਿੰਘ ਚੌਲੱਧਾ, ਲਾਭ ਸਿੰਘ, ਸੁਰਿੰਦਰ ਸਿੰਘ ਸੋਢੀ ਜਾਂ ਸੁਖਦੇਵ ਸਿੰਘ ਬੱਬਰ ਤੇ ਸਾਥੀਆਂ ਵਲੋਂ ਲੜੀ ਜਾ ਰਹੀ ਸੀ?

ਮੋਰਚੇ ਦੇ ਮੁਢਲੇ ਦੌਰ ਵਿੱਚ ਹੀ ਨਵੰਬਰ, 1982 ਨੂੰ ਦਿੱਲੀ ਜਾ ਕੇ 'ਏਸ਼ੀਆਡ ਖੇਡਾਂ' ਵਿੱਚ ਖਲਲ ਪਾਉਣ ਦਾ ਸੱਦਾ ਦੇਣਾ, ਕਿਤਨਾ ਕੁ ਸਹੀ ਕਦਮ ਸੀ? 'ਸੰਤ ਭਿੰਡਰਾਂਵਾਲ਼ੇ ਦੇ ਰੂ-ਬ-ਰੂ, ਜੂਨ 84 ਦੀ ਪੱਤਰਕਾਰੀ' ਕਿਤਾਬ ਵਿੱਚ ਉਸ ਵੇਲੇ ਦਰਬਾਰ ਸਾਹਿਬ ਤਾਇਨਾਤ ਰਹੇ ਯੂ ਐਨ ਆਈ ਦੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਬੜੇ ਹੀ ਬਿਬੇਕ ਪੂਰਨ ਢੰਗ ਨਾਲ਼ ਨਿੱਜੀ ਗਵਾਹੀ ਪਾ ਕੇ ਸਾਬਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੋਈ ਹੈ ਕਿ ਸੰਤ ਲੌਂਗੋਵਾਲ਼ ਤੇ ਸਮੁੱਚੀ ਅਕਾਲੀ ਲੀਡਰਸ਼ਿਪ ਦੀ ਏਸ਼ੀਆਡ ਖੇਡਾਂ ਵਿੱਚ ਅਜਿਹਾ ਕੁਝ ਕਰਨ (ਖਲਲ ਪਾਉਣ) ਦੀ ਮਨਸ਼ਾ ਬਿਲਕੁਲ ਵੀ ਨਹੀ ਸੀ।ਬੇਸ਼ਕ ਉਨ੍ਹਾਂ ਵਲੋਂ ਭੇਜੀ ਖ਼ਬਰ ਨੂੰ ਏਜੰਸੀ ਦੇ ਚੰਡੀਗੜ੍ਹ ਬੈਠੇ ਸ਼ਰਾਰਤੀ ਮੁੱਖੀ ਅਖਿਲ ਗੌਤਮ ਨੇ ਤੋੜ-ਮਰੋੜ ਕੇ ਕੁਝ ਹੋਰ ਹੀ ਬਣਾ ਦਿੱਤਾ ਸੀ, ਜਿਸ ਕਾਰਨ ਇੱਕ ਵਾਰ ਤਾਂ ਸ਼ਾਂਤ ਚੱਲ ਰਿਹਾ ਮੋਰਚਾ ਲੀਹੋਂ ਲੱਥ ਗਿਆ ਸੀ। ਗੌਤਮ ਕੋਲ਼ੋਂ ਜੇ ਕੋਈ ਕਸਰ ਰਹਿ ਗਈ ਸੀ, ਉਸਨੂੰ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਦਿੱਲੀ ਵੱਲ ਜਾ ਰਹੇ ਸਿੱਖਾਂ ਦੀਆਂ ਹਰਿਆਣੇ ਵਿੱਚ ਤਲਾਸ਼ੀਆਂ ਰਾਹੀਂ ਬੇਇੱਜ਼ਤੀ ਕਰਵਾ ਕੇ ਕੱਢ ਦਿੱਤੀ ਸੀ, ਜਿਸਨੇ ਸੰਤ ਭਿੰਡਰਾਂਵਾਲ਼ਿਆਂ ਨੂੰ ਭਾਰਤ ਵਿੱਚ ਸਿੱਖਾਂ ਨਾਲ਼ ਵਿਤਕਰਿਆਂ ਦਾ ਇੱਕ ਹੋਰ ਬਿਰਤਾਂਤ ਸਿਰਜਣ ਦਾ ਮੌਕਾ ਦੇ ਦਿੱਤਾ ਸੀ।

ਪਰ ਅਫਸੋਸ ਸਿੱਖ ਲੀਡਰਸ਼ਿਪ ਨੇ ਇਸ ਤੋਂ ਕੋਈ ਸਬਕ ਨਾ ਸਿੱਖਿਆ।ਜੇਕਰ ਕੋਈ ਸਬਕ ਸਿੱਖਿਆ ਹੁੰਦਾ ਜਾਂ ਕੋਈ ਸਾਵਧਾਨੀ ਵਰਤੀ ਹੁੰਦੀ ਤਾਂ ਇਨ੍ਹਾਂ ਘਟਨਾਵਾਂ ਤੋਂ ਕੇਵਲ ਚਾਰ ਮਹੀਨੇ ਬਾਅਦ ਹੀ ਹਰਿਮੰਦਰ ਸਾਹਿਬ ਕੰਪਲੈਕਸ ਦੀ ਦੇਹਲੀ ਤੇ ਡੀ ਆਈ ਜੀ ਅਵਤਾਰ ਸਿੰਘ ਅਟਵਾਲ ਦੀ ਹੱਤਿਆ ਦਾ 'ਕਾਂਡ' ਨਾ ਕੀਤਾ ਹੁੰਦਾ? ਉਸ ਹੱਤਿਆ ਲਈ ਅੰਦਰ ਹੀ ਅੰਦਰ ਮੇਜਰ ਸਿੰਘ ਨਾਗੋਕੇ ਦਾ ਨਾਮ ਉਦੋਂ ਹੀ ਸਾਹਮਣੇ ਆ ਗਿਆ ਸੀ। ਜੇਕਰ ਕਿਸੇ ਨੂੰ ਅਜੇ ਤੱਕ ਕੋਈ ਸ਼ੱਕ ਸੀ ਤਾਂ ਉਹ ਹੁਣ ਇੰਗਲੈਂਡ ਰਹਿੰਦੇ, ਉਸਦੇ ਪੁੱਤਰ ਅਜੈਪਾਲ ਸਿੰਘ ਨੇ 10 ਜੂਨ, 2021 ਨੂੰ ਇੱਕ ਯੂ ਟਿਊਬ ਚੈਨਲ 'ਟ੍ਰੀਬਿਊਟ 1984' ਨੂੰ ਦਿੱਤੀ ਇੰਟਰਵਿਊ ਵਿੱਚ ਆਪਣੀ ਮਾਂ ਦੇ ਹਵਾਲੇ ਨਾਲ਼ ਆਪ ਹੀ ਵਿਸਥਾਰ ਵਿੱਚ ਸੁਣਾ ਦਿੱਤਾ ਹੈ। ਸੰਤਾਂ ਤੇ ਅਕਾਲੀ ਲੀਡਰਸ਼ਿਪ ਨੇ ਇਸ ਘਟਨਾ ਨੂੰ ਭਵਿੱਖੀ ਹਿੰਸਾ ਦੇ ਦੌਰ ਦੀ ਦਸਤਕ ਸਮਝ ਕੇ ਕੋਈ ਕਦਮ ਚੁੱਕਣ ਦੀ ਥਾਂ ਸਭ ਕੁਝ ਜਾਣਦੇ ਹੋਏ ਵੀ, ਸਾਰਾ ਭਾਂਡਾ ਖੁਫੀਆ ਏਜੰਸੀਆਂ ਸਿਰ ਭੰਨ ਦਿੱਤਾ ਸੀ। ਇਹੋ ਮੌਕਾ ਸੀ, ਜਦੋਂ ਮੋਰਚਾ ਡਿਕਟੇਟਰ ਲੌਂਗੋਂਵਾਲ ਤੇ ਸੰਤ ਭਿੰਡਰਾਂਵਾਲ਼ੇ ਦੇ ਰਸਤੇ ਅਲੱਗ ਹੋ ਗਏ ਸਨ, ਫੁੱਟ ਦੇ ਅਜਿਹੇ ਬੀਜ-ਬੀਜੇ ਗਏ ਸਨ, ਜੋ 84 ਤੱਕ ਡੂੰਘੇ ਹੀ ਹੁੰਦੇ ਗਏ।

ਇਸ ਤੋਂ ਕੁਝ ਮਹੀਨੇ ਬਾਅਦ ਨਵਾਂ ਮੋੜ ਢਿਲਵਾਂ ਕਾਂਡ ਮੌਕੇ ਆਇਆ, ਜਿਸ ਵਿੱਚ ਖਾੜਕੂਆਂ ਵਲੋਂ 5 ਅਕਤੂਬਰ, 1983 ਦੀ ਰਾਤ ਨੂੰ ਇੱਕ ਬੱਸ ਵਿੱਚੋਂ 6 ਬੇਗੁਨਾਹ ਹਿੰਦੂ ਯਾਤਰੂ ਗੋਲ਼ੀਆਂ ਨਾਲ਼ ਭੁੰਨ ਸੁੱਟੇ ਸਨ। ਸਿੱਖ ਲੀਡਰ ਵਰ੍ਹਿਆਂ ਬੱਧੀ ਇਸਦੀ ਜ਼ਿੰਮੇਵਾਰੀ ਵੀ ਏਜੰਸੀਆਂ ਸਿਰ ਸੁੱਟੀ ਗਏ, ਜਦੋਂ ਤੱਕ ਪਵਿੱਤਰ ਸ਼ਹਿਰ ਵਿੱਚ ਤਾਇਨਾਤ ਸੀਨੀਅਰ ਪੱਤਰਕਾਰ ਤੇ ਧਰਮ ਯੁੱਧ ਮੋਰਚੇ ਦੇ ਹਮਦਰਦ ਰਹੇ ਸ. ਜਗਤਾਰ ਸਿੰਘ ਨੇ ਆਪਣੀ ਪੁਸਤਕ 'ਰਿਵਰਜ਼ ਆਨ ਫਾਇਰ' ਅੰਦਰ ਇਸ ਕਾਂਡ ਵਿੱਚ ਸ਼ਾਮਿਲ ਖਾੜਕੂ ਸੁੱਖੇ ਕੱਕੜਾਂ ਵਾਲ਼ੇ ਨਾਲ਼ ਇਤਿਹਾਸਕ ਇੰਟਰਵਿਊ ਰਾਹੀਂ ਸਚਾਈ ਨਸ਼ਰ ਨਹੀਂ ਕਰ ਦਿੱਤੀ। ਸੁੱਖਾ ਕੱਕੜਾਂ ਵਾਲ਼ਾ ਬਾਰਡਰ ਦੇ ਸਮਗਲਰਾਂ ਦਾ ਪਾਂਡੀ ਸੀ ਅਤੇ ਉਸ ਮੌਕੇ ਦੇ ਹੋਰ ਅਨੇਕਾਂ ਮੁਜਰਮਾਂ ਵਾਂਗ ਉਸਨੇ ਵੀ ਧਰਮ ਯੁੱਧ ਮੋਰਚੇ ਦੀ ਆੜ ਵਿੱਚ ਦਰਬਾਰ ਸਾਹਿਬ ਵਿੱਚ ਪਨਾਹ ਲਈ ਹੋਈ ਸੀ। ਜਥੇਦਾਰ ਰਾਮ ਸਿੰਘ ਚੌਲੱਧਾ ਦੇ ਹੁਕਮਾਂ 'ਤੇ ਸੋਢੀ ਅਤੇ ਲਾਭ ਸਿੰਘ ਨੇ ਢਿਲਵਾਂ ਕਾਂਡ ਲਈ ਪ੍ਰੋਗਰਾਮ ਉਲੀਕਿਆ ਤਾਂ ਸੁੱਖੇ ਤੇ ਉਸਦੇ ਸੀਰੀ ਤੋਤੀ ਨੂੰ ਵੀ ਨਾਲ਼ ਲੈ ਲਿਆ, ਜਦਕਿ ਸੁੱਖੇ ਤੇ ਤੋਤੀ ਦਾ ਮੋਰਚੇ ਨਾਲ ਕੋਈ ਸਬੰਧ ਨਹੀਂ ਸੀ। ਉਹ ਵਾਰਦਾਤ ਕਰਕੇ ਉਸੇ ਬੱਸ ਚੜ੍ਹ ਕੇ ਰਾਤ ਨੂੰ ਦਰਬਾਰ ਆ ਗਏ ਸਨ। ਇਸ ਵਾਰਦਾਤ ਤੋਂ ਅਗਲੇ ਦਿਨ ਸ੍ਰੀ ਨਗਰ ਵਿਖੇ ਮੁੱਖ ਮੰਤਰੀ ਫਾਰੂਕ ਅਬਦੁੱਲੇ ਦੇ ਸੱਦੇ ਤੇ ਦੇਸ਼ ਦੀਆਂ ਸਾਰੀਆਂ ਆਪੋਜੀਸ਼ਨ ਪਾਰਟੀਆਂ ਦੇ ਲੀਡਰਾਂ ਦੀ ਮੀਟਿੰਗ ਹੋ ਰਹੀ ਸੀ। ਉਸ ਵਕਤ ਤੱਕ ਐਨ ਟੀ ਰਾਮਾ ਰਾਉ, ਚੌਧਰੀ ਚਰਨ ਸਿੰਘ ਵਰਗੇ ਵੱਡੇ ਰਾਜਸੀ ਲੀਡਰ ਸਿੱਖਾਂ ਦੀਆਂ ਮੰਗਾਂ ਨਾ ਮੰਨਣ ਲਈ ਇੰਦਰਾ ਸਰਕਾਰ ਦੀ ਨਿਖੇਧੀ ਕਰ ਰਹੇ ਸਨ। ਪਰ ਢਿਲਵਾਂ ਕਾਂਡ ਤੋਂ ਬਾਅਦ ਸਭ ਕੁਝ ਬਦਲ ਗਿਆ ਸੀ, ਸਾਰੀ ਵਿਰੋਧੀ ਧਿਰ ਸਿੱਖਾਂ ਵਿਰੁੱਧ ਹੋ ਗਈ ਸੀ। ਉਹੀ ਲੀਡਰ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਵਿਗੜ ਰਹੀ ਸਥਿਤੀ ਲਈ ਕਾਂਗਰਸ ਨੂੰ ਕੋਸਣ ਲੱਗੇ ਸਨ। ਇਹ ਉਹੀ ਸਮਾਂ ਸੀ, ਜਦੋਂ ਕਾਮਰੇਡ ਮੋਹਰੀ ਹੋ ਕੇ ਪੰਜਾਬ ਵਿੱਚ ਵਧ ਰਹੀ ਹਿੰਸਾ ਰੋਕਣ ਲਈ ਸਰਕਾਰ ਤੋਂ ਸਖਤ ਕਾਰਵਾਈ ਕਰਨ ਦੀ ਮੰਗ ਕਰਨ ਲੱਗੇ ਸਨ। ਉਹ ਇੱਕ ਅਹਿਮ ਮੋੜ ਸੀ, ਜਿਸ ਤੋਂ ਸਾਵਧਾਨ ਹੋਣ ਦੀ ਲੋੜ ਸੀ, ਪਰ ਸਿੱਖ ਲਡਿਰਸ਼ਿਪ ਨੇ ਕੁਝ ਨਹੀਂ ਸਿਖਿਆ?

ਇਸ ਮੌਕੇ ਇੱਕ ਹੋਰ ਨਵਾਂ ਮੋੜ ਉਸ ਸਮੇਂ ਆਇਆ, ਜਦੋਂ ਸੰਤਾਂ ਦੇ ਸਾਥੀ ਤੇ ਫੈਡਰੇਸ਼ਨ ਲੀਡਰ ਹਰਮਿੰਦਰ ਸਿੰਘ ਸੰਧੂ ਅਤੇ ਡਾ. ਭਗਵਾਨ ਸਿੰਘ ਚੰਡੀਗੜ੍ਹ ਦੇ ਇਸ਼ਾਰੇ ਤੇ ਫੈਡਰੇਸ਼ਨ ਦੀ ਚੰਡੀਗੜ੍ਹ ਇਕਾਈ ਦੇ ਕੁਝ ਕਾਰਕੁੰਨਾਂ ਨੇ ਇੰਦਰਾ ਗਾਂਧੀ ਦੇ ਨਜਦੀਕੀ ਤੇ ਪੰਜਾਬੀ ਹਿਤੈਸ਼ੀ ਐਮ ਪੀ ਪ੍ਰੋ: ਵੀ ਐਨ ਤਿਵਾੜੀ ਦਾ ਉਸਦੇ ਘਰ ਜਾ ਕੇ ਕਤਲ ਕਰ ਦਿੱਤਾ। ਇਸਦੇ ਨਾਲ਼ ਹੀ ਦਿੱਲੀ ਅਤੇ ਅੰਮ੍ਰਿਤਸਰ ਵਿਚਾਲ਼ੇ ਜੇ ਕੋਈ ਸੰਭਾਵੀ ਸਾਰਥਕ ਚੈਨਲ਼ ਹੋ ਸਕਦਾ ਸੀ ਤਾਂ ਉਸਦਾ ਵੀ ਭੋਗ ਪਾ ਦਿੱਤਾ ਗਿਆ। ਇਸ ਕਤਲ ਦਾ ਭਾਂਡਾ ਵੀ ਸੰਤਾਂ ਭਿੰਡਰਾਂਵਾਲ਼ਿਆਂ ਸਮੇਤ ਸਾਰੇ ਅਕਾਲੀ ਲੀਡਰ ਏਜੰਸੀਆਂ ਸਿਰ ਹੀ ਭੰਨਦੇ ਰਹੇ। ਪਰ ਹੁਣ ਇਸ ਸਾਰੀ ਕਹਾਣੀ ਦਾ ਪਰਦਾਫਾਸ਼ ਫੈਡਰੇਸ਼ਨ ਦੇ ਕਾਰਕੁੰਨ ਪੰਜਵੜ ਪਿੰਡ ਦੇ ਉਸ ਮੌਕੇ ਚੰਡੀਗੜ੍ਹ ਰਹਿੰਦੇ ਕੁਲਜਿੰਦਰ ਸਿੰਘ ਢਿਲੋਂ ਨੇ ਸੁਖਨੈਬ ਸਿੱਧੂ ਨਾਲ਼ 'ਗੁੱਝੇ ਭੇਤ' ਨਾਮ ਦੀ ਇੰਟਰਵਿਊ ਲੜੀ ਦੇ ਭਾਗ 3 ਵਿੱਚ ਕਰ ਦਿੱਤਾ ਹੈ।

ਸ਼ਾਂਤਮਈ ਮੋਰਚਾ ਕਿਤਨਾ ਕੁ ਸ਼ਾਂਤ ਮਈ ਸੀ, ਉਸਦਾ ਪਤਾ ਇੱਥੋਂ ਵੀ ਲਗਦਾ ਹੈ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿੱਚੋਂ 35 ਨਿਰੰਕਾਰੀ ਮਾਰਨ ਦੀ ਜਿੰਮੇਵਾਰੀ 'ਖਾੜਕੂ' ਅਨੋਖ ਸਿੰਘ ਬੱਬਰ ਵਲੋਂ ਆਪਣੀ ਹੱਥ ਲਿਖਤ ਕੰਧਾਂ ਤੇ ਲਗਾ ਕੇ ਲਈ ਸੀ।ਜਿਸ ਬਾਰੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਆਪਣੀ ਕਿਤਾਬ 'ਮੇਰੀ ਪੱਤਰਕਾਰੀ ਦੇ ਰੰਗ' ਵਿੱਚ ਵਿਸਥਾਰ ਦਿੱਤਾ ਹੈ।

ਜੇ ਇਹ ਮੋਰਚਾ ਕਿਤਨਾ ਕੁ ਸ਼ਾਂਤ ਸੀ, ਇਨਾਂ ਘਟਨਾਵਾਂ ਤੋਂ ਵੀ ਪਤਾ ਨੀ ਲਗਦਾ ਤਾਂ ਉਨ੍ਹੀ ਦਿਨੀਂ ਹੀ ਕੰਪਲੈਕਸ ਵਿੱਚ ਪਨਾਹ ਲਈ ਬੈਠੇ ਤੇ ਬਾਅਦ ਵਿੱਚ ਲਾਭ ਸਿੰਘ ਹੋਰਾਂ ਦੇ ਸਾਥੀ ਸੁਖਵਿੰਦਰ ਸਿੰਘ ਕਾਕਾ ਉਰਫ ਜਨਰਲ ਦਿਆਲ ਨੇ ਆਪਣੀਆਂ ਵੱਖ-ਵੱਖ ਇੰਟਰਵਿਊ ਵਿੱਚ ਦੱਸਿਆ ਹੈ ਕਿ ਕੰਪਲੈਕਸ ਵਿੱਚ ਉਸ ਵਕਤ ਕੀ ਕੀ ਹੋ ਰਿਹਾ ਸੀ। ਉਸ ਸਮੇਂ ਸਥਿਤੀ ਸੰਤ ਭਿੰਡਰਾਂਵਾਲ਼ਿਆਂ ਦੇ ਵੀ ਦੇ ਕਿਤਨਾ ਕੁ ਕੰਟਰੋਲ ਵਿੱਚ ਰਹਿ ਗਈ ਸੀ?

ਮੋਰਚੇ ਵਿੱਚ ਸੰਭਲਣ ਦਾ ਆਖਰੀ ਮੌਕਾ ਉਦੋਂ ਆਇਆ ਸੀ, ਜਦੋਂ ਸੀ ਆਰ ਪੀ ਐਫ ਵਾਲ਼ਿਆਂ ਨੇ ਕੋਤਵਾਲ਼ੀ ਕੋਲ਼ ਅਨਾਜ ਦੇ ਟਰੱਕਾਂ ਵਿੱਚ ਹਥਿਆਰ ਲਿਜਾ ਰਹੇ ਟਰੱਕ ਨੂੰ ਰੋਕ ਲਿਆ ਸੀ। ਪਰ ਖਾੜਕੂ ਧਿਰਾਂ ਦੀ ਧਮਕੀ ਰਾਹੀਂ ਉਸ ਟਰੱਕ ਨੂੰ ਛੁਡਵਾ ਲਿਆ ਗਿਆ ਸੀ। ਅਜਿਹੇ ਮਾਹੌਲ ਵਿੱਚ ਕੀ ਉਦੋਂ ਦੇ ਸਿੱਖ ਚਿੰਤਕਾਂ ਦਲਬੀਰ ਸਿੰਘ, ਗੁਰਤੇਜ ਸਿੰਘ ਵਰਗਿਆਂ ਜਾਂ ਜਥੇਦਾਰ ਟੌਹੜਾ ਤੇ ਸ. ਬਾਦਲ ਵਰਗੇ ਆਗੂਆਂ ਨੂੰ ਸਾਵਧਾਨ ਨਹੀਂ ਹੋਣਾ ਚਾਹੀਦਾ ਸੀ? ਪਰ ਉਸ ਬਾਰੇ ਤਾਂ ਸੰਤਾਂ ਦੇ ਸਲਾਹਕਾਰ ਦੱਸਣ ਵਾਲ਼ੇ ਸ. ਗੁਰਤੇਜ ਸਿੰਘ ਅਜੇ ਵੀ ਉਨ੍ਹਾਂ ਹਥਿਆਰਾਂ ਦਾ ਭਾਂਡਾ ਜਨਰਲ ਜਸਵੰਤ ਸਿੰਘ ਭੁੱਲਰ ਨੂੰ ਰਾਅ ਦਾ ਏਜੰਟ ਦੱਸ ਕੇ ਭੰਨ ਰਹੇ ਹਨ। ਇਹ ਉਹੀ ਜਨਰਲ ਭੁੱਲਰ ਹੈ, ਜੋ ਜੂਨ ਚੁਰਾਸੀ ਦੇ ਹਮਲੇ ਤੋਂ ਕੁਝ ਦਿਨ ਪਹਿਲਾਂ ਹੀ ਕਨੇਡਾ-ਅਮਰੀਕਾ ਪਹੁੰਚ ਚੁੱਕਾ ਸੀ (ਕਿਹਾ ਜਾਂਦਾ ਹੈ ਕਿ ਭਾਰਤ ਸਰਕਾਰ ਨੇ ਵਿਦੇਸ਼ੀ ਸਿੱਖਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਜਨਰਲ ਭੁੱਲਰ ਵਰਗੇ ਕਈ ਲੀਡਰ ਖਾਲਿਸਤਾਨੀ ਭੇਸ ਵਿੱਚ ਵਿਦੇਸ਼ੀਂ ਭੇਜ ਦਿੱਤੇ ਸਨ), ਜਿਸਨੇ ਵਿਦੇਸ਼ਾਂ ਵਿੱਚ ਖਾਲਿਸਤਾਨੀ ਜਥੇਬੰਦੀ 'ਵਰਲਡ ਸਿੱਖ ਆਰਗਨਾਈਜੇਸ਼ਨ' ਬਣਾਈ ਸੀ। ਹੈਰਾਨਗੀ ਇਸ ਗੱਲ ਦੀ ਹੈ ਕਿ ਇੱਕ ਪਾਸੇ ਸ. ਗੁਰਤੇਜ ਸਿੰਘ ਵਰਗੇ ਉਚ ਕੋਟੀ ਦੇ ਵਿਦਵਾਨ ਜਨਰਲ ਭੁੱਲਰ ਨੂੰ ਭਾਰਤੀ ਖੁਫੀਆ ਏਜੰਸੀ ਰਾਅ ਦਾ ਏਜੰਟ ਦੱਸ ਰਹੇ ਹਨ, ਦੂਜੇ ਪਾਸੇ ਉਹੀ ਜਨਰਲ ਭੁੱਲਰ, ਸੰਤਾਂ ਦਾ ਵੀ ਖਾਸ ਸੀ ਤੇ ਜਦੋਂ ਜੂਨ ਚੁਰਾਸੀ ਦੇ ਹਮਲੇ ਤੋਂ ਬਾਅਦ ਉਹ ਕਨੇਡਾ-ਅਮਰੀਕਾ ਆਇਆ ਤਾਂ ਉਸਦਾ ਵਿਦੇਸ਼ੀ ਸਿੱਖਾਂ ਨਾ ਸਿਰਫ ਬਹੁਤ ਸਤਿਕਾਰ ਕੀਤਾ, ਸਗੋਂ ਉਸ ਵਲੋਂ ਬਣਾਈ ਵਿਸ਼ਵ ਸਿੱਖ ਸੰਸਥਾ ਵਿੱਚ ਭਾਰੀ ਗਿਣਤੀ ਵਿੱਚ ਸ਼ਾਮਿਲ ਹੋਏ। ਉਸੇ ਰਾਅ ਦੇ ਏਜੰਟ ਭੁੱਲਰ ਵਲੋਂ ਦਰਬਾਰ ਸਾਹਿਬ ਭੇਜੇ ਹਥਿਆਰਾਂ ਦੇ ਟਰੱਕਾਂ ਨਾਲ਼ ਮੋਰਚੇਬੰਦੀ ਕਰਕੇ ਸੰਤ ਭਿੰਡਰਾਂਵਾਲ਼ਿਆਂ ਤੇ ਜਨਰਲ ਸ਼ੁਬੇਗ ਸਿੰਘ ਨੇ ਭਾਰਤੀ ਫੌਜ ਨਾਲ਼ ਲੜਾਈ ਲੜੀ। ਫਿਰ ਭਾਅ ਜੀ ਦਲਬੀਰ ਸਿੰਘ ਤੇ ਗੁਰਤੇਜ ਸਿੰਘ ਹੋਰਾਂ ਵਰਗੇ ਸਿੱਖ ਵਿਦਵਾਨਾਂ ਨੇ ਵੀਹਵੀਂ ਸਦੀ ਦਾ ਮਹਾਨ ਸਿੱਖ ਚੁਣਨ ਦਾ ਸੰਨ 2000 ਵਿੱਚ ਡਰਾਮਾ ਕਰਕੇ ਆਪ ਹੀ ਪਰਚੀ ਕੱਢ ਕੇ ਸੰਤ ਭਿੰਡਰਾਂਵਾਲ਼ਿਆਂ ਨੂੰ

ਵੀਹਵੀਂ ਸਦੀ ਦਾ ਮਹਾਨ ਸਿੱਖ ਕਿਸ ਅਧਾਰ ਤੇ ਘੋਸ਼ਿਤ ਕੀਤਾ ਸੀ? ਇਹ ਕੀ ਘਾਲਾ-ਮਾਲਾ ਹੈ? ਕਦੇ ਸਾਡੇ ਸੂਝਵਾਨ ਵਿਦਵਾਨ ਇਸ ਬਾਰੇ ਵਿਚਾਰ ਕਰਨਗੇ ਤੇ ਸੰਗਤਾਂ ਨੂੰ ਚਾਨਣਾ ਪਾਉਣਗੇ?

ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਸੀ ਕਿ ਗੁਰਬਚਨ ਸਿੰਘ ਹੁਣਾਂ ਨੂੰ ਇਤਰਾਜ ਹੈ ਕਿ ਕਾਮਰੇਡਾਂ ਨੇ ਸੰਤ ਜੀ ਨਾਲ਼ ਸੰਵਾਦ ਨਹੀਂ ਰਚਾਇਆ, ਸਗੋਂ ਸਰਕਾਰੀ ਪੈਂਤੜੇ ਤੋਂ ਉਨ੍ਹਾਂ ਦਾ ਵਿਰੋਧ ਕੀਤਾ? 'ਧਰਮ ਯੁੱਧ ਮੋਰਚੇ' ਵਿੱਚ ਵਾਪਰੀਆਂ ਕੁਝ ਅਹਿਮ ਘਟਨਾਵਾਂ ਦਾ ਜਿਕਰ ਕਰਨਾ ਇਸੇ ਲਈ ਜਰੂਰੀ ਸੀ ਕਿ ਇਸ ਪੱਖ ਨੂੰ ਪਾਠਕ ਸਮਝ ਸਕਣ ਕਿ ਉਹ ਅਕਾਲੀ ਲੀਡਰਸ਼ਿਪ, ਜਿਹੜੀ ਪੰਜਾਬ ਦੀਆਂ ਹੱਕੀ ਮੰਗਾਂ ਦੇ ਸਾਂਝੇ ਮੋਰਚੇ ਨੂੰ ਛੱਡ ਦਰਬਾਰ ਸਾਹਿਬ ਸੰਤ ਭਿੰਡਰਾਂਵਾਲਿਆਂ ਨਾਲ਼ ਸਾਂਝਾ ਧਰਮ ਮੋਰਚਾ ਲਾ ਬੈਠੀ ਸੀ, ਉਨ੍ਹਾਂ ਦਾ ਹਸ਼ਰ ਕੀ ਹੋਇਆ ਹੈ? ਉਨ੍ਹਾਂ ਦੇ ਸਾਹਮਣੇ ਸ਼ਰੇਆਮ ਕਤਲ ਹੋ ਰਹੇ ਸਨ, ਉਹ ਖੁਦ ਮੌਤ ਦੇ ਸਾਏ ਹੇਠ ਜੀਅ ਰਹੇ ਸਨ ਤਾਂ ਕਾਮਰੇਡ ਕਿਸਦੇ ਪਾਣੀ ਹਾਰ ਸਨ? ਉਹ ਆਪਣੀ ਬੇਵਸੀ ਵਿੱਚ, ਦਰਬਾਰ ਸਾਹਿਬ ਦੇ ਅੰਦਰ ਤੇ ਬਾਹਰ ਹੋ ਰਹੇ ਕਤਲਾਂ ਦਾ ਭਾਂਡਾ ਏਜੰਸੀਆਂ ਸਿਰ ਭੰਨ ਕੇ ਜਾਨ ਬਚਾ ਰਹੇ ਸਨ? ਗੁਰਬਚਨ ਸਿੰਘ ਜੀ ਆਪ ਹੀ ਸੋਚ ਸਕਦੇ ਹਨ ਕਿ ਅਜਿਹੇ ਮਾਹੌਲ ਵਿੱਚ ਕਾਮਰੇਡ ਕਿਸ ਅਧਾਰ ਤੇ ਸੰਵਾਦ ਰਚਾਉਂਦੇ? ਕੀ ਉਥੇ ਸੰਵਾਦ ਦਾ ਕੋਈ ਮਾਹੌਲ ਸੀ?

ਇੱਥੇ ਸਰਦਾਰ ਸਾਹਿਬ ਨੂੰ ਯਾਦ ਕਰਾਉਣਾ ਚਾਹੁੰਦੇ ਹਾਂ ਕਿ ਇਰਾਨ ਵਿੱਚ ਅਮਰੀਕਾ ਪੱਖੀ ਸ਼ਾਹ ਸਰਕਾਰ ਵਿਰੁੱਧ ਖੁਮੈਨੀ ਦੇ 'ਇਸਲਾਮਿਕ ਇਨਕਲਾਬ' ਦੀ ਲਹਿਰ ਵਿੱਚ ਸਭ ਤੋਂ ਮੂਹਰੀ ਹੋ ਕੇ ਲੜਨ ਤੇ ਜਾਨਾਂ ਵਾਰਨ ਵਾਲ਼ੇ 'ਮੁਜਾਹੀਦੀਨ-ਏ-ਖਲਕ' ਦੇ ਮਾਰਕਸਵਾਦੀ ਜੋਧੇ ਸਨ ਜੋ ਅਖੀਰ ਤੱਕ ਇਸ ਆਸ ਵਿੱਚ ਲੜੇ ਸਨ ਕਿ ਸ਼ਾਇਦ ਖੁਮੈਨੀ ਵਰਗੀਆਂ ਕੱਟੜ ਮੁੱਲਾਂ ਬਰੈਂਡ ਇਸਲਾਮਿਕ ਤਾਕਤਾਂ ਦੇ ਸਹਿਯੋਗ ਨਾਲ਼ ਇੱਕ ਅਜਿਹਾ ਇਸਲਾਮਿਕ ਰਾਜ ਲੈ ਆਉਣਗੇ, ਜੋ ਮਾਰਕਸਵਾਦੀ ਨਜ਼ਰੀਏ ਤੋਂ ਲੋਕਾਂ ਦਾ ਰਾਜ ਹੋਵੇਗਾ? ਪਰ ਹੋਇਆ ਇਸਦੇ ਐਨ ਉਲਟ ਸੀ। 'ਇਨਕਲਾਬ' ਆਉਣ ਤੇ ਖੁਮੈਨੀ ਦੀ ਇਸਲਾਮਿਕ ਸਰਕਾਰ ਨੇ ਸਭ ਤੋਂ ਪਹਿਲਾਂ ਨਾ ਸਿਰਫ 'ਮੁਜਾਹੀਦੀਨ-ਏ-ਖਲਕ' (MEK) ਤੇ ਪਾਬੰਦੀ ਲਗਾਈ, ਸਗੋਂ ਇਸਦੇ ਹਜਾਰਾਂ ਲੀਡਰਾਂ ਤੇ ਕਾਰਕੁੰਨਾਂ ਨੂੰ ਫਾਹੇ ਲਾ ਕੇ ਮਾਰ ਮੁਕਾਇਆ ਸੀ ਅਤੇ ਬਹੁਤ ਅੱਜ ਵੀ ਜਲਾਵਤਨੀ ਕੱਟ ਰਹੇ ਹਨ। ਮਾਰਕਸਵਾਦੀਆਂ ਦੀ ਮੱਦਦ ਨਾਲ਼ ਬਣੀ ਨਵੀਂ 'ਇਸਲਾਮਿਕ ਰਿਪਬਲਿਕ ਆਫ ਇਰਾਨ' ਵਿੱਚ ਅੱਜ ਲੋਕਾਂ ਦਾ ਜੋ ਹਾਲ ਹੈ, ਸਭ ਦੇ ਸਾਹਮਣੇ ਹੈ। ਪਿਛਲੇ 43 ਸਾਲਾਂ ਵਿੱਚ ਹਰ ਮਹੀਨੇ ਸੈਂਕੜੇ ਵਿਰੋਧੀਆਂ ਨੂੰ ਸ਼ਰੇਆਮ ਫਾਹੇ ਟੰਗਿਆ ਜਾਂਦਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਔਰਤਾਂ ਵਲੋਂ ਆਪਣੇ ਹੱਕਾਂ ਲਈ ਸੰਘਰਸ਼ ਕੀਤੇ ਜਾ ਰਹੇ ਹਨ। ਔਰਤਾਂ ਨੂੰ ਧੱਕੇ ਨਾਲ਼ ਬੁਰਕਾ ਪਹਿਨਣ ਲਈ ਮਜਬੂਰ ਕੀਤਾ ਜਾਂਦਾ ਹੈ ਮੌਰਲ ਪੁਲਿਸ ਚੁਰਾਹਿਆਂ ਵਿੱਚ ਖੜ ਕੇ 'ਸ਼ਰੀਅਤ ਲਾਅ' ਦੇ ਵਿਰੁੱਧ ਕੋਈ ਕੰਮ ਕਰਨ ਤੇ ਔਰਤਾਂ ਸਮੇਤ ਸਭ ਦੇ ਕੋਰੜੇ ਮਾਰਦੀ ਹੈ ਔਰਤਾਂ ਦੇ ਮੌਜੂਦਾ ਸੰਘਰਸ਼ ਵਿੱਚ ਸੈਂਕੜੇ ਲੋਕ ਮਰ ਚੁੱਕੇ ਹਨ ਤੇ ਹਜਾਰਾਂ ਜ਼ੇਲ੍ਹਾਂ ਵਿੱਚ ਬੰਦ ਹਨ। ਜੇ ਸਾਡੇ ਵਿਦਵਾਨਾਂ ਨੂੰ 'ਧਰਮ ਅਧਾਰਿਤ ਸਟੇਟ' ਦੇ ਤਜ਼ੁਰਬੇ ਬਾਰੇ ਜਾਣਕਾਰੀ ਨਹੀਂ ਤਾਂ ਉਨ੍ਹਾਂ ਨੂੰ ਮੁਸਲਿਮ ਲੇਖਕਾਂ ਦੀਆਂ ਇਹ ਕਿਤਾਬਾਂ ਜਰੂਰ ਪੜ੍ਹਨੀਆਂ ਚਾਹੀਦੀਆਂ ਹਨ:

ਤੁਰਕੀ ਦੇ ਲੇਖਕ ਅਬਦੁੱਲਾ ਅਕਲੈਨ ਦੀ Liberating life: Women's Revolution & Prison Writings, ਇਰਾਨੀ ਲੇਖਿਕਾ ਸ਼ਾਰੀਨ ਇਬੀਦੀ ਦੀਆਂ One Woman's Journey to Reclaim Her Life and Country, Refugee Rights in Iran, The Golden Cage: Three brothers, Three choices, One destiny, Until We Are Free: My Fight for Human Rights in Iran, Iran's Great Awakening: How God is Using a Muslim Convert to Spark Revival, ਇਰਾਨੀ ਲੇਖਿਕਾ ਮਸੀਹ ਅਲੀਨੇਜਦ ਦੀਆਂ The Wind in My Hair: My Fight for Freedom in Modern Iran, I am Free, ਅਜ਼ਰ ਨਸੀਫੀ ਦੀਆਂ ਕਿਤਾਬਾਂ Things I've Been Silent About, Reading Lolita in Tehran: A Memoir in books, The Republic of Imagination etc.

ਇਰਾਨ ਜਾਂ ਕਿਸੇ ਹੋਰ ਦੇਸ਼ ਵਿੱਚ ਧਰਮ ਦੇ ਅਧਾਰ ਤੇ ਕਿਤਨਾ ਕੁ ਰੂਹਾਨੀ ਰਾਜ ਕਾਇਮ ਕੀਤਾ ਗਿਆ, ਉਸਦਾ ਅੰਦਾਜਾ ਉਪਰਲੀਆਂ ਕਿਤਾਬਾਂ ਪੜ੍ਹ ਕੇ ਸਹਿਜੇ ਲਗਾਇਆ ਜਾ ਸਕਦਾ ਹੈ।ਲੇਖਿਕਾ ਸ਼ਾਰੀਨ ਅਬੀਦੀ ਨੇ ਇਰਾਨ ਵਿੱਚ ਸ਼ਾਹ ਸਾਸ਼ਨ ਸਮੇਂ ਪਹਿਲੀ ਔਰਤ ਮਜਿਸਟਰੇਟ ਹੋਣ ਦੇ ਬਾਵਜੂਦ ਸਰਕਾਰ ਵਿਰੁੱਧ ਇਸਲਾਮਿਕ ਬਾਗੀਆਂ ਦੇ ਹੱਕ ਵਿੱਚ ਨਿਰਭੈ ਅਵਾਜ ਬੁਲੰਦ ਕੀਤੀ ਤੇ ਇਸਲਾਮਿਕ ਇਰਾਨੀ ਇਨਕਲਾਬ ਨੂੰ ਵੀ ਜੀ ਆਇਆਂ ਕਿਹਾ ਸੀ ਪਰ ਜਿਸ ਕਿਸਮ ਦਾ ਰਾਜ ਬਣਿਆ ਤੇ ਉਸਦਾ ਇਸ ਬਾਰੇ ਭਰਮ ਟੁੱਟਾ, ਉਸ ਦੀਆਂ ਕਿਤਾਬਾਂ ਪੜ੍ਹ ਕੇ ਪਤਾ ਲਗਦਾ ਹੈ।

ਤਾਲੀਬਾਨਾਂ ਦੇ ਅਫਗਾਨਿਸਤਾਨੀ ਰਾਜ ਬਾਰੇ ਤਾਂ ਚੁੱਪ ਹੀ ਭਲੀ ਹੈ। ਆਪਣੇ ਪਿਛਲੇ ਸ਼ਾਸਨ ਵਿੱਚ ਤਾਲੀਬਾਨਾਂ ਨੇ ਜੋ ਕੁਝ ਕੀਤਾ, ਉਸਦਾ ਕਹਿਣਾ ਹੀ ਕੀ ਹੈ?

ਚੁਰਾਸੀ ਦੀ ਸਿੱਖ ਖਾੜਕੂ ਮੂਵਮੈਂਟ ਦੇ ਤਜ਼ਰਬਿਆਂ ਅਨੁਸਾਰ 'ਖਾਲਸਾ ਰਾਜ' ਪੱਖੀ ਧਿਰਾਂ ਦੀ ਸੋਚ 'ਇਸਲਾਮਿਕ ਸਟੇਟ' ਬਣਾਉਣ ਵਾਲਿਆਂ ਤੋਂ ਕੋਈ ਬਹੁਤੀ ਵੱਖਰੀ ਨਹੀਂ ਸੀ ਤੇ ਨਾ ਹੀ ਕਿਤੇ ਅੱਜ ਨਜ਼ਰ ਆਉਂਦੀ ਹੈ? ਉਸ ਵਕਤ ਸੰਤ ਭਿੰਡਰਾਂਵਾਲਿਆਂ ਬਾਰੇ ਇਹ ਵੀ ਚਰਚਾਵਾਂ ਸਨ ਕਿ ਉਨ੍ਹਾਂ ਅਫਗਾਨਿਸਤਾਨ ਦੇ ਮੁਜਾਹਦੀਨਾਂ ਅਤੇ ਇਰਾਨ ਦੇ ਖੁਮੈਨੀ ਤੋਂ ਪ੍ਰਭਾਵਤ ਹੋ ਕੇ ਹੀ ਸਿੱਖਾਂ ਲਈ ਵੱਖਰੇ ਰਾਜ ਦਾ ਸੁਪਨਾ ਦੇਖਣਾ ਸ਼ੁਰੂ ਕੀਤਾ ਸੀ, ਭਾਵੇਂ ਕਿ ਸਿੱਧੇ ਤੌਰ ਉਨ੍ਹਾਂ ਆਪਣੇ ਜੀਵਨ ਕਾਲ ਵਿੱਚ ਭਾਰਤ ਤੋਂ ਵੱਖਰੇ ਦੇਸ਼ ਦੀ ਮੰਗ ਨਹੀਂ ਕੀਤੀ ਸੀ।ਅਜਿਹੇ ਤਜ਼ਰਬਿਆਂ ਤੋਂ ਬਾਅਦ ਕਾਮਰੇਡ ਕਿਤਨਾ ਕੁ ਸਾਰਥਿਕ ਸੰਵਾਦ ਰਚਾ ਸਕਦੇ ਸਨ? ਪਿਛਲੇ ਦਿਨੀਂ 'ਖਾਲਸਾ ਰਾਜ' ਦੇ ਨਵੇਂ ਉਭਰ ਰਹੇ ਜਥੇਦਾਰ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਅਫਗਾਨਿਸਤਾਨ ਦੇ ਨਵੇਂ ਤਾਲੀਬਾਨ ਰਾਜ ਦੀ ਵਾਰ-ਵਾਰ ਸਿਫਤ ਕਰਨਾ, ਸਿੱਖ ਵਿਦਵਾਨਾਂ ਦੇ 'ਹਲੇਮੀ ਰਾਜ' ਤੇ ਕਈ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ?

ਵੈਸੇ ਮੈਂ ਸ. ਗੁਰਬਚਨ ਸਿੰਘ ਵਾਂਗ ਨਾ ਕਦੇ ਮਾਰਕਸਵਾਦ ਨੂੰ ਡੂੰਘਾਈ ਵਿੱਚ ਪੜ੍ਹਿਆ ਹੈ ਤੇ ਨਾ ਕਦੇ ਕਿਸੇ ਕਾਮਰੇਡ ਜਥੇਬੰਦੀ ਨਾਲ਼ ਸਬੰਧਤ ਰਿਹਾ ਹਾਂ। ਪਰ ਸਰਦਾਰ ਸਾਹਿਬ ਨੂੰ ਤਾਂ ਗੁਰਬਾਣੀ ਦੇ ਵਿਸ਼ਵ ਵਿਆਪੀ ਫਲਸਫੇ ਦੇ ਨਾਲ਼-ਨਾਲ਼ ਮਾਰਕਸਵਾਦ ਦੀ ਵੀ ਗਹਿਰੀ ਸਮਝ ਹੈ ਤੇ ਉਨ੍ਹਾਂ ਨੇ ਪਹਿਲਾਂ ਆਪਣੇ ਸੀਨੀਅਰ ਸਾਥੀ ਅਜਮੇਰ ਨਾਲ਼ ਨਾਗੀਰੈਡੀ ਨਕਸਲੀ ਸੰਗਠਨ ਵਿੱਚ ਵੀ ਲੰਬਾ ਸਮਾਂ ਕੰਮ ਕੀਤਾ, ਫਿਰ ਨਾਗੀਰੈਡੀ ਤੋਂ ਅਲੱਗ ਹੋ ਕੇ ਅਜਮੇਰ ਸਿੰਘ ਦੀ ਅਗਵਈ ਹੇਠ 'ਦੇਸ ਪੰਜਾਬ' ਦੀ ਮੁਕਤੀ ਲਈ ਹਥਿਆਰਬੰਦ ਸੰਘਰਸ਼ ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ। ਆਪਣੀ ਕਿਤਾਬ 'ਸੰਤ ਭਿੰਡਰਾਂਵਾਲ਼ੇ ਤੇ ਖਾਲਿਸਤਾਨੀ ਲਹਿਰ' ਦੇ ਦੂਸਰੇ ਐਡੀਸ਼ਨ ਵਿੱਚ ਪ੍ਰੋ ਹਰਪਾਲ ਸਿੰਘ ਪੰਨੂੰ ਦੇ ਪੱਤਰ ਦੇ ਉਤਰ ਵਿੱਚ ਸਰਦਾਰ ਸਾਹਿਬ ਨੇ ਆਪਣੀ ਧਿਰ 'ਜਨਤਕ ਪੈਗਾਮ' ਦਾ ਆਪਣੇ ਆਪ ਨੂੰ 'ਰੂ ਹੇ ਰਵਾਂ' ਵੀ ਮੰਨਿਆ ਹੋਇਆ ਹੈ। ਇਨ੍ਹਾਂ ਨੇ ਇਸ ਦੌਰ ਵਿੱਚ ਕੇਸਰ ਸਿੰਘ ਛਾਜਲੀ ਦੀ ਅਗਵਾਈ ਹੇਠ ਸਿੱਖ ਖਾੜਕੂਆਂ ਦੀ ਜਥੇਬੰਦੀ 'ਖਾਲਿਸਤਾਨ ਲਿਬਰੇਸ਼ਨ ਫੋਰਸ' ਦੀ ਤਰਜ ਤੇ 'ਪੰਜਾਬ ਲਿਬਰੇਸ਼ਨ ਫੋਰਸ' ਨਾਮ ਦੀ ਹਥਿਆਰਬੰਦ ਜਥੇਬੰਦੀ ਵੀ ਬਣਾਈ ਸੀ, ਜਿਸਦੇ ਕਾਰਨਾਮਿਆਂ ਬਾਰੇ ਉਨ੍ਹਾਂ ਦੇ ਆਪਣੇ ਪੁਰਾਣੇ ਸਾਥੀ ਸ. ਮਲਵਿੰਦਰ ਸਿੰਘ ਮਾਲੀ ਨੇ ਪਿਛਲੇ ਸਮੇਂ ਵਿੱਚ ਬਥੇਰਾ ਵਿਸਥਾਰ ਵਿੱਚ ਦੱਸਿਆ ਹੋਇਆ ਹੈ।ਮਾਲੀ ਸਾਹਿਬ ਤਾਂ ਇੱਥੋਂ ਤੱਕ ਵੀ ਕਹਿੰਦੇ ਹਨ ਕਿ ਕੇਸਰ ਸਿੰਘ ਛਾਜਲੀ ਤੇ ਸਾਥੀਆਂ ਦੇ ਕਾਰਨਾਮਿਆਂ ਤੇ ਸ਼ਹਾਦਤਾਂ ਸਦਕਾ ਹੀ ਅੱਜ-ਕੱਲ੍ਹ ਸ. ਅਜਮੇਰ ਸਿੰਘ ਨਵੇਂ ਚੰਡੀਗੜ੍ਹ ਨੇੜੇ ਖੂਬਸੂਰਤ ਫਾਰਮ ਬਣਾਈ ਬੈਠਾ ਹੈ। ਇਸੇ ਥਾਂ ਤੇ ਬੈਠ ਕੇ ਹੀ ਅਜਮੇਰ ਸਿੰਘ ਜੀ ਨੇ ਦੀਪ ਸਿੱਧੂ ਦੀ ਲਾਲ ਕਿਲ੍ਹੇ ਝੰਡਾ ਝੁਲਾਉਣ ਮੌਕੇ ਅਗਵਾਈ ਕੀਤੀ ਸੀ ਤੇ ਅੱਜਕਲ ਕੁੱਕੀ ਗਿੱਲ ਦੇ ਪ੍ਰਵਚਨਾਂ ਦਾ ਤਿੱਖਾ ਆਲੋਚਨਾਮਕ ਚੀਰ ਫਾੜ ਕਰਦਿਆਂ ਭਾਈ ਅਮ੍ਰਿਤਪਾਲ ਸਿੰਘ ਦੀ ਪਿੱਠ ਪੂਰ ਰਹੇ ਹਨ। ਇਹੋ ਕੰਮ ਹੀ ਜਲੰਧਰ ਵਿੱਚ ਬੈਠ ਕੇ ਸ. ਗੁਰਬਚਨ ਸਿੰਘ ਪੂਰੀ ਦ੍ਰਿੜਤਾ ਨਾਲ ਕਰਦੇ ਨਜ਼ਰ ਆ ਰਹੇ ਹਨ ਹਨ।

ਆਪਣੀ ਕਿਤਾਬ 'ਸੰਤ ਭਿੰਡਰਾਂਵਾਲ਼ੇ ਤੇ ਖਾਲਿਸਤਾਨੀ ਲਹਿਰ' ਦੇ ਅੰਤਿਕਾ ਵਿੱਚ 'ਮਸਲਾ ਨਵੇਂ ਮਨੁੱਖੀ ਸਮਾਜ ਦੇ ਸੰਕਲਪ ਨੂੰ ਸਪੱਸ਼ਟ ਕਰਨ ਦਾ ਹੈ (ਪ੍ਰੋ ਪੰਨੂੰ ਦੀ 'ਇੱਕ ਟਿੱਪਣੀ' ਦੇ ਜੁਆਬ ਵਿੱਚ) ਆਪਣੇ ਆਪ ਨੂੰ ਇੱਕ ਗਰੀਬ ਅਕਾਲੀ ਪਰਿਵਾਰ ਨਾਲ਼ ਸਬੰਧਤ ਦੱਸਦਿਆਂ ਸ. ਗੁਰਬਚਨ ਸਿੰਘ ਜੀ ਨੇ, ਇੱਕ ਪਾਸੇ ਅੰਤਾਂ ਦੀ ਗਰੀਬੀ ਤੇ ਦੂਜੇ ਪਾਸੇ ਅੰਤਾਂ ਦੀ ਅਮੀਰੀ ਵਾਲ਼ੇ ਗਲ਼ੇ ਸੜ੍ਹੇ, ਮਨੁੱਖੀ ਰਿਸ਼ਤਿਆਂ ਪੱਖੋਂ ਅਸਲੋਂ ਕੰਗਾਲ ਸਮਾਜ ਨੂੰ ਬਦਲਣ ਦੀ ਇੱਛਾ ਨਾਲ਼ ਇਨਕਲਾਬੀ ਕਮਿਊਨਿਸਟ ਲਹਿਰ ਵਿੱਚ ਸ਼ਾਮਿਲ ਹੋਣ ਦੀ ਗੱਲ ਕੀਤੀ ਹੈ, ਨਾਲ਼ ਹੀ 21 ਸਾਲ 'ਜਨਤਕ ਪੈਗਾਮ' ਅਤੇ 'ਦੇਸ ਪੰਜਾਬ' ਰਸਾਲੇ ਸੰਪਾਦਤ ਕਰਨ ਦਾ ਦੀ ਜਾਣਕਾਰੀ ਦਿੱਤੀ ਹੈ। ਉਥੇ ਗੁਰਬਚਨ ਸਿੰਘ 'ਜਨਤਕ ਪੈਗਾਮ' ਦਾ ਸੰਪਾਦਕ ਬਣਨ ਤੋਂ ਪਹਿਲਾਂ ਜਿਸ ਨਾਗੀਰੈਡੀ ਧਿਰ ਨੂੰ ਛੱਡ ਕੇ ਦੇਸ ਪੰਜਾਬ ਦੀ ਮੁਕਤੀ ਦੇ ਹਥਿਆਰਬੰਦ ਸੰਘਰਸ਼ ਵਿੱਚ ਆਏ ਸਨ, ਉਸੇ ਧਿਰ ਦੇ ਇਸਦੇ ਪੁਰਾਣੇ ਸਾਥੀਆਂ ਵਲੋਂ ਵਰ੍ਹਿਆਂ ਬੱਧੀ ਮਾਲਵੇ ਦੀ ਗਰੀਬ ਕਿਸਾਨੀ ਨੂੰ ਲਾਮਬੰਦ ਕੀਤਾ, ਸਾਲ ਭਰ ਚੱਲੇ ਕਿਸਾਨ ਅੰਦੋਲਨ ਵਿੱਚ ਲੱਖਾਂ ਲੋਕਾਂ ਦੀ ਅਗਵਾਈ ਵਿੱਚ ਮੂਹਰੀ ਰੋਲ ਨਿਭਾਇਆ, ਜੋ ਕਿਸੇ ਵਿਆਖਿਆ ਦਾ ਮੁਹਤਾਜ ਨਹੀਂ ਹੈ ਤੇ ਆਖਿਰ ਜਿੱਤ ਹਾਸਲਿ ਕੀਤੀ।ਅਜਮੇਰ ਸਿੰਘ ਤੇ ਗੁਰਬਚਨ ਸਿੰਘ ਨੇ ਪਹਿਲੇ ਦਿਨੋਂ ਹੀ ਇਸ ਸੰਘਰਸ਼ ਵਿੱਚ ਇਨ੍ਹਾਂ ਧਿਰਾਂ ਦੇ ਰੋਲ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਬਾਰੇ ਤਨਜ ਕੱਸਦੇ ਰਹੇ ਕਿ ਇਹ ਛੋਟੇ-ਮੋਟੇ ਧਰਨੇ ਮੁਜ਼ਾਹਰੇ ਕਰਨ ਯੋਗੇ ਹਨ, ਇਤਨੇ ਵਿਸ਼ਾਲ ਸੰਘਰਸ਼ ਦੀ ਅਗਵਾਈ ਕਰਨ ਦੇ ਸਮਰੱਥ ਨਹੀਂ? ਸਵਾਲ ਹੈ ਕਿ ਇਸਦੇ ਉਲਟ ਤੁਹਾਡੇ 'ਜਨਤਕ ਪੈਗਾਮ ਗਰੁੱਪ' ਨੇ ਕੀ ਕੀਤਾ? ਫਰਵਰੀ 1992 ਦੀਆਂ ਚੋਣਾਂ ਵਿੱਚ ਤੁਸੀਂ ਬਾਈਕਾਟ ਦਾ ਸੱਦਾ ਦਿੱਤਾ। ਲੋਕਾਂ ਤੁਹਾਡੀ ਸਲਾਹ ਮੰਨਦਿਆਂ ਜਾਂ ਖਾੜਕੂਆਂ ਦੇ ਡਰ ਅਧੀਨ ਵੋਟ ਸੰਦੂਕੜੀਆਂ ਤਾਂ ਵਾਪਿਸ ਭੇਜ ਦਿੱਤੀਆਂ? ਪਰ ਉਸ ਤੋਂ ਬਾਅਦ ਪੰਜਾਬ ਦੇ ਲੋਕਾਂ ਤੇ ਜੋ ਕਹਿਰ ਝੁੱਲਿਆ, ਕੀ ਉਸਦੀ ਤੁਸੀਂ ਕਦੇ ਜਿੰਮੇਵਾਰੀ ਲਈ ਹੈ? ਕੀ ਉਸਦਾ ਕਦੇ ਕੋਈ ਵਿਸ਼ਲੇਸ਼ਣ ਕੀਤਾ ਹੈ? ਤੁਸੀਂ ਆਪਣੀ ਮਾਂ ਪਾਰਟੀ ਨਾਗਾਰੈਡੀ ਗਰੁੱਪ ਤੋਂ ਵੱਖ ਹੋ ਕੇ 'ਜਨਤਕ ਪੈਗ਼ਾਮ' ਨਾਮ ਦੇ ਮੈਗਜ਼ੀਨ ਰਾਹੀਂ 84 ਤੋਂ ਬਾਅਦ ਦੇ ਖਾੜਕੂਵਾਦ ਦੇ ਦੌਰ ਦੌਰਾਨ 'ਸਿੱਖਸਤਾਨ' ਦੀ ਥਾਂ 'ਪੰਜਾਬੀ ਕੌਮ' ਦਾ ਪੈਂਤੜਾ ਲਿਆ ਸੀ।ਚਲੋ, ਸੀ. ਪੀ. ਆਈ., ਸੀ. ਪੀ. ਐਮ., ਜਾਂ ਹੋਰ ਕਾਮਰੇਡਾਂ ਨੂੰ ਛੱਡੋ ਕਿ ਉਨ੍ਹਾਂ ਸੰਵਾਦ ਕਿਉਂ ਨਹੀਂ ਰਚਾਇਆ? ਕੀ ਤੁਸੀਂ ਆਪਣੇ 'ਜਨਤਕ ਪੈਗਾਮ' ਦੇ 'ਪੰਜਾਬੀ ਕੌਮ' ਦੇ ਪੈਂਤੜੇ ਵਾਲ਼ੇ ਕਈ ਸਾਲਾਂ ਦੇ ਆਪਣੇ ਯਤਨਾਂ ਤੋਂ ਬਾਅਦ ਦੱਸ ਸਕਦੇ ਹੋ ਕਿ ਖਾੜਕੂ ਧਿਰਾਂ ਵਿਚੋਂ ਕਿਸੇ ਇੱਕ ਨਾਲ਼ ਵੀ ਸੰਵਾਦ ਰਚਾਉਣ ਵਿੱਚ ਕਾਮਯਾਬ ਹੋਏ ਸੀ? ਇਸ ਸਬੰਧੀ ਅਜਮੇਰ ਸਿੰਘ ਤਾਂ ਆਪਣੀਆਂ ਵੀਡੀਉ ਵਿੱਚ ਕਈ ਵਾਰ ਮੰਨ ਚੁੱਕੇ ਹਨ ਕਿ ਉਨ੍ਹਾਂ ਨਾਲ਼ ਸੰਵਾਦ ਸੰਭਵ ਹੀ ਨਹੀਂ ਸੀ?

ਦੂਸਰਾ ਸਵਾਲ ਹੈ ਕਿ ਤੁਹਾਡੇ ਗਰੁੱਪ ਵਲੋਂ ਕਾਮਰੇਡ ਧਿਰਾਂ ਤੋਂ ਬਾਗੀ ਹੋ ਕੇ ਪੰਜਾਬੀ ਕੌਮ ਵਾਲ਼ੇ ਪੈਂਤੜੇ ਦਾ ਹੁਣ ਕੀ ਬਣਿਆ? ਕੀ ਸ. ਗੁਰਬਚਨ ਸਿੰਘ ਤੇ ਸ. ਅਜਮੇਰ ਸਿੰਘ ਆਪਣੀ ਪੰਜਾਬੀ ਕੌਮ ਵਾਲ਼ੀ ਲਹਿਰ ਦਾ ਵਿਸ਼ਲੇਸ਼ਣ ਕਰਕੇ ਦੱਸਣਗੇ ਕਿ ਉਹ ਕਿਉਂ ਫੇਲ੍ਹ ਹੋਇਆ ਤੇ ਉਨ੍ਹਾਂ ਨੇ, ਉਨ੍ਹਾਂ ਹੀ ਲੋਕਾਂ ਨਾਲ਼ ਸਾਂਝ ਕਿਵੇਂ ਪਾ ਲਈ ਜਾਂ ਬਾਕੀਆਂ ਨੂੰ ਪਾਉਣ ਲਈ ਕਹਿ ਰਹੇ ਹਨ, ਜਿਨ੍ਹਾਂ ਨੂੰ ਉਹ 'ਖਾਲਿਸਤਾਨ ਦੇ ਖਾੜਕੂ' ਸੰਘਰਸ਼ ਦੌਰਾਨ ਗਲਤ ਮੰਨਦੇ ਸਨ? ਹੁਣ ਖਾਲਿਸਤਾਨੀ ਧਿਰਾਂ ਨੇ ਆਪਣੇ ਵਿੱਚ ਕੀ ਸੁਧਾਰ ਕੀਤਾ ਹੈ? ਕੀ ਉਨ੍ਹਾਂ ਦੀ ਸੋਚ ਵਿੱਚ ਕੋਈ ਫਰਕ ਆਇਆ ਹੈ? ਕੀ ਉਨ੍ਹਾਂ ਚੁਰਾਸੀ ਦੇ ਦੌਰ ਦੀ ਲਹਿਰ ਵਿੱਚ ਹੋਏ ਬੇਤਹਾਸ਼ਾ ਨੁਕਸਾਨ ਦਾ ਰਿਵਿਊ ਕਰਕੇ ਕੋਈ ਨਵਾਂ ਪ੍ਰੋਗਰਾਮ ਪੇਸ਼ ਕੀਤਾ ਹੈ? ਜਿਸ ਅਧਾਰ ਤੇ ਸ. ਗੁਰਬਚਨ ਸਿੰਘ ਜੀ ਕਾਮਰੇਡ ਧਿਰਾਂ ਨੂੰ ਅੰਮ੍ਰਿਤਪਾਲ ਸਿੰਘ ਹੋਰਾਂ ਨਾਲ਼ ਸੰਵਾਦ ਰਚਾਉਣ ਦੀ ਸਲਾਹ ਦੇ ਰਹੇ ਹਨ? ਤੁਹਾਡੇ ਮੈਗਜੀਨ 'ਜਨਤਕ ਪੈਗਾਮ' ਦੇ ਫਰਵਰੀ, 1992 ਦੇ ਅੰਕ ਵਿੱਚ ਸੰਪਾਦਕੀ ਸੀ ਕਿ 'ਦਿੱਲੀ ਦੀਆਂ ਵੋਟ ਸੰਦੂਕੜੀਆਂ ਖਾਲੀ ਵਾਪਿਸ ਭੇਜੋ?' ਕੀ ਤੁਸੀਂ ਤੇ ਤੁਹਾਡੇ ਸਾਥੀਆਂ ਨੇ ਚੋਣਾਂ ਦੇ ਬਾਈਕਾਟ ਦੇ ਪੁੱਠੇ ਪਏ ਫੈਸਲੇ ਦਾ ਕਦੇ ਰਿਵਿਊ ਕੀਤਾ? ਗੁਰਬਚਨ ਸਿੰਘ ਜੀ ਚਲੋ ਇਹੀ ਦੱਸ ਦਿਉ ਕਿ ਤੁਹਾਡੇ 'ਪੰਜਾਬੀ ਕੌਮ' ਵਾਲ਼ੇ ਪੈਂਤੜੇ ਵਿੱਚ ਕੀ ਕਮੀ ਸੀ ਕਿ ਤੁਹਾਨੂੰ ਹੁਣ ਖਾਲਿਸਤਾਨੀ ਪੈਂਤੜਾ ਵਧੀਆ ਲੱਗਣ ਲੱਗਾ ਹੈ, ਜਿਸ ਲਈ ਤੁਸੀਂ ਸੰਵਾਦ ਰਚਾਉਣਾ ਚਾਹੁੰਦੇ ਹੋ? 'ਖਾਲਸਾ ਰਾਜ' ਵਾਲ਼ੇ ਤਾਂ ਦੱਸਦੇ ਨਹੀਂ, ਤੁਸੀਂ ਤੇ ਅਜਮੇਰ ਸਿੰਘ ਹੀ ਲੋਕਾਂ ਨੂੰ ਸਪੱਸ਼ਟ ਕਰ ਦਿਉ ਕਿ ਤੁਹਾਡਾ 'ਹਲੇਮੀ ਰਾਜ' ਕਿਹੋ ਜਿਹਾ ਹੋਵੇਗਾ? ਉਸਦੀਆਂ ਆਰਥਿਕ ਨੀਤੀਆਂ ਕੀ ਹੋਣਗੀਆਂ? ਉਸਦਾ ਖੇਤਰਫਲ ਕੀ ਹੋਵੇਗਾ? ਉਥੇ ਲੋਕਤੰਤਰ ਹੋਵੇਗਾ ਜਾਂ ਅਕਾਲ ਤਖਤ ਦਾ ਜਥੇਦਾਰ, ਖੁਮੈਨੀ ਵਾਂਗ ਰਾਜ ਚਲਾਵੇਗਾ? ਉਸ 'ਹਲੇਮੀ ਰਾਜ' ਵਿੱਚ ਪੰਜਾਬ ਵਿੱਚ ਸਿੱਖਾਂ ਤੋਂ ਇਲਾਵਾ ਵਸਦੇ ਹੋਰ ਭਾਈਚਾਰਿਆਂ ਦਾ ਕੀ ਸਟੇਟਸ ਹੋਵੇਗਾ? ਜਾਂ ਉਨ੍ਹਾਂ ਨੂੰ 1947 ਵਾਂਗ ਇੱਕ ਵਾਰ ਫਿਰ ਉਜੜਨਾ ਪਵੇਗਾ? ਕੀ ਭਾਰਤ ਵਿੱਚ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਨੂੰ ਪੰਜਾਬ ਵਿੱਚ ਵਸਾਉਣ ਦਾ ਤੁਹਾਡੇ ਕੋਲ਼ ਕੋਈ ਪਲੈਨ ਹੈ?

ਸ. ਗੁਰਬਚਨ ਸਿੰਘ ਜੀ ਨੂੰ ਵਹਿਮ ਹੈ ਕਿ ਮੁੱਲਾਂ-ਮੁਲਾਣਿਆਂ ਤੇ ਸ਼ਰੀਅਤ ਅਧਾਰਿਤ ਇਸਲਾਮਕਿ ਸਟੇਟਾਂ ਵਿੱਚ ਜਿਸ ਤਰ੍ਹਾਂ ਲੋਕਾਂ ਦਾ ਜੀਣਾ ਦੁੱਭਰ ਹੋਇਆ ਹੈ ਔਰਤਾਂ ਦੇ ਸਾਰੇ ਹੱਕ ਖੋ ਲਏ ਜਾਂਦੇ ਹਨ ਅਜਿਹਾ ਸਿੱਖਾਂ ਵਲੋਂ ਸਿਰਜੇ ਜਾ ਰਹੇ 'ਹਲੇਮੀ ਰਾਜ', 'ਖਾਲਸਾ ਰਾਜ', 'ਬੇਗਮਪੁਰ', 'ਖਾਲਿਸਤਾਨ' ਵਿੱਚ ਸੰਭਵ ਨਹੀਂ ਕਿਉਂਕਿ ਗੁਰਮਤਿ ਦੀ ਵਿਚਾਰਧਾਰਾ ਸਰਬ ਉਤਮ ਤੇ ਸਮੁੱਚੇ ਸੰਸਾਰ ਨੂੰ ਆਪਣੇ ਕਲਾਵੇ ਵਿੱਚ ਲੈਣ ਵਾਲ਼ੀ ਹੈ।ਚਲੋ, ਚੁਰਾਸੀ ਦੇ ਦੌਰ ਦੇ ਬੇ-ਮੁਹਾਰੇ ਕਤਲਾਂ ਦੀ ਗੱਲ ਛੱਡ ਵੀ ਦੇਈਏ ਤਾਂ ਕੀ ਤੁਹਾਨੂੰ ਯਾਦ ਨਹੀਂ ਕਿ ਤੁਹਾਡੇ ਹਲੇਮੀ ਰਾਜ ਦੀ ਲੜਾਈ ਲੜਨ ਵਾਲਿਆਂ ਵਲੋਂ ਵਾਲ਼ ਕੱਟਣ ਵਾਲ਼ੇ ਨਾਈਆਂ ਦੀਆਂ ਦੁਕਾਨਾਂ ਬੰਦ ਕਰਾਉਣ, ਜੀਨਾਂ, ਸਕਰਟਾਂ ਪਾਉਣ ਤੇ ਪਾਬੰਦੀ, ਸਕੂਲਾਂ ਕਾਲਿਜਾਂ ਵਿੱਚ ਕੁੜੀਆਂ ਲਈ ਸਲਵਾਰ, ਕਮੀਜ ਤੇ ਦੁਪੱਟਾ ਲਾਜਮੀ ਤੇ ਲੜਕਿਆਂ ਲਈ ਕੇਸਰੀ ਪੱਗ, ਮੀਟ-ਸ਼ਰਾਬ, ਤਮਾਕੂ ਦੀਆਂ ਦੁਕਾਨਾਂ ਬੰਦ ਕਰਨ ਦੇ ਹੁਕਮ ਚਾੜ੍ਹ ਦਿੱਤੇ ਗਏ ਸਨ। ਇੱਥੋਂ ਤੱਕ ਕਿ ਰਾਤ ਨੂੰ ਕੁੱਤਿਆਂ ਦੇ ਭੌਂਕਣ ਤੇ ਗੋਲ਼ੀ ਮਾਰਨ ਦੇ ਹੁਕਮ ਕਰ ਦਿੱਤੇ ਗਏ ਸਨ। ਕੀ ਅਜਿਹੇ ਫੁਰਮਾਨ ਇਰਾਨ ਜਾਂ ਅਫਗਾਨਿਸਤਾਨ ਦੇ ਤਾਲੀਬਾਨਾਂ ਦੇ ਹੁਕਮਾਂ ਤੋਂ ਕਿਸੇ ਪੱਖ ਤੋਂ ਘੱਟ ਸਨ? ਪਿਛਲੇ ਦਿਨੀਂ ਅਜਿਹੇ ਹੁਕਮਾਂ ਅਨੁਸਾਰ ਹੀ ਤੁਹਾਡੇ ਜਲੰਧਰ ਸ਼ਹਿਰ ਦੇ ਇੱਕ ਗੁਰਦੁਆਰੇ ਵਿਚੋਂ ਅਪਾਹਜਾਂ ਤੇ ਬਜ਼ੁਰਗਾਂ ਦੇ ਬੈਠਣ ਲਈ ਫਰਨੀਚਰ ਭੰਨ-ਤੋੜ ਕੇ ਅਗਨ ਭੇਟ ਕਰ ਦਿੱਤਾ ਗਿਆ ਸੀ? ਖਾਲਸਾ ਵਹੀਰ ਦੇ ਨਿਹੰਗਾਂ ਵਲੋਂ ਇੱਥੇ ਹੀ ਗਰੀਬ ਮਜਦੂਰਾਂ ਦੇ ਖੋਖਿਆਂ ਨੂੰ ਅੱਗ ਲਗਾ ਦਿੱਤੀ ਗਈ ਸੀ। ਕੀ ਤੁਸੀਂ ਇਸ ਬਾਰੇ ਆਵਾਜ ਉਠਾਈ? ਕੀ ਤੁਸੀਂ ਭਾਈ ਅੰਮ੍ਰਿਤਪਾਲ ਸਿੰਘ ਦੀ ਖਾਲਸਾ ਵਹੀਰ ਨਾਲ਼ ਸੰਵਾਦ ਰਚਾ ਕੇ ਉਨ੍ਹਾਂ ਵਲੋਂ ਕੀਤੀ ਜਾ ਰਹੀ ਭੰਨ-ਤੋੜ ਤੇ ਸਾੜ-ਫੂਕ ਰੋਕਣ ਲਈ ਕੋਸ਼ਿਸ਼ ਕਰੋਗੇ?

ਪਿਛਲੇ ਲੰਬੇ ਸਮੇਂ ਤੋਂ ਸਾਬਕਾ ਮਾਰਕਸੀ ਆਗੂਆਂ ਤੇ ਸਿੱਖ ਵਿਦਵਾਨਾਂ ਸ. ਅਜਮੇਰ ਸਿੰਘ ਅਤੇ ਸ. ਗੁਰਬਚਨ ਸਿੰਘ ਹੋਰਾਂ ਵਲੋਂ ਗੁਰਤੇਜ ਸਿੰਘ ਹੋਰਾਂ ਤੋਂ ਦੋ ਕਦਮ ਅੱਗੇ ਜਾਂਦਿਆਂ, ਸੰਤਾਂ ਨੂੰ ਵੀਹਵੀਂ ਸਦੀ ਦਾ ਨਹੀਂ, ਸਗੋਂ ਸ਼ਹੀਦ ਬੰਦਾ ਸਿੰਘ ਬਹਾਦਰ ਤੋਂ ਬਾਅਦ ਪਿਛਲੀਆਂ 3 ਸਦੀਆਂ ਦਾ ਮਹਾਨ ਸਿੱਖ ਬਣਾਉਣ ਲਈ ਪੂਰਾ ਤਾਣ ਲਾਇਆ ਹੋਇਆ ਹੈ? ਧਰਮ ਯੁੱਧ ਮੋਰਚੇ ਦੀਆਂ ਉਪਰਲੀਆਂ ਵਰਣਣ ਘਟਨਾਵਾਂ ਅਤੇ ਪਿਛਲੇ ਸਾਲਾਂ ਵਿੱਚ ਵੱਖ-ਵੱਖ ਕਿਤਾਬਾਂ ਰਾਹੀਂ ਆਏ ਨਵੇਂ ਠੋਸ ਪ੍ਰਮਾਣਕ ਤੱਥਾਂ ਦੇ ਸੰਦਰਭ ਵਿੱਚ ਕੀ ਗੁਰਬਚਨ ਸਿੰਘ ਨੂੰ ਆਪਣੀ ਕਿਤਾਬ 'ਸੰਤ ਭਿੰਡਰਾਂਵਾਲ਼ੇ ਤੇ ਖ਼ਾਲਿਸਤਾਨੀ ਲਹਿਰ' ਅਤੇ ਅਜਮੇਰ ਸਿੰਘ ਹੋਰਾਂ ਨੂੰ ਆਪਣੀਆਂ ਸਾਰੀਆਂ ਕਿਤਾਬਾਂ ਦਾ ਦੁਬਾਰਾ ਮੁਲਾਂਕਣ ਨ੍ਹੀਂ ਕਰਨਾ ਚਾਹੀਦਾ?

ਹੁਣ ਸਰਦਾਰ ਸਾਹਿਬ ਦੇ ਕਾਮਰੇਡਾਂ ਪ੍ਰਤੀ ਉਠਾਏ ਇਤਰਾਜ ਵੱਲ ਆਉਂਦੇ ਹਾਂ ਕਿ ਉਨ੍ਹਾਂ ਨੂੰ ਖਾੜਕੂ ਧਿਰਾਂ ਨਾਲ਼ ਸੰਵਾਦ ਰਚਾਉਣਾ ਚਾਹੀਦਾ ਸੀ। ਉਸ ਵਕਤ ਵੱਡੀ ਧਿਰ ਅਕਾਲੀ ਦਲ ਆਪਣੇ ਸ਼ਾਂਤਮਈ ਮੋਰਚੇ ਵਿੱਚ ਹਿੰਸਾ ਵਾੜਨ ਵਾਲ਼ੇ ਧੜਿਆਂ ਨੂੰ ਨਾ ਨਿਖੇੜ ਸਕੇ ਤੇ ਨਾ ਹੀ ਰੋਜ਼ਾਨਾ ਹੋ ਰਹੇ ਸਿਆਸੀ ਤੇ ਬੇਗੁਨਾਹਾਂ ਦੇ ਕਤਲਾਂ ਤੇ ਕੋਈ ਸਪੱਸ਼ਟ ਸਟੈਂਡ ਲੈ ਸਕੇ। ਜਦੋਂ ਉਹ ਫਸ ਜਾਂਦੇ ਸਨ ਤਾਂ ਭਾਂਡਾ ਏਜੰਸੀਆਂ ਸਿਰ ਭੰਨ ਦਿੰਦੇ ਸਨ। ਉਸ ਵਕਤ ਚਾਹੀਦਾ ਤਾਂ ਸਿੱਖ ਵਿਸਵਾਨਾਂ ਨੂੰ ਸੀ ਕਿ ਉਹ ਸਿੱਖੀ ਸਿਧਾਂਤਾਂ ਦੇ ਉਲਟ ਬੇਗੁਨਾਹਾਂ ਦੇ ਕਤਲਾਂ ਖਿਲਾਫ ਸਟੈਂਡ ਲੈਂਦੇ, ਸਗੋਂ ਉਹ ਉਨ੍ਹਾਂ ਧਿਰਾਂ ਦੇ ਡਰ ਕਾਰਨ, ਚੁੱਪ ਹੋ ਗਏ ਜਾਂ ਨਾਲ਼ ਖੜ ਗਏ। ਜੇ ਕਾਮਰੇਡਾਂ ਦੀਆਂ ਕੁਝ ਰਵਾਇਤੀ ਧਿਰਾਂ ਨੇ ਅਜਿਹੀ ਬੇਮੁਹਾਰੀ ਹਿੰਸਾ ਦੀ ਵਿਰੋਧਤਾ ਕੀਤੀ ਤਾਂ ਉਨ੍ਹਾਂ ਦੇ ਲੀਡਰਾਂ ਦੇ ਕਤਲ ਸ਼ੁਰੂ ਕਰ ਦਿੱਤੇ ਗਏ। ਸਿੱਖ ਵਿਦਵਾਨਾਂ ਨੂੰ ਸਵਾਲ ਹੈ ਕਿ ਕੀ ਬੇਗੁਨਾਹਾਂ ਦੇ ਕਤਲਾਂ ਖਿਲਾਫ ਆਵਾਜ ਉਠਾਉਣਾ ਸਟੇਟ ਨਾਲ਼ ਖੜਨਾ ਹੈ? 1982-1994 ਤੱਕ ਦੇ ਖਾੜਕੂਵਾਦ ਦੇ ਦੌਰ ਵਿੱਚ ਵਿਚਾਰਧਾਰਕ ਤੇ ਸਿਆਸੀ ਵਿਰੋਧ ਵਿੱਚ ਸੈਂਕੜੇ ਕਾਮਰੇਡ, ਪੱਤਰਕਾਰ, ਲੇਖਕ, ਸਿਆਸੀ ਲੀਡਰ, ਨਿਰੰਕਾਰੀ, ਹਿੰਦੂ ਆਦਿ ਖਾੜਕੂਆਂ ਦੀ ਗੋਲੀਆਂ ਦਾ ਨਿਸ਼ਾਨਾ ਬਣੇ ਸਨ? ਜਿਨ੍ਹਾਂ ਦੇ ਕਤਲਾਂ ਤੇ ਵਿਚਾਰ ਕਰਨ ਦੀ ਥਾਂ ਸਾਡੇ ਅਜਿਹੇ ਵਿਦਵਾਨ ਇਹ ਕਹਿ ਕਿ ਪੱਲਾ ਝਾੜ ਲੈਂਦੇ ਹਨ ਕਿ ਉਹ ਲੋਕ ਸਟੇਟ ਨਾਲ਼ ਖੜੇ ਸਨ ਜਾਂ ਉਨ੍ਹਾਂ ਮੁਖਬਰੀਆਂ ਕੀਤੀਆਂ ਸਨ? ਇੱਥੇ ਅਸੀਂ ਇਨ੍ਹਾਂ ਵਿਦਵਾਨਾਂ ਤੋਂ ਪੁੱਛਣਾ ਚਾਹੁੰਦੇ ਹਾਂ ਕਿ ਦੱਸਣ ਅਰਜਨ ਸਿੰਘ ਮਸਤਾਨਾ, ਦਰਸ਼ਨ ਸਿੰਘ ਕਨੇਡੀਅਨ, ਦੀਪਕ ਧਵਨ, ਬਲਦੇਵ ਮਾਨ ਆਦਿ ਵਰਗੇ ਸੈਂਕੜੇ ਕਾਮਰੇਡਾਂ ਨੇ ਕੀ ਮੁੱਖਬਰੀ ਕੀਤੀ ਸੀ ਜਾਂ ਕਿਹੜੀ ਸਟੇਟ ਨਾਲ਼ ਖੜੇ ਸਨ? ਕੀ ਉਨ੍ਹਾਂ ਤੇ ਉਨ੍ਹਾਂ ਵਰਗੇ ਹੋਰ ਸੈਂਕੜੇ ਮਰਨ ਵਾਲਿਆਂ ਦਾ ਦੋਸ਼ ਸਿਰਫ ਇਤਨਾ ਹੀ ਨਹੀਂ ਸੀ ਕਿ ਉਹ ਖਾੜਕੂਆਂ ਵਲੋਂ ਬੇਦੋਸ਼ਿਆਂ ਦੇ ਕਤਲਾਂ ਦਾ ਵਿਰੋਧ ਕਰਦੇ ਸਨ?

ਅੱਜ ਦੇ ਮਾਡਰਨ ਵਰਲਡ ਵਿੱਚ ਹਰ ਇੱਕ ਵਿਅਕਤੀ ਜਾਂ ਵਿਚਾਰਧਾਰਾ ਦੇ ਲੋਕਾਂ ਨੂੰ ਆਪਣੀ ਗੱਲ ਆਪਣੇ ਢੰਗ ਨਾਲ਼ ਕਰਨ ਤੇ ਉਸ ਲਈ ਲੋਕਤੰਤਰੀ ਢੰਗ ਨਾਲ਼ ਸੰਘਰਸ਼ ਕਰਨ ਦਾ ਹੱਕ ਹੈ। ਗੁਰਬਚਨ ਸਿੰਘ ਜੀ ਇਹ ਕਿਉਂ ਜ਼ੋਰ ਲਗਾ ਰਹੇ ਹਨ ਕਿ ਹਰ ਇੱਕ ਵਿਅਕਤੀ ਪੰਜਾਬ ਵਿੱਚ ਸੰਤ ਭਿੰਡਰਾਂਵਾਲ਼ੇ ਜਾਂ ਹੁਣ ਅੰਮ੍ਰਿਤਪਾਲ ਸਿੰਘ ਦੇ ਪੈਂਤੜੇ ਤੋਂ ਹੀ ਗੱਲ ਕਰਨ ਜਾਂ ਉਨ੍ਹਾਂ ਦੀ ਹਾਂ ਵਿੱਚ ਹਾਂ ਮਿਲਾਉਣ? ਕੀ ਗੁਰਬਚਨ ਸਿੰਘ ਜੀ ਦੱਸ ਸਕਦੇ ਹਨ ਕਿ ਅਕਾਲੀ ਦਲ ਵਲੋਂ 'ਅਨੰਦਪੁਰ ਦੇ ਮਤੇ' ਦੀਆਂ ਮੰਗਾਂ ਦੀ ਪ੍ਰਾਪਤੀ ਲਈ ਲਗਾਏ 'ਪੂਰਨ ਸ਼ਾਂਤਮਈ ਧਰਮ ਯੁੱਧ ਮੋਰਚੇ' ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨ ਦੀ ਕਿਉਂ ਲੋੜ ਪਈ ਸੀ ਜਾਂ ਉਨ੍ਹਾਂ ਨੂੰ ਕਿਸਨੇ ਅਜਿਹਾ ਕਰਨ ਲਈ ਕਿਹਾ ਸੀ? ਕੀ ਅਕਾਲੀ ਦਲ ਜਾਂ ਅਕਾਲ ਤਖਤ ਤੋਂ ਕੋਈ ਹੁਕਮਨਾਮਾ ਜਾਰੀ ਹੋ ਗਿਆ ਸੀ ਕਿ ਹੁਣ ਸ਼ਾਂਤਮਈ ਸੰਘਰਸ਼ ਨਾਲ਼ ਕੁਝ ਪ੍ਰਾਪਤ ਨਹੀਂ ਹੋਣਾ ਤੇ ਤੁਸੀਂ ਹਥਿਆਰ ਚੁੱਕ ਲਉ? ਸਗੋਂ ਅਕਾਲ ਤਖਤ ਤੋਂ ਇਸ ਗੱਲ ਦਾ ਹੁਕਮਨਾਮਾ ਜਾਰੀ ਹੋਇਆ ਸੀ ਕਿ ਦਰਬਾਰ ਸਾਹਿਬ ਵਿੱਚ

(ਬਾਕੀ ਸਫ਼ਾ 11 'ਤੇ)

ਨਰਭਿੰਦਰ
93544-30711

# ਟੋਲ ਮੁਕਤ ਆਵਾਜਾਈ ਮਾਰਗ - ਲੋਕਾਂ ਬੁਨਿਆਦੀ ਹੱਕ




ਪਿਛਲੇਰੇ 20 ਕੁ ਸਾਲਾਂ ਤੋਂ ਦੇਸ਼ ਦੇ ਵਿਕਾਸ ਦੀ ਜੋ ਬੁ ਦੁਹਾਈ ਪਾਈ ਜਾ ਰਹੀ ਹੈ ਇਸ 'ਚ ਪ੍ਰਮੁੱਖ ਤੌਰ 'ਤੇ ਆਧੁਨਿਕ ਸੜਕਾਂ ਦੇਦੇਸ਼ ਵਿਆਪੀ ਜਾਲ ਵਿਛਾਉਣਾ ਪ੍ਰਚਾਰਿਆ ਜਾ ਰਿਹਾ ਹੈ। ਇਹ ਨਹੀਂ ਕਿ ਸੜਕਾਂ ਦਾ ਨਿਰਮਾਣ ਪਹਿਲਾਂ ਨਹੀਂ ਸੀ ਹੁੰਦਾ। ਲਾਰਡ ਡਲਹੌਜ਼ੀ ਨੇ ਜਦੋਂ ਕੇਂਦਰੀ ਲੋਕ ਨਿਰਮਾਣ ਵਿਭਾਗ ਸਥਾਪਤ ਕੀਤਾ ਸੀ ਤਾਂ ਉਸ ਤੋਂ ਪਹਿਲਾਂ ਵੀ ਮੁਗਲ ਕਾਲ 'ਚ ਸੜਕਾਂ ਦੀ ਆਵਾਜਾਈ ਦੇ ਰਸਤੇ ਚਿੰਨਤ ਕੀਤੇ ਗਏ ਸਨ। ਪੇਸ਼ਾਵਰ ਤੋਂ ਦਿੱਲੀ ਤੱਕ ਦੀ ਸੜਕ ਨੂੰ ਹੀ ਪਹਿਲੀ ਕੌਮੀ ਸ਼ਾਹ ਰਾਹ ਮਾਰਗ ਦਾ ਨਾਂ ਦਿੱਤਾ ਗਿਆ ਸੀ। ਪਰ ਅੰਗਰੇਜ਼ਾਂ ਨੇ ਰਾਜ ਦੇ ਕੰਟਰੋਲ ਲਈ ਅਤੇ ਸ਼ਹਿਰੀ ਨਿਰਮਾਣ ਨੂੰ ਯੂਰਪੀਨ ਮਾਡਲ ਦੇ ਰੂਪ ਵਿਚ ਬਣਨ ਲਈ 1954 'ਚ ਕੇਂਦਰੀ ਲੋਕ ਨਿਰਮਾਣ ਵਿਭਾਗ ਦਾ ਗਠਨ ਕੀਤਾ ਸੀ ਜਿਸ ਦੇ ਤਹਿਤ ਰਾਜਾਂ ਨੇ ਆਪਣੇ ਰਾਜ ਪੱਧਰੀ ਲੋਕ ਨਿਰਮਾਣ ਵਿਭਾਗਾਂ ਦਾ ਗਠਨ ਕੀਤਾ।

1947 ਤੋਂ ਪਿਛੋਂ ਸਰਕਾਰਾਂ ਦੀਆਂ ਮੁਢਲੀਆਂ ਜ਼ਿੰਮੇਵਾਰੀਆਂ ਵਿਚੋਂ ਇਕ ਇਹ ਵੀ ਸੀ ਕਿ ਲੋਕਾਂ ਦੇ ਆਵਾਜਾਈ ਦੇ ਰਸਤਿਆਂ ਨੂੰ ਵਿਕਸਿਤ ਕੀਤਾ ਜਾਵੇਗਾ ਅਤੇ ਇਹ ਲੋਕ ਭਲਾਈ ਦੇ ਕੰਮਾਂ ਵਿਚ ਗਿਣਿਆ ਜਾਂਦਾ ਸੀਅਤੇ 1970 ਤੱਕ ਆਮ ਪਿੰਡਾਂ ਵਿਚ ਲੋਕਾਂ ਦੀ ਮੰਗ ਵੀ ਇਹੋ ਹੁੰਦੀ ਸੀ ਕਿ ਉਨ੍ਹਾਂ ਦੀ ਸੜਕ ਪੱਕੀ ਕੀਤੀ ਜਾਵੇ। ਵੈਸੇ ਇਥੇ ਹੀ ਦੱਸ ਦੇਈਏ ਕਿ ਸੜਕਾਂ ਚਾਰ ਤਰ੍ਹਾਂ ਦੀਆਂ ਹੁੰਦੀਆਂ ਹਨ। 1. ਕੌਮੀ ਸ਼ਾਹ ਰਾਜ ਮਾਰਗ, 2. ਸਟੇਟ ਸ਼ਾਹ ਰਾਜ ਮਾਰਗ, 3. ਜ਼ਿਲ੍ਹਾ ਪੱਧਰੀ ਸੜਕਾਂ ਅਤੇ 4. ਪੇਂਡੂ ਸੜਕਾਂ। ਕੌਮੀ ਸ਼ਾਹ ਰਾਜ ਮਾਰਗ ਦੇ ਨਿਰਮਾਣ ਦਾ ਕੰਮ ਕੇਂਦਰ ਦੇ ਅਧੀਨ ਰਿਹਾ ਹੈ। ਬੇਸ਼ੱਕ ਉਹਦੇ ਨਿਰਮਾਣ ਦੀ ਭੂਮਿਕਾ ਰਾਜ ਹੀ ਕਿਓਂ ਨਾ ਨਿਭਾਉਂਦਾ ਹੋਵੇ। ਬਾਕੀ ਤਿੰਨੇ ਰਾਜ ਦੇ ਅਧੀਨ ਹੀ ਆਉਂਦੇ ਸਨ। ਸੜਕਾਂ ਦੇ ਨਿਰਮਾਣ ਲਈ ਕੇਂਦਰ ਤੇ ਰਾਜ ਸਰਕਾਰਾਂ ਰੋਡ ਟੈਕਸ ਵਸੂਲਦੀਆਂ ਸਨ। ਇਹ ਵਸੂਲੀ ਵਾਹਨ ਖ਼ਰੀਦਣ ਸਮੇਂ ਵੀ ਵਸੂਲੀ ਜਾਂਦੀ ਹੈ ਤੇ ਸਲਾਨਾ ਵੀ ਅਦਾ ਕੀਤੀ ਜਾਂਦੀ ਹੈ। ਰਾਜ ਲਗਭਗ 80 ਫੀਸਦੀ ਸੜਕਾਂ ਦਾ ਰੱਖ ਰਖਾਅ ਤੇ ਨਿਰਮਾਣ ਕਰਦਾ ਹੈ। 20 ਫੀਸਦੀ ਕੇਂਦਰ ਦਾ ਹੁੰਦਾ ਹੈ। ਸੋ ਟੈਕਸ ਦੀ ਵੰਡ ਵੀ ਇਸੇ ਅਨੁਸਾਰ ਵੰਡੀ ਜਾਂਦੀ ਹੈ। ਸਾਲ 2021-22 ਦੇ ਪਹਿਲੇ ਪੰਜ ਮਹੀਨਿਆਂ 'ਚ ਹੀ ਸਰਕਾਰ ਨੇ 5000 ਕਰੋੜ ਰੁਪਏ ਰੋਡ ਟੈਕਸ ਰਾਹੀਂ ਵਸੂਲੇ ਸਨ। ਜਦੋਂਕਿ ਸਾਲ 2022-23 ਦੇ ਬਜਟ ਵਿਚ 2657 ਕਰੋੜ ਦਾ ਟੀਚਾ ਰੱਖਿਆ ਸੀ ਪਿਛਲੇ ਸਾਲ 14129 ਕਰੋੜ ਸੀ। ਇਹ ਟੈਕਸ ਪੰਜ ਲੱਖ ਤੱਕ ਵਹੀਕਲ 'ਤੇ 13 ਫੀ ਸਦੀ ਸਨ। 10 ਲੱਖ ਤੱਕ ਦੀ ਵਹੀਕਲ ਉਤੇ 14 ਫੀਸਦੀ ਤੇ 70 ਲੱਖ ਤੱਕ ਦੇ ਵਹੀਕਲੇ 17 ਫੀਸਦੀ ਤੱਕ ਵਸੂਲਿਆ ਜਾਂਦਾ ਹੈ। ਸਾਲ 2019 ਵਿਚ ਹੀ ਆਰ.ਟੀ.ਓ. ਤੋਂ 35 ਬਿਲੀਅਨ ਭਾਰਤੀ ਰੁਪਏ ਆਮਦਨ ਹੋਈ ਸੀ।

1988 'ਚ ਕੇਂਦਰੀ ਸੜਕ ਨਿਰਮਾਣ ਵਿਭਾਗ ਦੀ ਥਾਂ ਭਾਰਤੀ ਰਾਸ਼ਟਰੀ ਰਾਜ ਮਾਰਗ ਅਥਾਰਟੀ ਜਿਸਨੂੰ ਸੰਖੇਪ 'ਚ ਐਨ.ਐਚ.ਏ.ਆਈ. ਕਿਹਾ ਜਾਂਦਾਹੈ ਸਥਾਪਨਾ ਹੋਈ ਜਿਸ ਨੇ 1995 'ਚ ਕੰਮ ਕਰਨਾ ਸ਼ੁਰੂ ਕੀਤਾ ਤੇ ਦੇਸ਼ ਵਿਚ ਸੜਕਾਂ ਦੇ ਨਿਰਮਾਣ ਦੀ ਜ਼ਿੰਮੇਵਾਰੀ ਸਿੱਧੇ ਆਪਣੇ ਹੱਥ ਲੈ ਲਈ। ਰਾਜਾਂ ਦੇ ਅਧਿਕਾਰ ਨੂੰ ਪਿਛੇ ਕਰ ਦਿੱਤਾ।

ਦਰਅਸਲ ਇਹੀ ਦੌਰ ਹੈ ਜਦੋਂ ਕਾਰਪੋਰੇਟ ਪੂੰਜੀ ਰਾਜ ਦੇ ਢਾਂਚੇ 'ਚ ਬੁਨਿਆਦੀ ਤਬਦੀਲੀਆਂ ਲਈ ਪਹੁਲ ਰਹੀ ਸੀ। ਇਹੀ ਦੌਰ ਹੈ ਜਦੋਂ ਨਿੱਜੀਕਰਨ ਤੇ ਨਵਉਦਾਰਵਾਦ ਦਾ ਦੌਰ ਸ਼ੁਰੂ ਹੋ ਰਿਹਾ ਸੀ। ਇਹੀ ਦੌਰ ਹੈ ਜਿਸ ਪਿਛੋਂ ਸਰਕਾਰ ਰਾਜ ਆਪਣੀ ਸਮਾਜ ਭਲਾਈ ਦੀ ਜ਼ਿੰਮੇਵਾਰੀ ਤਿਆਗ ਕੇ ਕਾਰਪੋਰੇਟੀ ਪੂੰਜੀ ਦੇ ਵਿਸਥਾਰ ਤੇ ਮੁਨਾਫ਼ੇ ਦੇ ਇਕ ਸੰਦ ਦੇ ਰੂਪ ਵਿਚ ਵਧਣ ਵੱਲ ਕਦਮ ਪੁੱਟਣ ਲੱਗਾ।

ਨਾਹੀ (ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਦੀ ਸਥਾਪਨਾ ਵੀ ਵਿਸ਼ਵ ਬੈਂਕ ਅਤੇ ਵਿਸ਼ਵ ਵਪਾਰ ਸੰਗਠਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੋਈ। ਇਸ ਦਾ ਮੁੱਖ ਮੰਤਵ ਮੰਡੀ ਦਾ ਵਿਸਥਾਰ ਸੀ। ਕੱਚੇ ਮਾਲ ਦੇ ਸਰੋਤਾਂ ਤੱਕ ਤੇ ਫਿਰ ਮੋੜਵੇਂ ਰੂਪ ਵਿਚ ਬਜ਼ਾਰ ਤੱਕ ਪਹੁੰਚ। ਭਾਰਤ ਵਿਚ ਵਸਤੂਆਂ ਦੇ ਬਾਜ਼ਾਰ ਤੱਕ ਪਹੁੰਚਾਉਣ ਦਾ ਕੰਮ 60 ਫੀਸਦੀ ਹੁੰਦਾ ਹੈ ਅਤੇ ਸਵਾਰੀਆਂ ਦੀ ਆਵਾਜਾਈ ਦਾ 85 ਫੀਸਦੀ। ਇਹੀ ਦੌਰ ਹੈ ਜਦੋਂ ਆਟੋ ਮੋਬਾਇਲ ਟਰਾਂਸਪੋਰਟ ਭਾਵ ਕਾਰਾਂ ਦਾ ਉਤਪਾਦਨ ਬੜੀ ਤੇਜ਼ੀ ਨਾਲ ਵਧਿਆ ਤੇ ਨਿੱਜੀ ਵਾਹਨਾਂ ਦੀ ਖ਼ਰੀਦ ਵਧੀ। ਇਹੀ ਦੌਰ ਹੈ ਜਦੋਂ ਦੁਨੀਆ 'ਚ ਊਰਜਾ ਦੇ ਮੁੱਖ ਸਰੋਤ ਤੇਲ 'ਤੇ ਕਬਜ਼ੇ ਦੀ ਲੜਾਈ ਤੇ ਬਾਜ਼ਾਰ ਦਾ ਵਿਸਥਾਰ ਹੋਇਆ।

ਨੈਸ਼ਨਲ ਹਾਈਵੇਅ ਨੇ ਸੜਕਾਂ ਦੇ ਨਿਰਮਾਣ ਲਈ ਪਬਲਿਕ ਪ੍ਰਾਈਵੇਟ ਹਿੱਸੇਦਾਰੀ ਵਾਲਾ ਮਾਡਲ ਅਪਣਾਇਆ ਜਿਸ ਵਿਚ ਵੱਡੀਆਂ ਕੰਪਨੀਆਂ ਨੇ ਪੈਸਾ ਲਾਇਆ। ਦੇਸ਼ ਵਿਚ 71 ਵੱਡੀਆਂ ਤੇ 100 ਤੋਂ ਵੱਧ ਛੋਟੀਆਂ ਕੰਪਨੀਆਂ ਨੇ ਇਨ੍ਹਾਂ ਸੜਕ ਨਿਰਮਾਣ ਦੇ ਕੰਮਾਂ ਵਿਚ ਸਰਕਾਰ ਨਾਲ ਸਾਂਝ ਭਿਆਲੀ ਪਾਈ ਜਿਨ੍ਹਾਂ 'ਚ ਕੁਝ ਪ੍ਰਮੁੱਖ ਕੰਪਨੀਆਂ 'ਚੋਂ ਲਾਰਸ਼ਨ ਐਂਡ ਟੂਰਬੋ, ਦਲੀਪ ਬਿਲਡਕਾਨ ਐਫਕਾਨ, ਆਈ.ਆਰ.ਬੀ. ਇਨਟਰਾਸਟਕਚਰ, ਐਚ.ਜੀ. ਇੰਜੀਨੀਅਰਿੰਗ, ਐਨ.ਸੀ.ਸੀ. ਇਨਟਰਾ ਹੈਦਰਾਬਾਦ, ਟਾਟਾ ਟ੍ਰੈਜੈਕਟਸ, ਸੋਮਾ ਗਿਆਟਰੀ ਪ੍ਰੋਜੈਕਟਸ, ਜੇ.ਐਮ.ਸੀ. ਪ੍ਰੋਜੈਕਟ ਆਦਿ ਪ੍ਰਮੁੱਖ ਹਨ। 2015 ਤੋਂ ਪਿਛੋਂ ਕਾਲੇ ਕਰ ਕਮੇਟੀ ਨੇ ਸਿਫਾਰਸ਼ ਕੀਤੀ ਕਿ ਇਨਫਰਾਸਟਰਕਚਰ ਪ੍ਰੋਜੈਕਟਾਂ ਵਿਚ ਪ੍ਰਾਈਵੇਟ ਕੰਪਨੀਆਂ ਨੂੰ ਲੰਮੇ ਸਮੇਂ ਦੀ ਅਵੱਧੀ ਵਿਚ ਨੁਕਸਾਨ ਹੁੰਦਾ ਹੈ ਇਸ ਲਈ ਉਨ੍ਹਾਂ ਨੂੰ ਕੁਝ ਸਹਾਇਤਾ ਦਿੱਤੀ ਜਾਵੇ ਜਿਸ ਨੂੰ ਹਾਈਬ੍ਰਿਡ ਅਨੂਨਟੀ ਮੋਡ ਦਾ ਨਾਂ ਦਿੱਤਾ ਜਿਸ ਮੁਤਾਬਕ ਲਏ ਗਏ ਠੇਕੇ ਵਿਚ 40 ਫੀ ਸਦੀ ਕੀਮਤ ਸਰਕਾਰ ਅਦਾ ਕਰੇਗੀ ਅਤੇ ਪ੍ਰਾਈਵੇਟ ਅਦਾਰਾ ਮਹਿਜ 60 ਫੀ ਸਦੀ ਹੀ ਇਨਵੈਸਟ ਕਰੇਗਾ। ਨਾਲ ਹੀ ਇਸ 60 ਫੀ ਸਦੀ ਨਿਵੇਸ਼ ਦੀ ਵੀ ਸੁੱਰਖਿਆ ਗਰੰਟੀ ਦਿੱਤੀ ਗਈ। ਸੜਕਾਂ 'ਚ ਪ੍ਰਾਈਵੇਟ ਨਿਵੇਸ਼ 20000 ਕਰੋੜ ਵਧ ਰਿਹਾ ਹੈ ਹੁਣ ਲਗਭਗ 1 ਟਰਿਲੀਅਨ ਰੁਪਏ ਤੱਕ ਪਹੁੰਚ ਜਾਣਾ ਹੈ। ਪ੍ਰਾਈਵੇਟ ਨਿਵੇਸ਼ਕਾਂ ਦੀ ਰਾਸ਼ੀ ਉਤੇ ਵਿਆਜ ਵੀ ਨਾ ਹੀ ਅਦਾ ਕਰਨੀ ਹੈ।

ਉਧਰ ਨਾਹੀ (ਐਨਐਚਏਆਈ) ਨੇ 2018 ਵਿਚ ਆਪਣਾ ਘਾਟਾ 1.22 ਲੱਖ ਇਕ ਲੱਖ 22 ਹਜ਼ਾਰ ਕਰੋੜ ਦਿਖਾਇਆ ਜਿਹੜਾ 2021 ਵਿਚ 3.38 ਤੱਕ ਪਹੁੰਚ ਗਿਆ। ਦੇਸ਼ ਵਿਚ 2020 ਵਿਚ ਕੁੱਲ 566 ਟੋਲ ਪਲਾਜ਼ੇ ਸਨ ਜੋ 23 ਮਾਰਚ 2022 ਤੱਕ 700 ਤੋਂ ਵਧ ਗਏ। ਜਿਨ੍ਹਾਂ ਤੋਂ 2019-20 ਵਿਚ ਸਰਕਾਰ ਨੇ 27682.89 ਕਰੋੜ ਰੁਪਏ ਵਸੂਲ ਕੀਤੇ ਅਤੇ 2020-21 ਵਿਚ 28548.05 ਕਰੋੜ ਵਸੂਲ ਕੀਤੇ। ਇਕੱਲਾ ਦਿੱਲੀ ਮੁੰਬਈ ਹਾਈਵੇਅ ਹੀ ਹਰ ਮਹੀਨੇ 1500 ਕਰੋੜ ਇਕੱਠਾ ਕਰਦਾ ਹੈ। ਜੋ ਇਕੱਠਾ ਹੁੰਦਾ ਹੈ ਸਰਕਾਰ ਦੇ ਖਾਤੇ 'ਚ ਸਾਰਾ ਨਹੀਂ ਜਾਂਦਾ ਇਕ ਮਿਸਾਲ ਹੀ ਦਿਆਂਗਾ ਅਪ੍ਰੈਲ 2019 ਤੋਂ ਮਾਰਚ 20 ਤੱਕ 566 ਟੋਲ ਪਲਾਜ਼ਿਆਂ 'ਚੋਂ ਸਰਕਾਰ ਨੂੰ 26851 ਕਰੋੜ ਦੀ ਕਮਾਈ ਹਿੱਸੇ ਆਈ। ਭਾਵ ਹਰ ਮਹੀਨੇ 2237 ਕਰੋੜ ਦੀ ਰਾਸ਼ੀ ਸਰਕਾਰ ਹਿੱਸੇ ਆਈ। ਜਦੋਂਕਿ ਅਸਲ ਵਿਚ 2019-20 ਵਿਚ ਹਰ ਮਹੀਨੇ ਲੋਕਾਂ ਦੀਆਂ ਜੇਬਾਂ ਵਿਚੋਂ 7321 ਕਰੋੜ ਟੋਲ ਟੈਕਸ ਰਾਹੀਂ ਹਾਸਲ ਕੀਤਾ ਗਿਆ। ਇਹੋ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਮਾਡਲ ਹੈ। ਅਸਲ ਵਸੂਲ 7321 ਕਰੋੜ ਰੁਪਏ ਮਹੀਨਾ। ਸਰਕਾਰ ਦਾ ਹਿੱਸਾ 2237 ਕਰੋੜ ਰੁਪਏ ਬਾਕੀ 5084 ਕਰੋੜ ਨਿੱਜੀ ਕੰਪਨੀਆਂ ਦੀ ਤਿਜੌਰੀ ਵਿਚ। ਇਹ ਇਕ ਮਹੀਨੇ ਦਾ ਹੈ ਇਹਨੂੰ 12 ਮਹੀਨਿਆਂ ਨਾਲ ਗੁਣਾ ਕਰ ਲਓ 5084×12=6.1008 ਕਰੋੜ ਰੁਪਏ ਸਲਾਨਾ ਨਿੱਜੀ ਭਾਈਵਾਲ ਕੰਪਨੀਆਂ ਦੀ ਜੇਬ 'ਚ ਗਿਆ। ਨਾਹੀ, ਕਹਿੰਦੀ ਹਰ ਸਾਲ ਘਾਟਾ ਪੈ ਰਿਹਾ ਹੈ ਪਰ ਉਧਰ ਸਰਕਾਰ ਅੰਕੜੇ ਕੁਝ ਹੋਰ ਬੋਲਦੇ ਹਨ। ਸਾਲ 2021-22 ਵਿਚ 34 ਫੀ ਸਦੀ ਟੋਲ ਟੈਕਸ ਅਨੁਮਾਨਾਂ ਨਾਲੋਂ ਵੱਧ ਵਸੂਲਿਆ ਬਜਟ ਵਿਚ 22.17 ਲੱਖ ਟੋਲ ਟੈਕਸ ਦੀ ਆਮਦਨ ਦਾ ਅਨੁਮਾਨ ਸੀ ਜਦੋਂਕਿ 27.07 ਲੱਖ ਕਰੋੜ ਟੈਕਸ ਵਸੂਲਿਆ ਭਾਵ 5 ਲੱਖ ਕਰੋੜ ਵਾਧੂ ਇਕੱਠਾ ਕੀਤਾ।

ਉਧਰ ਇਹ ਪ੍ਰਚਾਰ ਕਰਕੇ ਕਿ ਕਰੋਨਾ ਅਤੇ ਕਿਸਾਨ ਅੰਦੋਲਨ ਦੇ 20 ਮਹੀਨਿਆਂ ਦੀ ਟੋਲ ਵਸੂਲੀ ਨਾ ਹੋਣ ਕਰਕੇ ਪੰਜਾਬ ਦੇ ਟੋਲ ਪਲਾਜ਼ਿਆਂ ਨੂੰ ਇੰਜੀਨੀਅਰਿੰਗ ਸਲਾਹਕਾਰ ਸੰਸਥਾਵਾਂ ਨੇ 472 ਤੋਂ 496 ਦਿਨ ਹੋਰ ਵਧ ਟੋਲ ਪਲਾਜੇ ਚਲਾਉਣ ਦੀ ਸਿਫਾਰਸ਼ ਕੀਤੀ ਹੈ ਅਤੇ ਇਹ ਹੀ ਨਹੀਂ ਇਨ੍ਹਾਂ ਟੋਲ ਪਲਾਜ਼ਿਆਂ ਦੀ ਵਸੂਲੀ ਦੇ ਰੇਟ ਵੀ ਵਧਾ ਦਿੱਤੇ ਹਨ ਜਿਹੜੇ 10 ਤੋਂ 65 ਰੁਪਏ ਤੱਕ ਸਨ। ਇਹ ਦੇਸ਼ ਸਭ ਦੇ ਟੋਲ ਪਲਾਜ਼ਿਆਂ ਦੇ ਉਤੇ ਵਧੇ। ਦਰਅਸਲ ਇਹ ਵੀ ਕਾਰਪੋਰੇਟ ਪੂੰਜੀ ਦੇ ਨਿਵੇਸ਼ ਦਾ ਖੇਤਰਹੈ। ਰਾਸ਼ੀ ਇਕ ਵਾਰ ਲਾਉਣੀ ਹੈ ਤੇ ਆਮਦਨ ਕਈ ਸਾਲ ਵਸੂਲਣੀ ਹੈ। ਭਾਰਤ ਦੁਨੀਆ ਦੇ ਸੜਕ ਨੈਟਵਰਕ ਦਾ ਦੂਸਰਾ ਵੱਡਾ ਦੇਸ਼ ਹੈ। ਲਗਭਗ 63.72 ਲੱਖ ਕਿਲੋਮੀਟਰ ਦਾ ਸੜਕੀ ਆਵਾਜਾਈ ਢਾਂਚਾ। ਅਜੇ ਭਾਰਤ ਮਾਤਰ ਯੋਜਨਾ ਹੇਠ 65000 ਕਿਲੋਮੀਟਰ ਦੇ ਕੌਮੀ ਸ਼ਾਹ ਰਾਹ ਮਾਰਗਾਂ ਦੀ ਉਸਾਰੀ ਅਗਲੇਰੇ ਪੰਜ ਸਾਲਾਂ 'ਚ ਹੋਈ ਹੈ। ਜਿਸ ਲਈ ਅਗਲੇਰੇ ਪੰਜ ਸਾਲਾਂ ਵਿਚ 5355000 ਕਰੋੜ ਰੁਪਏ 34800 ਕਿਲੋਮੀਟਰ ਦੀ ਉਸਾਰੀ ਲਈ ਰੱਖੇ ਹਨ। ਮੁਨਾਫ਼ੇ ਦਾ ਖੇਤਰ ਕਾਰਪੋਰੇਟ ਪੂੰਜੀ ਤੇ ਸਰਕਾਰ ਦੋਹਾਂ ਲਈ ਲਾਹੇਵੰਦਾ ਹੈ।

ਰੋਡ ਟੈਕਸ 'ਤੇ ਟੋਲ ਟੈਕਸ ਤੋਂ ਇਲਾਵਾ ਇਕ ਹੋਰ ਟੈਕਸ ਵੀ ਭਾਰਤੀ ਅਦਾ ਕਰਦੇ ਹਨ। ਜਿਹੜਾ ਕੇਂਦਰੀ ਰੋਡ ਅਤੇ ਇਨਫਰਾਸਟਰਕਚਰ ਫੰਡ ਸੀ.ਆਰ.ਆਈ.ਐਫ. ਕਹਾਉਂਦਾ ਹੈ। ਇਹ ਟੈਕਸ ਡੀਜ਼ਲ ਤੇ ਪੈਟਰੋਲ ਦੀ ਖ਼ਰੀਦਦਾਰੀ ਉਤੇ ਅਦਾ ਕਰ ਰਹੇ ਹਾਂ। ਸਾਲ 2021-22 ਵਿਚ ਇਹ 99239 ਕਰੋੜ ਵਸੂਲਿਆ ਗਿਆ ਸੀ। ਸਾਲ 2022-23 ਵਿਚ 159616 ਕਰੋੜ ਵਸੂਲਣ ਦਾ ਟੀਚਾ ਹੈ। ਪ੍ਰਮਾਨੈਂਟ ਬ੍ਰਿਜ ਫੀਸ ਫੰਡ (ਪੀਬੀਐਫਐਫ) ਰਾਹੀਂ ਵੀ ਲੋਕਾਂ ਦੀਆਂ ਜੇਬਾਂ 'ਚੋਂ ਸਾਲ 2021-22 'ਚ 12670 ਕਰੋੜ ਕੱਢ ਲਿਆ ਗਿਆ ਜਿਹੜਾ 2022-23 ਵਿਚ 13921 ਕਰੋੜ ਕੱਢੇ ਜਾਣ ਦਾ ਟੀਚਾ ਹੈ। ਉਤਰ ਪੂਰਬੀ ਰਾਜਾਂ 'ਚ ਨੈਸ਼ਨਲ ਹਾਈਵੇਅ ਫੰਡ ਰਾਹੀਂ ਵੀ 2021-22 'ਚ 8430 ਕਰੋੜ ਵਸੂਲੇ ਜੋ 2022-23 ਵਿਚ 10565 ਕਰੋੜ ਵਸੂਲ ਗਏ ਹਨ। ਕੌਮੀ ਹਾਈਵੇਅ ਫੰਡ ਇਕ ਹੋਰ ਫੰਡ ਹੈ ਜਿਸ ਦੀ 2021-22 ਵਿਚ ਭਾਰਤੀਆਂ ਨੇ 13000 ਕਰੋੜ ਅਦਾ ਕੀਤੇ ਤੇ 2022-23 ਵਿਚ 20000 ਕਰੋੜ ਅਦਾ ਕੀਤੇ ਜਾਣੇ ਹਨ। ਇਹ ਅਛੋਪਲੇ ਵਸੂਲੇ ਜਾ ਰਹੇ ਫੰਡ ਹਨ ਜਿਨ੍ਹਾਂ ਦਾ ਹਿਸਾਬ ਨਹੀਂ।

ਸਾਲ 2000 ਵਿਚ ਪ੍ਰਧਾਨ ਮੰਤਰੀ ਪੇਂਡੂ ਸੜਕ ਯੋਜਨਾ ਸ਼ੁਰੂ ਕੀਤੀ ਸੀ ਜਿਹੜੀ ਹੁਣ ਠੰਡੇ ਬਸਤੇ ਵਿਚ ਪੈ ਚੁੱਕੀ ਹੈ। ਸਾਲ 2022-23 ਵਿਚ ਬਜਟ 'ਚ 47171 ਕਿਲੋਮੀਟਰ ਸੜਕ ਉਸਾਰਨ ਦਾ ਟੀਚਾ ਸੀ ਜਿਸ 'ਚੋਂ ਹੁਣ ਸੜਕ ਮਹਿਜ਼ 18949 ਕਿਲੋਮੀਟਰ ਦੀ ਹੀ ਉਸਾਰੀ ਹੋਈ ਹੈ। ਪੰਜਾਬ 'ਚ ਇਸ ਸਾਲ 1000 'ਚੋਂ ਅਸੀਂ 371 ਕਿਲੋਮੀਟਰ ਸੜਕ ਹੀ ਬਣਾਈ ਗਈ ਹੈ। ਹਾਲਾਂਕਿ ਦਮਗਜੇ ਇਹ ਮਾਰੇ ਜਾ ਰਹੇ ਹਨ ਕਿ ਕੌਮੀ ਸ਼ਾਹ ਰਾਹ ਹਰ ਦਿਨ 50 ਕਿਲੋਮੀਟਰ ਉਸਾਰਿਆ ਜਾ ਰਿਹਾ ਹੈ। ਭਾਵ ਆਮ ਲੋਕਾਂ ਲਈ ਲੋੜੀਂਦੀ ਸੜਕ ਨੂੰ ਦੂਸਰੇ ਦਰਜੇ ਵਿਚ ਰੱਖਿਆ ਹੈ ਜਦੋਂ ਕਿ ਮੁਨਾਫ਼ਾ ਦੇਣ ਵਾਲੀਆਂ ਸੜਕਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਕੌਮੀ ਸੜਕ ਮੰਤਰੀ ਇਹ ਦਾਅਵਾ ਕਰਦਾ ਹੈ ਕਿ ਸਰਕਾਰ ਹਰ ਸਾਲ 1.40 ਲੱਖ ਕਰੋੜ ਟੋਲ ਟੈਕਸ ਵਸੂਲਣ ਦਾ ਟੀਚਾ ਰੱਖਦੀ ਹੈ। ਹਾਲਾਂਕਿ ਟੋਲ ਟੈਕਸ ਵਸੂਲਣ ਵਾਲੀਆਂ ਸੜਕਾਂ ਦੀ ਹਾਲਤ ਅਤੇ ਸਹੂਲਤਾਂ ਦੀਆਂ ਦਾਅਵੇਦਾਰੀਆਂ ਬਦ ਤੋਂ ਬਦਤਰ ਹਨ।

ਇਨ੍ਹਾਂ ਸੜਕਾਂ ਉਤੇ ਹੀ ਹਰ ਦਿਨ ਐਕਸੀਡੈਂਟ ਦੇ ਸਮਾਚਾਰ ਮਿਲ ਰਹੇ ਹਨ। ਸਾਲ 2019 ਵਿਚ 4.5 ਲੱਖ ਰੋਡ ਐਕਸੀਡੈਂਟ ਹੋਏ ਹਨ ਅਤੇ 1.5 ਲੱਖ ਲੋਕ ਮਾਰੇ ਗਏ ਸਨ 4.5 ਲੱਖ ਜ਼ਖ਼ਮੀ ਹੋਏ ਸਨ। ਸਾਲ 2020 ਵਿਚ ਕੁੱਲ 3 ਲੱਖ 66 ਹਜ਼ਾਰ 138 ਸੜਕ ਹਾਦਸੇ ਹੋਏ ਜਿਸ 'ਚ 1.3 ਲੱਖ ਲੋਕ ਮਾਰੇ ਗਏ। ਸਾਲ 2021 ਵਿਚ ਸੜਕ ਹਾਦਸਿਆਂ ਦੀ ਗਿਣਤੀ 412432 ਸੀ। ਨਾ ਹਾਈਵੇਅ ਅਥਾਰਟੀ ਨਾ ਹੀ ਸਰਕਾਰ ਇਨ੍ਹਾਂ ਹਾਦਸਿਆਂ ਪ੍ਰਤੀ ਗੰਭੀਰ ਹੈ ਨਾ ਜਵਾਬਦੇਹ। ਮੈਡੀਕਲ ਐਮਰਜੈਂਸੀ ਦੀਆਂ ਸਹੂਲਤਾਂ ਵੀ ਦਿਖਾਵਾ ਮਾਤਰ ਹਨ।

ਇਕ ਹੋਰ ਦਸ ਦੇਈਏ ਕਿ ਸਰਕਾਰ ਦਾਅਵਾ ਕਰ ਰਹੀ ਹੈ ਕਿ ਉਹ ਇਨ੍ਹਾਂ ਸੜਕਾਂ ਦੇ ਨਾਲ-ਨਾਲ ਲਾਜਿਸਟਿਕ ਪਾਰਕ ਉਸਾਰਨ ਲਈ ਦੋ ਲੱਖ ਕਰੋੜ ਖਰਚ ਕਰ ਰਹੀ ਹੈ। ਇਹ ਲਾਜਿਸਟਿਕ ਪਾਰਕ ਕੀ ਹਨ? ਇਹ ਸਿਰਫ਼ ਸੜਕੀ ਟਰਾਂਸਪੋਰਟ ਰਾਹੀਂ ਢੋਹਾ-ਢੋਹਾਈ ਵਾਲੇ ਮਾਲ ਸੰਭਾਲਣ ਵਾਲੇ ਯਾਰਡ ਭਾਵ ਹਵੇਲੀਆਂ ਜਾਂ ਗੋਦਾਮ ਹੀ ਹੋਣਗੇ। ਜਿਹਦਾ ਸਬੰਧ ਵਪਾਰਕ ਕੰਪਨੀਆਂ ਨਾਲ ਹੈ ਆਮ ਲੋਕਾਂ ਨਾਲ ਨਹੀਂ। ਭਾਵ ਲੋਕਾਂ ਦੇ ਪੈਸੇ ਨਾਲ ਵਪਾਰੀਆਂ ਦੇ ਮਾਲ ਸੰਭਾਲਣ ਦੀ ਜ਼ਿੰਮੇਵਾਰੀ ਵੀ ਸਰਕਾਰ 'ਤੇ ਰਹੀ ਹੈ।

ਅਸੀਂ ਉਪਰ ਜ਼ਿਕਰ ਕਰ ਚੁੱਕੇ ਹਾਂ ਕਿ ਕੌਮੀ ਸੜਕ ਉਸਾਰੀ ਏਜੰਸੀ ਨੇ ਜਿਨ੍ਹਾਂ ਵੱਡੀਆਂ ਕੰਪਨੀਆਂ ਨਾਲ ਸੜਕ ਉਸਾਰਨ ਦੀ ਸੀਤ ਪਾਈ ਹੈ ਅਤੇ ਜਿਹੜੀਆਂ ਟੋਲ ਟੈਕਸ ਵਸੂਲਦੀਆਂ ਹਨ ਕਿਵੇਂ ਰੋਜ਼ਾਨਾ ਜਿਨ੍ਹਾਂ ਟੈਕਸ ਵਸੂਲਦੀਆਂ ਹਨ ਉਸ ਦਾ ਵੱਡਾ ਹਿੱਸਾ ਖ਼ੁਦ ਹੜੱਪ ਰਹੀਆਂ ਹਨ। ਸਰਕਾਰ ਇਨ੍ਹਾਂ ਨਾਲ ਯਰਾਨਾ ਨਿਭਾਅ ਰਹੀ ਹੈ। ਇਹ ਇਥੇ ਹੀ ਨਹੀਂ ਨਿਯਮ ਮੁਤਾਬਕ ਹਰ ਟੋਲ ਪਲਾਜੇ ਦੀ ਇਕ ਮਿਆਦ ਹੈ। ਕਿਸੇ ਵੀ ਟੋਲ ਪਲਾਜੇ ਉਤੇ ਕੰਪਨੀ ਜਾਂ ਸਰਕਾਰ ਨੇ ਇਹ ਲਿਖਤੀ ਰੂਪ ਵੀ ਸਪਸ਼ਟ ਨਹੀਂ ਕੀਤਾ ਕਿ ਟੋਲ ਕਿੰਨੇ ਸਮੇਂ ਲਈ ਅਦਾ ਕਰਨਾ ਪਵੇਗਾ। ਪਿਛਲੇ ਦਿਨੀਂ ਦਿੱਲੀ ਦੇ ਨੋਇਡਾ ਡੈਰੈਕਟ ਫਲਾਈਵੇ ਦਾ ਕੇਸ ਸਾਹਮਣੇ ਆਇਆ ਜੋ 2001 'ਚ ਬਣਿਆ ਸੀ ਅਤੇ 2016 ਤੱਕ ਟੋਲ ਟੈਕਸ ਵਸੂਲਦਾ ਰਿਹਾ। ਮਾਮਲਾ ਹਾਈ ਕੋਰਟ 'ਚ ਗਿਆ ਤਾਂ 26 ਅਕਤੂਬਰ 2016 ਤੱਕ ਇਲਾਹਾਬਾਦ ਹਾਈਕੋਰਟ ਮੁਤਾਬਕ ਨੋਇਡਾ ਟੋਲ ਟੈਕਸ ਬ੍ਰਿਜ ਕੰਪਨੀ ਲਿਮਟਿਡ ਆਪਣੀ ਲਾਗਤ ਨਾਲੋਂ ਕਈ ਗੁਣਾ ਵੱਧ ਰਾਸ਼ੀ ਵਸੂਲ ਚੁੱਕੀ ਸੀ। ਇਸ ਨੂੰ ਜਾਰੀ ਨਹੀਂ ਰੱਖ ਸਕਦੀ ਹੈ। ਪੰਜਾਬ ਵਿਚ ਰੋਪੜ ਚੰਡੀਗੜ੍ਹ ਰੋਡਉਤੇ ਪੁਲ ਨਾਲ ਸਬੰਧਤ ਟੋਲ ਪਲਾਜ਼ਾ ਲੋਕਾਂ ਦੀਆਂ ਜੇਬਾਂ ਮਿਆਦ ਤੋਂ ਕਿਤੇ ਵੱਧ ਟੋਲ ਟੈਕਸ ਵਸੂਲਦਾ ਰਿਹਾ ਜਦੋਂ ਲੋਕਾਂ ਬੂ ਦਹਾਈ ਪਾਈ ਤਾਂ ਹੀ ਚੁੱਕਣਾ ਪਿਆ। ਅਜਿਹੀਆਂ ਹੋਰ ਵਧੀ ਮਿਸਾਲਾਂ ਹਨ।

ਕਿਸਾਨ ਅੰਦੋਲਨ ਦੀ ਆੜ ਹੇਠ ਟੋਲ ਟੈਕਸ ਵਿਚ 10 ਰੁਪਏ ਤੋਂ 65 ਰੁਪਏ ਤੱਕ ਵਾਧਾ ਕਰ ਦਿੱਤਾ ਗਿਆ ਹੈ। ਦਲੀਲ ਇਹ ਦੇ ਰਹੇ ਹਨ ਕਿ ਕਿਸਾਨ ਅੰਦੋਲਨ ਦੌਰਾਨ ਹਰ ਦਿਨ 1.40 ਕਰੋੜ ਟੋਲ ਵਸੂਲੀ ਨਾ ਹੋਣ ਨਾਲ ਸਾਲਭਰ ਵਿਚ 2731 ਕਰੋੜ ਤੋਂ ਵੱਧ ਰੁਪਏ ਦਾ ਘਾਟਾ ਪਿਆ। ਦੂਸਰੇ ਪਾਸੇ ਕੰਪਨੀਆਂ ਮੰਗ ਕਰ ਰਹੀਆਂ ਹਨ ਕਿ ਉਨ੍ਹਾਂ ਨੂੰ ਟੋਲ ਟੈਕਸ ਵਸੂਲਣ ਦੇ ਨਿਸਚਿਤ ਸਮੇਂ ਵਿਚ ਵਾਧਾ ਕੀਤਾ ਜਾਵੇ। ਪੰਜਾਬ ਦੀਆਂ ਇੰਜੀਨੀਅਰਿੰਗ ਸਲਾਹਕਾਰ ਸੰਸਥਾਵਾਂ ਨੇ 472 ਤੋਂ 496 ਦਿਨ ਹੋਰ ਟੋਲ ਪਲਾਜ਼ੇ ਚਲਾਉਣ ਦੀ ਸਿਫਾਰਸ਼ ਕੀਤੀ ਹੈ। ਭਾਵ ਕੰਪਨੀਆਂ ਦੇ ਮੁਨਾਫਿਆਂ ਨੂੰ ਆਂਚ ਨਹੀਂ ਆਉਣੀ ਚਾਹੀਦੀ।

ਸਰਕਾਰ ਤੇ ਨਿੱਜੀ ਕੰਪਨੀਆਂ ਨੇ ਟੈਕਸ ਵਸੂਲਣ ਦੀਆਂ ਆਧੁਨਿਕ ਬੈਂਕਿੰਗ ਵਿਧੀਆਂ ਦੀ ਵੀ ਬਾਖ਼ੂਬ ਵਰਤੋਂ ਕੀਤੀ ਤੇ ਕਰ ਰਹੀਆਂ ਹਨ ਅਤੇ ਦਾਅਵਾ ਕਰ ਰਹੀਆਂ ਹਨ ਕਿ ਇਸ ਨਾਲ ਟੈਕਸ ਵਸੂਲੀ ਵਿਚ ਇਜਾਫ਼ਾ ਹੋਇਆ ਹੈ। ਫਾਸਟ ਟੈਕ ਲਾਜ਼ਮੀ ਕਰਕੇ, ਹੱਥੀਂ ਟੋਲ ਟੈਕਸ ਵਸੂਲਣਾ ਦੁਗਣਾ ਕਰ ਦਿੱਤਾ ਹੈ। ਟੋਲ ਟੈਕਸ ਵਸੂਲਣ ਵਾਲੇ ਪਲਾਜ਼ਿਆਂ ਉਤੇ ਕੰਪਨੀਆਂ ਨੇ ਗੁੰਡਾ ਟੈਕਸ ਬਿਠਾਈ ਹੋਈ ਹੈ ਜਿਸ ਦੀ ਮਦਦ ਲਈ ਹਰ ਵੇਲੇ ਪੁਲਿਸ ਤਿਆਰ ਰਹਿੰਦੀ ਹੈ। ਇਹ ਹੈ ਸਰਕਾਰੀ ਟੈਕਸ ਵਸੂਲਣ ਕੇਂਦਰ ਨਾਲੋਂ ਗੁੰਡਾ ਟੈਕਸ ਵਸੂਲੀ ਕੇਂਦਰ ਵੱਧ ਬਣ ਗਏ ਹਨ। ਨਿੱਤ ਝਗੜੇ ਤੇ ਮਾਰ ਕੁਟਾਈ ਦੀਆਂ ਖ਼ਬਰਾਂ ਆ ਰਹੀਆਂ ਹਨ।

ਉਧਰ ਸਰਕਾਰ ਜਿਹੜਾ ਦਾਅਵਾ ਕਰ ਰਹੀ ਹੈ ਕਿ ਛੇਤੀ ਹੀ 'ਸੜਕਾਂ ਟੋਲ ਮੁਕਤ ਕਰ ਦੱਤਿਆਂ ਜਾਣਗੀਆਂ'..ਉਹਦੀ ਹਕੀਕੀ ਸੱਚਾਈ ਇਹ ਹੈ ਕਿ ਸਰਕਾਰ ਤੇ ਨਿੱਜੀ ਕੰਪਨੀਆਂ ਜੀ.ਪੀ.ਸੀ. ਗਲੋਬਲ ਪੁਜੀਸ਼ਨਿੰਗ ਸਿਸਟਮ ਲਾਗੂ ਕਰਨ ਜਾ ਰਹੀ ਹੈ। ਤੁਹਾਡਾ ਵਹੀਕਲ ਸੜਕ ਉਤੇ ਚੜ੍ਹਿਆ ਨਹੀਂ ਕਿ ਤੁਹਾਡੇ ਬੈਂਕ ਖਾਤੇ 'ਚੋਂ ਪੈਸੇ ਖ਼ੁਦ-ਬ-ਖ਼ੁਦ ਕੱਟ ਜਾਣਗੇ। ਇਹ ਫਾਸਟ ਟੈਕ ਨਾਲੋਂ ਵੀ ਖ਼ਤਰਨਾਕ ਹੈ। ਤੁਸੀਂ ਸੜਕ ਦੀ ਵਰਤੋਂ ਨਹੀਂ ਵੀ ਕੀਤੀ ਸਿਰਫ਼ ਆਰ ਪਾਰ ਕੀਤਾ ਤਾਂ ਵੀ ਟੈਕਸ ਖਾਤੇ 'ਚੋਂ ਕੱਢਿਆ ਜਾਵੇਗਾ।

ਲੋਕਾਂ ਦਾ ਸਵਾਲ ਇਹ ਜਾਇਜ਼ ਹੈ ਕਿ ਸਰਕਾਰ ਜਦੋਂ ਇਨਕਮ ਟੈਕਸ ਤੋਂ ਬਿਨਾਂ ਰੋਡ ਟੈਕਸ, ਤੇਲ ਰਾਹੀਂ ਵਸੂਲੇ ਜਾਂਦੇ 1. ਕੇਂਦਰੀ ਰੋਡ ਤੇ ਇਨਫਰਾਸਟਰਕਚਰ ਫੰਡ ਪਰਮਾਨੈਂਟ ਬ੍ਰਿਜ ਫੀਸ ਫੰਡ, ਨੈਸ਼ਨਲ ਹਾਈਵੇਅ ਫੰਡ ਆਦਿ ਆਦਿ ਤਰ੍ਹਾਂ ਤਰ੍ਹਾਂ ਦੇ ਸਿੱਧੇ ਅਸਿੱਧੇ ਟੈਕਸਾਂ ਦੀ ਵਸੂਲੀ ਕਰ ਰਹੀ ਹੈ ਤਾਂ ਫਿਰ ਟੋਲ ਟੈਕਸ ਕਿਉਂ? ਇਹ ਲੱਖਾਂ ਕਰੋੜਾਂ ਰੁਪਏ ਦੇ ਟੈਕਸਾਂ ਨੂੰ ਸਾਡੀ ਜੇਬ ਵਿਚੋਂ ਵਸੂਲ ਕੇ ਤਿਆਰ ਕੀਤੀਆਂ ਸੜਕਾਂ ਤੋਂ ਫਿਰ ਟੋਲ ਟੈਕਸ ਰਾਹੀਂ ਵਸੂਲੀ ਕਿਉਂ? ਇਹ ਸਰਕਾਰ ਦੀ ਨੰਗੀ ਚਿੱਟੀ ਗੁੰਡਾਗਰਦੀ ਹੈ ਅਤੇ ਅਪਰਾਧਿਕ ਘਿਣਾਉਣਾ ਚਿਹਰਾ ਹੈ। ਆਪਣੇ ਕਾਰਪੋਰੇਟ ਪੂੰਜੀ ਦੇ ਭਾਈਵਾਲਾਂ ਲਈ ਮੁਨਾਫ਼ੇ ਨੂੰ ਸੁਨਿਸ਼ਚਤ ਕਰਨ ਲਈ, ਹਰ ਨਿਯਮ ਤੇ ਮਰਿਆਦਾ ਉਲੰਘ ਕੇ ਕੀਤੀ ਜਾ ਰਹੀ ਇਹ ਵਸੂਲੀ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ।

ਸਰਕਾਰ ਹੀ ਸਪਸ਼ਟ ਕਰੇ ਕਿ ਉਹਦੀ ਲੋਕਾਂ ਪ੍ਰਤੀ ਬਣਦੀ ਜ਼ਿੰਮੇਵਾਰੀ ਕੀ ਹੈ? ਮਨਮਰਜ਼ੀ ਨਾਲ ਟੋਲ ਟੈਕਸਾਂ ਦੇ ਰੇਟਾਂ 'ਚ ਵਾਧਾ ਕਰਨਾ, ਆਪਣੇ ਹੀ ਨਿਯਮ 60 ਕਿਲੋਮੀਟਰ ਦੇ ਅੰਦਰ ਟੋਲ ਪਲਾਜ਼ਾ ਨਾ ਹੋਣ ਦੀ ਸ਼ਰਤ ਦੀ ਉਲੰਘਣਾ ਤਿੰਨ ਮਿੰਟ ਦੀ ਰੁਕਾਵਟ ਪਿਛੋਂ ਟੋਲ ਨਾ ਵਸੂਲਣ ਦੇ ਨਿਯਮ ਨੂੰ ਛਿੱਕੇ ਟੰਗਣਾ, ਲੋੜੀਂਦੀਆਂ ਮੈਡੀਕਲ ਸਹੂਲਤਾਂ ਤੇ ਹੋਰ ਸਹੂਲਤਾਂ ਦੀ ਦਾਅਵੇਦਾਰੀ ਤੋਂ ਪਾਸਾ ਵੱਟਣਾ। ਸੜਕਾਂ ਦੀ ਮੁਰੰਮਤ ਤੱਕ ਤਵੱਜੋਂ ਨਾ ਦੇਣਾ ਆਦਿ ਕਈ ਹੋਰ ਗਿਣਾਏ ਜਾ ਸਕਦੇ ਹਨ ਤੇ ਸਭ ਤੋਂ ਵੱਡਾ ਸਵਾਲ ਇਹ ਵੀ ਕਿ ਸਰਕਾਰ ਨਿੱਜੀ ਕੰਪਨੀਆਂ ਨੂੰ ਟੋਲ ਟੈਕਸ ਉਗਰਾਹੀ ਦੀ ਇਜਾਜ਼ਤ ਕਿਉਂ ਦੇ ਰਹੀ ਹੈ। ਇਹ ਅਮਲਾ ਫੈਲਾ ਸਰਕਾਰੀ ਕਿਉਂ ਨਹੀਂ? ਸਾਫ਼ ਹੈ ਕਿ ਕਾਰਪੋਰੇਟੀ ਪੂੰਜੀ ਨੂੰ ਗੁੰਡਾਨਾਮਾ ਫੋਰਸ ਰਾਹੀਂ ਇਹ ਟੈਕਸ ਜਬਰੀ ਵਸੂਲਣ ਦਾ ਇਹ ਰਾਹ ਵੀ ਸਾਫ਼ ਕਰਦਾ ਹੈ ਕਿ ਸਰਕਾਰ ਨੂੰ ਹੁਣ ਕਾਰਪੋਰੇਟ ਹੀ ਚਲਾ ਰਹੇ ਹਨ।

ਦੇਸ਼ ਦੇ ਲੋਕਾਂ ਦੀਆਂ ਜੇਬਾਂ 'ਚ ਵੱਖ-ਵੱਖ ਟੈਕਸਾਂ ਰਾਹੀਂ ਇਕੱਠੇ ਕੀਤੇ ਪੈਸੇ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨਾ ਨਵੇਂ ਕਾਰਪੋਰੇਟੀ ਵਿਕਾਸ ਮਾਡਲ ਦਾ ਇਹੋ ਘਿਨਾਉਣਾ ਚਿਹਰਾ ਹੈ।

ਦੇਸ਼ ਭਰ ਵਿਚ ਸੜਕੀ ਆਵਾਜਾਈ ਸਭ ਕਿਸਮ ਦੇ ਟੋਲ ਟੈਕਸਾਂ ਤੋਂ ਮੁਕਤ ਹੋਣੀ ਚਾਹੀਦੀ ਹੈ। ਮਹਿਜ ਟੋਲ ਪਲਾਜੇ ਹੀ ਨਹੀਂ ਫਾਸਟ ਟੈਸਟ ਤੇ ਜੀਪੀਸੀ ਸਿਸਟਮ ਸਮੇਤ। ਆਵਾਜਾਈ ਦੀ ਸਹੂਲਤ ਲੋਕਾਂ ਦਾ ਬੁਨਿਆਦੀ ਅਧਿਕਾਰ ਹੈ ਅਤੇ ਸਰਕਾਰ ਨੂੰ ਇਹ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਸ 'ਤੇ ਕਿਸੇ ਵੀ ਕਿਸਮ ਦੀ ਟੈਕਸ ਵਸੂਲੀ ਨਜਾਇਜ਼ ਹੈ ਅਤੇ ਅਪਰਾਧ ਵੀ ਹੈ।

# ਅਡਾਨੀ ਦੀ ਬੰਦਰਗਾਹ ਵਿਕਾਸ ਦੇ ਨਾਂ ’ਤੇ ਉਥੇ ਵੱਸਦੇ ਮਛੇਰਿਆਂ ਲਈ ਉਜਾੜੇ ਅਤੇ ਵਾਤਾਵਰਨ ਦੀ ਤਬਾਹੀ ਦਾ ਸਬੱਬ

**ਅਮਨ ਸੰਤ ਨਗਰ**

ਕੇਰਲ ਦੀ ਰਾਜਧਾਨੀ ਤਿਰੂਵਨੰਤਪੁਰਮ ਦੇ ਨੇੜੇ ਵਿਝਿੰਜਮ ਵਿਖੇ “ਅਡਾਨੀ ਪੋਰਟਸ ਪ੍ਰਾਈਵੇਟ ਲਿਮਟਿਡ” ਵੱਲੋਂ ਜਨਤਕ ਨਿੱਜੀ ਭਾਈਵਾਲੀ (ਪੀਪੀਪੀ) ਮਾਡਲ ਤਹਿਤ ਬਣਾਈ ਜਾ ਰਹੀ ਬੰਦਰਗਾਹ ਦਾ ਨੀਂਹ ਪੱਥਰ ਉਸ ਸਮੇਂ ਦੇ ਕੇਰਲ ਦੇ ਮੁੱਖ ਮੰਤਰੀ ਓਮਨ ਚਾਂਡੀ ਦੁਆਰਾ ਦਸੰਬਰ 2015 ਵਿੱਚ ਰੱਖਿਆ ਗਿਆ ਸੀ। 7,525 ਕਰੋੜ ਰੁਪਏ ਦੀ ਲਾਗਤ ਨਾਲ਼ ਬਣਾਈ ਜਾ ਰਹੀ ਇਸ ਬੰਦਰਗਾਹ ਨੂੰ ਅਡਾਨੀ ਵੱਲੋਂ “ਦੇਸ਼ ਦਾ ਪਹਿਲਾ ਮੈਗਾ ਟਰਾਂਸਸ਼ਿਪਮੈਂਟ ਕੰਟੇਨਰ ਟਰਮੀਨਲ” ਬਣਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਅਤੇ 2019 ਤੱਕ ਇਸ ਨੂੰ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ। ਇਸ ਨਾਲ਼ ਦੇਸ਼ ਦੇ ਵਿਕਾਸ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ। ਪਰ ਅਡਾਨੀ ਤੋਂ ਛੁੱਟ ਉਥੋਂ ਦੇ ਲੋਕਾਂ ਲਈ ਅਤੇ ਵਾਤਾਵਰਣ ਲਈ ਇਸ ਪ੍ਰੋਜੈਕਟ ਦੇ ਮਾਅਨੇ ਬਿਲਕੁਲ ਹੀ ਉਲਟ ਸਨ। ਤਿਰੂਵਨੰਤਪੁਰਮ ਵਿੱਚ ਮਛੇਰਿਆਂ ਦੇ ਲਗਭਗ 10,000 ਪਰਿਵਾਰ ਵਸਦੇ ਹਨ ਜੋ ਅਡਾਨੀ ਦੇ ਮੁਨਾਫ਼ਿਆਂ ਖਾਤਰ ਕੁਦਰਤ ਨਾਲ਼ ਕੀਤੇ ਜਾ ਰਹੇ ਇਸ ਖਿਲਵਾੜ ਦੀ ਸਜ਼ਾ ਭੁਗਤ ਰਹੇ ਹਨ। ਬੀਤੇ ਚਾਰ ਸਾਲਾਂ ਤੋਂ ਵਲੀਆਥੁਰਾ ਅਤੇ ਉੱਤਰੀ ਵਿਝਿੰਜਮ ਦੇ ਨੇੜੇ-ਤੇੜੇ ਦੇ ਤੱਟਵਰਤੀ ਇਲਾਕਿਆਂ ਵਿੱਚ ਵਸਦੇ ਲਗਭਗ 350 ਪਰਿਵਾਰ ਅਜਿਹੇ ਹਨ ਜੋ ਸਮੁੰਦਰੀ ਤੱਟ ਨੂੰ ਖੋਰਾ ਲੱਗਣ ਕਾਰਨ ਤਬਾਹ ਹੋਏ ਆਪਣੇ ਘਰਾਂ ਤੋਂ ਉੱਜੜ ਕੇ, ਆਪਣੇ ਨਿੱਕੇ-ਨਿੱਕੇ ਬੱਚਿਆਂ ਨਾਲ਼ ਬੁਨਿਆਦੀ ਸਹੂਲਤਾਂ ਤੋਂ ਵਾਂਝੇ, ਰਾਹਤ ਕੈਂਪਾਂ ਵਿੱਚ ਰਹਿਣ ਲਈ ਮਜਬੂਰ ਹਨ; ਪਿਛਲੇ ਪੰਜ ਸਾਲਾਂ ਵਿੱਚ 150 ਮਛੇਰਿਆਂ ਦੀ ਤਾਂ ਸਮੁੰਦਰੀ ਹਾਦਸਿਆਂ ਵਿੱਚ ਹੀ ਮੌਤ ਹੋ ਗਈ। ਜੋ ਘਰਾਂ ਵਿੱਚ ਹਨ ਉਹਨਾਂ ਨੂੰ ਵੀ ਕਦੇ ਵੀ ਉੱਥੋਂ ਉਜਾੜੇ ਜਾਣ ਦਾ ਡਰ ਹਰ ਵੇਲ਼ੇ ਸਤਾਉਂਦਾ ਰਹਿੰਦਾ ਹੈ। “ਦੇਸ਼ ਦਾ ਪਹਿਲਾ ਮੈਗਾ ਟਰਾਂਸਸ਼ਿਪਮੈਂਟ ਕੰਟੇਨਰ ਟਰਮੀਨਲ” ਬਣਾਉਣ ਦੇ ਦਮਗਜੇ ਮਾਰਨ ਵਾਲ਼ੇ ਅਡਾਨੀ ਦਾ ਆਪਣੇ ਮੁਨਾਫ਼ਿਆਂ ਤੋਂ ਛੁੱਟ ਇਹਨਾਂ ਮਛੇਰੇ ਪਰਿਵਾਰਾਂ ਦੇ ਦੁੱਖਾਂ ਦਰਦਾਂ ਨਾਲ਼ ਕੋਈ ਵਾਹ-ਵਸਤਾ ਨਹੀਂ ਹੈ।

ਇਸੇ ਕਾਰਨ ਉੱਥੇ ਵਸਦੇ ਲੋਕਾਂ ਦਾ ਵਰ੍ਹਿਆਂ ਤੋਂ ਭਖ ਰਿਹਾ ਰੋਹ 16 ਅਗਸਤ ਨੂੰ ਫੁੱਟ ਪਿਆ। ਇਹਨਾਂ ਬੰਦਰਗਾਹ-ਵਿਰੋਧੀ ਪ੍ਰਦਰਸ਼ਨਾਂ ਵਿੱਚ ਮਛੇਰੇ ਇਹ ਦਾਅਵਾ ਕਰਦੇ ਰਹੇ ਹਨ ਕਿ ਇਸ ਦੀ ਉਸਾਰੀ ਕਾਰਨ ਸਮੁੰਦਰੀ ਤੱਟ ਨੂੰ ਖੋਰਾ ਲੱਗਿਆ ਹੈ, ਜਿਸ ਨਾਲ਼ ਇਸ ਖੇਤਰ ਵਿੱਚ ਜੈਵ ਵਿਭਿੰਨਤਾ ਅਤੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਬੇਹਦ ਨੁਕਸਾਨ ਪਹੁੰਚ ਰਿਹਾ ਹੈ। ਉਹਨਾਂ ਕੋਲ਼ੋਂ ਉਹਨਾਂ ਦੀ ਰੋਜ਼ੀ-ਰੋਟੀ ਅਤੇ ਰਿਹਾਇਸ਼ ਖੁੱਸ ਗਈ ਹੈ। ਉਹਨਾਂ ਇਹ ਮੰਗ ਕੀਤੀ ਕਿ ਜਦੋਂ ਤੱਕ ਮਾਹਰਾਂ ਦੀ ਇੱਕ ਕਮੇਟੀ, ਜਿਸ ਵਿੱਚ ਸਥਾਨਕ ਲੋਕਾਂ ਨੂੰ ਵੀ ਸ਼ਾਮਲ ਕੀਤਾ ਜਾਵੇ, ਬਣਾ ਕੇ ਬੰਦਰਗਾਹ ਉਸਾਰੀ ਦੇ ਸਮੁੰਦਰੀ ਤੱਟ ਉੱਤੇ ਪੈਣ ਵਾਲ਼ੇ ਮਾੜੇ ਪ੍ਰਭਾਵਾਂ ਸਬੰਧੀ ਪੂਰੀ ਜਾਂਚ ਪੜਤਾਲ ਨਹੀਂ ਕੀਤੀ ਜਾਂਦੀ ਓਨਾ ਚਿਰ ਇਸਦੀ ਉਸਾਰੀ ਦਾ ਕੰਮ ਮੁਕੰਮਲ ਤੌਰ ’ਤੇ ਬੰਦ ਕੀਤਾ ਜਾਣਾ ਚਾਹੀਦਾ ਹੈ। ਮੱਛੀਆਂ ਫੜਨ ਵਾਲ਼ੇ ਭਾਈਚਾਰੇ ਵੱਲੋਂ ਰੱਖੀਆ ਕੁੱਝ ਮੰਗਾਂ ਇਹ ਸਨ- 1) ਤਟਵਰਤੀ ਖੋਰੇ ਕਾਰਨ ਆਪਣੇ ਘਰ ਗੁਆਉਣ ਵਾਲ਼ੇ ਪਰਿਵਾਰਾਂ ਦਾ ਮੁੜ ਵਸੇਬਾ ਕਰਵਾਇਆ ਜਾਵੇ। 2) ਤੱਟਵਰਤੀ ਖੋਰੇ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣ। 3) ਮੌਸਮ ਦੀਆਂ ਚੇਤਾਵਨੀਆਂ ਜਾਰੀ ਕੀਤੇ ਜਾਣ ਵਾਲ਼ੇ ਦਿਨਾਂ ਵਿੱਚ ਮਛੇਰਿਆਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇ। 4) ਮੱਛੀਆਂ ਫੜਨ ਦੇ ਹਾਦਸਿਆਂ ਵਿੱਚ ਜਾਨਾਂ ਗੁਆਉਣ ਵਾਲ਼ਿਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਏ। 5) ਮਿੱਟੀ ਦੇ ਤੇਲ ਉੱਤੇ ਸਬਸਿਡੀ ਦਿੱਤੀ ਜਾਵੇ। ਮਿੱਟੀ ਦੇ ਤੇਲ ’ਤੇ ਸਬਸਿਡੀ ਦੀ ਮੰਗ ਇਹ ਦਾਅਵਾ ਕਰਦੇ ਹੋਏ ਕੀਤੀ ਗਈ ਹੈ ਕਿ ਇਸ ਪ੍ਰਾਜੈਕਟ ਕਾਰਨ ਹੋਈ ਸਮੁੰਦਰੀ ਤਬਦੀਲੀ ਕਾਰਨ ਮਛੇਰਿਆਂ ਨੂੰ ਮੱਛੀਆਂ ਫੜਨ ਲਈ ਸਮੁੰਦਰ ’ਚ ਵੱਧ ਡੂੰਘਾਈ ’ਤੇ ਜਾਣਾ ਪੈਂਦਾ ਹੈ, ਜਿਸ ਨਾਲ਼ ਬਾਲਣ ਦੀ ਲਾਗਤ ਦਾ ਬੋਝ ਵਧਦਾ ਹੈ। 6) ਮੱਛੀ ਫੜਨ ਵਾਲ਼ੇ ਖੇਤਰ ਵਿੱਚ ਕਚਰੇ, ਗਾਰ ਆਦਿ ਨੂੰ ਸਾਫ ਕਰਨ ਦੇ ਪੁਖਤਾ ਪ੍ਰਬੰਧ ਕੀਤੇ ਜਾਣ।


ਮੁਜ਼ਾਹਰੇ ਨੇ ਅਕਤੂਬਰ ਵਿੱਚ ਇੱਕ ਰਿੱਟ ਪਟੀਸ਼ਨ ਦਰਜ ਕੀਤੀ ਸੀ ਜਿਸ ਵਿੱਚ ਉਹਨਾਂ ਦੱਸਿਆ ਕਿ ਉਹਨਾਂ ਨੂੰ ਰਿਹਾਇਸ਼, ਰੋਜ਼ੀ-ਰੋਟੀ ਅਤੇ ਜੈਵ ਵਿਭਿੰਨਤਾ ਦੇ ਹੋਏ ਨੁਕਸਾਨ ਕਾਰਨ ਕੀ ਕੀ ਮੁਸ਼ਕਲਾਂ ਆ ਰਹੀਆਂ ਹਨ, ਅਤੇ ਇਸ ਕੰਮ ਨੂੰ ਕਿਉਂ ਰੋਕਿਆ ਜਾਣਾ ਚਾਹੀਦਾ ਹੈ। ਪ੍ਰੋਜੈਕਟ ਵਾਲ਼ੀ ਥਾਂ ਦੇ ਸਾਹਮਣੇ ਰੱਖੇ




ਧਰਨੇ ਨੂੰ ਸੰਬੋਧਤ ਕਰਦੇ ਹੋਏ ਮਸ਼ਹੂਰ ਵਕੀਲ ਪ੍ਰਸ਼ਾਂਤ ਭੂਸਣ ਨੇ ਵੀ ਮਲੂਰ ਵਿਖੇ ਉਸ ਖੇਤਰ ਵਿੱਚ ਹੋ ਰਹੇ ਨੁਕਸਾਨ ਲਈ ਬੰਦਰਗਾਹ ਬਣਾਉਣ ਨੂੰ ਜ਼ਿੰਮੇਵਾਰ ਠਹਿਰਾਇਆ ਸੀ। 2015 ਵਿੱਚ ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਤੋਂ ਕੁੱਝ ਮਹੀਨੇ ਬਾਅਦ ਹੀ, ਇੱਕ ਮਛੇਰੇ ਵੱਲੋਂ ਦਰਜ ਰਿਟ ਦੇ ਜਵਾਬ ਵਿੱਚ 2016 ਵਿੱਚ ਸਰਵਉੱਚ ਅਦਾਲਤ ਦਾ ਇਹ ਬਿਆਨ ਸੀ ਕਿ ਸਿਰਫ ਕੁੱਝ ਮਛੇਰਿਆਂ ਨੂੰ ਹੁੰਦੇ ਨੁਕਸਾਨ ਕਾਰਨ ਇਸ “ਕੌਮੀ ਮਹੱਤਵ” ਦੇ ਪ੍ਰੋਜੈਕਟ ਨੂੰ ਰੋਕਿਆ ਨਹੀਂ ਜਾ ਸਕਦਾ। ਕਿੰਨੀ ਹੈਰਾਨ ਕਰਨ ਵਾਲ਼ੀ ਗੱਲ ਹੈ ਕਿ ਇਹ ਕੇਰਲਾ ਦੇ ਉਹ ਗਰੀਬ ਮਛੇਰੇ ਹਨ ਜਿਨ੍ਹਾਂ ਨੇ ਕੇਰਲਾ ਵਿੱਚ ਆਏ ਹੜ੍ਹਾਂ ਵੇਲ਼ੇ ਆਪਣੀਆਂ ਨਿੱਕੀਆਂ ਨਿੱਕੀਆਂ ਬੇੜੀਆਂ ਨਾਲ਼ ਸਮੁੰਦਰ ਦੇ ਕੰਢੇ ਵਸੇ ਆਪਣੇ ਘਰਾਂ ਤੋਂ 100 ਕਿਲੋਮੀਟਰ ਦੂਰ ਜਾ ਕੇ ਉੱਥੇ ਫਸੇ ਲੋਕਾਂ ਨੂੰ ਕੱਢਣ ਦਾ ਕੰਮ ਕੀਤਾ। ਬਿਨਾਂ ਕਿਸੇ ਲਾਲਚ, ਸੁਆਰਥ ਜਾਂ ਮਜਬੂਰੀ ਤੋਂ ਹਮਦਰਦੀ ਤੇ ਸਨੇਹ ਦੀ ਮਨੁੱਖੀ ਭਾਵਨਾ ਨਾਲ਼ ਲਬਰੇਜ਼ ਇਹਨਾਂ ਮਛੇਰਿਆਂ ਨੇ ਆਪਣੀ ਜਾਨ ਖਤਰੇ ਵਿੱਚ ਪਾ ਕੇ ਬਿਨਾਂ ਕਿਸੇ ਧਰਮ, ਫਿਰਕੇ, ਜਾਤ, ਤਬਕੇ ਆਦਿ ਦੇ ਮੱਤਭੇਦ ਤੋਂ ਲੋਕਾਂ ਦੀ ਮਦਦ ਕੀਤੀ। ਪਰ ਅੱਜ ਜਦ ਇਹਨਾਂ ਦੇ ਘਰ ਉਜਾੜੇ ਜਾ ਰਹੇ ਹਨ ਤਾਂ ਦੇਸ਼ ਦੀ ਸਰਵਉੱਚ ਅਦਾਲਤ ਦੀਆਂ ਨਜ਼ਰਾਂ ਵਿੱਚ ਵੀ ਸਰਮਾਏਦਾਰਾਂ ਦੇ ਮੁਨਾਫ਼ਿਆਂ ਦਾ, ਉਹਨਾਂ ਦੇ ਵਣਜ ਅਤੇ ਆਰਥਿਕਤਾ ਦਾ, ਮਛੇਰਿਆਂ ਦੀ ਜ਼ਿੰਦਗੀ ਨਾਲ਼ੋਂ ਵੱਧ ਮਹੱਤਵ ਹੈ। ਭਾਜਪਾ ਦਾ ਲੋਕ ਦੋਖੀ ਰਵੱਈਆ ਤਾਂ ਜੱਗਜਾਹਰ ਹੈ ਹੀ ਕੇਰਲ ਦੀ ਮਾਕਪਾ ਦੀ ਸਰਕਾਰ ਵੀ ਮਛੇਰਿਆਂ ਦੇ ਇਸ ਸੰਘਰਸ਼ ਦੇ ਵਿਰੋਧ ਵਿੱਚ ਖੜ੍ਹੀ ਹੈ। ਸਰਕਾਰ ਨੇ ਮਿੱਟੀ ਦੇ ਤੇਲ ਉੱਤੇ ਸਬਸਿਡੀ ਅਤੇ ਬੰਦਰਗਾਹ ਦੀ ਉਸਾਰੀ ਨੂੰ ਰੋਕਣ ਤੋਂ ਬਿਨਾਂ ਬਾਕੀ ਮੰਗਾਂ ਮੰਨਣ ਦਾ ਪਾਖੰਡ ਕਰਕੇ ਜਿਸ ਤਰ੍ਹਾਂ ਲੋਕਾਂ ਦੇ ਇਸ ਸੰਘਰਸ਼ ਨੂੰ ਦਬਾਇਆ ਹੈ ਇਸ ਤੋਂ ਸਾਫ ਜਾਹਰ ਹੁੰਦਾ ਹੈ ਕਿ ਲੋਕਾਂ ਦਾ ਉਜਾੜਾ ਹੁੰਦਾ ਤਾਂ ਹੋ ਜਾਏ, ਵਾਤਾਵਰਣ ਨਾਲ਼ ਖਿਲਵਾੜ ਹੁੰਦਾ ਤਾਂ ਹੁੰਦਾ ਰਹੇ, ਸਮੁੰਦਰੀ ਤੱਟ ਜਿੰਨਾਂ ਮਰਜੀ ਖੁਰ ਜਾਣ ਬੱਸ ਅੰਬਾਨੀਆਂ ਅਡਾਨੀਆਂ ਦੇ ਮੁਨਾਫੇ ਨਹੀਂ ਖੁਰਨੇ ਚਾਹੀਦੇ।

ਹੁਣ ਗੱਲ ਤੁਰੀ ਹੈ ਤਾਂ ਇਹਨਾਂ ਦੇ ਮੁਨਾਫ਼ਿਆਂ ’ਤੇ ਵੀ ਇੱਕ ਨਿੱਕੀ ਜਿਹੀ ਝਾਤ ਮਾਰ ਹੀ ਲੈਂਦੇ ਹਾਂ। 7,525 ਕਰੋੜ

(ਬਾਕੀ ਸਫ਼ਾ ਸਫ਼ਾ 16 ’ਤੇ)












ਡਾ. ਕੁਲਦੀਪ ਸਿੰਘ
98151-15429

# ਰੇਲਵੇ ਫਾਟਕ ਤੋਂ ਮੈਨੂੰ ਡਰ ਕਿਉਂ ਲੱਗਦਾ ਹੈ




ਇਤਿਹਾਸ ਬੜਾ ਜ਼ਾਲਮ ਹੁੰਦਾ ਹੈ। ਅਕਸਰ ਇਤਿਹਾਸਕਾਰ ਬੀਤੇ ਦੀਆਂ ਕਬਰਾਂ ਪੁੱਟ ਕੇ ਵੀ ਇਤਿਹਾਸ ਨੂੰ ਲੋਕਾਂ ਦੇ ਸਨਮੁੱਖ ਖੜ੍ਹਾ ਕਰ ਦਿੰਦੇ ਹਨ। ਕਈ ਵਾਰੀ ਮਨੁੱਖੀ ਤਰਾਸਦੀਆਂ ਵੀ ਵਾਰ-ਵਾਰ ਮੰਗ ਕਰਦੀਆਂ ਨੇ ਕਿ ਉਨ੍ਹਾਂ ਨੂੰ ਚੇਤਿਆਂ 'ਚੋਂ ਭੁਲਾਇਆ ਨਾ ਜਾਵੇ ਕਿਉਂਕਿ ਉਸ ਵਿਚ ਉਨ੍ਹਾਂ ਸਮਿਆਂ ਦੀ ਰਾਜਨੀਤੀ ਤੋਂ ਲੈ ਕੇ ਲੋਕਾਂ ਦੇ ਬਹੇ ਹੋਏ ਖ਼ੂਨ ਦੇ ਕਤਰੇ ਸਮੋਏ ਹੁੰਦੇ ਹਨ। ਇਸ ਕਰਕੇ ਜਦੋਂ ਵੀ 26 ਦਸੰਬਰ 1991 ਦੀ ਭਿਆਨਕ ਰਾਤ ਮੁੜ ਚੇਤੇ ਵਿਚ ਆਉਂਦੀ ਹੈ, ਅਕਸਰ ਤ੍ਰਬਕ ਕੇ ਉੱਠ ਜਾਂਦਾ ਹਾਂ ਅਤੇ ਅਤੀਤ, ਵਰਤਮਾਨ ਤੇ ਭਵਿੱਖ ਬਾਰੇ ਸੋਚਣ ਲੱਗਦਾ ਹਾਂ। ਉਸ ਰਾਤ 7 ਵਜੇ ਦੇ ਕਰੀਬ ਮੇਰੇ ਪਿੰਡ ਸੋਹੀਆਂ ਕੋਲੋਂ ਲੰਘ ਰਹੀ ਲੁਧਿਆਣੇ ਤੋਂ ਫਿਰੋਜ਼ਪੁਰ ਜਾਣ ਵਾਲੀ ਟਰੇਨ ਰੋਕ ਕੇ ਵੱਖ-ਵੱਖ ਡੱਬਿਆਂ ਵਿਚ ਗੋਲੀਆਂ ਨਾਲ 50 ਤੋਂ ਵੱਧ ਯਾਤਰੀਆਂ ਦੀ ਹੱਤਿਆ ਕਰ ਦਿੱਤੀ ਗਈ ਸੀ। ਪੰਜਾਬ ਦੇ ਉਨ੍ਹਾਂ ਕਾਲੇ ਦਿਨਾਂ ਦੇ ਦੌਰ ਦਾ ਇਹ ਸਭ ਤੋਂ ਵੱਡਾ ਹੱਤਿਆ ਕਾਂਡ ਸੀ।

ਲੁਧਿਆਣਾ ਵੱਖ ਵੱਖ ਕਾਮਿਆਂ ਲਈ ਉਨ੍ਹਾਂ ਦੀ ਜੀਵਿਕਾ ਦਾ ਕੇਂਦਰ ਸੀ। ਰੋਜ਼ਮੱਰਾ ਜ਼ਿੰਦਗੀ ਦੀ ਗੁਜਰ-ਬਸਰ ਲਈ ਮੁੱਲਾਂਪੁਰ, ਜਗਰਾਓਂ ਤੇ ਮੋਗਾ ਤੋਂ ਦਿਹਾੜੀਦਾਰ ਅਤੇ ਮੁਲਾਜ਼ਮ ਆਪਣੀ ਜੀਵਿਕਾ ਲਈ ਜਾਂਦੇ ਸਨ ਜਿਨ੍ਹਾਂ ਵਿਚ ਹੌਜ਼ਰੀ ਨਾਲ ਜੁੜੇ ਕਾਰੀਗਰ, ਸਾਈਕਲ ਬਣਾਉਣ ਵਾਲੇ ਕਾਮੇ, ਬਿਜਲੀ ਬੋਰਡ ਦੇ ਮੁਲਾਜ਼ਮ ਅਤੇ ਵੱਖ ਵੱਖ ਛੋਟੇ ਛੋਟੇ ਕਿੱਤੇ ਕਰਨ ਵਾਲੇ ਦੁਕਾਨਦਾਰ ਹੁੰਦੇ ਸਨ। ਉਹ ਰੋਜ਼ਾਨਾ ਕੰਮ-ਧੰਦੇ ਤੋਂ ਬਾਅਦ ਆਪੋ-ਆਪਣੇ ਘਰ ਪਰਤਦੇ ਸਨ।

ਜਿਉਂ ਹੀ ਚੌਕੀਮਾਨ ਦੇ ਸਟੇਸ਼ਨ ਤੋਂ ਰੇਲ ਗੱਡੀ ਚਲਦੀ ਹੈ, ਕੋਈ ਅਗਿਆਤ ਹਮਲਾਵਰ ਗੱਡੀ ਰੋਕਣ ਵਾਲੀ ਤਾਰ ਖਿੱਚ ਦਿੰਦਾ ਹੈ ਅਤੇ ਗੱਡੀ ਮੇਰੇ ਪਿੰਡ ਦੇ ਨੇੜੇ ਆ ਕੇ ਗੱਡੀ ਰੁਕ ਜਾਂਦੀ ਹੈ। ਬਸ, ਫਿਰ ਭਾਣਾ ਸਮਝੋ ਜਾਂ ਤਰਾਸਦੀ, ਚੰਦ ਪਲਾਂ ਅੰਦਰ ਹੀ ਏਕੇ-47 ਨਾਲ ਵੱਖ ਵੱਖ ਡੱਬਿਆਂ ਵਿਚ ਕਿੰਨੇ ਹੀ ਮਾਵਾਂ ਦੇ ਪੁੱਤ, ਪਤਨੀਆਂ ਦੇ ਪਤੀ ਅਤੇ ਬੱਚਿਆਂ ਦੇ ਪਿਤਾ ਸਦਾ ਦੀ ਨੀਂਦ ਸੁਲਾ ਦਿੱਤੇ ਜਾਂਦੇ ਹਨ ਅਤੇ ਦਰਜਨਾਂ ਜ਼ਖ਼ਮੀ ਕਰ ਦਿੱਤੇ ਜਾਂਦੇ ਹਨ। ਦੂਰ ਤੱਕ ਲੋਕਾਂ ਦੇ ਰੋਣ ਅਤੇ ਭੱਜਣ ਦੀਆਂ ਆਵਾਜ਼ਾਂ 'ਬਚਾਓ, ਬਚਾਓ' ਦੇ ਰੂਪ ਵਿਚ ਕੰਨਾਂ ਨੂੰ ਸੁਣਾਈ ਦਿੰਦੀਆਂ ਹਨ। ਲੋਕ ਆਪ ਮੁਹਾਰੇ, ਭਲਾ ਹੀ ਉਹ ਡਰੇ ਹੋਏ ਸਨ, ਆਪਣੇ ਦਰਵਾਜ਼ੇ ਖੋਲ੍ਹਦੇ ਹਨ ਅਤੇ ਮੌਤ ਦੇ ਡਰ ਤੋਂ ਬਚ ਕੇ ਆਇਆਂ ਨੂੰ ਪਨਾਹ ਦਿੰਦੇ ਹਨ।

ਇਸ ਰਾਤ ਵੱਡੀ ਗਿਣਤੀ ਵਿਚ ਜਿਨ੍ਹਾਂ ਦੇ ਪੁੱਤ ਕੰਮ ਤੋਂ ਘਰੇ ਨਹੀਂ ਸੀ ਪਰਤੇ, ਉਹ ਆਪਣੇ ਪੁੱਤਰਾਂ ਨੂੰ ਲੱਭਣ ਲਈ ਸਕੂਟਰਾਂ ਉਪਰ ਜਗਰਾਓਂ ਤੋਂ ਪਹੁੰਚ ਰਹੇ ਹਨ। ਰੋਣ-ਕੁਰਲਾਉਣ ਦੀਆਂ ਆਵਾਜ਼ਾਂ ਅਸਮਾਨ ਨੂੰ ਬੇਜਾਨ ਕਰ ਰਹੀਆਂ ਹਨ। ਹਰ ਕੋਈ ਆਪਣੇ ਜੀਅ ਨੂੰ ਤਲਾਸ਼ ਰਿਹਾ ਸੀ। ਜ਼ਖ਼ਮੀਆਂ ਨੂੰ ਜਗਰਾਓਂ ਅਤੇ ਮੁੱਲਾਂਪੁਰ ਦੇ ਹਸਪਤਾਲਾਂ ਵਿਚ ਪਹੁੰਚਾਇਆ ਜਾ ਰਿਹਾ ਸੀ। ਜਿਨ੍ਹਾਂ ਦੀ ਹਾਲਤ ਬਹੁਤ ਗੰਭੀਰ ਸੀ, ਉਨ੍ਹਾਂ ਨੂੰ ਦਿਆਨੰਦ ਹਸਪਤਾਲ ਲਿਜਾਇਆ ਗਿਆ। 27 ਦਸੰਬਰ ਨੂੰ ਵੱਖ ਵੱਖ ਥਾਵਾਂ ਤੋਂ ਆਏ ਆਪਣੇ ਧੀਆਂ ਪੁੱਤਾਂ ਦੀਆਂ ਲਾਸ਼ਾਂ ਲੱਭ ਰਹੇ ਸਨ। ਸ਼ਾਮ ਦੇ 5 ਵਜੇ ਤੱਕ ਜਗਰਾਓਂ ਦੇ ਸ਼ਮਸ਼ਾਨਘਾਟ ਵਿਚ ਇਕੋ ਸਥਾਨ 'ਤੇ 24 ਲਾਸ਼ਾਂ ਪਹੁੰਚ ਚੁੱਕੀਆਂ ਸਨ। ਸਮੁੱਚਾ ਸ਼ਹਿਰ ਅਤੇ ਇਲਾਕਾ ਗ਼ਮਗੀਨ ਹੋਇਆ ਸਿਰ ਝੁਕਾਈ ਖੜ੍ਹਾ ਸੀ। ਜਗਰਾਓਂ ਦਾ ਕੋਈ ਵੀ ਅਜਿਹਾ ਮਹੱਲਾ ਨਹੀਂ ਸੀ


ਬੱਚਿਆਂ ਜਿਨ੍ਹਾਂ ਦਾ ਧੀ ਪੁੱਤ ਇਸ ਵਾਰਦਾਤ ਵਿਚ ਆਪਣੀ ਜਾਨ ਨਾ ਗਵਾ ਚੁੱਕਾ ਹੋਵੇ।

ਅੱਜ ਵੀ ਚੇਤਿਆਂ ਵਿਚ ਦੋ ਸਖਸ ਰਾਕੇਸ਼ ਕੁਮਾਰ ਅਤੇ ਜੋਗਿੰਦਰ ਸਿੰਘ ਆਉਂਦੇ ਹਨ ਜਿਨ੍ਹਾਂ ਨੇ ਮੂਹਰੇ ਹੋ ਕੇ ਮਾਰਨ ਵਾਲਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਕਿਹਾ ਕਿ ਕਿਉਂ ਕਹਿਰ ਕਰ ਰਹੇ ਹੋ ਅਤੇ ਆਪਣੀ ਜਾਨ ਵਾਰ ਦਿੱਤੀ। ਇਸ ਵਾਰਦਾਤ ਨੇ ਮੇਰੇ ਪਿੰਡ ਅਤੇ ਇਲਾਕੇ ਨੂੰ ਤੁਰੰਤ ਫੌਜੀ ਕਮਾਂਡ ਹੇਠ ਲੈ ਆਂਦਾ। ਮਾਰਨ ਵਾਲੇ ਤਾਂ ਕਾਰਾ ਕਰਕੇ ਚਲੇ ਗਏ ਪਰ ਦੂਸਰੇ ਦਿਨ ਸਮੁੱਚੇ ਪਿੰਡ ਨਾਲ ਜੋ ਭਾਣਾ ਵਾਪਰਿਆ, ਉਹ ਵੀ ਕਿਸੇ ਹਾਦਸੇ ਤੋਂ ਘੱਟ ਨਹੀਂ ਸੀ। ਲੋਕਾਂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਗਈ; ਅਖੇ, ਵਾਰਦਾਤ ਕਰਨ ਵਾਲਿਆਂ ਨੇ ਤੁਹਾਡੇ ਹੀ ਘਰਾਂ ਵਿਚ ਪਨਾਹ ਲਈ ਹੋਈ ਹੈ। ਇਕ ਪਾਸੇ ਲੋਕ ਅਜੇ ਰਾਤ ਨੂੰ ਵਾਪਰੀ ਦਿਲ ਕੰਬਾਊ ਤਰਾਸਦੀ ਵਿਚੋਂ ਨਹੀਂ ਸਨ ਉਭਰੇ ਅਤੇ ਦੂਸਰੇ ਪਾਸੇ ਮਿਲਟਰੀ ਦੇ ਬੂਟਾਂ ਲੋਕਾਂ ਅੰਦਰ ਸਹਿਮ ਪੈਦਾ ਕਰ ਦਿੱਤਾ।

ਜਦੋਂ ਵੀ ਮੈਂ ਹੁਣ ਇਸ ਰੇਲ ਪਟੜੀ ਤੋਂ ਲੰਘਦਾ ਹਾਂ ਤਾਂ ਮੈਨੂੰ ਉਥੇ ਹੀ ਕਿਤੇ ਘੁੰਮ ਰਿਹਾ ਕੋਈ ਰਾਕੇਸ਼ ਨਰੂਲਾ, ਮਾਸਟਰ ਰਾਮਨਾਥ, ਗੁਰਦੇਵ ਚੰਦ, ਜੋਗਿੰਦਰ ਸਿੰਘ ਆਦਿ ਯਾਦ ਆ ਜਾਂਦਾ ਹੈ। ਹੁਣ ਜਦੋਂ ਉਠਦੀਆਂ ਗਰਮ ਹਵਾਵਾਂ ਮਹਿਸੂਸ ਕਰਦਾ ਹਾਂ ਤਾਂ ਇੰਝ ਜਾਪਣ ਲੱਗ ਪੈਂਦਾ ਹੈ ਕਿ ਇੰਨੇ ਖ਼ੂਨ-ਖਰਾਬੇ ਤੋਂ ਬਾਅਦ ਵੀ ਅਸੀਂ ਸ਼ਾਇਦ ਕੁਝ ਨਹੀਂ ਸਿੱਖਿਆ।


ਅਜਿਹੀਆਂ ਤਰਾਸਦੀਆਂ ਪੰਜਾਬ ਦੇ ਹਰ ਕੋਨੇ ਵਿਚ ਵਾਪਰੀਆਂ ਹਨ ਜਿਹੜੀਆਂ ਪਤਾ ਨਹੀਂ ਮੇਰੇ ਵਰਗੇ ਹੋਰ ਕਿੰਨਿਆਂ ਨੂੰ ਤੜਫਾ ਰਹੀਆਂ ਹੋਣਗੀਆਂ। ਇਹ ਸਵਾਲ ਹਮੇਸ਼ਾ ਮਨ ਉਪਰ ਭਾਰੂ ਰਹਿੰਦਾ ਹੈ ਕਿ ਉਨ੍ਹਾਂ ਪਰਿਵਾਰਾਂ ਦਾ ਕੀ ਬਣਿਆ ਜਿਨ੍ਹਾਂ ਦੇ ਜਵਾਨ ਧੀਆਂ ਪੁੱਤ ਉਸ ਅੱਗ ਵਿਚ ਭਸਮ ਹੋ ਗਏ? ਅਜਿਹੀਆਂ ਤਰਾਸਦੀਆਂ ਸਮਾਜ ਨੂੰ ਤਾਂ ਬੇਚੈਨ ਕਰਦੀਆਂ ਹੀ ਹਨ ਬਲਕਿ ਜਦੋਂ ਵੀ ਕੋਈ ਨਵੀਂ ਤਰਾਸਦੀ ਲਈ ਨਵੀਂ ਜ਼ਮੀਨ ਤਿਆਰ ਕੀਤੀ ਜਾ ਰਹੀ ਹੋਵੇ, ਉਸ ਵੇਲੇ ਸੋਚਣ ਲਈ ਮਜਬੂਰ ਵੀ ਕਰਦੀਆਂ ਹਨ। ਜਿੰਨਾ ਮਰਜ਼ੀ ਆਪਣੇ ਆਪ ਨੂੰ ਸੰਤੁਲਨ ਵਿਚ ਰੱਖਣ ਦੀ ਕੋਸ਼ਿਸ਼ ਕਰਾਂ ਪਰ ਪਿੰਡ ਵਾਲੀ ਰੇਲ ਪਟੜੀ ਰਾਹ ਰੋਕ ਲੈਂਦੀ ਹੈ ਅਤੇ ਸਵਾਲ ਕਰਦੀ ਹੈ ਕਿ ਤੁਹਾਡੇ ਇਧਰ ਉਧਰ ਜਿਹੜੇ ਸਵਾਲ ਖੜ੍ਹੇ ਹਨ, ਉਹ ਮੁੜ ਮੁੜ ਜਵਾਬ ਮੰਗਦੇ ਹਨ ਕਿ ਕਿਤੇ ਅਸੀਂ ਵੱਖ ਵੱਖ ਧਰਮਾਂ, ਜਾਤਾਂ ਅਤੇ ਜਮਾਤਾਂ ਦੇ ਆਪਸੀ ਰਿਸ਼ਤਿਆਂ ਨੂੰ ਤੋੜਨ ਦਾ ਕਾਰਜ ਤਾਂ ਨਹੀਂ ਕਰ ਰਹੇ? ਸਭਿਅਕ ਸਮਾਜ ਕਿਰਤ ਕਰਨ ਵਾਲੇ ਲੋਕਾਂ ਦੀ ਮਿਹਨਤ ਉਪਰ ਹੀ ਉਸਰਿਆ ਹੁੰਦਾ ਹੈ। ਬਹੁਤੀ ਕੀਮਤ ਮਿਹਨਤਕਸਾਂ ਨੂੰ ਹੀ ਉਤਾਰਨੀ ਪੈਂਦੀ ਹੈ ਪਰ ਜਿਹੜੀ ਕੀਮਤ ਸੋਹੀਆਂ ਰੇਲਵੇ ਕਾਂਡ ਵਿਚ ਤਾਰੀ ਪਈ, ਉਸ ਦਾ ਜਵਾਬ ਮੇਰੇ ਕੋਲ ਤਾਂ ਹੈ ਨਹੀਂ; ਜੇ ਕਿਸੇ ਕੋਲ ਹੋਵੇ ਜਾਂ ਇਹ ਹੀ ਮਸਲਿਆਂ ਦੇ ਹੱਲ ਹੋਣ, ਇਸ ਦੇ ਆਧਾਰ 'ਤੇ ਹੀ ਕੋਈ ਸਮਾਜ ਉਸਰਦਾ ਹੋਵੇ ਤਾਂ ਉਸ ਦਾ ਜਵਾਬ ਲੱਭਣਾ ਜ਼ਰੂਰੀ ਹੈ ਪਰ ਮੈਂ ਅੱਜ ਵੀ ਰੇਲ ਪਟੜੀ ਤੋਂ ਦਹਿਸਤਜਦਾ ਹਾਂ।

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2022 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
(37326)
Special Packages Available For All Occasions

Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN

# ਮਾਲਬਰੋਜ ਫੈਕਟਰੀ ਜੀਰਾ ਦੀ ਅੱਜਕਲ੍ਹ ਬਹੁਤ ਚਰਚਾ ਹੈ

ਮਾਲਬਰੋਜ ਫੈਕਟਰੀ ਜੀਰਾ ਦੀ ਅੱਜਕਲ੍ਹ ਬਹੁਤ ਚਰਚਾ ਹੈ। ਫੈਕਟਰੀ ਦੀ ਮੈਨੇਜਮੈਂਟ ਅਤੇ ਸਰਕਾਰ ਦੀਆਂ ਤਮਾਮ ਏਜੰਸੀਆਂ ਜਿਵੇਂ ਪਾਲੂਸਨ ਕੰਟਰੋਲ ਬੋਰਡ, ਨੈਸਨਲ ਗਰੀਨ ਟ੍ਰਿਬਿਊਨਲ, ਬਿਊਰੋਕ੍ਰੇਸੀ ਅਤੇ ਹੁਣ ਅਦਾਲਤਾਂ ਵਿਚ ਬੈਠੇ ਜੱਜਾਂ ਨੂੰ ਕਿਧਰੇ ਵੀ ਕੋਈ ਪਾਲੂਸਨ ਨਜਰ ਨਹੀਂ ਆਉਂਦਾ। ਪਰ ਇਸਦੇ ਬਾਵਜੂਦ ਇਲਾਕੇ ਦੇ ਸਭ ਲੋਕ ਉਥੇ ਕਰੀਬ ਪੰਜ ਮਹੀਨੇ ਤੋਂ ਧਰਨੇ ਤੇ ਬੈਠੇ ਹਨ। ਮਸਲਾ ਬੜਾ ਗੁੰਝਲਦਾਰ ਲਗਦਾ ਹੈ ਪਰ ਅਸਲ ਵਿੱਚ ਇਹ ਅਜਿਹਾ ਹੈ ਨਹੀਂ।

ਅਸੀਂ ਇਸ ਮਸਲੇ ਦੇ ਸਿਰਫ ਟੈਕਨੀਕਲ ਪਹਿਲੂ ਤੇ ਗੱਲ ਕਰਾਂਗੇ। ਮਾਲਬਰੋਜ ਫੈਕਟਰੀ ਦੇ ਖੁਦ ਦੇ ਵੈੱਬਸਾਈਟ ਮੁਤਾਬਕ ਇਸ ਫੈਕਟਰੀ ਦੇ ਪ੍ਰਾਡਕਟ ਲਿਸਟ ਵਿੱਚ ਸਿਲਵਰ ਪੋਟਾਸੀਅਮ ਸਾਇਆਨਾਇਡ ਅਤੇ ਫੀਜੋਟੈਰੋਡੀਨ ਫਿਊਮਾਰੇਟ ਵਗੈਰਾ ਬਣਦੇ ਹਨ। ਇਹ ਆਪਣੇ ਆਪ ਵਿੱਚ ਹੀ ਕਾਫੀ ਸਟਰੌਂਗ ਜਹਿਰ ਹਨ।

ਇਲਾਕੇ ਦੇ ਲੋਕਾਂ ਦਾ ਇਹ ਕਹਿਣਾ ਕਿ ਉਹਨਾਂ ਦੇ ਇਲਾਕੇ ਵਿੱਚ ਇਸ ਫੈਕਟਰੀ ਦੀ ਬਦੌਲਤ ਕੈਂਸਰ, ਕਿਡਨੀ ਅਤੇ ਲਿਵਰ ਵਗੈਰਾ ਦੀਆਂ ਬੀਮਾਰੀਆਂ ਫੈਲ ਗਈਆਂ ਹਨ। ਇਸ ਗੱਲ ਵਿੱਚ ਕਿੰਨੀ ਸਚਾਈ ਹੈ, ਇਹ ਸਮਝਣ ਲਈ ਕੁਝ ਟੈਕਨੀਕਲ ਨੁਕਤਿਆਂ ਨੂੰ ਸਮਝਣਾ ਜਰੂਰੀ ਹੈ। ਅਗਰ ਉਪਰ ਲਿਖੇ ਕੈਮੀਕਲ ਅਤੇ ਇਹਨਾਂ ਨਾਲ ਰਲਦੇ ਮਿਲਦੇ ਕੈਮੀਕਲ ਜੋ ਫੈਕਟਰੀ ਹੋ ਸਕਦਾ ਹੈ ਕਿ ਹੋਰ ਵੀ ਬਣਾ ਰਹੀ ਹੋਵੇ, ਉਪਰ ਲਿਖੀਆਂ ਬੀਮਾਰੀਆਂ ਫੈਲਾਉਣ ਲਈ ਕਾਫੀ ਹੱਦ ਤਕ ਜਿੰਮੇਵਾਰ ਹੋ ਸਕਦੇ ਹਨ। ਸਾਇਆਨਾਇਡ ਅਤੇ ਫਿਊਮਾਰੇਟ ਗਰੁੱਪ ਦੇ ਕੈਮੀਕਲ ਆਪਣੇ ਆਪ ਵਿੱਚ ਹੀ ਅਜਿਹਾ ਕਰਨ ਲਈ ਕਾਫੀ ਹਨ।



ਇਨਸਾਨੀ ਸਰੀਰ ਲਈ ਇਹ ਵਾਕਿਆ ਹੀ ਹਾਨੀਕਾਰਕ ਹਨ। ਮੈਡੀਕਲ ਹਿਸਟਰੀ ਵਿਚ ਇਹਨਾਂ ਅਤੇ ਇਹਨਾਂ ਦੇ ਨਾਲ ਰਲਦੇ ਮਿਲਦੇ ਕੈਮੀਕਲਾਂ ਦੇ ਅਜਿਹੇ ਪ੍ਰਭਾਵ ਜਗਜਾਹਿਰ ਹਨ।

ਇਸ ਸਮੱਸਿਆ ਦਾ ਇੱਕ ਹੋਰ ਟੈਕਨੀਕਲ ਪਹਿਲੂ ਉਹ ਟੈਕਨੀਕਲ ਕਲੀਅਰੈਂਸ ਸਰਟੀਫਿਕੇਟ ਹਨ ਜੋ ਵੱਖ ਵੱਖ ਮਹਿਕਮਿਆਂ ਵੱਲੋਂ ਇਸ ਫੈਕਟਰੀ ਨੂੰ ਮਿਲ ਚੁੱਕੇ ਹਨ ਜਿਵੇਂ ਵਾਟਰ ਪਾਲਿਊਸਨ ਕਲੀਅਰੈਂਸ ਸਰਟੀਫਿਕੇਟ ਕਿ ਇਸ ਫੈਕਟਰੀ ਦੇ ਜਮੀਨ ਵਿੱਚ ਛੱਡੇ ਗਏ ਪਾਣੀ ਵਿੱਚ ਕਿਸੇ ਵੀ ਕਿਸਮ ਦੇ ਕੈਮੀਕਲਾਂ ਦਾ ਨਾ ਪਾਇਆ ਜਾਣਾ। ਇਸ ਬਾਰੇ ਇਕ ਗੱਲ ਕਹਿਣੀ ਬਹੁਤ ਜਰੂਰੀ ਹੈ ਕਿ ਇੰਟਰਨੈਸਨਲ ਨਿਯਮਾਂ ਦੇ ਮੁਤਾਬਕ ਖਾਸਕਰ ਅਮਰੀਕਾ ਸਰਕਾਰ ਦੇ ਵਾਟਰ ਸੇਫਟੀ ਨਿਯਮਾਂ ਮੁਤਾਬਕ ਇਹ ਗੱਲ ਮਹੱਤਵ ਪੂਰਨ ਹੈ ਕਿ ਅਗਰ ਵਾਟਰ ਰਿਪੋਰਟ ਕਲੀਅਰ ਵੀ ਹੈ ਪਰ ਆਉਣ ਵਾਲੇ ਵਕਤ ਦੌਰਾਨ ਪਾਣੀ ਵਿੱਚ ਕੰਟੈਮੀਨੇਸਨ ਆਉਣ ਦੀ ਸੰਭਾਵਨਾ ਮੌਜੂਦ ਹੈ ਤਾਂ ਉਸ ਰਿਪੋਰਟ ਨੂੰ ਫਾਈਨਲ ਨਹੀਂ ਮੰਨਿਆ ਜਾ ਸਕਦਾ ਅਤੇ ਪਲਿਊਸਨ ਕਲੀਅਰੈਂਸ ਸਰਟੀਫਿਕੇਟ ਨਹੀਂ ਦਿੱਤਾ ਜਾ ਸਕਦਾ। ਫਿਰ ਕਿਵੇਂ ਫਿਊਮਾਰੇਟ ਅਤੇ ਸਾਇਆਨਾਇਡ ਵਰਗੇ ਕੈਮੀਕਲਾਂ ਦੁਆਰਾ ਵਾਟਰ ਕੰਟੈਮੀਨੇਸਨ ਦੀ ਸੰਭਾਵਨਾ ਬਣੇ ਰਹਿੰਦੇ ਹੋਏ ਕਿਸੇ ਫੈਕਟਰੀ ਨੂੰ ਵਾਟਰ ਪਾਲਿਊਸਨ ਕਲੀਅਰੈਂਸ ਸਰਟੀਫਿਕੇਟ ਮਿਲ ਸਕਦਾ ਹੈ?

ਇੱਕ ਦੂਸਰਾ ਪਹਿਲੂ ਵੀ ਹੈ ਕਿ ਅਸੀਂ ਸਾਰੇ ਭੋਪਾਲ ਗੈਸ ਟਰੈਜਡੀ ਬਾਰੇ ਜਾਣਦੇ ਹਾਂ। ਇਹੋ ਜਿਹੇ ਪਾਲਿਊਸਨ ਕਲੀਅਰੈਂਸ ਸਰਟੀਫਿਕੇਟ ਤਾਂ ਉਸ ਫੈਕਟਰੀ ਕੋਲ ਵੀ ਰਹੇ ਹੋਣਗੇ। ਫਿਰ ਕਿਸ ਤਰ੍ਹਾਂ ਉਹ ਫੈਕਟਰੀ ਅਚਾਨਕ ਹੀ ਇੱਕ ਖੌਫਨਾਕ ਹਾਦਸੇ ਦਾ ਕਾਰਨ ਬਣ ਜਾਂਦੀ ਹੈ ਅਤੇ ਇੱਕ ਭਿਆਨਕ ਰਾਤ ਨੂੰ ਹਜਾਰਾਂ ਲੋਕਾਂ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। ਕੀ ਪੰਜਾਬ ਸਰਕਾਰ ਇਹ ਚਾਹੁੰਦੀ ਹੈ ਕਿ ਇਹ ਉਂਨੇ ਦਿਨਾਂ ਤੱਕ ਗਹਿਰੀ ਨੀਂਦ ਸੁੱਤੀ ਰਹੇਗੀ ਜਿੰਨੇ ਦਿਨਾਂ ਤੱਕ ਕਿਸੇ ਵੱਡੇ ਸਾਇਆਨਾਇਡ ਜਾਂ ਫਿਊਮਾਰੇਟ ਸਪਿੱਲੇਜ ਜਾਂ ਫੈਕਟਰੀ ਵਿੱਚ ਕਿਸੇ ਐਕਸੀਡੈਂਟ ਜਾਂ ਧਮਾਕੇ ਵਗੈਰਾ ਦੀ ਵਜ੍ਹਾ ਨਾਲ ਅਗਰ ਇਹ ਖਤਰਨਾਕ ਕੈਮੀਕਲ ਉਥੋਂ ਦੇ ਪਾਣੀਆਂ ਜਾਂ ਧਰਤੀ ਹੇਠਲੇ ਸਟਰੇਟਾ ਵਿੱਚ ਇਹ ਕੈਮੀਕਲ ਕਿਧਰੇ ਮਿਲ ਗਏ ਤਾਂ ਸੈਂਕੜੇ ਲੋਕ ਇੱਕਦਮ ਮੌਤ ਦੇ ਮੂੰਹ ਵਿੱਚ ਚਲੇ ਗਏ ਤਾਂ ਕੀ ਫਿਰ ਹੀ ਇਹਨਾਂ ਕੁੰਭਕਰਨੀ ਨੀਂਦ ਸੁੱਤੀਆਂ ਸਰਕਾਰਾਂ ਦੀ ਨੀਂਦ ਖੁੱਲੇਗੀ?

ਅਜਿਹੀ ਹਾਲਤ ਵਿੱਚ ਇਹ ਬੇਸਰਮ ਸਰਕਾਰਾਂ ਘੜੇ ਭਰ ਭਰ ਕੇ ਲੋਕਾਂ ਦੇ ਦਰਦ ਵਿਚ ਮਗਰਮੱਛ ਦੇ ਅੱਥਰੂ ਵਹਾਉਣਗੀਆਂ। ਹੁਣ ਸਵਾਲ ਸਿਧਾ ਹੈ ਕਿ ਅੱਜ ਦੀ ਤਾਰੀਖ ਵਿੱਚ ਜੀਰੇ ਦੀ ਧਰਤੀ ਉੱਤੇ ਪੁਲਿਸੀਆ ਧਾੜਾਂ ਚਾੜ੍ਹਣ ਵਾਲੀ ਇਹ ਜਾਲਿਮ ਸਰਕਾਰ ਅਤੇ ਇਹ ਕਾਰਪੋਰੇਟ ਭਗਤ ਬਿਊਰੋਕ੍ਰੇਸੀ, ਵਿਕਣ ਲਈ ਹਮੇਸਾ ਤਿਆਰ ਟੈਕਨੋਕਰੇਸੀ ਅਤੇ ਸਿਸਟਮ ਪੂਜਕ ਜੁਡੀਸਰੀ ਲੋਕਾਂ ਦੇ ਦਰਦ ਨੂੰ ਕਿਵੇਂ ਸਮਝ ਸਕਦੀਆਂ ਹਨ? ਇਸਦੇ ਲਈ ਤਾਂ ਇਹ ਸਿਸਟਮ ਹੀ ਬਦਲਣਾ ਪਵੇਗਾ। ਤੱਦ ਤੱਕ ਲੋਕਾਂ ਨੂੰ ਆਪਣੇ ਹੱਕਾਂ ਦੀ ਖਾਤਿਰ ਘੋਲਾਂ ਦੇ ਪਿੜਾਂ ਦਾ ਹੀ ਆਸਰਾ ਹੈ।



ਭਾਰਤੀ ਲੋਕਤੰਤਰ ਅਨੁਸਾਰ ਇਸ ਦੇ ਚਾਰ ਥੰਮ ਹਨ। ਵਿਧਾਨਪਾਲਿਕਾ ਜੋ ਕਾਨੂੰਨ ਬਣਾਉਂਦੀ ਹੈ। ਕਾਰਜਪਾਲਿਕਾ ਜੋ ਕਾਨੂੰਨ ਲਾਗੂ ਕਰਾਉਂਦੀ ਹੈ। ਨਿਆਂਪਾਲਿਕਾ ਜੋ ਕਾਨੂੰਨ ਅਨੁਸਾਰ ਸਜ਼ਾ ਦਿੰਦੀ ਹੈ ਅਤੇ ਮੀਡੀਆ ਜੋ ਉਪਰੋਕਤ ਸਾਰੇ ਕੀ ਲੋਕ ਰਾਏ ਹੈ ਉਸ ਨੂੰ ਲੋਕਾਂ ਵਿਚ ਲਿਜਾ ਕੇ ਉਸ ਪ੍ਰਤੀ ਚੇਤਨਾ ਪੈਦਾ ਕਰਦੀ ਹੈ। ਮੀਡੀਆ ਜਾਂ ਪ੍ਰੈਸ ਦੀ ਬਦੌਲਤ ਅੱਜ ਜ਼ੀਰਾ ਘੋਲ ਅੰਤਰ ਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਚੁੱਕਿਆ ਹੈ। ਇਹ ਸਾਬਤ ਹੋ ਚੁੱਕਾ ਹੈ ਕਿ ਮਲਹੋਰਤੇ ਭਰਾਵਾਂ ਦੀ ਸ਼ਰਾਬ ਫੈਕਟਰੀ ਪਾਣੀ ਖਰਾਬ ਕਰ ਚੁੱਕੀ ਹੈ। ਫਸਲਾਂ ਖਰਾਬ ਕਰ ਚੁੱਕੀ ਹੈ ਮਿੱਟੀ ਪਲੀਤ ਕਰ ਚੁੱਕੀ ਹੈ। ਹਵਾ ਵਿਚ ਛੱਡੀ ਗਈ ਸੁਆਹ ਹਵਾ ਪ੍ਰਦੂਸ਼ਤ ਕਰ ਚੁੱਕੀ ਹੈ, ਜੋ ਸੈਂਕੜੇ ਮਨੁੱਖਾਂ, ਪਸ਼ੂਆਂ ਦੀ ਜਾਨ ਲੈ ਚੁੱਕੀ ਹੈ। ਕੀ ਇਨ੍ਹਾਂ ਅਪਰਾਧੀਆਂ ਦੇ ਖਿਲਾਫ਼ 302 ਦਾ ਪਰਚਾ ਦਰਜ ਨਹੀਂ ਹੋਣਾ ਚਾਹੀਦਾ ਆਓ ਉਸ ਦਿਨ ਤੱਕ ਲੜਨ ਦੀ ਲੋੜ ਮਹਿਸੂਸ ਕਰੀਏ।

ਗੁਰਮੇਲ ਸਿੰਘ ਭਰੋਵਾਲ

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

ਰਾਣਾ ਅਯੂਬ ਦੀ ਸਰਵਉੱਚ ਪ੍ਰੈੱਸ ਫਰੀਡਮ ਸਨਮਾਨ ਲੈਣ ਸਮੇਂ ਦੀ ਤਕਰੀਰ

# ਜਿੱਥੇ ਨਿੱਤ ਦੇਸ਼ਭਗਤੀ ਦਾ ਇਮਤਿਹਾਨ ਦੇਣਾ ਪੈਂਦਾ.....




**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਚਰਚਿਤ ਕਿਤਾਬ 'ਗੁਜਰਾਤ ਫ਼ਾਈਲਾਂ' ਦੀ ਲੇਖਿਕਾ ਰਾਣਾ ਅਯੂਬ ਦਲੇਰ ਪੱਤਰਕਾਰੀ ਲਈ ਜਾਣੀ ਜਾਂਦੀ ਹੈ। ਜਿਸ ਨੇ ਆਪਣੀ ਨਿਧੜਕ ਖੋਜ ਰਾਹੀਂ ਗੁਜਰਾਤ ਕਤਲੇਆਮ-2002 'ਚ ਮੋਦੀ ਸਰਕਾਰ ਦੀ ਮਿਲ਼ੀਭੁਗਤ ਅਤੇ ਹੁਕਮਰਾਨ ਪਾਰਟੀ ਸਮੇਤ ਭਾਰਤ ਦੇ ਰਾਜਤੰਤਰ ਵੱਲੋਂ ਇਸ ਗਿਣੀ-ਮਿਥੀ ਨਸਲਕੁਸ਼ੀ ਉੱਪਰ ਪਰਦਾਪੋਸ਼ੀ ਕਰਨ ਦੀ ਸਾਜ਼ਿਸ਼ ਦੇ ਰੌਂਗਟੇ ਖੜ੍ਹੇ ਕਰਨ ਵਾਲੇ ਖ਼ੁਲਾਸੇ ਕੀਤੇ। ਰਾਣਾ ਅਯੂਬ ਨੂੰ ਇਸ ਨਿਧੜਕ ਪੱਤਰਕਾਰੀ ਦਾ ਬਹੁਤ ਵੱਡਾ ਮੁੱਲ ਤਾਰਨਾ ਪੈ ਰਿਹਾ ਹੈ। ਭਗਵਾ ਆਈ.ਟੀ. ਸੈੱਲ ਦਿਨ-ਰਾਤ ਉਸ ਦੀ ਕਿਰਦਾਰਕੁਸ਼ੀ 'ਚ ਲੱਗਿਆ ਹੋਇਆ ਹੈ ਅਤੇ ਮੋਦੀ ਵਜ਼ਾਰਤ ਦੇ ਇਸ਼ਾਰੇ 'ਤੇ ਈ.ਡੀ. ਨੇ ਉਸ ਵਿਰੁੱਧ ਸਹਾਇਤਾ ਫੰਡਾਂ 'ਚ ਹੇਰਾਫੇਰੀ ਦਾ ਮੁਕੱਦਮਾ ਦਰਜ ਕਰ ਲਿਆ ਹੈ। ਪਰ ਦੁਨੀਆ ਭਰ ਦੀਆਂ ਨਿਆਂਪਸੰਦ ਅਤੇ ਖ਼ਰੀ ਪੱਤਰਕਾਰੀ ਦੀਆਂ ਮੁਦਈ ਤਾਕਤਾਂ ਰਾਣਾ ਅਯੂਬ ਨਾਲ ਚਟਾਨ ਵਾਂਗ ਖੜ੍ਹੀਆਂ ਹਨ। ਭਾਰਤੀ ਸਟੇਟ ਵੱਲੋਂ ਉਸ ਨੂੰ ਡਰਾ ਕੇ ਚੁੱਪ ਕਰਾਉਣ ਦੀਆਂ ਘਿਣਾਉਣੀਆਂ ਚਾਲਾਂ ਦਾ ਵਿਰੋਧ ਕਰਨ ਦੇ ਨਾਲ ਨਾਲ ਪੱਤਰਕਾਰ ਦੀ ਆਜ਼ਾਦੀ ਦੇ ਹੱਕ 'ਚ ਡੱਟਣ ਵਾਲੀਆਂ ਤਾਕਤਾਂ ਉਸ ਦਾ ਸਨਮਾਨ ਕਰਕੇ ਉਸ ਦੀ ਹੌਸਲਾ ਅਫ਼ਜਾਈ ਕਰ ਰਹੀਆਂ ਹਨ। ਹੁਣੇ ਜਹੇ ਉਸ ਨੂੰ ਅਮਰੀਕਾ ਵਿਚ ਨੈਸ਼ਨਲ ਪ੍ਰੈੱਸ ਕਲੱਬ ਵੱਲੋਂ ਪ੍ਰੈੱਸ ਦੀ ਆਜ਼ਾਦੀ ਦੇ ਸਰਵਉੱਚ ਅਵਾਰਡ ਨਾਲ ਸਨਮਾਨਿਆ ਗਿਆ ਹੈ।

ਇਸ ਮੌਕੇ 'ਤੇ ਨੈਸ਼ਨਲ ਪ੍ਰੈਸ ਕਲੱਬ ਦੀ ਪ੍ਰਧਾਨ ਜੇਨ ਜੁਡਸਨ ਨੇ ਰਾਣਾ ਅਯੂਬ ਦਾ ਤੁਆਰਫ਼ ਕਰਾਉਂਦਿਆਂ ਕਿਹਾ, "ਖੋਜ ਕਾਰਜ ਵਿਚ ਰਾਣਾ ਦੀ ਦਲੇਰੀ ਅਤੇ ਉਸ ਦਾ ਹੁਨਰ ਉਸ ਦੇ ਵਿਲੱਖਣ ਕਰੀਅਰ ਤੋਂ ਪ੍ਰਤੱਖ ਹੈ ਅਤੇ ਸਰਕਾਰ ਦੀ ਆਲੋਚਨਾ ਬਦਲੇ ਉਸ ਦੇ ਅਧਿਕਾਰਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲੇ ਹੋਏ ਹਨ। ਇਸ ਸਾਲ ਭਾਰਤ ਵਿਚ ਪੱਤਰਕਾਰਾਂ ਦੀਆਂ ਗ੍ਰਿਫਤਾਰੀਆਂ ਅਤੇ ਨਜ਼ਰਬੰਦੀਆਂ ਦਾ ਰੁਝਾਨ ਤੇਜ਼ ਹੁੰਦਾ ਜਾਪਦਾ ਹੈ। ਰਾਣਾ ਤੂਫ਼ਾਨ ਦੇ ਕੇਂਦਰ ਵਿਚ ਖੜ੍ਹੀ ਹੈ ਅਤੇ ਨੈਸ਼ਨਲ ਪ੍ਰੈੱਸ ਕਲੱਬ ਉਸ ਦੇ ਨਾਲ ਖੜ੍ਹਾ ਹੈ। ਰਾਣਾ ਔਬਸ਼ੌਨ ਅਵਾਰਡ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਪੱਤਰਕਾਰ ਹੈ। ਰਾਣਾ ਦੀ ਚੋਣ ਕਰਕੇ ਕਲੱਬ ਉਸ ਦੇ ਕੇਸ ਉੱਪਰ ਨਜ਼ਰ ਰੱਖਣ ਤੇ ਉਸ ਦੀ ਹਮਾਇਤ ਕਰਨ ਅਤੇ ਉਸ ਦੀ ਆਪਣੇ ਕੰਮ ਨੂੰ ਪ੍ਰਕਾਸ਼ਿਤ ਕਰਨ ਦੀ ਆਜ਼ਾਦੀ ਨੂੰ ਯਕੀਨੀਂ ਬਣਾਉਣ ਸਮੇਤ ਉਸ ਦੀ ਖ਼ਾਤਰ ਜੋ ਕੁਝ ਵੀ ਕੀਤਾ ਜਾ ਸਕਦਾ ਹੈ, ਕਰਨ ਲਈ ਵਚਨਬੱਧ ਹੈ।



"ਇਸ ਸਾਲ ਟਵਿੱਟਰ ਨੇ ਰਾਣਾ ਨੂੰ ਸੂਚਿਤ ਕੀਤਾ ਕਿ ਉਹ ਭਾਰਤ ਸਰਕਾਰ ਵੱਲੋਂ ਭਾਰਤ ਦੇ ਅੰਦਰ ਉਸ ਦੇ ਟਵੀਟ ਨੂੰ ਸੈਂਸਰ ਕੀਤੇ ਜਾਣ ਦੀ ਮੰਗ ਮੰਨ ਰਹੇ ਹਨ ਜੋ ਇਕ ਮਸਜਿਦ ਨੂੰ ਧਮਕੀਆਂ ਦੇਣ ਬਾਬਤ ਸੀ। ਟਵਿੱਟਰ ਨੇ 2000 ਦੇ ਦੂਰਸੰਚਾਰ ਐਕਟ ਦਾ ਹਵਾਲਾ ਦਿੱਤਾ ਜੋ ਭਾਰਤ ਵਿਚ ਪ੍ਰਕਾਸ਼ਿਤ ਹੋਣ ਵਾਲੀ ਸਮੱਗਰੀ ਨੂੰ ਕੰਟਰੋਲ ਕਰਨ ਦਾ ਅਧਿਕਾਰ ਭਾਰਤ ਸਰਕਾਰ ਨੂੰ ਦਿੰਦਾ ਹੈ। ਪੇਸ਼ਗੀ ਰੋਕਾਂ ਦਾ ਇਹ ਰੂਪ ਲੋਕਤੰਤਰੀ ਪਰੰਪਰਾਵਾਂ ਵਾਲੇ ਮੁਲਕ ਭਾਰਤ ਲਈ ਨਾਮੁਨਾਸਿਬ ਹੈ। ਪ੍ਰੈੱਸ ਕਲੱਬ ਨੇ ਟਵਿੱਟਰ ਨੂੰ ਉਸ ਦਾ ਅਕਾਊਂਟ ਤੁਰੰਤ ਬਹਾਲ ਕਰਨ ਦੀ ਅਪੀਲ ਕੀਤੀ। ਭਾਰਤ ਸਰਕਾਰ ਨੇ ਰਾਣਾ ਦੀ ਨਿੱਜੀ ਵਿੱਤੀ ਜਾਣਕਾਰੀ ਹਾਸਲ ਕਰਨ ਲਈ ਹਮਲਾਵਰ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ ਅਤੇ ਉਸ ਦੇ ਜ਼ਿਆਦਾਤਰ ਅਸਾਸੇ ਜ਼ਬਤ ਕਰ ਲਏ ਗਏ ਹਨ। ਉਸਨੂੰ ਔਨਲਾਈਨ ਅਤੇ ਵਿਅਕਤੀਗਤ ਤੌਰ 'ਤੇ ਧਮਕੀਆਂ ਮਿਲਦੀਆਂ ਰਹਿੰਦੀਆਂ ਹਨ ਜਿਨ੍ਹਾਂ ਕਾਰਨ ਉਸਨੂੰ ਆਪਣਾ ਘਰ ਛੱਡਣਾ ਪਿਆ ਅਤੇ ਲੁਕ-ਛਿਪ ਕੇ ਰਹਿਣਾ ਪੈ ਰਿਹਾ ਹੈ।

"ਇਸ ਸਾਲ ਦੇ ਸ਼ੁਰੂ 'ਚ ਰਾਣਾ ਨੂੰ ਲੰਡਨ ਜਾਣ ਤੋਂ ਰੋਕ ਦਿੱਤਾ ਗਿਆ ਸੀ। ਉਸ ਦੀ ਯਾਤਰਾ ਉੱਪਰ ਥੋਪੀਆਂ ਪਾਬੰਦੀਆਂ ਹਟਾਉਣ ਲਈ ਉਸ ਦੇ ਵਕੀਲਾਂ ਨੂੰ ਕਾਫ਼ੀ ਭੱਜਦੌੜ ਕਰਨੀ ਪਈ। ਜਿਵੇਂ ਕਿ ਤੁਸੀਂ ਦੇਖ ਸਕਦੇ ਹੋ, ਉਹ ਇੱਥੇ ਸਰੋਤਿਆਂ ਦਰਮਿਆਨ ਮੌਜੂਦ ਹੈ, ਉਹ ਹੁਣ ਇੱਥੇ ਡੀ.ਸੀ. ਵਿਚ ਹੈ ਅਤੇ ਸੰਯੁਕਤ ਰਾਜ ਵਿਚ ਸ਼ਿਕਾਗੋ ਯੂਨੀਵਰਸਿਟੀ ਵਿਖੇ ਬਤੌਰ ਪ੍ਰਿਟਜ਼ਕਰ ਫੈਲੋ ਤਸ਼ਰੀਫ਼ ਲਿਆਈ ਹੈ।

"ਭਾਰਤ ਵਿਚ ਪੱਤਰਕਾਰਾਂ ਵਿਰੁੱਧ ਹਿੰਸਾ 'ਚ ਵਾਧਾ ਜਾਰੀ ਹੈ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਅਨੁਸਾਰ ਪਿਛਲੇ 5 ਸਾਲਾਂ 'ਚ ਭਾਰਤ ਵਿਚ 18 ਪੱਤਰਕਾਰਾਂ ਦਾ ਕਤਲ ਕੀਤਾ ਗਿਆ ਹੈ, ਜਿਸ ਨਾਲ ਇਹ ਪੱਤਰਕਾਰਾਂ ਲਈ ਦੁਨੀਆ ਦੇ ਸਭ ਤੋਂ ਖ਼ਤਰਨਾਕ ਮੁਲਕਾਂ ਵਿੱਚੋਂ ਇਕ ਬਣ ਗਿਆ ਹੈ। ਅਤੇ ਰਾਣਾ ਨੂੰ ਟਾਈਮ ਮੈਗਜ਼ੀਨ ਦੁਆਰਾ ਉਨ੍ਹਾਂ 10 ਆਲਮੀ ਪੱਤਰਕਾਰਾਂ ਵਿਚ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਦੀਆਂ ਜਾਨਾਂ ਨੂੰ ਬੇਹੱਦ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਆਓ ਰਾਣਾ ਅਯੂਬ ਦਾ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕਰੀਏ ਜਿਸ ਨੂੰ ਅਸੀਂ 2022 ਦਾ ਅੰਤਰਰਾਸ਼ਟਰੀ ਔਬੂਸ਼ੌਨ ਸਨਮਾਨ ਦੇ ਰਹੇ ਹਾਂ।

ਇਸ ਮੌਕੇ 'ਤੇ ਬੋਲਦਿਆਂ ਰਾਣਾ ਅਯੂਬ ਨੇ ਕਿਹਾ, "ਸਾਰਿਆਂ ਨੂੰ ਸ਼ੁਭ ਸ਼ਾਮ। ਮੇਰੇ ਖ਼ਿਆਲ 'ਚ, ਇਹ ਮੇਰੇ ਲਈ ਪੱਤਰਕਾਰਾਂ ਨਾਲ ਖਚਾਖਚ ਭਰੇ ਹਾਲ ਵਿਚ ਬੋਲਣ ਲਈ ਇਕ ਮਹਿਫ਼ੂਜ਼ ਜਗ੍ਹਾ ਹੈ ਜੋ ਮੇਰੀ ਗੱਲ ਨੂੰ ਸਮਝਣਗੇ ਅਤੇ ਮੇਰੇ ਉੱਪਰ ਦੇਸ਼ਧ੍ਰੋਹ ਜਾਂ ਰਾਸ਼ਟਰ ਵਿਰੁੱਧ ਜੰਗ ਦਾ ਇਲਜ਼ਾਮ ਲਗਾਉਣ ਲਈ ਮੇਰੇ ਸ਼ਬਦਾਂ ਵਿੱਚੋਂ ਸ਼ਬਦ ਨਹੀਂ ਚੁਣੇ ਜਾਣਗੇ। ਪਰ, ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਹ ਸਨਮਾਨ ਦੇਣ ਲਈ ਨੈਸ਼ਨਲ ਪ੍ਰੈੱਸ ਕਲੱਬ ਦਾ, ਜੇਨ ਦਾ, ਬਿਲ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ। ਜਿਵੇਂ ਕਿ ਜੇਨ ਨੇ ਕਿਹਾ, ਜਿਸ ਦਿਨ ਉਨ੍ਹਾਂ ਨੇ ਇਹ ਦੱਸਣ ਲਈ ਫ਼ੋਨ ਕੀਤਾ ਕਿ ਇਸ ਸਾਲ ਦਾ ਔਬਸ਼ੌਨ ਸਨਮਾਨ ਮੈਨੂੰ ਦਿੱਤਾ ਜਾਣਾ ਹੈ, ਮੈਂ ਛੂਪ ਕੇ ਰਹਿ ਰਹੀ ਸੀ... ਕਿਉਂਕਿ ਮੇਰੇ ਨਾਲ ਕੰਮ ਕਰਨ ਵਾਲਾ, ਮੇਰਾ ਇਕ ਪੱਤਰਕਾਰ ਮਿੱਤਰ, ਜੋ ਮੇਰੇ ਨਾਲ ਇਕ ਕੇਸ ਵਿਚ ਸਹਿ-ਦੋਸ਼ੀ ਹੈ, ਇਕ ਟਵੀਟ ਲਈ ਸਲਾਖ਼ਾਂ ਪਿੱਛੇ ਬੰਦ ਸੀ ਜੋ ਉਸਨੇ 4 ਸਾਲ ਪਹਿਲਾਂ ਲਿਖਿਆ ਸੀ। ਹੈ ਨਾ ਵਿਡੰਬਨਾ? ਕਿ ਨਸਲਕੁਸ਼ੀ ਦੀ ਪ੍ਰਧਾਨਗੀ ਕਰਨ ਵਾਲਿਆਂ ਨੂੰ ਤਾਂ ਦੁਨੀਆ ਵੱਲੋਂ ਸਨਮਾਨਿਤ ਕੀਤਾ ਜਾਂਦਾ ਹੈ ਪਰ ਸੱਤਾ ਨੂੰ ਸੱਚ ਸੁਣਾਉਣ ਵਾਲਿਆਂ ਨੂੰ ਨਜ਼ਰਾਂ 'ਚ ਆਉਣ ਤੋਂ ਗੁਰੇਜ਼ ਕਰਨ ਦੀ ਨਸੀਹਤ ਦਿੱਤੀ ਜਾਂਦੀ ਹੈ। ਇਹ ਉਸ ਸਮੇਂ ਨੂੰ ਦਰਸਾਉਂਦਾ ਹੈ ਜਿਸ ਵਿਚ ਅਸੀਂ ਰਹਿ ਰਹੇ ਹਾਂ।

"ਮੈਂ ਆਪਣੀ ਗੱਲ ਇੱਥੋਂ ਸ਼ੁਰੂ ਕਰਦੀ ਹਾਂ, ਇਹ ਮੇਰੇ ਲਈ ਬਹੁਤ ਵੱਡਾ ਸਨਮਾਨ ਹੈ ਅਤੇ ਮੈਂ ਵਾਸ਼ਿੰਗਟਨ ਪੋਸਟ ਦੀ













ਸ਼ੁਕਰਗੁਜ਼ਾਰ ਹਾਂ ਜਿਸ ਨੇ ਮੈਨੂੰ ਉਦੋਂ ਸਹਾਰਾ ਦਿੱਤਾ ਜਦੋਂ 2014 'ਚ ਸ੍ਰੀ ਮੋਦੀ ਭਾਰਤ ਦਾ ਪ੍ਰਧਾਨ ਮੰਤਰੀ ਤੋਂ ਬਾਦ, ਭਾਰਤ ਵਿਚ ਪੱਤਰਕਾਰ ਅਤੇ ਚੋਟੀ ਦੇ ਸੰਪਾਦਕ, ਜਿੱਥੇ ਮੈਂ ਕੰਮ ਕਰਦੀ ਸੀ, ਜਿੱਥੇ ਮੈਂ ਉੱਚ ਅਹੁਦਿਆਂ 'ਤੇ ਸੀ, ਇੰਞ ਪੇਸ਼ ਆਏ ਜਿਵੇਂ ਮੇਰੀ ਕੋਈ ਹੋਂਦ ਹੀ ਨਹੀਂ ਹੈ। ਇਸ ਲਈ, ਔਖੇ ਸਮੇਂ 'ਚ ਮੇਰੇ ਨਾਲ ਖੜ੍ਹਨ ਲਈ ਵਾਸ਼ਿੰਗਟਨ ਪੋਸਟ ਦਾ ਸ਼ੁਕਰੀਆ।

ਮੈਂ ਇਹ ਪੁਰਸਕਾਰ ਇਕ ਅਜਿਹੀ ਸ਼ਖ਼ਸੀਅਤ ਨੂੰ ਸਮਰਪਿਤ ਕਰਨੀ ਚਾਹਾਂਗੀ ਜੋ ਸਾਡੇ ਦਰਮਿਆਨ ਨਹੀਂ ਹੈ, ਉਸਦਾ ਨਾਮ ਸ਼ਿਰੀਨ ਅਬੂ ਅਖਲੇਹ ਹੈ, ਪੱਤਰਕਾਰ ਜੋ ਮਾਰ ਦਿੱਤੀ ਗਈ ਸੀ। [ਜ਼ੋਰਦਾਰ ਤਾੜੀਆਂ] ਸ਼ਿਰੀਨ ਮਰਨੀ ਨਹੀਂ ਸੀ ਚਾਹੀਦੀ, ਉਸ ਦਾ ਕਤਲ ਨਹੀਂ ਸੀ ਹੋਣਾ ਚਾਹੀਦਾ, ਉਸ ਨੂੰ ਇੱਥੇ ਸਾਡੇ ਨਾਲ ਹੋਣਾ ਚਾਹੀਦਾ ਸੀ। ਆਪਣੀ ਜ਼ਿੰਦਗੀ 'ਚ, ਆਪਣੀ ਮੌਤ 'ਚ, ਸ਼ਿਰੀਨ ਨੇ ਮਨੁੱਖੀ ਅਧਿਕਾਰਾਂ ਬਾਰੇ ਦੁਨੀਆ ਦੇ ਪਾਖੰਡ ਅਤੇ ਦੋਹਰੇ ਮਿਆਰਾਂ ਦਾ ਪਰਦਾਫਾਸ਼ ਕੀਤਾ। ਅਤੇ ਇਹ ਉਹ ਸੱਚਾਈ ਹੈ ਜਿਸ ਨੂੰ ਸਾਨੂੰ ਸਾਰਿਆਂ ਨੂੰ ਸਵੀਕਾਰ ਕਰਨ ਅਤੇ ਸਮਝਣ ਦੀ ਜ਼ਰੂਰਤ ਹੈ ਅਤੇ ਇਸ ਵਕਤ ਇਹ ਪਹਿਲਾਂ ਨਾਲੋਂ ਕਿਤੇ ਵਧੇਰੇ ਜ਼ਰੂਰੀ ਹੈ। ਜਦੋਂ ਵੀ ਮੈਂ ਅਮਰੀਕਾ ਵਿਚ ਹੁੰਦੀ ਹਾਂ, ਲੋਕ ਭਾਰਤ ਦੀ ਗੱਲ ਕਰਦੇ ਹਨ। ਜਦੋਂ ਮੈਂ ਉਨ੍ਹਾਂ ਨੂੰ ਦੱਸਦੀ ਹਾਂ ਕਿ ਮੈਂ ਭਾਰਤ ਤੋਂ ਹਾਂ ਤਾਂ ਉਹ ਕਹਿੰਦੇ ਹਨ, "ਓਹ! ਤੁਸੀਂ ਆਯੁਰਵੇਦ, ਸਮਾਧੀ, ਯੋਗਾ ਦੀ ਧਰਤੀ ਤੋਂ ਹੋ", [ਹਾਸਾ]..ਜੀ ਹਾਂ, ਬਿਲਕੁਲ। ਜੀ ਹਾਂ ਸਪੇਰਿਆਂ ਦੀ ਧਰਤੀ ਤੋਂ। ਮੈਂ 1.3 ਅਰਬ ਲੋਕਾਂ ਦੇ ਮੁਲਕ ਤੋਂ, 22 ਕਰੋੜ ਮੁਸਲਮਾਨ ਆਬਾਦੀ ਵਾਲੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਤੋਂ ਹਾਂ, ਜਿੱਥੇ ਹੁਣ ਉਨ੍ਹਾਂ ਦੀ ਨਸਲਕੁਸ਼ੀ ਸਿਖ਼ਰ 'ਤੇ ਹਨ, ਠੀਕ?

ਮੈਂ ਇੱਥੇ ਵਿਦੇਸ਼ ਵਿਭਾਗ ਦੇ ਅਧਿਕਾਰੀਆਂ ਅਤੇ ਆਹਲਾ ਅਧਿਕਾਰੀਆਂ, ਅਮਰੀਕਾ ਦੇ ਆਹਲਾ ਦਰਜੇ ਦੇ ਅਧਿਕਾਰੀਆਂ ਨੂੰ ਮਿਲਦੀ ਹਾਂ। ਉਹ ਪੁੱਛਦੇ ਹਨ "ਰਾਣਾ, ਕੀ ਹੋ ਰਿਹਾ ਹੈ?" ਅਤੇ ਮੈਂ ਉਨ੍ਹਾਂ ਨੂੰ ਕਹਿੰਦੀ ਹਾਂ, "ਤੁਸੀਂ ਮੇਰੇ ਨਾਲੋਂ ਬਿਹਤਰ ਜਾਣਦੇ ਹੋ ਕਿ ਕੀ ਹੋ ਰਿਹਾ ਹੈ, ਠੀਕ?" ਅਤੇ ਫਿਰ ਮੈਨੂੰ ਦੱਸਿਆ ਜਾਂਦਾ ਹੈ, ਤੁਹਾਨੂੰ ਪਤੈ ਕਿ ਅਸੀਂ ਜਾਣਦੇ ਹਾਂ ਕਿ ਭਾਰਤ ਵਿਚ ਕੀ ਹੋ ਰਿਹਾ ਹੈ, ਪਰ ਤੁਸੀਂ ਚੀਨ ਅਤੇ ਰੂਸ ਦੇ ਨਾਲ ਰਿਸ਼ਤੇ ਨੂੰ ਜਾਣਦੇ ਹੋ, ਮਨੁੱਖੀ ਅਧਿਕਾਰ ਪੈਣ ਢੱਠੇ ਖੂਹ 'ਚ, ਠੀਕ? ਪੱਤਰਕਾਰ ਪੈਣ ਢੱਠੇ ਖੂਹ 'ਚ। ਕਿੰਨੀ ਵਿਡੰਬਨਾ ਹੈ! ਦੋ ਹਫ਼ਤੇ ਪਹਿਲਾਂ, ਯੂਐੱਸ ਸਟੇਟ ਡਿਪਾਰਟਮੈਂਟ ਨੂੰ ਐੱਮਬੀਐੱਸ (ਸਾਊਦੀ ਅਰਬ ਦਾ ਸ਼ਹਿਜ਼ਾਦਾ ਮੁਹੰਮਦ ਬਿਨ ਸਲਮਾਨ ਜਿਸ ਨੇ ਪੱਤਰਕਾਰ ਜਮਾਲ ਖ਼ਾਸ਼ੋਗੀ ਦਾ ਕਤਲ ਕਰਵਾਇਆ, ਜਿਸ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਪੱਤਰਕਾਰ ਦੀ ਮੰਗੇਤਰ ਵੱਲੋਂ ਕੀਤਾ ਮੁਕੱਦਮਾ ਵਾਸ਼ਿੰਗਟਨ ਦੇ ਫੈਡਰਲ ਜੱਜ ਨੇ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਅਮਰੀਕੀ ਰਾਸ਼ਟਰਪਤੀ ਜੋਏ ਬਾਇਡਨ ਵੱਲੋਂ ਉਸ ਨੂੰ ਕਾਰਵਾਈ ਤੋਂ ਛੋਟ ਦੇਣ ਦੇ ਫ਼ੈਸਲੇ ਕਾਰਨ ਉਸ ਅੱਗੇ ਮੁਕੱਦਮੇ ਨੂੰ ਖਾਰਜ ਕਰਨ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਹੈ-ਅਨੁਵਾਦਕ) ਨੂੰ ਦਿੱਤੀ ਗਈ ਛੋਟ ਬਾਰੇ ਸਵਾਲ ਕੀਤਾ ਗਿਆ ਜੋ ਅਮਰੀਕਾ ਦੀ ਯਾਤਰਾ ਕਰ ਰਿਹਾ ਸੀ ਤਾਂ ਉਨ੍ਹਾਂ ਨੇ ਇਸ ਦੇ ਜਵਾਬ 'ਚ ਨਰਿੰਦਰ ਮੋਦੀ ਦੀ ਮਿਸਾਲ ਦਿੱਤੀ ਕਿ ਉਸ ਨੂੰ ਵੀ ਤਾਂ ਅਜਿਹੀ ਛੋਟ ਦਿੱਤੀ ਗਈ ਸੀ। ਸੋ ਉਨ੍ਹਾਂ ਨੇ ਐੱਮਬੀਐੱਸ ਦੀ ਤੁਲਨਾ ਨਰਿੰਦਰ ਮੋਦੀ ਨਾਲ ਕਰਕੇ ਇਕ ਤਰ੍ਹਾਂ ਨਾਲ ਮੇਰੇ ਵਾਲਾ ਕੰਮ ਹੀ ਕੀਤਾ। ਮੈਂ ਇਹੀ ਤਾਂ ਕਰ ਰਹੀ ਹਾਂ, ਠੀਕ? ਮੈਂ ਦੁਨੀਆ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਹੀ ਹਾਂ ਕਿ ਜਿਸ ਆਦਮੀ ਦੀ ਤਸਵੀਰ ਤੁਸੀਂ ਅੰਤਰਰਾਸ਼ਟਰੀ ਮੈਗਜੀਨਾਂ ਦੇ ਮੁੱਖ ਪੰਨੇ 'ਤੇ ਲਾਉਂਦੇ ਹੋ, ਉਸ ਦੇ ਹੱਥ ਲਹੂ ਨਾਲ ਲਿੱਬੜੇ ਹੋਏ ਹਨ। ਅਜਿਹਾ ਆਦਮੀ ਹੈ ਉਹ! ਸੰਨ 2002 ਵਿਚ ਜਦੋਂ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ ਤਾਂ ਦੋ ਦਿਨਾਂ 'ਚ ਇਕ ਹਜ਼ਾਰ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਸੀ ਅਤੇ ਅਸੀਂ ਕਦੇ ਮਜ਼ਾਕ 'ਚ ਵੀ ਇਹ ਨਹੀਂ ਸੀ ਸੋਚਿਆ ਸੀ ਕਿ ਇਹ ਆਦਮੀ ਪ੍ਰਧਾਨ ਮੰਤਰੀ ਬਣ ਜਾਵੇਗਾ। ਇੱਥੋਂ ਤੱਕ ਕਿ ਅਮਰੀਕਾ ਨੇ ਉਸਨੂੰ ਅਮਰੀਕਾ ਵਿਚ ਵੜਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਅਤੇ ਹੁਣ ਤੁਸੀਂ ਦੇਖ ਲਓ, ਉਸ ਨੂੰ ਹੁਣੇ ਜਹੇ ਜੀ-20 ਦੀ ਪ੍ਰਧਾਨਗੀ ਸੌਂਪੀ ਗਈ ਹੈ।

ਇਹ ਭਾਸ਼ਣ ਸੁਣਗੇ ਮੇਰਾ ਮੁਲਕ ਮੈਨੂੰ ਕਹੇਗਾ ਕਿ ਮੈਂ ਦੇਸ਼ਭਗਤ ਨਹੀਂ ਹਾਂ। ਮੇਰਾ ਮੰਨਣਾ ਹੈ ਕਿ ਮੈਂ ਦੁਨੀਆ ਦੇ ਕਿਸੇ ਵੀ ਮੁਲਕ ਨਾਲੋਂ ਭਾਰਤ ਨੂੰ ਜ਼ਿਆਦਾ ਪਿਆਰ ਕਰਦੀ ਹਾਂ। ਮੈਂ ਆਪਣੇ ਮੁਲਕ ਨੂੰ ਪਿਆਰ ਕਰਦੀ ਹਾਂ, ਇਸੇ ਲਈ ਮੈਂ ਸਾਰਾ ਕੁਝ ਖ਼ਤਰੇ 'ਚ ਪਾ ਕੇ ਇੱਥੇ ਆਪਣੀ ਗੱਲ ਕਹਿ ਰਹੀ ਹਾਂ, ਕਿਉਂਕਿ ਇਹ ਸੰਭਵ ਹੈ ਕਿ ਇਹ ਭਾਰਤ ਤੋਂ ਬਾਹਰ ਮੇਰੀ ਆਖ਼ਰੀ ਯਾਤਰਾ ਹੋਵੇ। ਇਕ ਹਫ਼ਤੇ 'ਚ ਮੈਨੂੰ ਆਪਣੀ ਹੋਣੀ ਦਾ ਪਤਾ ਲੱਗ ਜਾਵੇਗਾ, ਮੈਨੂੰ ਪਤਾ ਲੱਗ ਜਾਵੇਗਾ ਕਿ ਮੇਰੇ ਗ਼ੈਰ-ਜ਼ਮਾਨਤੀ ਤਾਂ ਨਹੀਂ ਕੱਢੇ ਗਏ, ਮੈਨੂੰ ਨਹੀਂ ਪਤਾ ਕਿ ਮੈਨੂੰ ਉੱਥੇ ਪਹੁੰਚਣ 'ਤੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਜਾਂ ਨਹੀਂ। ਜਿਵੇਂ ਹੀ ਮੈਂ ਇੱਥੇ ਪਹੁੰਚੀ, ਮੇਰੇ ਖ਼ਿਲਾਫ਼ ਚਾਰਜਸ਼ੀਟ ਦਾਇਰ ਕਰ ਦਿੱਤੀ ਗਈ, ਜਿਸਦਾ ਮਤਲਬ ਹੈ ਕਿ ਇਸ ਤੋਂ ਬਾਦ ਮੈਂ ਭਾਰਤ ਤੋਂ ਬਾਹਰ ਨਹੀਂ ਜਾ ਸਕਦੀ। ਮੈਂ ਤੁਹਾਨੂੰ ਸੰਖੇਪ 'ਚ ਭਾਰਤ ਦੀ ਕਹਾਣੀ ਦੱਸਣ ਲਈ ਇਸ ਮੌਕੇ ਦੀ ਵਰਤੋਂ ਕਰਨ ਜਾ ਰਹੀ ਹਾਂ, ਮੇਰਾ ਮਤਲਬ ਹੈ ਕਿ ਇਹ ਵੱਡੀ ਕਹਾਣੀ ਹੈ। ਸੰਖੇਪ ਵਿਚ, ਇਸ ਲਈ ਜਦੋਂ ਮੈਂ ਇੱਥੋਂ ਵਿਦਾ ਹੋ ਜਾਵਾਂਗੀ...[ਵਿਰਾਮ]...ਤਾਂ ਮੈਂ ਜਾਣਦੀ ਹਾਂ ਕਿ ਤੁਹਾਡੇ ਵਿੱਚੋਂ ਕੁਝ ਇਹ ਕਹਾਣੀ ਸੁਣਾਉਣਗੇ ਜੋ ਦੁਨੀਆ ਨੂੰ ਤੁਰੰਤ ਸੁਣਾਉਣ ਦੀ ਲੋੜ ਹੈ। ਇਹ ਸਿਰਫ਼ ਮੁਸਲਿਮ ਘੱਟ-ਗਿਣਤੀ ਉੱਪਰ ਜ਼ੁਲਮਾਂ ਦੀ ਕਹਾਣੀ ਨਹੀਂ ਹੈ, ਇਹ ਭਾਰਤ ਦੀ ਕਹਾਣੀ ਹੈ, ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਜੋ ਫਾਸ਼ੀਵਾਦ ਦਾ ਰਾਜ ਬਣਦਾ ਜਾ ਰਿਹਾ ਹੈ। ਭਾਰਤ ਦਾ ਗ੍ਰਹਿ ਮੰਤਰੀ, ਅਮਿਤ ਸ਼ਾਹ ਉਹ ਸ਼ਖ਼ਸ ਹੈ, ਬਦਕਿਸਮਤੀ ਨਾਲ ਅਤੇ ਖੁਸ਼ਕਿਸਮਤੀ ਨਾਲ, ਜਿਸ ਨੂੰ ਮੈਂ ਆਪਣੀ ਛਾਣਬੀਣ ਦੇ ਰਾਹੀਂ, ਉਸ ਦੀਆਂ ਫ਼ੋਨ ਕਾਲਾਂ ਦਾ ਰਿਕਾਰਡ ਛਪਵਾਕੇ 2010 'ਚ ਜੇਲ੍ਹ ਦੀਆਂ ਸੀਖ਼ਾਂ ਪਿੱਛੇ ਬੰਦ ਕਰਵਾਇਆ ਸੀ। ਮੈਂ 25 ਕੁ ਸਾਲ ਦੀ ਸੀ ਅਤੇ ਫਿਰ ਮੈਂ ਆਪਣੇ ਸਰੀਰ 'ਤੇ 8 ਖੁਫ਼ੀਆ ਕੈਮਰੇ ਲਗਾ ਕੇ ਅਮਰੀਕਨ ਫਿਲਮ ਇੰਸਟੀਚਿਊਟ ਕੰਜ਼ਰਵੇਟਰੀ ਲਈ ਕਰਨ ਵਾਲੀ ਇਕ ਹਿੰਦੂ ਰਾਸ਼ਟਰਵਾਦੀ ਕੁੜੀ ਬਣਕੇ ਖੋਜ 'ਚ ਜੁੱਟ ਗਈ। ਮੈਂ ਭੇਸ ਵਟਾਇਆ ਹੋਇਆ ਸੀ ਅਤੇ ਮੈਂ ਖ਼ੁਦ ਮੋਦੀ ਸਮੇਤ ਉਸ ਦੀ ਸਰਕਾਰ ਦੇ ਸਾਰੇ ਉੱਚ ਅਧਿਕਾਰੀਆਂ ਨੂੰ ਮਿਲੀ, ਅਤੇ ਉਸ ਜਾਂਚ ਦੀ ਹੱਤਿਆ ਕਰ ਦਿੱਤੀ ਗਈ... ਭਾਰਤ ਦੇ ਲੱਗਭੱਗ ਹਰ ਪ੍ਰਕਾਸ਼ਕ ਅਤੇ ਸੰਪਾਦਕ ਨੂੰ ਮਿਲਣ ਤੋਂ ਬਾਅਦ [ਲੰਬਾ ਵਿਰਾਮ]...ਜਿਨ੍ਹਾਂ ਨੇ ਕਿਹਾ ਰਾਣਾ, "ਇਹ ਲੀਹ ਤੋਂ ਹਟਵਾਂ ਕੰਮ ਹੈ। ਇਹ ਵਾਟਰਗੇਟ ਸਕੈਂਡਲ ਵਰਗਾ ਹੈ।" ਮੈਂ ਕਿਹਾ, "ਠੀਕ ਹੈ! ਤੁਹਾਨੂੰ ਇਸ ਨੂੰ ਛਾਪਣਾ ਚਾਹੀਦਾ ਹੈ, ਠੀਕ?" "ਅਸੀਂ ਕਰ ਸਕਦੇ ਹਾਂ, ਪਰ ਤੂੰ ਜਾਣਦੀ ਏਂ, ਇਹ ਚੀਜ਼ਾਂ ਕਿੰਨੀਆਂ ਮੁਸ਼ਕਲ ਹਨ।"

ਅਤੇ ਮੈਂ ਇਹ ਗੱਲ ਸਮਝਦੀ ਹਾਂ, ਠੀਕ? ਭਾਰਤ ਵਿਚ ਹੁਣ ਸਾਡੇ ਕੋਲ ਸੁਤੰਤਰ ਪ੍ਰੈੱਸ ਨਹੀਂ ਹੈ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਪ੍ਰਧਾਨ ਮੰਤਰੀ ਨੇ ਪਿਛਲੇ 8 ਸਾਲਾਂ ਵਿਚ ਇਕ ਵੀ ਪ੍ਰੈੱਸ ਕਾਨਫਰੰਸ ਨਹੀਂ ਕੀਤੀ। ਭਾਰਤ ਦੇ ਗ੍ਰਹਿ ਮੰਤਰੀ, ਜੋ ਸਭ ਤੋਂ ਤਾਕਤਵਰ ਵਿਅਕਤੀ ਹੈ, ਨੇ ਹਾਲ ਹੀ ਵਿਚ ਕਿਹਾ ਹੈ ਕਿ 2002 ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਨਾਲ ਸ਼੍ਰੀਮਾਨ ਮੋਦੀ ਨੇ ਦੇਸ਼ ਵਿਰੋਧੀਆਂ ਨੂੰ ਸਬਕ ਸਿਖਾਇਆ ਸੀ! ਕੀ ਦੁਨੀਆ ਨੂੰ ਇਸ ਬਾਰੇ ਨਾਰਾਜ਼ਗੀ ਜ਼ਾਹਿਰ ਨਹੀਂ ਕਰਨੀ ਚਾਹੀਦੀ? ਮੈਂ ਹਮੇਸ਼ਾ ਇਹ ਸੋਚ ਕੇ ਹੈਰਾਨ ਹੁੰਦੀ ਹਾਂ ਕਿ ਨਾਰਾਜ਼ਗੀ ਜ਼ਾਹਿਰ ਕਰਨ ਲਈ ਦੁਨੀਆ ਕੀ ਉਡੀਕ ਰਹੀ ਹੈ। ਜਦੋਂ ਮੈਂ ਅਮਰੀਕਾ ਆਉਂਦੀ ਹਾਂ, ਜਦੋਂ ਮੈਂ ਦੁਨੀਆ ਘੁੰਮ ਕੇ ਦੱਸ ਰਹੀ ਹਾਂ ਤਾਂ ਦੁਨੀਆ ਉਸ ਨੂੰ ਸਮਝਣ ਲਈ ਕੀ ਉਡੀਕ ਰਹੀ ਹੋਵੇਗੀ ਜਿਸ ਨੂੰ ਅਸੀਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ, ਗਾਂਧੀ ਦਾ ਮੁਲਕ ਸਮਝਦੇ ਹਾਂ। ਪਰ, ਇਸ ਸਮੇਂ ਤਾਂ ਉਸ ਦੇ ਕਾਤਲ, ਗਾਂਧੀ ਦੇ ਕਾਤਲ ਨੂੰ ਪੂਜਿਆ ਜਾ ਰਿਹਾ ਹੈ! ਲੋਕ ਉਸ ਦਾ ਬੁੱਤ ਲਗਾਉਣਾ ਚਾਹੁੰਦੇ ਹਨ। ਸਾਡੇ ਉੱਥੇ ਐਸਾ ਪ੍ਰਧਾਨ ਮੰਤਰੀ ਹੈ ਜੋ ਮੁਸਲਮਾਨਾਂ ਵਿਰੁੱਧ ਜ਼ਹਿਰ ਉਗਲਦਾ ਰਹਿੰਦਾ ਹੈ। ਇੱਥੇ ਤੁਸੀਂ ਸਾਰੇ ਗਊ ਮਾਸ ਖਾਂਦੇ ਹੋ, ਠੀਕ?...[ਦਰਸ਼ਕਾਂ ਨੂੰ ਸੰਬੋਧਤ ਹੁੰਦੇ ਹੋਏ] ਤਲਿਆ ਹੋਇਆ ਗਊ ਮਾਸ! ਭਾਰਤ ਵਿਚ ਤੁਹਾਨੂੰ ਗਊ-ਮਾਸ ਖਾਣ ਲਈ ਮਾਰਿਆ ਜਾ ਸਕਦਾ ਹੈ, ਖ਼ਾਸ ਕਰਕੇ, ਜੇਕਰ ਤੁਸੀਂ ਮੁਸਲਮਾਨ ਹੋ। ਮੋਦੀ ਸਰਕਾਰ ਦੇ ਪਿਛਲੇ 8 ਸਾਲਾਂ ਦੌਰਾਨ ਕਥਿਤ ਤੌਰ 'ਤੇ ਗਊ-ਮਾਸ ਖਾਣ ਕਾਰਨ ਕਿੰਨੀ ਗਿਣਤੀ 'ਚ ਮੁਸਲਮਾਨਾਂ ਨੂੰ ਮਾਰਿਆ ਗਿਆ ਹੈ! ਅਤੇ ਇਹ ਸਿਰਫ਼ ਉਨ੍ਹਾਂ 'ਚੋਂ ਇਕ ਚੀਜ਼ ਹੈ ਜੋ ਭਾਰਤ ਦੀ ਮੁਸਲਿਮ ਘੱਟ ਗਿਣਤੀ ਉੱਪਰ ਸੁੱਟੀਆਂ ਗਈਆਂ ਹਨ।

ਮੇਰੇ ਉੱਪਰ ਐਨਾ ਹਮਲਾ ਕਿਉਂ ਕੀਤਾ ਗਿਆ ਹੈ? ਕਿਉਂਕਿ, ਬਦਕਿਸਮਤੀ ਨਾਲ ਅਤੇ ਖੁਸ਼ਕਿਸਮਤੀ ਨਾਲ, ਮੈਂ ਵੀ ਮੁਸਲਮਾਨ ਹਾਂ ਅਤੇ ਇਕ ਔਰਤ ਹਾਂ। ਮੈਂ ਬੋਲਣ ਦੀ ਹਿੰਮਤ ਕਿਵੇਂ ਕੀਤੀ? ਮੈਂ ਉਸ ਮੁਲਕ ਵਿਚ ਬੋਲਣ ਦੀ ਹਿੰਮਤ ਕਿਵੇਂ ਕਰਦੀ ਹਾਂ ਜਿੱਥੇ ਮੈਨੂੰ ਬਰਾਬਰੀ ਦਾ ਦਰਜਾ ਹੀ ਨਹੀਂ ਹੈ? ਮੈਂ ਐਸੇ ਮੁਲਕ ਵਿਚ ਬੋਲਣ ਦੀ ਹਿੰਮਤ ਕਿਵੇਂ ਕਰਦੀ ਹਾਂ ਜਦੋਂ ਮੈਂ ਮੁਲਕ ਦੀ ਦੂਜੇ ਦਰਜੇ ਦੀ ਨਾਗਰਿਕ ਹਾਂ? ਸੋ, ਮੈਂ ਇੱਥੇ ਸੰਯੁਕਤ ਰਾਜ ਵਿਚ ਹਾਂ, ਇਹ ਪੁਰਸਕਾਰ ਪ੍ਰਾਪਤ ਕਰ ਰਹੀ ਹਾਂ, ਅਜਿਹੇ ਸਮਿਆਂ 'ਚ ਵਿਚ ਘੱਟ ਇਕੱਲੀ ਮਹਿਸੂਸ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ ਜਦੋਂ ਮੈਂ ਬਹੁਤ ਇਕੱਲੀ ਮਹਿਸੂਸ ਕਰਦੀ ਹਾਂ। ਇਸ ਸਾਲ ਜਦੋਂ ਸਰਕਾਰ ਨੇ ਮੇਰੇ 'ਤੇ ਮਨੀ ਲਾਂਡਰਿੰਗ ਦੇ ਦੋਸ਼ ਲਗਾਏ ਤਾਂ ਭਾਰਤੀ ਮੀਡੀਆ ਨੇ ਮੈਨੂੰ ਸਿਰਫ਼ ਕਹਾਣੀ ਦੇ ਤੌਰ 'ਤੇ ਪੇਸ਼ ਕੀਤਾ, ਜਦੋਂ ਮੇਰੀ ਪੂਰੀ ਜ਼ਿੰਦਗੀ ਅਤੇ ਮੇਰੇ ਪੂਰੇ ਪਰਿਵਾਰ ਨੂੰ ਅਸੁਰੱਖਿਅਤ ਬਣਾ ਕੇ ਸਾਰਿਆਂ ਅੱਗੇ ਸੁੱਟ ਦਿੱਤਾ ਗਿਆ। ਮੇਰੇ ਘਰ ਦੇ ਐਨ ਸਾਹਮਣੇ ਟੈਲੀਵਿਜ਼ਨ ਕੈਮਰੇ ਫਿੱਟ ਕੀਤੇ ਹੋਏ ਸਨ, ਜੋ ਕਹਿ ਰਹੇ ਸਨ, "ਅਸੀਂ ਰਾਣਾ ਅਯੂਬ ਦੇ ਘਰ ਦੇ ਪਹਿਲੇ ਦ੍ਰਿਸ਼ ਲੈ ਰਹੇ ਹਾਂ"। ਮੇਰੀ ਜ਼ਿੰਦਗੀ ਦੀ ਕੋਈ ਨਿੱਜਤਾ ਨਹੀਂ ਰਹਿਣ ਦਿੱਤੀ ਗਈ!

ਜਦੋਂ ਮੈਂ ਸੈਰ ਕਰਨ ਜਾਂਦੀ ਹਾਂ, ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ... ਮੇਰੇ ਗੁਆਂਢੀ ਮੇਰੇ ਵੱਲ ਦੇਖਦੇ ਹਨ, ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਕੀ ਉਹ ਮੇਰੇ ਬਾਰੇ ਅੰਦਾਜ਼ੇ ਲਗਾ ਰਹੇ ਹਨ? ਅਤੇ ਇਹ ਮੈਂ ਹਰ ਵਕਤ ਮਹਿਸੂਸ ਕਰਦੀ ਹਾਂ। ਮੇਰੇ ਦੋਵਾਂ ਭਰਾਵਾਂ ਦੀ ਨੌਕਰੀ ਮੇਰੇ ਪੱਤਰਕਾਰ ਬਣਨ ਦਾ ਫ਼ੈਸਲਾ ਲੈਣ ਕਰਕੇ ਚਲੀ ਗਈ। ਮੇਰੇ ਦੋਵੇਂ ਭਰਾ, ਜੋ ਪ੍ਰਕਾਸ਼ਕ ਸਨ, ਹੁਣ ਦਫ਼ਤਰ ਨਹੀਂ ਜਾਂਦੇ ਕਿਉਂਕਿ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਉਹ ਮੇਰੇ ਭਰਾ ਹਨ। ਅਤੇ ਇਹ ਤੁਹਾਨੂੰ ਸਿਰਫ਼ ਸੰਖੇਪ 'ਚ ਦੱਸਣ ਲਈ ਹੈ ਕਿ ਇਸ ਸਮੇਂ ਭਾਰਤ ਵਿਚ ਮੇਰੇ ਨਾਲ ਕੀ ਹੋ ਰਿਹਾ ਹੈ। ਜਦੋਂ ਸਰਕਾਰ ਨੇ, ਮੋਦੀ ਸਰਕਾਰ ਦੇ ਮੰਤਰੀਆਂ ਨੇ ਇਕ ਅਸ਼ਲੀਲ ਵੀਡੀਓ 'ਚ ਮੇਰੀ ਤਸਵੀਰ ਲਗਾ ਕੇ ਬਣਾਈ ਜਾਅਲੀ ਵੀਡੀਓ ਦੇ ਸਕ੍ਰੀਨਸ਼ਾਟ ਪੂਰੇ ਮੁਲਕ 'ਚ ਫੈਲਾਏ ਤਾਂ ਲੋਕ ਸੋਸ਼ਲ ਮੀਡੀਆ 'ਤੇ ਪਾਏ ਮੇਰੇ ਫ਼ੋਨ ਨੰਬਰ, ਮੇਰੇ ਸਿਰਨਾਵੇਂ ਉੱਪਰ ਮੈਨੂੰ ਉਹ ਸਕ੍ਰੀਨਸ਼ਾਟ ਭੇਜ ਰਹੇ ਹਨ। ਸ਼੍ਰੀ ਮੋਦੀ ਦੀ ਪਾਰਟੀ ਦੇ ਬੁਲਾਰੇ ਨੇ ਟਵੀਟ ਕਰਕੇ ਕਿਹਾ ਕਿ ਮੋਹਤਰਮਾ ਜੀ ਇਹ ਤਾਂ ਦੱਸ ਦੇ, ਬਰਲਿਨ 'ਚ ਬੈਠੇ ਤੇਰੇ ਅੱਬਾ ਜਾਨ ਕਿੰਨੀਆਂ ਕੋਠੇ ਵਾਲੀਆਂ ਨਾਲ ਰੰਗਰਲੀਆਂ ਮਨਾ ਰਹੇ ਹਨ, ਜਦੋਂ ਕਿ ਮੇਰੇ ਅੱਬਾ ਕਦੇ ਮੁਲਕ ਤੋਂ ਬਾਹਰ ਗਏ ਹੀ ਨਹੀਂ, ਉਨ੍ਹਾਂ ਨੂੰ ਪਾਗਲਪਣ ਦਾ ਰੋਗ ਹੈ। ਇਹ ਉਸ ਦੀ ਬਹੁਤ ਹੀ ਨਿੱਕੀ ਜਹੀ ਝਲਕ ਹੈ ਜਿਸਦਾ ਮੈਨੂੰ ਨਿੱਤ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਮੇਰੀ ਕਿਤਾਬ 'ਗੁਜਰਾਤ ਫ਼ਾਈਲਾਂ' ਛਪੀ, ਜੋ ਕਿ ਗੁਪਤ ਖੋਜ ਮਿਸ਼ਨ 'ਤੇ ਆਧਾਰਿਤ ਨਵੇਂ ਖ਼ੁਲਾਸੇ ਕਰਦੀ ਕਿਤਾਬ ਹੈ, ਤਾਂ ਮੇਰੀ ਸਹਿਕਰਮੀ ਗੌਰੀ ਲੰਕੇਸ਼ ਮੇਰੀ ਕਿਤਾਬ ਦਾ ਖੇਤਰੀ ਭਾਸ਼ਾ ਵਿਚ ਅਨੁਵਾਦ ਕਰਨਾ ਚਾਹੁੰਦੀ ਸੀ। ਉਸਨੇ ਕਿਹਾ, "ਰਾਣਾ, ਇਸ ਕਿਤਾਬ ਦਾ ਅਨੁਵਾਦ ਕਰੀਏ, ਇਸ ਕਿਤਾਬ ਨੂੰ ਬਾਹਰ ਲੈ ਕੇ ਜਾਈਏ।" ਅਤੇ ਮੈਂ ਕਿਹਾ, "ਕੀ ਤੁਹਾਨੂੰ ਯਕੀਨ ਹੈ?" ਅਤੇ ਉਸਨੇ ਕਿਹਾ, "ਹਾਂ!" ਅਤੇ ਉਦੋਂ ਭਾਰਤ ਸਰਕਾਰ ਮੈਨੂੰ ਬੇਥਾਹ ਨਫ਼ਰਤ ਪਰੋਸ ਰਹੀ ਸੀ। ਉਸਨੇ ਮੈਨੂੰ ਫ਼ੋਨ ਕਰਕੇ ਪੁੱਛਿਆ, "ਤੂੰ ਠੀਕ ਏ?" ਮੈਂ ਕਿਹਾ, "ਹਾਂ ਮੈਂ ਠੀਕ ਹਾਂ।" ਉਸਨੇ ਕਿਹਾ, "ਬਾਬੇ, ਇਹ ਬੇਵਕੂਫ਼ ਲੋਕ ਨੇ, ਇਹ ਕਾਗਜ਼ੀ ਸ਼ੇਰ ਹਨ। ਪਰੇਸ਼ਾਨ ਨਾ ਹੋਵੀਂ।" ਅਗਲੇ ਦਿਨ ਉਸ ਨੂੰ ਉਸਦੇ ਘਰ ਦੇ ਬਾਹਰ ਗੋਲੀ ਮਾਰ ਦਿੱਤੀ ਗਈ। (ਵਿਰਾਮ)...ਠੀਕ? ਤੁਸੀਂ ਇਹ ਕਹਾਣੀਆਂ ਨਹੀਂ ਜਾਣਦੇ ਅਤੇ ਉਹ ਕਾਤਲ ਅਜੇ ਵੀ ਬਾਹਰ ਹਨ। ਇਹ ਤਾਂ ਬਹੁਤ ਹੀ ਸੰਖੇਪ ਹੈ। ਮੈਂ ਭਾਰਤ ਬਾਰੇ ਹੋਰ ਗੱਲਬਾਤ ਕਰਦੀ ਰਹਿ ਸਕਦੀ ਹਾਂ। ਪਰ ਮੈਂ ਮਹਿਸੂਸ ਕਰਦੀ ਹਾਂ ਕਿ ਮੈਂ ਸੰਪਾਦਕਾਂ ਨਾਲ ਭਰੇ ਕਮਰੇ ਵਿਚ ਬੈਠੀ ਹਾਂ ਅਤੇ ਮੈਨੂੰ ਯਕੀਨ ਹੈ ਕਿ ਤੁਸੀਂ ਭਾਰਤ ਦੀਆਂ ਕਹਾਣੀਆਂ ਨੂੰ ਸਾਹਮਣੇ ਲਿਆਉਣ ਲਈ ਪੂਰਾ ਤਾਣ ਜ਼ਰੂਰ ਲਗਾਓਗੇ। ਮੈਂ ਸੱਚਮੁੱਚ ਵਿਸ਼ਵਾਸ ਕਰਦੀ ਹਾਂ ਅਤੇ ਮੈਨੂੰ ਤੁਹਾਡੇ 'ਚ ਸੱਚਮੁੱਚੀਂ ਭਰੋਸਾ ਹੈ।..... ਪਿਛਲੇ ਦੋ ਮਹੀਨੇ ਥਕਾ ਦੇਣ ਵਾਲੇ ਰਹੇ ਹਨ ਅਤੇ ਮੈਂ ਦਰਅਸਲ ਵਿਸ਼ਵਾਸ ਉੱਠ ਜਾਣ ਦੇ ਕੰਢੇ 'ਤੇ ਪਹੁੰਚ ਚੁੱਕੀ ਹਾਂ ਕਿ ਦੁਨੀਆ ਭਾਰਤ ਬਾਰੇ ਕੀ ਕਰ ਸਕਦੀ ਹੈ, ਪਰ ਅਸੀਂ ਇੱਥੇ ਪੱਤਰਕਾਰ ਬੈਠੇ ਹਾਂ, ਜੋ ਸਿਰਦਰਦੀ ਪੈਦਾ ਕਰਨ ਵਾਲੇ ਸਮਝੇ ਜਾਂਦੇ ਹਾਂ... ਜਿਵੇਂ ਕਿ ਮੇਰਾ ਮੰਨਣਾ ਹੈ, ਮੈਂ ਬਹੁਤ ਸਾਰੇ ਲੋਕਾਂ ਲਈ ਸਿਰਦਰਦੀ ਹਾਂ। ਜਦੋਂ ਮੈਂ ਇੱਥੇ ਆਪਣਾ ਭਾਸ਼ਣ ਦੇਣ ਲਈ ਆ ਰਹੀ ਸੀ ਤਾਂ ਮੇਰੀ ਅੰਮੀ ਨੇ ਪਤੈ ਮੈਨੂੰ ਕੀ ਕਿਹਾ, "ਥੋੜ੍ਹਾ ਸੋਚ-ਸਮਝ ਕੇ ਬੋਲਣ ਦੀ ਕੋਸ਼ਿਸ਼ ਕਰੀਂ। ਜੋ ਮੂੰਹ 'ਚ ਆਉਂਦਾ ਉਹ ਸਾਰਾ ਕੁਝ ਨਾ ਬੋਲਦੀ ਰਹੀਂ।" [ਦਰਸ਼ਕ ਹੱਸਦੇ ਹਨ] ..... ਬਦਕਿਸਮਤੀ ਨਾਲ ਮੈਂ ਇਸ ਤਰ੍ਹਾਂ ਦੀ ਹਾਂ ਅਤੇ ਇਸੇ ਕਰਕੇ ਮੈਨੂੰ ਮਹਿਸੂਸ ਹੋਇਆ ਕਿ ਮੈਨੂੰ ਬਹੁਤ ਸਾਰੀਆਂ ਅਧਿਕਾਰਤ ਮੀਟਿੰਗਾਂ ਨਹੀਂ ਕਰਨੀਆਂ ਚਾਹੀਦੀਆਂ। ਪਰ ਮੈਨੂੰ ਇੱਥੇ ਸੱਦਣ ਲਈ ਤੁਹਾਡਾ ਧੰਨਵਾਦ, ਮੈਨੂੰ ਆਪਣੇ ਦਿਲ ਦੀਆਂ ਗੱਲਾਂ ਕਰਨ ਦੇਣ ਲਈ ਤੁਹਾਡਾ ਧੰਨਵਾਦ, ਮੇਰਾ ਇਕਲਾਪੇ ਅਤੇ ਅਲੱਗ-ਥਲੱਗਤਾ ਦਾ ਅਹਿਸਾਸ ਘਟਾਉਣ ਲਈ ਤੁਹਾਡਾ ਧੰਨਵਾਦ, ਜਿੱਥੇ ਇਕ ਸਮਾਂ ਅਜਿਹਾ ਸੀ ਕਿ ਜਦੋਂ ਮੈਂ ਮੁਲਕ ਵਿਚ ਵਾਪਸ ਜਾਂਦੀ ਸੀ ਜਿੱਥੇ ਮੇਰੇ ਦੋਸਤ ਜੋ ਪਹਿਲਾਂ ਮੈਨੂੰ ਕੌਫ਼ੀ ਦੀ ਸ਼ਾਪ 'ਚ ਕੌਫ਼ੀ ਪੀਣ ਲਈ ਬੁਲਾਉਂਦੇ ਸਨ, ਹੁਣ ਮੈਨੂੰ ਘਰ 'ਚ ਬੁਲਾਉਂਦੇ ਹਨ। ਉਹ ਕਹਿੰਦੇ ਹਨ, "ਘਰ ਆ ਜਾ।" ਮੈਨੂੰ ਪਤਾ ਹੈ ਕਿ ਉਹ ਅਜਿਹਾ ਕਿਉਂ ਕਰਦੇ ਹਨ। ਉਹ ਮੇਰੇ ਨਾਲ ਜਨਤਕ ਤੌਰ 'ਤੇ ਨਜ਼ਰ ਨਹੀਂ ਆਉਣਾ ਚਾਹੁੰਦੇ, ਠੀਕ? ਮੈਂ ਤੁਹਾਨੂੰ ਨਹੀਂ ਦੱਸ ਸਕਦੀ ਕਿ ਇਹ ਕਿੰਨੀ ਅਲੱਗ-ਥਲੱਗ ਹਾਲਤ ਹੈ .... ਆਪਣੇ ਹੀ ਮੁਲਕ ਵਿਚ ਮੁਜਰਿਮ ਵਾਂਗ ਰਹਿਣਾ - ਇਕ ਅਜਿਹਾ ਮੁਲਕ ਜੋ ਨਿੱਤ ਮੈਨੂੰ ਦੇਸ਼ਪ੍ਰੇਮ ਦਾ ਇਮਤਿਹਾਨ ਦੇਣ ਲਈ ਕਹਿੰਦਾ ਰਹਿੰਦਾ ਹੈ ਕਾਸ਼ ਮੈਂ ਆਪਣਾ ਦਿਲ ਪਾੜ ਕੇ ਦਿਖਾ ਸਕਦੀ। ਸੋ ਤੁਹਾਡਾ ਬਹੁਤ ਬਹੁਤ ਧੰਨਵਾਦ। ਮੇਰੀ ਕਹਾਣੀ ਸੁਨਣ ਲਈ ਮੈਂ ਸੱਚਮੁੱਚੀਂ ਤੁਹਾਡੀ ਤਾਰੀਫ਼ ਕਰਦੀ ਹਾਂ ਅਤੇ ਤੁਹਾਡਾ ਬਹੁਤ ਬਹੁਤ ਧੰਨਵਾਦ, ਮੇਰੇ ਇਹ ਪੰਜ ਮਿੰਟ...[ਮੁਸਕਰਾਉਂਦੇ ਹੋਏ]... ਮੇਰੇ ਲਈ ਬਹੁਤ ਮਾਇਨੇ ਰੱਖਦੇ ਹਨ। ਧੰਨਵਾਦ!

# ਸ. ਗੁਰਬਚਨ ਸਿੰਘ ਵਰਗੇ ਸਿੱਖ ਵਿਦਵਾਨ ਆਖਿਰ ਚਾਹੁੰਦੇ ਕੀ ਹਨ?-ਭਾਗ-1

(ਸਫ਼ਾ 5 ਦੀ ਬਾਕੀ)

ਹਥਿਆਰਾਂ ਦੀ ਪ੍ਰਦਰਸ਼ਨੀ ਨਾ ਕੀਤੀ ਜਾਵੇ, ਜਿਸ ਕਾਰਨ ਸੰਗਤ ਵਿੱਚ ਭੈਅ ਦਾ ਮਾਹੌਲ ਬਣਦਾ ਹੈ। ਸੰਤ ਭਿੰਡਰਾਂਵਾਲਿ਼ਆਂ ਨੇ ਇਹ ਹੁਕਮ ਇੱਕ ਹਫਤੇ ਤੋਂ ਵੱਧ ਨਹੀਂ ਮੰਨਿਆ ਸੀ? ਸਗੋਂ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਵਲੋਂ ਦਰਬਾਰ ਸਾਹਿਬ ਅੰਦਰ ਹਥਿਆਰਾਂ ਦੀ ਪ੍ਰਦਰਸ਼ਨੀ ਤੇ ਹੋਰ ਰਹੇ ਕਤਲਾਂ ਬਾਰੇ ਦਿੱਤੇ ਬਿਆਨ ਤੋਂ ਅਗਲੇ ਦਿਨ ਹੀ ਉਸਦੇ ਘਰ ਜਾ ਕੇ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਕੀ ਅਕਾਲੀ ਦਲ ਆਪਣਾ ਸ਼ਾਂਤਮਈ ਮੋਰਚਾ ਵਾਪਿਸ ਲੈ ਕੇ ਮੈਦਾਨੋਂ ਭੱਜ ਗਿਆ ਸੀ ਤੇ ਸੰਤ ਜੀ ਕੋਲ਼ ਸਿੱਖ ਹੱਕਾਂ ਲਈ ਲੜਨ ਵਾਸਤੇ ਹਥਿਆਰਬੰਦ ਸੰਘਰਸ਼ ਤੋਂ ਬਿਨਾਂ ਕੋਈ ਰਾਹ ਨਹੀਂ ਸੀ? ਜੇ ਸੰਤ ਜੀ ਨੇ ਸਿੱਖਾਂ ਗਲ਼ੋਂ ਗੁਲਾਮੀ ਲਾਹੁਣ ਲਈ ਹਥਿਆਰਬੰਦ ਸੰਘਰਸ਼ ਕਰਨਾ ਹੀ ਸੀ ਤਾਂ ਕੀ ਉਨ੍ਹਾਂ ਨੂੰ ਆਪਣੇ ਵੱਖਰੇ ਪਲੈਟਫਾਰਮ ਜਾਂ ਚੌਕ ਮਹਿਤਾ ਤੋਂ ਨਹੀਂ ਲ਼ੜਨਾ ਚਾਹੀਦਾ ਸੀ? ਕੀ ਤੁਸੀਂ ਦੱਸ ਸਕਦੇ ਹੋ ਕਿ ਜੂਨ 1984 ਤੋਂ ਪਹਿਲਾਂ ਕਿਤਨੇ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲੇ ਹੋਏ ਸਨ? ਉਸਦੇ ਮੁਕਾਬਲੇ 1981-84 ਤੱਕ ਖਾੜਕੂਆਂ ਨੇ ਕਿਤਨੇ ਕਤਲ ਕੀਤੇ ਸਨ ਤੇ ਬੈਂਕ ਡਾਕੇ ਮਾਰੇ ਸਨ? ਇਸ ਸਬੰਧੀ ਖਾੜਕੂ ਕੁਲਜਿੰਦਰ ਸਿੰਘ ਢਿੱਲੋਂ ਦੀ ਇੰਟਰਵਿਊ ਵਿਸ਼ੇਸ਼ ਮਹੱਤਤਾ ਰੱਖਦੀ ਹੈ, ਕਿਉਂਕਿ ਉਹ ਖੁਦ 1983-84 ਵਿੱਚ ਦਰਬਾਰ ਸਾਹਿਬ ਅੰਦਰ ਬਾਕੀ ਖਾੜਕੂਆਂ ਨਾਲ਼ ਰਹਿ ਰਿਹਾ ਸੀ ਉਸਦੇ ਦੱਸਣ ਮੁਤਬਿਕ ਅੰਦਰ ਬੈਠੇ ਖਾੜਕੂਆਂ ਵਲੋਂ ਬੈਂਕ ਲੁੱਟਣੀ ਤਾਂ 'ਜੁੱਤੀ ਨਾਲ਼ ਸੈਹਾ' ਮਾਰਨ ਸਮਾਨ ਹੋ ਗਈ ਸੀ, ਜਿਹੜਾ ਜਦੋਂ ਮਰਜੀ ਜਾ ਕੇ ਬੈਂਕ ਲੁੱਟ ਲੈਂਦਾ ਸੀ।

ਗੁਰਬਚਨ ਸਿੰਘ ਜੀ ਇਸੇ ਪੋਸਟ ਵਿੱਚ ਅੱਗੇ ਲਿਖਦੇ ਹਨ: 'ਪੰਜਾਬ ਦੇ ਕਮਿਊਨਿਸਟਾਂ ਨੂੰ ਸੋਝੀ ਨਹੀਂ ਕਿ ਸੰਸਾਰ ਭਰ ਵਿਚ ਜਿਥੇ ਆ ਕੇ ਮਾਰਕਸ ਦੀ ਫਿਲਾਸਫੀ ਜਾਮ ਹੋ ਗਈ ਹੈ, ਉਥੇ ਇਹ ਜਾਮ ਸਿਰਫ ਤੇ ਸਿਰਫ ਗੁਰਮਤਿ ਹੀ ਤੋੜ ਸਕਦੀ ਹੈ।' ਵੈਸੇ ਤਾਂ ਦੁਨੀਆਂ ਦੇ ਹਰ ਧਰਮੀ ਵਿਅਕਤੀ ਨੂੰ ਅਜਿਹਾ ਵਹਿਮ ਹੁੰਦਾ ਹੈ ਕਿ ਉਨ੍ਹਾਂ ਦਾ ਧਰਮ ਹੀ ਸਭ ਤੋਂ ਸਰਬੋਤਮ ਹੈ। ਪਰ ਸਰਦਾਰ ਸਾਹਿਬ ਨੂੰ ਸ਼ਾਇਦ ਇਹ ਦੱਸਣ ਦੀ ਲੋੜ ਤੇ ਨਹੀਂ, ਉਹ ਸਭ ਜਾਣਦੇ ਹੀ ਹਨ ਕਿ ਮਾਰਕਸ ਦੀ ਕਮਿਉਨਿਸਟ ਵਿਚਾਰਧਾਰਾ ਨੇ ਪਿਛਲੇ 100 ਸਾਲਾਂ ਵਿੱਚ ਨਾ ਸਿਰਫ ਸਾਰੀ ਦੁਨੀਆਂ ਨੂੰ ਵੱਡੇ ਪੱਧਰ ਤੇ ਪ੍ਰਭਾਵਤ ਕੀਤਾ ਹੈ, ਸਗੋਂ ਇੱਕ ਸਮਾਂ ਅਜਿਹਾ ਵੀ ਆ ਗਿਆ ਸੀ, ਜਦੋਂ ਅੱਧੀ ਤੋਂ ਵੱਧ ਦੁਨੀਆਂ ਵਿੱਚ ਕਮਿਉਨਿਜ਼ਮ ਫੈਲ ਚੁੱਕਾ ਸੀ ਅਤੇ ਅੱਜ ਵੀ ਜੇ ਸਰਮਾਏਦਾਰੀ ਨੂੰ ਕੋਈ ਵੱਡਾ ਚੈਲਿੰਜ ਹੈ ਤਾਂ ਉਹ ਮਾਰਕਸਵਾਦ ਤੋਂ ਹੀ ਹੈ। ਇਸਦੇ ਮੁਕਾਬਲੇ ਸਿੱਖ ਵਿਚਾਰਧਾਰਾ 500 ਸਾਲਾਂ ਵਿੱਚ ਪੰਜਾਬ ਅੰਦਰ ਵੀ ਆਪਣੇ ਪੈਰ ਕਿਉਂ ਨਹੀਂ ਜਮਾ ਸਕੀ? ਜਦੋਂ ਸਿੱਖਾਂ ਦਾ ਪੰਜਾਬ ਵਿੱਚ ਰਾਜ ਸੀ ਤਾਂ ਉਸ ਵਕਤ ਵੀ ਸਿੱਖਾਂ ਦੀ ਗਿਣਤੀ 14-15% ਤੋਂ ਵੱਧ ਨਹੀਂ ਸੀ। ਗੱਲਾਂ ਵਿੱਚ ਤੁਸੀਂ ਜਿਤਨਾ ਮਰਜੀ ਕਹੀ ਜਾਉ ਕਿ 'ਪੰਜਾਬ ਵਸਦਾ ਗੁਰਾਂ ਦੇ ਨਾਮ ਸ਼', ਪਰ ਸਭ ਨੂੰ ਇਹ ਸੱਚ ਸਪੱਸ਼ਟ ਹੈ ਕਿ ਬਹੁ-ਗਿਣਤੀ ਸਿੱਖ ਸਮਾਜ ਸਿੱਖ ਵਿਚਾਰਧਾਰਾ ਨੂੰ ਨਹੀਂ, ਸਰਮਾਏਦਾਰੀ ਨੂੰ ਹੀ ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੰਨਦਾ ਹੈ। ਇਸੇ ਕਰਕੇ ਬਹੁ-ਗਿਣਤੀ ਸਿੱਖਾਂ ਦੀ ਦੌੜ ਪੰਜਾਬ ਛੱਡ ਕੇ ਨਾ ਸਿਰਫ ਹਰ ਛੋਟੇ-ਵੱਡੇ ਸਰਮਾਏਦਾਰ ਦੇਸ਼ ਵੱਲ ਨੂੰ ਲੱਗੀ ਹੋਈ ਹੈ, ਸਗੋਂ ਉਹ ਹਰ ਗੈਰ-ਇਖਲਾਕੀ ਤਰੀਕਾ ਅਪਨਾ ਕੇ ਵੀ ਪੱਛਮ ਵਿੱਚ ਸੈਟ ਹੋਣ ਲਈ ਤਿਆਰ ਹੈ। ਤੁਹਾਡੇ ਸਮੇਤ ਵੱਡੇ-ਵੱਡੇ ਵਿਦਵਾਨਾਂ, ਜਥੇਦਾਰਾਂ, ਪ੍ਰਚਾਰਕਾਂ, ਲੀਡਰਾਂ, ਅਫਸਰਾਂ ਨੇ ਆਪਣੇ ਬੱਚੇ ਵਿਦੇਸ਼ਾਂ ਵਿੱਚ ਸੈਟ ਕਰ ਲਏ ਹਨ ਤੇ ਉਨ੍ਹਾਂ ਹੁਣ ਕਦੇ ਵਾਪਿਸ ਪੰਜਾਬ ਨਹੀਂ ਜਾਣਾ? ਕੀ ਤੁਸੀਂ ਆਪਣੇ ਪੁੱਤਰ ਨੂੰ ਅਮਰੀਕਾ ਤੋਂ ਵਾਪਿਸ ਗੁਰੂਆਂ ਦੀ ਧਰਤੀ ਤੇ ਹਲੇਮੀ ਰਾਜ ਲਿਆਉਣ ਲਈ ਵਾਪਿਸ ਬੁਲਾ ਸਕਦੇ ਹੋ?

hparharwriter@gmail.com

(ਚੱਲਦਾ)

# ਲਤੀਫਪੁਰਾ ’ਚ ’47 ਦੇ ਉੱਜੜਿਆਂ ਨੂੰ ਮੁੜ ਉਜਾੜਿਆ





**ਗੁਰਪ੍ਰੀਤ**

ਜਲੰਧਰ ਦੀ ਲਤੀਫਪੁਰਾ ਬਸਤੀ ਵਿੱਚ 80 ਪਰਿਵਾਰਾਂ ਲਈ 9 ਦਸਬੰਰ ਦੀ ਸਵੇਰ ਕਹਿਰ ਬਣਕੇ ਆਈ। ਜਲੰਧਰ ਦੀ ਇੰਪਰੂਵਮੈਂਟ ਟਰੱਸਟ ਕਿਸੇ ਹਮਲਾਵਰ ਵਾਂਗ 4 ਬੁਲਡੋਜਰ ਤੇ 700 ਪੁਲਸੀਆਂ ਨੂੰ ਲੈਕੇ ਸਵੇਰ 6 ਵਜੇ ਆਈ ਤੇ ਇਸ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਤੇ ਉਸ ਮਗਰੋਂ ਵਰ੍ਹਿਆਂ ਦੀ ਮਿਹਨਤ ਨਾਲ਼ ਲੋਕਾਂ ਵੱਲੋਂ ਉਸਾਰੇ ਮਕਾਨ ਪਲਾਂ ਵਿੱਚ ਹੀ ਢਾਹ ਦਿੱਤੇ ਗਏ। ਪੁਲਿਸ ਦੀ ਇਹ ਨਫਰੀ ਇੱਥੋਂ ਦੇ ਬਾਸ਼ਿੰਦਿਆਂ ਤੋਂ ਵੀ ਜਿਆਦਾ ਸੀ ਤੇ ਉਹਨਾਂ ਘਰ-ਘਰ ਜਾ ਕੇ ਲੋਕਾਂ ਨੂੰ ਡਰਾਉਣ, ਧਮਕਾਉਣ, ਗਾਲਾਂ ਕੱਢਣ ਤੇ ਘੜੀਸ ਕੇ ਘਰੋਂ ਬਾਹਰ ਕੱਢਣ ’ਚ ਪੂਰੀ ਧੱਕੇਸ਼ਾਹੀ ਕੀਤੀ। ਇਹਨਾਂ ਬਾਸ਼ਿੰਦਿਆਂ ’ਚੋਂ ਕੋਈ ਆਪਣੇ ਘਰ ਦਾ ਸਮਾਨ ਬਾਹਰ ਕੱਢ ਰਿਹਾ ਸੀ, ਕੋਈ ਬੱਚਿਆਂ ਨੂੰ ਸਾਂਭ ਰਿਹਾ ਸੀ, ਕਿਧਰੇ ਰੋਣ-ਧੋਣ ਤੇ ਚੀਕ ਚਿਹਾੜੇ ਦੀਆਂ ਅਵਾਜ਼ਾਂ ਆ ਰਹੀਆਂ ਸਨ, ਕਿਧਰੇ ਕੋਈ ਬਜੁਰਗ ਜਾਂ ਔਰਤ ਅਧਿਕਾਰੀਆਂ ਦੇ ਤਰਲੇ ਮਿੰਨਤਾਂ ਕਰ ਰਹੇ ਸਨ ਤੇ ਕਿਧਰੇ ਕੋਈ ਗੁੱਸੇ ’ਚ ਉਹਨਾਂ ਨੂੰ ਬੋਲ ਰਿਹਾ ਸੀ, ਸਰਕਾਰੀ ਪੀਲਾ ਪੰਜਾ ਇਸ ਸਭ ਤੋਂ ਬੇਪਰਵਾਹ ਹੋਇਆ ਉਹਨਾਂ ਦੇ ਘਰ ਢਾਹ ਰਿਹਾ ਸੀ ਤੇ ਇੰਪਰੂਵਮੈਂਟ ਤੇ ਪੁਲਿਸ ਦੇ ਵੱਡੇ ਅਧਿਕਾਰੀ ਪਾਸੇ ਖੜ੍ਹੇ ਕੱਛਾਂ ’ਚ ਹੱਥ ਦੇਈ ਇਸ ਉਜਾੜੇ ਉੱਪਰ ਖੁਸ਼ ਹੋ ਰਹੇ ਸਨ।

ਇਹਨਾਂ ਪਰਿਵਾਰਾਂ ਦਾ ਇਹ ਉਜਾੜਾ ਨਜਾਇਜ਼ ਕਬਜੇ ਛੁਡਾਉਣ ਦੇ ਨਾਮ ਉੱਪਰ ਕੀਤਾ ਗਿਆ ਹੈ। ਇਹ ਪਰਿਵਾਰ 1947 ਦੇ ਉਜਾੜੇ ਤੋਂ ਬਾਅਦ ਇੱਥੇ ਆਕੇ ਵਸੇ ਸਨ ਤੇ ਉਹਨਾਂ ਇਸ ਪਿੰਡ ਨੂੰ ਅਬਾਦ ਕੀਤਾ ਸੀ। ਉਦੋਂ ਇਸ ਪਿੰਡ ਦੇ ਬਾਸ਼ਿੰਦੇ ਇੱਥੋਂ ਉੱਜੜ ਕੇ ਪਾਕਿਸਤਾਨ ਚਲੇ ਗਏ ਸਨ। ਉਹਨਾਂ ਦੇ ਖਾਲੀ ਪਏ ਮਕਾਨਾਂ ਵਿੱਚ ਉੱਧਰੋਂ ਉੱਜੜ ਕੇ ਆਏ ਇਹਨਾਂ ਪਰਿਵਾਰਾਂ ਨੂੰ ਉਸ ਮੌਕੇ ਸਰਕਾਰ ਨੇ ਇੱਥੇ ਵਸਣ ਦੀ ਮਨਜ਼ੂਰੀ ਦੇ ਦਿੱਤੀ। ਇੱਥੋਂ ਦੇ ਜਿਆਦਾਤਰ ਬਾਸ਼ਿੰਦੇ ਉਹਨਾਂ ਪਰਿਵਾਰਾਂ ਦੇ ਹੀ ਹਨ ਤੇ ਥੋੜ੍ਹੇ ਜਿਹੇ ਪਰਿਵਾਰ ਬਾਅਦ ’ਚ ਇੱਥੇ ਆਕੇ ਵਸੇ ਹਨ। ਹੌਲ਼ੀ-ਹੌਲ਼ੀ ਇਹ ਪਿੰਡ ਸ਼ਹਿਰ ਦੀ ਜੱਦ ’ਚ ਆ ਗਿਆ। 1979 ਵਿੱਚ ਸ਼ਹਿਰੀ ਵਿਕਾਸ ਤੇ ਵਿਉਂਤਬੰਧੀ ਦੀ ਸਰਕਾਰੀ ਸੰਸਥਾ ਇੰਪਰੂਵਮੈਂਟ ਟਰੱਸਟ ਜਲੰਧਰ ਨੇ ਇਸਦੇ ਨਾਲ਼ ਦੇ ਇਲਾਕੇ ਨੂੰ ਗੁਰੂ ਤੇਗ ਬਹਾਦਰ ਨਗਰ ਦੇ ਨਾਮ ਹੇਠ ਅਮੀਰਾਂ ਦੇ ਪੌਸ਼ ਇਲਾਕੇ ਵਜੋਂ ਵਿਕਸਤ ਕੀਤਾ। ਲਤੀਫਪੁਰੇ ਦੇ ਇੱਕ ਪਾਸੇ ਅਮੀਰਾਂ ਦਾ ਇਲਾਕਾ ਗੁਰੂ ਤੇਗ ਬਹਾਦਰ ਨਗਰ ਤੇ ਦੂਜੇ ਪਾਸੇ ਮਾਡਲ ਟਾਊਨ ਬਣ ਗਿਆ। ਉਦੋਂ ਤੋਂ ਹੀ ਆਸ-ਪਾਸ ਦੇ ਪੌਸ਼ ਇਲਾਕਿਆਂ ’ਚ ਘਿਰੀ ਇਹ ਛੋਟੇ-ਮੋਟੇ ਕੰਮ ਕਰਨ ਵਾਲ਼ਿਆਂ ਦੀ ਬਸਤੀ ਇਹਨਾਂ ਧਨਾਢਾਂ ਤੇ ਇੰਪਰੂਵਮੈਂਟ ਟਰੱਸਟ ਦੀਆਂ ਅੱਖਾਂ ਵਿੱਚ ਰੜਕ ਰਹੀ ਸੀ। ਕਰੀਬ 110 ਏਕੜ ਦੇ ਇਸ ਪੌਸ਼ ਇਲਾਕੇ ਵਿੱਚ 1.5 ਏਕੜ ਦੀ ਇਹ ਬਸਤੀ ਉਹਨਾਂ ਨੂੰ ਆਪਣੇ ਸੋਹਣੇ ਕੱਪੜਿਆਂ ’ਤੇ ਗੰਦੇ ਧੱਬੇ ਵਾਂਗ ਲਗਦੀ ਸੀ। ਇਸ ਕਰਕੇ ਗੁਰੂ ਤੇਗ ਬਹਾਦਰ ਨਗਰ ਵਸਾਉਣ ਵੇਲੇ ਤੋਂ ਇੰਪਰੂਵਮੈਂਟ ਟਰੱਸਟ ਇਸ ਜਮੀਨ ਨੂੰ ਆਪਣੀ ਦੱਸਦੇ ਹੋਏ ਦਹਾਕਿਆਂ ਤੋਂ ਵਸੇ ਇਹਨਾਂ ਲੋਕਾਂ ਦੀ ਰਿਹਾਇਸ਼ ਨੂੰ ਨਜਾਇਜ਼ ਕਬਜੇ ਦੱਸ ਕੇ ਅਦਾਲਤ ਵਿੱਚ ਕੇਸ ਲੜ ਰਿਹਾ ਹੈ। ਅਦਾਲਤ ਨੇ ਆਪਣੀ ਰਵਾਇਤ ਮੁਤਾਬਕ ਸਰਕਾਰ ਤੇ ਅਮੀਰਾਂ ਦਾ ਪੱਖ ਪੂਰਿਆ ਤੇ ਦਹਾਕਿਆਂ ਤੋਂ ਇਸ ਥਾਂ ’ਤੇ ਵਸੇ ਕਿਰਤੀ ਲੋਕਾਂ ਖਿਲਾਫ ਫੈਸਲਾ ਸੁਣਾ ਦਿੱਤਾ। ਹੁਣ ਸਰਕਾਰ ਨੇ ਇਹ ਲਤੀਫਪੁਰਾ ਪਿੰਡ ਉਜਾੜ ਕੇ ਇਸਨੂੰ ਗੁਰੂ ਤੇਗ ਬਹਾਦਰ ਨਗਰ ਵਿੱਚ ਰਲ਼ਾ ਦਿੱਤਾ ਹੈ। ਇਉਂ ਧਨਾਢਾਂ ਦੀ ਆਲੀਸ਼ਾਨ ਕਲੋਨੀ ਉਸਾਰਨ ਲਈ ’47 ਦੇ ਉੱਜੜਿਆਂ ਨੂੰ ਮੁੜ ਉਜਾੜ ਦਿੱਤਾ ਗਿਆ ਹੈ।

ਮੌਜੂਦਾ ਸਮੇਂ ਇਸ 1.5 ਏਕੜ ਜ਼ਮੀਨ ਦੀ ਕੀਮਤ 150 ਕਰੋੜ ਦੱਸੀ ਜਾ ਰਹੀ ਹੈ। ਇੰਪਰੂਵਮੈਂਟ ਟਰੱਸਟ ਹੁਣ ਇੱਥੇ ਮਹਿੰਗੇ ਪਲਾਟ ਕੱਟੇਗਾ ਜਿੱਥੇ ਆਲੀਸ਼ਾਨ ਮਕਾਨ ਤੇ ਵੱਡੀਆਂ ਦੁਕਾਨਾਂ ਉੱਸਰਨਗੀਆਂ ਤੇ ਕਿਰਤੀਆਂ ਦੀ ਇਸ ਬਸਤੀ ਦੀ ਦਿੱਖ ਵੀ ਬਾਕੀ ਗੁਰੂ ਤੇਗ ਬਹਾਦਰ ਨਗਰ ਵਾਲ਼ੀ ਬਣੇਗੀ। ਇਹ ਆਰਥਿਕ ਲਾਭਾਂ ਲਈ ਕੀਤੀ ਜਾ ਰਹੀ ਸਿਆਸੀ ਧੱਕੇਸ਼ਾਹੀ ਹੈ। ਸਰਕਾਰ ਦੀ ਸੰਵੇਦਨਹੀਣਤਾ ਦੇਖੋ ਕਿ ਇਹਨਾਂ ਕਿਰਤੀ ਲੋਕਾਂ ਦੇ ਵਸੇਵੇਂ ਲਈ ਨਾ ਤਾਂ ਕੋਈ ਹੋਰ ਪ੍ਰਬੰਧ ਕੀਤਾ ਗਿਆ ਹੈ, ਨਾ ਇਹਨਾਂ ਨੂੰ ਕੋਈ ਮੁਆਵਜਾ ਦਿੱਤਾ ਗਿਆ ਹੈ ਤੇ ਨਾ ਹੀ ਹਾਕਮ ਧਿਰ ਦੇ ਕਿਸੇ “ਆਮ ਆਦਮੀ” ਨੇ ਇਹਨਾਂ ਦੀ ਸਾਰ ਲਈ ਹੈ। ਇੱਥੇ ਵਸਣ ਵਾਲ਼ੇ ਲੋਕਾਂ ਦਾ ਇਹ ਵੀ ਦਾਅਵਾ ਹੈ ਕਿ ਸਰਕਾਰੀ ਹੱਕ 120 ਫੁੱਟ ਸੜਕ ਤੱਕ ਦਾ ਹੈ ਪਰ ਸਰਕਾਰ ਨੇ 300 ਤੋਂ ਵੱਧ ਫੁੱਟ ਦੇ ਇਲਾਕੇ ’ਚ ਵਸੇ ਉਹਨਾਂ ਦੇ ਘਰ ਨਜਾਇਜ਼ ਢਾਹੇ ਹਨ। ਕੁੱਝ ਲੋਕਾਂ ਦਾ ਇਹ ਕਹਿਣਾ ਵੀ ਹੈ ਕਿ ਅਦਾਲਤੀ ਹੁਕਮ 16 ਘਰਾਂ ਤੋਂ ਕਬਜਾ ਛੁਡਵਾਉਣ ਦੇ ਸਨ ਪਰ ਹਾਕਮਾਂ ਨੇ ਧੱਕੇਸ਼ਾਹੀ ਕਰਦੇ ਹੋਏ 50 ਘਰ ਢਾਹ ਦਿੱਤੇ ਹਨ। ਖੁਦ ਇੰਪਰੂਵਮੈਂਟ ਟਰੱਸਟ ਵੱਲੋਂ ਅਖ਼ਬਾਰ ਵਿੱਚ ਜਾਰੀ ਕੀਤੀ ਸੂਚਨ ਵਿੱਚ ਬਾਕਾਇਦਾ ਸੂਚੀ ਦੇਕੇ ਲਿਖਿਆ ਗਿਆ ਹੈ ਕਿ ਅਦਾਲਤ ਵੱਲੋਂ 26 ਪਰਿਵਾਰਾਂ ਦੇ ਮਕਾਨ ਖਾਲ਼ੀ ਕਰਵਾਉਣ ਦਾ ਹੁਕਮ ਹੋਇਆ ਹੈ। ਪਰ 9 ਦਸੰਬਰ ਦੀ ਕਾਰਵਾਈ ਵਿੱਚ ਢਾਹੇ ਘਰਾਂ ਦੀ ਗਿਣਤੀ 50 ਦੇ ਕਰੀਬ ਦੱਸੀ ਜਾ ਰਹੀ ਹੈ।

ਭਗਵੰਤ ਮਾਨ ਦੀ ਸਰਕਾਰ ਨੇ ਨਜਾਇਜ਼ ਕਬਜਿਆਂ ਖਿਲਾਫ “ਜੰਗ” ਛੇੜਨ ਦੇ ਵੱਡੇ ਐਲਾਨ ਕੀਤੇ ਸਨ ਜਿਸ ਵਿੱਚ ਬਾਦਲ, ਕੈਪਟਨ ਸਮੇਤ ਅਨੇਕਾਂ ਧਨਾਢਾਂ ਤੋਂ ਕਬਜੇ ਛੁਡਵਾਉਣ ਦੇ ਦਾਅਵੇ ਕੀਤੇ ਗਏ ਸਨ। ਪਰ ਇਸ ਜੰਗ ਦੀ ਤਕੜਿਆਂ ਅੱਗੇ ਫੂਕ ਨਿੱਕਲ ਜਾਂਦੀ ਹੈ ਤੇ ਆਮ ਲੋਕਾਂ ਨਾਲ਼ ਧੱਕਾ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਰਾਜ ਸਭਾ ਦਾ ਮੈਂਬਰ ਬਣਾਇਆ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦਾ ਮਾਲਕ ਅਸ਼ੋਕ ਮਿੱਤਲ ਵੀ ਕਈ ਕਿੱਲੇ ਸਰਕਾਰੀ ਜ਼ਮੀਨ ਉੱਪਰ ਕਬਜਾ ਕਰੀ ਬੈਠਾ ਹੈ ਪਰ ਉਸ ਵੱਲੋਂ ਕਿਸੇ ਅਧਿਕਾਰੀ ਦੀ ਅੱਖ ਚੱਕਣ ਦੀ ਹਿੰਮਤ ਵੀ ਨਹੀਂ ਪੈ ਰਹੀ। ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਸਰਕਾਰੀ ਜ਼ਮੀਨਾਂ, ਸੜਕਾਂ ਵੱਡੇ ਪੱਧਰ ’ਤੇ ਧਨਾਢਾਂ, ਕਾਰੋਬਾਰੀਆਂ ਨੇ ਹੜੱਪੀਆਂ ਹੋਈਆਂ ਹਨ, ਉਹਨਾਂ ਬਾਰੇ ਸਭ ਕੁੱਝ ਜਾਣਦੇ ਹੋਏ ਵੀ ਸਿਆਸੀ ਲੀਡਰ, ਸਰਕਾਰੀ ਅਧਿਕਾਰੀ ਚੁੱਪ ਵੱਟੀ ਰੱਖਦੇ ਹਨ ਤੇ ਨਜਾਇਜ਼ ਕਬਜੇ ਛੁਡਵਾਉਣ ਦੇ ਨਾਮ ਉੱਪਰ ਗਰੀਬਾਂ ਦੇ ਘਰ ਢਾਹੇ ਜਾ ਰਹੇ ਹਨ, ਛੋਟੇ ਦੁਕਾਨਦਾਰ ਉਜਾੜੇ ਜਾ ਰਹੇ ਹਨ। ਇੱਥੋਂ ਤੱਕ ਕਿ ਸੜਕਾਂ ਉੱਪਰ ਰੇੜ੍ਹੀ-ਫੜ੍ਹੀ ਲਾਉਣ ਵਾਲ਼ਿਆਂ ਨੂੰ ਵੀ ਨਜਾਇਜ਼ ਕਬਜੇ ਆਖ ਕੇ ਉਹਨਾਂ ਦੀ ਰੋਜੀ-ਰੋਟੀ ਖੋਹੀ ਜਾ ਰਹੀ ਹੈ। ਇਹ ਲਗਭਗ ਹਰ ਵੱਡੇ ਸ਼ਹਿਰ ’ਚ, ਖਾਸ ਕਰਕੇ ਉੱਥੋਂ ਦੇ ਵੱਡੇ ਬਜਾਰਾਂ ’ਚ ਸਰਕਾਰੀ ਜ਼ਮੀਨ ’ਤੇ ਸੜਕਾਂ ਵੱਡੇ ਕਾਰੋਬਾਰੀਆਂ, ਦੁਕਾਨਦਾਰਾਂ ਨੇ ਕਬਜਾ ਕੀਤਾ ਹੋਇਆ ਹੈ। ਉਹਨਾਂ ਨੂੰ ਕੋਈ ਹੱਥ ਵੀ ਨਹੀਂ ਲਾਉਂਦਾ ਤੇ ਉਸੇ ਥਾਂ ਸੜਕ ਕਿਨਾਰੇ ਰੇੜ੍ਹੀਆਂ ਖੜੀਆਂ ਕਰਨ ਵਾਲ਼ਿਆਂ ਨਾਲ਼ ਧੱਕੇਸ਼ਾਹੀ ਹੁੰਦੀ ਹੈ।

ਨਜਾਇਜ਼ ਕਬਜਿਆਂ ਦਾ ਇਹ ਮਸਲਾ ਸਿਰਫ ਵੱਡਿਆਂ ਦੀ ਵਾਰ ਚੁੱਪ ਵੱਟਣ ਤੇ ਛੋਟਿਆਂ ’ਤੇ ਕਾਰਵਾਈ ਦਾ ਹੀ ਮਸਲਾ ਨਹੀਂ ਹੈ, ਸਗੋਂ ਜਾਇਜ਼, ਨਜਾਇਜ਼ ਦੇ ਪੈਮਾਨੇ ਉੱਪਰ ਹੀ ਸਵਾਲ ਚੱਕਣ ਦੀ ਲੋੜ ਹੈ। ਇਹ ਧਰਤੀ ਸਭ ਲੋਕਾਂ ਦੀ ਸਾਂਝੀ ਹੈ, ਫੇਰ ਕਿਸੇ ਵੀ ਤਰ੍ਹਾਂ ਦੀ ਨਿੱਜੀ ਮਾਲਕੀ ਜਾਇਜ਼ ਨਹੀਂ ਹੋਣੀ ਚਾਹੀਦੀ। ਪਰ ਮੌਜੂਦਾ ਪ੍ਰਬੰਧ ਕਿਸੇ ਇੱਕ ਦੀ ਮਾਲਕੀ ਨੂੰ ਜਾਇਜ਼ ਦੱਸਦਾ ਹੈ ਤੇ ਦੂਜੇ ਦੀ ਨੂੰ ਨਜਾਇਜ਼। ਮਤਲਬ ਸਰਕਾਰ ਇਹ ਤੈਅ ਕਰਦੀ ਹੈ ਕਿ ਕੀਹਦੀ ਮਾਲਕੀ ਜਾਇਜ਼ ਹੈ ਤੇ ਕੀਹਦੀ ਨਜਾਇਜ਼। ਲਤੀਫਪੁਰ ਨੂੰ ਅਬਾਦ ਕਰਨ ’ਤੇ ਕਈ ਪੀੜ੍ਹੀਆਂ ਤੋਂ ਉੱਥੇ ਵਸਣ ਵਾਲ਼ਿਆਂ ਦਾ ਹੱਕ ਕਿਸੇ ਸਰਕਾਰੀ ਕਾਗਜ ਦਾ ਮੁਥਾਜ ਕਿਉਂ ਹੋਣਾ ਚਾਹੀਦਾ ਹੈ? ਵਰ੍ਹਿਆਂ ਬਾਅਦ ਉਸ ਜ਼ਮੀਨ ਦੀ ਮਾਲਕੀ ਦੇ ਸਿਰਫ ਕਾਗਜ ਬਣਾ ਲੈਣ ਨਾਲ਼ ਇੰਪਰੂਵਮੈਂਟ ਟਰੱਸਟ ਦਾ ਹੱਕ ਜਾਇਜ਼ ਮੰਨਿਆ ਜਾਣਾ ਚਾਹੀਦਾ ਹੈ?

ਲਤੀਫਪੁਰ ਇਕੱਲਾ ਮਾਮਲਾ ਨਹੀਂ ਹੈ ਸਗੋਂ ਪੰਜਾਬ ਤੇ ਪੂਰੇ ਭਾਰਤ ’ਚ ਅਜਿਹੇ ਅਣਗਿਣਤ ਮਾਮਲੇ ਹਨ। ਇਸ ਧਰਤੀ ਦਾ ਹਰ ਹਿੱਸਾ ਕਦੇ ਨਾ ਕਦੇ ਅਬਾਦ ਕੀਤਾ ਗਿਆ ਹੈ। ਬਹੁਤ ਸਾਰੀਆਂ ਜ਼ਮੀਨਾਂ ਅਜਿਹੀਆਂ ਹਨ ਜਿਹਨਾਂ ਦਾ ਕੋਈ ਵਾਲੀ ਵਾਰਿਸ ਨਹੀਂ ਸੀ ਤੇ ਕਿਸੇ ਥਾਂ ਤੋਂ ਉੱਜੜ ਕੇ ਆਏ ਲੋਕਾਂ ਨੇ ਆ ਕੇ ਉਹ ਸਾਂਭ ਲਈਆਂ। ਅਜਿਹੀਆਂ ਜ਼ਮੀਨਾਂ ਸਰਕਾਰੀ ਕਾਗਜਾਂ ਵਿੱਚ ਕਿਸੇ ਦੇ ਨਾਮ ਨਹੀਂ ਬੋਲਦੀਆਂ, ਪਰ ਕਰੋੜਾਂ ਦੀ ਗਿਣਤੀ ’ਚ ਲੋਕ ਪੀੜ੍ਹੀਆਂ ਤੋਂ ਅਜਿਹੀਆਂ ਜ਼ਮੀਨਾਂ ਉੱਪਰ ਰਹਿ ਰਹੇ ਹਨ। ਸਰਕਾਰ ਕਦੇ ਵੀ ਇਹਨਾਂ ਨੂੰ ਨਜਾਇਜ਼ ਆਖ ਕੇ ਉਜਾੜੇ ਦਾ ਫਤਵਾ ਸੁਣਾ ਸਕਦੀ ਹੈ ਤੇ ਇਸਨੂੰ ਸਰਕਾਰੀ ਜ਼ਮੀਨ ਐਲਾਨ ਸਕਦੀ ਹੈ। ਬਹੁਤ ਵਾਰ ਇਹ ਵੀ ਹੁੰਦਾ ਹੈ ਕਿ ਅਜਿਹੀਆਂ ਜ਼ਮੀਨਾਂ ਜਾਂ ਮਕਾਨ ਕੋਈ ਜਣਾ ਕਿਸੇ ਤੋਂ ਖਰੀਦ ਲੈਂਦਾ ਹੈ ਤੇ ਬਾਅਦ ਵਿੱਚ ਸਰਕਾਰ ਉਸਨੂੰ ਗੈਰ-ਕਨੂੰਨੀ ਐਲਾਨ ਦਿੰਦੀ ਹੈ। ਇਕੱਲੇ ਪੰਜਾਬ ਵਿੱਚ ਸਰਕਾਰ ਮੁਤਾਬਕ ਸ਼ਹਿਰੀ ਖੇਤਰਾਂ ’ਚ 15000 ਦੇ ਕਰੀਬ ਅਜਿਹੀਆਂ ਅਣਅਧਿਕਾਰੀਆਂ ਰਿਹਾਇਸ਼ੀ ਕਲੋਨੀਆਂ ਹਨ ਜਿਹਨਾਂ ਨੂੰ ਸਰਕਾਰ ਕਦੇ ਵੀ ਨਜਾਇਜ਼ ਕਬਜੇ ਆਖ ਸਕਦੀ ਹੈ।

ਲਤੀਫਪੁਰ ਸਮੇਤ ਅਜਿਹੀਆਂ ਕਲੋਨੀਆਂ, ਬਸਤੀਆਂ ’ਚ ਰਹਿਣ ਵਾਲ਼ੇ ਲੋਕਾਂ ਦੇ ਵੋਟਰ ਕਾਰਡ, ਅਧਾਰ ਕਾਰਡ ਤੇ ਰਾਸ਼ਨ ਕਾਰਡ ਆਦਿ ਬਣਦੇ ਹਨ, ਬਿਜਲੀ-ਪਾਣੀ ਦੇ ਮੀਟਰ ਲਗਦੇ ਹਨ ਜਿਹਨਾਂ ਨੂੰ ਉਹਨਾਂ ਦਾ ਰਿਹਾਇਸ਼ੀ ਪਤਾ ਦਰਜ ਹੁੰਦਾ ਹੈ। ਮਤਲਬ ਇਹਨਾਂ ਸਰਕਾਰੀ ਕਾਗਜਾਂ ’ਚ ਉਹਨਾਂ ਦੀ ਰਿਹਾਇਸ਼ ਨੂੰ ਮਾਨਤਾ ਦਿੱਤੀ ਜਾਂਦੀ ਹੈ। ਪਰ ਫੇਰ ਜਦੋਂ ਅਜਿਹੀ ਜ਼ਮੀਨ ਕਿਸੇ ਨੇ ਕੌਡੀਆਂ ਦੇ ਭਾਅ ਹੜੱਪ ਕੇ ਮਹਿੰਗੇ ਭਾਅ ਪਲਾਟ ਕੱਟ ਕੇ ਵੇਚਣੀ ਹੁੰਦੀ ਹੈ ਤਾਂ ਫੇਰ ਨਜਾਇਜ਼ ਕਬਜਾ ਆਖ ਕੇ ਲੋਕਾਂ ਨੂੰ ਉਜਾੜਿਆ ਜਾਂਦਾ ਹੈ।

ਭਾਰਤ ਦੇ ਕਨੂੰਨੀ ਪ੍ਰਬੰਧ ਮੁਤਾਬਕ ਅਜਿਹੀਆਂ ਅਣਅਧਿਕਾਰੀਆਂ ਕਲੋਨੀਆਂ ਜਿੱਥੇ ਲੋਕਾਂ ਦੇ ਸਰਕਾਰੀ ਕਾਗਜ ਬਣੇ ਹੋਏ ਹਨ, ਉਹ ਸਰਕਾਰੀ ਬਿਜਲੀ-ਪਾਣੀ ਆਦਿ ਹਾਸਲ ਕਰਦੇ ਹਨ, ਉਹਨਾਂ ਰਿਹਾਇਸ਼ਾਂ ਨੂੰ ਇੱਕ ਪ੍ਰਕਿਰਿਆ ਤਹਿਤ ਅਧਿਕਾਰਿਤ ਬਣਾਇਆ ਜਾਂਦਾ ਹੈ, ਭਾਵ ਲੋਕਾਂ ਨੂੰ ਸਰਕਾਰੀ ਕਾਗਜਾਂ ’ਚ ਉਹਨਾਂ ਦੀ ਮਾਲਕੀ ਦੇ ਹੱਕ ਦਿੱਤੇ ਜਾਂਦੇ ਹਨ। ਲਤੀਫਪੁਰ ਦੇ ਮਾਮਲੇ ਵਿੱਚ ਵੀ ਪੰਜਾਬ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਉਹ 7 ਦਹਾਕਿਆਂ ਤੋਂ ਵਸੇ ਇਹਨਾਂ ਲੋਕਾਂ ਦੀ ਰਿਹਾਇਸ਼ ਨੂੰ ਸਰਕਾਰੀ ਮਾਨਤਾ ਦਿੰਦੀ ਜਾਂ ਫੇਰ ਇਹਨਾਂ ਲੋਕਾਂ ਦੀ ਸਹਿਮਤੀ ਨਾਲ਼ ਇਹਨਾਂ ਤੋਂ ਮਕਾਨ ਖਾਲੀ ਕਰਵਾਉਣ ਤੋਂ ਪਹਿਲਾਂ ਇਹਨਾਂ ਦੇ ਮੁੜ ਵਸੇਵੇਂ ਜਾਂ ਮੁਆਵਜੇ ਦਾ ਢੁਕਵਾਂ ਪ੍ਰਬੰਧ ਕਰਦੀ। ਇਸ ਕਰਕੇ ਸੰਵਿਧਾਨਕ ਅਮਲ ਦੇ ਤਹਿਤ ਵੀ ਪੰਜਾਬ ਸਰਕਾਰ ਦੀ ਇਹ ਕਾਰਵਾਈ ਪੂਰੀ ਤਰ੍ਹਾਂ ਗੈਰ-ਜਮਹੂਰੀ ਹੈ। ਇਹ ਪੰਜਾਬ ਦੀ ਆਮ ਆਦਮੀ ਪਾਰਟੀ ਦਾ ਲੋਕ ਵਿਰੋਧੀ ਚਿਹਰਾ ਬੇਪਰਦ ਕਰਦੀ ਹੈ।

ਲੋਕਾਂ ਵਿੱਚ ਥੂ-ਥੂ ਹੋਣ ਤੋਂ ਬਾਅਦ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਤੇ ਆਮ ਆਦਮੀ ਪਾਰਟੀ ਦੇ ਜਲੰਧਰ ਦੇ ਦੋ ਵਿਧਾਇਕਾਂ (ਸ਼ੀਤਲ ਅਨੁਗਰਾਲ ਤੇ ਰਮਨ ਅਰੋੜਾ) ਨੇ ਇਸ ਮਾਮਲੇ ਉੱਪਰ ਪ੍ਰੈੱਸ ਕਾਨਫਰੰਸ ਕੀਤੀ ਹੈ। ਉਸ ਪ੍ਰੈੱਸ ਕਾਨਫਰੰਸ ਵਿੱਚ ਜਗਤਾਰ ਸੰਘੇੜਾ ਸ਼ਰ੍ਹੇਆਮ ਝੂਠ ਬੋਲ ਰਿਹਾ ਹੈ ਕਿ 1979 ਵਿੱਚ ਗੁਰੂ ਤੇਗ ਬਹਾਦਰ ਨਗਰ ਵਸਾਉਣ ਵੇਲੇ ਇੰਪਰੂਵਮੈਂਟ ਟਰੱਸਟ ਨੇ ਉਹ ਜਗ੍ਹਾ ਖਰੀਦੀ ਸੀ ਤੇ ਉਸਤੋਂ ਬਾਅਦ ਇਹਨਾਂ ਪਰਿਵਾਰਾਂ ਨੇ ਆਕੇ ਉੱਥੇ ਕਬਜਾ ਕਰ ਲਿਆ। ਉਸਨੇ ਇਹ ਇਕਬਾਲ ਵੀ ਕੀਤਾ ਹੈ ਕਿ ਅਦਾਲਤ ਵੱਲੋਂ ਉਹਨਾਂ ਨੂੰ ਘੱਟ ਮਕਾਨ ਢਾਹੁਣ ਦਾ ਹੁਕਮ ਸੀ ਪਰ ਉਹਨਾਂ ਨੇ “ਮਜਬੂਰੀ” ਵਿੱਚ ਕਈ ਗਰੀਬਾਂ ਦੇ ਘਰ ਵੀ ਢਾਹ ਦਿੱਤੇ, ਪਰ ਉਹਨੇ ਤੇ ਨਾ ਹੀ ਨਾਲ਼ ਬੈਠੇ ਆਪ ਦੇ ਵਿਧਾਇਕਾਂ ਨੇ ਦੱਸਿਆ ਹੈ ਕਿ ਉਹ ਕਿਹੜੀ ਮਜਬੂਰੀ ਸੀ। ਸਰਕਾਰ ਦੀ ਬਦਨਾਮੀ ਹੋਣ ਤੋਂ ਬਾਅਦ ਹੁਣ ਆਪ ਦੀ ਸਰਕਾਰ ਮਗਰਮੱਛ ਦੇ ਹੰਝੂ ਵਹਾਉਂਦੇ ਹੋਏ ਆਖ ਰਹੀ ਹੈ ਕਿ ਉਹ ਇਹਨਾਂ ਗਰੀਬਾਂ ਦੇ ਰਹਿਣ ਦਾ ਪ੍ਰਬੰਧ ਕਰਕੇ ਦੇਵਗੀ। ਕੋਈ ਸ਼ਰਮ ਮੰਨਣ ਦੀ ਥਾਂ ਸਰਕਾਰ ਆਪਣੇ ਇਸ ਐਲਾਨ ਨੂੰ ਇਉਂ ਪੇਸ਼ ਕਰ ਰਹੀ ਹੈ ਜਿਵੇਂ ਉਹ ਇਹਨਾਂ ਉੱਪਰ ਕੋਈ ਅਹਿਸਾਨ ਕਰ ਰਹੀ ਹੋਵੇ। ਜੇ ਇਹਨਾਂ ਬੇਸ਼ਰਮਾਂ ਨੂੰ ਸੱਚੀਓਂ ਇਹਨਾਂ ਗਰੀਬਾਂ ਦੀ ਫਿਕਰ ਹੁੰਦੀ ਤਾਂ ਪਹਿਲਾਂ ਇਹਨਾਂ ਨੂੰ ਨਵੇਂ ਘਰ ਦਿੰਦੇ ਤੇ ਫੇਰ ਇਹ ਘਰ ਢਾਹੁਣ ਦੀ ਕਾਰਵਾਈ ਪੂਰੀ ਕਰਦੇ। ਪੂਰੀ ਪ੍ਰੈੱਸ ਕਾਨਫਰੰਸ ਵਿੱਚ ਤਿੰਨਾਂ ਵਿੱਚੋਂ ਕਿਸੇ ਦੇ ਚਿਹਰੇ ਉੱਪਰ ਨਾ ਕੋਈ ਸ਼ਰਮ ਦਾ ਭਾਵ ਸੀ ਤੇ ਨਾ ਹੀ ਕਿਸੇ ਵਿਧਾਇਕ ਨੇ ਇਸ ਗੁੰਡਾਗਰਦੀ ਲਈ ਦਿਲੋਂ ਮੁਆਫੀ ਮੰਗੀ। ਇਸ ਪੂਰੇ ਘਟਨਾਕ੍ਰਮ ਨੇ ਇੱਕ ਵਾਰ ਫੇਰ ਆਮ ਆਦਮੀ ਪਾਰਟੀ ਦਾ ਲੋਕ ਵਿਰੋਧੀ ਕਿਰਦਾਰ ਜੱਗ-ਜਾਹਿਰ ਕੀਤਾ ਹੈ।

**ਲਲਕਾਰ ’ਚੋਂ ਧੰਨਵਾਦ ਸਹਿਤ**



# ਜੀਰਾ ਅਤੇ ਲਤੀਫਪੁਰਾ 'ਚ ਬੇਪਰਦ ਹੋਇਆ 'ਆਪ' ਸਰਕਾਰ ਦਾ 'ਬਦਲਾਅ'

**ਨਵਕਿਰਨ ਸਿੰਘ ਪੱਤੀ**





ਜੀਰਾ ਨੇੜਲੀ ਮਾਲਬਰੋਜ ਸ਼ਰਾਬ ਫੈਕਟਰੀ ਅੱਗਿਓਂ ਧਰਨਾ ਚੁਕਵਾਉਣ ਲਈ ਕੀਤਾ ਜਾ ਰਿਹਾ ਪੁਲਿਸ ਜਬਰ ਤੇ ਲਤੀਫਪੁਰਾ ਦੇ ਘਰਾਂ ਨੂੰ ਜ਼ਬਰਦਸਤੀ ਢਾਹੁਣ ਦੀਆਂ ਘਟਨਾਵਾਂ ਪਿਛਲੇ ਕੁੱਝ ਦਿਨਾਂ ਤੋਂ ਪੰਜਾਬ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਹੋਈਆ ਹਨ।ਇਹਨਾਂ ਦੋਵਾਂ ਘਟਨਾਵਾਂ ਵਿੱਚ ਇੱਕ ਗੱਲ ਸਾਂਝੀ ਹੈ ਕਿ ਦੋਵਾਂ ਹੀ ਥਾਵਾਂ 'ਤੇ ਸੂਬਾ ਸਰਕਾਰ ਦੇ ਇਸ਼ਾਰੇ ਤਹਿਤ ਆਮ ਲੋਕਾਂ 'ਤੇ ਪੁਲਿਸ ਵੱਲੋਂ ਖੁੱਲ੍ਹੇਆਮ ਬਲ ਪ੍ਰਯੋਗ ਕੀਤਾ ਗਿਆ ਹੈ।ਹਕੀਕਤ ਇਹ ਹੈ ਕਿ ਇਹਨਾਂ ਦੋਵਾਂ ਘਟਨਾਵਾਂ ਨਾਲ 'ਆਪ' ਸਰਕਾਰ ਦਾ ਅਖੌਤੀ 'ਬਦਲਾਅ' ਮਹਿਜ਼ ਇੱਕ ਸਾਲ ਵਿੱਚ ਬੇਪਰਦ ਹੋ ਗਿਆ ਹੈ।

ਦਰਾਸਲ ਜੀਰਾ ਲਾਗਲੇ ਪਿੰਡ ਰਟੋਲ ਰੋਹੀ ਵਿਖੇ ਸਥਿਤ ਮਾਲਬਰੋਜ ਸ਼ਰਾਬ ਫੈਕਟਰੀ ਉੱਘੇ ਸਨਅਤਕਾਰ ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਸਾਬਕਾ ਵਿਧਾਇਕ ਦੀਪ ਮਲਹੋਤਰਾ ਦੀ ਹੈ।ਦੀਪ ਮਲਹੋਤਰਾ ਭਾਰਤ ਦੇ ਚੋਟੀ ਦੇ ਸ਼ਰਾਬ ਕਾਰੋਬਾਰੀਆਂ ਵਿੱਚ ਸ਼ੁਮਾਰ ਹੈ।ਸ਼ਰਾਬ ਸਨਅਤ ਨਾਲ ਜੁੜੇ ਦੇਸ਼ ਵਿੱਚ ਇਸਦੇ ਕਈ ਅਦਾਰੇ ਹਨ।ਜ਼ੀਰਾ ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਫੈਕਟਰੀ ਦਾ ਕੈਮੀਕਲ ਯੁਕਤ ਦੂਸ਼ਿਤ ਪਾਣੀ ਬੋਰ ਕਰਕੇ ਧਰਤੀ 'ਚ ਸੁੱਟਿਆ ਜਾ ਰਿਹਾ ਹੈ।ਇਲਾਕੇ ਦੇ ਲੋਕਾਂ ਨੇ ਅਨੇਕਾਂ ਵਾਰ ਇਸ ਗੱਲ ਦੇ ਸਬੂਤ ਵੀ ਪ੍ਰਸ਼ਾਸ਼ਨ/ਸਰਕਾਰ ਨੂੰ ਸੌਂਪੇ ਹਨ ਕਿ ਕਿਵੇਂ ਧਰਤੀ 'ਚੋਂ ਅਲਕੋਹਲ ਦੀ ਗੰਦ (ਸਮੈੱਲ) ਵਾਲਾ ਗੰਦਲਾ ਪਾਣੀ (ਲਾਹਣ) ਨਿੱਕਲ ਰਿਹਾ ਹੈ।ਇਲਾਕੇ ਦੇ ਇੱਕ ਧਾਰਮਿਕ ਸਥਾਨ ਵਿੱਚ ਕੀਤੇ ਜਾ ਰਹੇ ਬੋਰ ਦੌਰਾਨ ਲੱਗਭੱਗ 600 ਫੁੱਟ ਡੂੰਘਾਈ ਤੋਂ ਬਹੁਤ ਜਿਆਦਾ ਗੰਦਲਾ ਪਾਣੀ ਨਿੱਕਲਣ ਨਾਲ ਇਲਾਕੇ ਵਿੱਚ ਹਾਹਾਕਾਰ ਮੱਚ ਗਈ ਸੀ।ਜਿਲ੍ਹਾ ਫਿਰੋਜਪੁਰਾ ਦੇ ਜੀਰਾ ਨੇੜਲੇ ਦਰਜਨਾਂ ਪਿੰਡਾਂ ਵਿੱਚ ਕੈਮੀਕਲ ਯੁਕਤ ਦੂਸ਼ਿਤ ਪਾਣੀ ਪੀਣ ਨਾਲ ਲੋਕ ਅਤੇ ਪਾਲਤੂ ਪਸ਼ੂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਲੋਕ ਰਾਇ ਸਪੱਸ਼ਟ ਹੈ ਕਿ ਇਲਾਕੇ ਨੂੰ ਅਜਿਹੀ ਸ਼ਰਾਬ ਫੈਕਟਰੀ ਨਹੀਂ ਚਾਹੀਦੀ ਜੋ ਮੌਤਾਂ ਵੰਡੇ ਪਰ ਸਰਕਾਰ ਇਸ ਲੋਕ ਰਾਇ ਨੂੰ ਪੁਲਿਸ ਜ਼ਬਰ ਰਾਹੀਂ ਕੁਚਲਣ ਦੇ ਰਾਹ ਪੈ ਗਈ ਹੈ।ਮਾਲਬਰੋਜ ਸ਼ਰਾਬ ਫੈਕਟਰੀ ਬਾਹਰ ਕਿਸਾਨਾ ਵੱਲੋਂ ਪਿਛਲੇ 5 ਮਹੀਨੇ ਤੋਂ ਦਿੱਤੇ ਜਾ ਰਹੇ ਧਰਨੇ (ਪੱਕੇ ਮੋਰਚੇ) ਨੂੰ ਚੁਕਵਾਉਣ ਲਈ ਪੰਜਾਬ ਸਰਕਾਰ ਨੇ ਹਰ ਹਰਬਾ ਵਰਤਿਆ ਹੈ।ਪਹਿਲਾਂ ਸਥਾਨਕ ਪ੍ਰਸ਼ਾਸ਼ਨ ਵੱਲੋਂ ਧਰਨਾ ਦੇ ਰਹੇ ਇਲਾਕਾ ਵਾਸੀਆਂ ਦੀ ਆਗੂ ਟੀਮ ਨਾਲ ਮੀਟਿੰਗ ਕੀਤੀ ਗਈ,ਫਿਰ 16 ਦਸੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਗੂ ਟੀਮ ਨਾਲ ਚੰਡੀਗੜ੍ਹ ਮੀਟਿੰਗ ਕੀਤੀ ਗਈ ਤੇ 17 ਦਸੰਬਰ ਨੂੰ 'ਲਾਲੀਪਾਪ' ਦੇਣ ਲਈ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਖੁਦ ਫੈਕਟਰੀ ਅੱਗੇ ਚੱਲ ਰਹੇ ਧਰਨੇ ਵਿੱਚ ਪਹੁੰਚੇ ਲੇਕਿਨ ਸਭ ਤੋਂ ਅਹਿਮ ਗੱਲ ਇਹ ਹੋਈ ਕਿ ਲੋਕ ਕਚਹਿਰੀ ਵਿੱਚ ਖੇਤੀਬਾੜੀ ਮੰਤਰੀ ਲਾਜਵਾਬ ਨਜ਼ਰ ਆਇਆ।ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਕਾਰ ਸ਼ਰਾਬ ਦੀ ਫੈਕਟਰੀ ਤੇ ਪ੍ਰਦੂਸ਼ਨ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕਰਨ ਜਾ ਰਹੀ ਹੈ ਜੋ ਇੱਕ ਮਹੀਨੇ ਵਿੱਚ ਆਪਣੀ ਰਿਪੋਰਟ ਦੇਵੇਗੀ।ਮੰਤਰੀ ਨੇ ਕਿਹਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਹ ਵਾਅਦਾ ਕਰ ਰਹੇ ਹਨ ਕਿ ਜੇਕਰ ਰਿਪੋਰਟ ਫੈਕਟਰੀ ਖਿਲਾਫ ਆਈ ਤਾਂ ਬੰਦ ਕੀਤੀ ਜਾਵੇਗੀ। ਇੱਕ ਆਗੂ ਨੇ ਮੰਤਰੀ ਦੇ ਮੂੰਹ 'ਤੇ ਸਵਾਲ ਕੀਤਾ ਕਿ ਤੁਹਾਡੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਖੜ੍ਹ ਕੇ ਕਿਹਾ ਸੀ ਕਿ ਡੇਢ ਮਹੀਨੇ ਵਿੱਚ ਬੇਅਦਬੀ ਮਾਮਲੇ ਦਾ ਇਨਸਾਫ ਦਿੱਤਾ ਜਾਵੇਗਾ ਤੇ ਹੁਣ ਦੋ ਮਹੀਨੇ ਲੰਘ ਗਏ, ਕਿੱਥੇ ਹੈ ਇਨਸਾਫ ? ਸਾਨੂੰ ਤੁਹਾਡੇ 'ਤੇ ਵਿਸ਼ਵਾਸ਼ ਨਹੀਂ ਹੈ।

ਜਦ ਮੰਤਰੀ ਕੁਲਦੀਪ ਧਾਲੀਵਾਲ ਦਾ ਦਾਅ ਨਾ ਚੱਲਿਆ ਤਾਂ ਐਸਐਸਪੀ ਫ਼ਿਰੋਜ਼ਪੁਰ ਦੀ ਅਗਵਾਈ ਹੇਠ 44 ਐੱਸਪੀ/ਡੀਐੱਸਪੀ ਅਤੇ 44 ਹੀ ਤਹਿਸੀਲਦਾਰ/ਨਾਇਬ ਤਹਿਸੀਲਦਾਰ ਤਾਇਨਾਤ ਕਰਕੇ ਕਰੀਬ ਦੋ ਹਜਾਰ ਪੁਲੀਸ ਮੁਲਾਜ਼ਮਾਂ ਵੱਲੋਂ ਵੱਡਾ ਐਕਸ਼ਨ ਕਰਕੇ ਟੈਂਟ ਪੁੱਟਣ ਤੇ ਵੱਡੀ ਗਿਣਤੀ ਵਿੱਚ ਧਰਨਾਕਾਰੀ ਕਿਸਾਨਾਂ ਨੂੰ ਹਿਰਾਸਤ ਵਿੱਚ ਲੈਣ ਦੀ ਵੱਡੀ ਕਾਰਵਾਈ ਕੀਤੀ ਗਈ।ਇਸ ਮੌਕੇ ਪੁਲੀਸ ਨੇ ਕੁੱਝ ਧਰਨਾਕਾਰੀ ਔਰਤਾਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਤੇ ਦਰਜਨਾਂ ਆਗੂਆਂ ਸਮੇਤ ਸੈਂਕੜੇ ਅਣਪਛਾਤੇ ਲੋਕਾਂ ਖਿਲਾਫ ਪੁਲਿਸ ਕੇਸ ਦਰਜ਼ ਕੀਤਾ ਗਿਆ।ਪੁਲਿਸ ਵੱਲੋਂ ਕਿਸਾਨ ਆਗੂਆਂ ਦੇ ਘਰਾਂ ਵਿੱਚ ਛਾਪੇਮਾਰੀ ਕਰਕੇ ਇਲਾਕੇ ਵਿੱਚ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਪਰ ਹਕੀਕਤ ਇਹ ਹੈ ਕਿ 'ਆਪ' ਸਰਕਾਰ ਪੰਜਾਬ ਦਾ ਖਾਸਾ ਭੁੱਲ ਕੇ ਅਜਿਹੀ ਕਾਰਵਾਈ ਕਰ ਰਹੀ ਹੈ ਅਤੇ ਮੱਤੇਵਾਲਾ ਜੰਗਲ ਵਾਲੇ ਸੰਘਰਸ਼ ਵਾਂਗ ਇੱਥੇ ਵੀ ਸਰਕਾਰ ਨੂੰ ਮੂੰਹ ਦੀ ਖਾਣੀ ਪਵੇਗੀ।

ਪੰਜ ਮਹੀਨੇ ਤੋਂ ਜਿਲ੍ਹਾ ਪੱਧਰ 'ਤੇ ਚੱਲ ਰਿਹਾ ਸੰਘਰਸ਼ ਪੁਲਿਸ ਜ਼ਬਰ ਨਾਲ ਸੂਬਾ ਪੱਧਰੀ ਸੰਘਰਸ਼ ਬਣ ਗਿਆ ਹੈ ਤੇ ਕੌਮਾਂਤਰੀ ਪੱਧਰ 'ਤੇ ਇਸ ਸੰਘਰਸ਼ ਨੂੰ ਹਮਾਇਤ ਮਿਲ ਰਹੀ ਹੈ।ਸੰਯੁਕਤ ਕਿਸਾਨ ਮੋਰਚਾ ਵੱਲੋਂ ਇਸ ਸੰਘਰਸ਼ ਦੀ ਹਮਾਇਤ ਵਿੱਚ ਲਾਮਬੰਦੀ ਸ਼ੁਰੂ ਕਰ ਦਿੱਤੀ ਗਈ ਹੈ।ਪੰਜਾਬ ਭਰ ਤੋਂ ਕਿਸਾਨ ਕਾਫਲਿਆਂ ਦਾ ਮੁਹਾਨ ਜ਼ੀਰਾ ਵੱਲ ਨੂੰ ਹੋ ਚੁੱਕਾ ਹੈ।ਪੁਲਿਸ ਵੱਲੋਂ ਸੜਕਾਂ ਰੋਕਣ 'ਤੇ ਕਿਸਾਨ ਕਾਫਲੇ ਖੇਤਾਂ ਵਿੱਚੋਂ ਦੀ ਪਹੁੰਚ ਰਹੇ ਹਨ।ਹੁਣ ਸਥਿਤੀ ਇਹ ਹੈ ਕਿ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਸੂਬਾ ਜਨਰਲ ਸਕੱਤਰ ਬਲਦੇਵ ਜ਼ੀਰਾ ਸਮੇਤ ਉਸਦੀ ਪਤਨੀ ਖਿਲਾਫ ਵੀ ਪੁਲਿਸ ਕੇਸ ਦਰਜ਼ ਕਰ ਲਿਆ ਗਿਆ ਹੈ।ਪੁਲਿਸ ਕਿਸਾਨ ਆਗੂਆਂ ਦੇ ਘਰਾਂ ਵਿੱਚ ਲਗਾਤਾਰ ਛਾਪੇ ਮਾਰ ਰਹੀ ਹੈ।ਦੋ ਦਰਜ਼ਨ ਤੋਂ ਜਿਆਦਾ ਆਗੂ/ਵਰਕਰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕੀਤੇ ਜਾ ਚੁੱਕੇ ਹਨ।

'ਆਪ' ਸਰਕਾਰ ਦੀ ਸਸਕੇਰੀ ਅਫਸਰਸ਼ਾਹੀ ਬਸਤੀਵਾਦੀ ਅੰਗਰੇਜ਼ ਹਕੂਮਤ ਵਾਂਗ ਕਿਸਾਨ ਆਗੂਆਂ ਨੂੰ ਜ਼ਮੀਨਾਂ ਕੁਰਕ ਕਰਨ ਦੀਆਂ ਧਮਕੀਆਂ ਦੇ ਰਹੀ ਹੈ ਕਿ ਅਦਾਲਤ ਵੱਲੋਂ ਸੂਬਾ ਸਰਕਾਰ ਲਾਇਆ ਜ਼ੁਰਮਾਨਾ ਤੁਹਾਡੀ ਜਾਇਦਾਦ ਕੁਰਕ ਕਰਕੇ ਪੂਰਾ ਕਰਾਂਗੇ।ਦਹਿਸ਼ਤ ਫੈਲਾਉਣ ਲਈ ਕਈ ਥਾਂ ਮਾਲ ਵਿਭਾਗ ਦੇ ਅਧਿਕਾਰੀ ਕੁੱਝ ਆਗੂਆਂ ਦੇ ਖੇਤਾਂ ਦਾ ਗੇੜਾ ਵੀ ਕੱਢ ਆਏ ਹਨ।ਸੰਘਰਸ਼ ਦੇ ਹਮਾਇਤੀ ਪੇਂਡੂ ਮੋਹਤਵਰਾਂ ਦੇ ਅਸਲਾ ਲਾਈਸੈਂਸ ਕੈਂਸਲ ਕਰ ਦਿੱਤੇ ਗਏ ਹਨ।ਹਾਈਕੋਰਟ ਨੇ ਪੰਜਾਬ ਸਰਕਾਰ ਨੂੰ 5 ਕਰੋੜ ਦੇ ਸ਼ੁਰੂਆਤੀ ਜੁਰਮਾਨੇ ਮਗਰੋਂ ਜੋ 20 ਕਰੋੜ ਦਾ ਜੁਰਮਾਨਾ ਲਗਾਇਆ ਗਿਆ ਹੈ ਇਸ ਜੁਰਮਾਨੇ ਦਾ ਮੁੱਖ ਕਾਰਨ ਲੋਕਾਂ ਦਾ ਧਰਨਾ ਨਹੀਂ ਹੈ ਬਲਕਿ ਸਰਕਾਰ ਖੁਦ ਹੈ ਕਿਉਂਕਿ ਪੰਜਾਬ ਸਰਕਾਰ ਵੱਲੋਂ ਹਾਈਕੋਰਟ ਵਿੱਚ ਕੇਸ ਦੀ ਲੋਕਾਂ ਦੇ ਪੱਖ ਵਿੱਚ ਖੜ੍ਹ ਕੇ ਸਹੀ ਢੰਗ ਨਾਲ ਪੈਰਵਾਈ ਨਾ ਕਰਨਾ ਹੈ।

ਭਾਵੇਂ ਸਰਕਾਰ ਤੇ ਇਸਦੀ ਅਫਸਰਸ਼ਾਹੀ ਦਾ ਕਹਿਣਾ ਹੈ ਕਿ ਇਹ ਕਾਰਵਾਈ ਅਦਾਲਤੀ ਹੁਕਮਾਂ ਤਹਿਤ ਕੀਤੀ ਗਈ ਹੈ ਪਰ ਸਰਕਾਰ ਦੀ ਨੀਅਤ ਸਪੱਸ਼ਟ ਹੈ ਕਿ ਉਹ ਆਪਣੇ ਪੂਰੇ ਲਾਮ-ਲਸ਼ਕਰ ਨਾਲ ਫੈਕਟਰੀ ਮਾਲਕ ਦੇ ਪੱਖ ਵਿੱਚ ਖੜ੍ਹ ਗਈ ਹੈ।ਸਰਕਾਰ ਤੇ ਅਫਸਰਸ਼ਾਹੀ ਨੂੰ ਧਰਤੀ ਹੇਠਾਂ ਦੂਸ਼ਿਤ ਹੋਇਆ ਪਾਣੀ ਤੇ ਇਸ ਪਾਣੀ ਕਾਰਨ ਕਾਲਾ ਪੀਲੀਆ,ਸਾਹ ਦੀ ਬਿਮਾਰੀ,ਚਮੜੀ ਰੋਗ ਅਤੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਫੈਲਾਅ ਨਹੀਂ ਦਿੱਸਿਆ ਸਗੋਂ ਪੰਜਾਬ ਸਰਕਾਰ ਦੀ ਮੋਨੀਟਰਿੰਗ ਰਿਪੋਰਟ ਵਿੱਚ ਇਸ ਫੈਕਟਰੀ ਨੂੰ ਕਲੀਨ ਚਿੱਟ ਦਿੱਤੀ ਗਈ ਹੈ।


ਸਾਡੇ ਜ਼ਿਹਨ ਵਿੱਚ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ 'ਆਪ' ਸਰਕਾਰ ਇਸ ਅਕਾਲੀ ਆਗੂ ਦੀ ਸ਼ਰਾਬ ਫੈਕਟਰੀ 'ਤੇ ਇੰਨੀ ਮਿਹਰਵਾਨ ਕਿਉਂ ਹੈ।ਦਰਾਸਲ 'ਆਪ' ਦੀ ਦਿੱਲੀ ਸਰਕਾਰ ਇੱਕ ਨਵੀਂ ਸ਼ਰਾਬ ਨੀਤੀ ਲਿਆਈ ਸੀ ਜਿਸ ਤਹਿਤ ਦਿੱਲੀ ਨੂੰ 32 ਜ਼ੋਨਾਂ ਵਿੱਚ ਵੰਡ ਕੇ 849 ਲਾਈਸੈਂਸ ਅਲਾਟ ਕੀਤੇ ਗਏ ਸਨ ਤੇ ਹਰ ਜ਼ੋਨ ਵਿੱਚ ਔਸਤਨ 26-27 ਦੁਕਾਨਾਂ ਖੋਲ੍ਹੀਆ ਗਈਆਂ ਸਨ।ਪਹਿਲਾਂ ਦਿੱਲੀ ਵਿੱਚ ਸ਼ਰਾਬ ਦੇ ਜਿਆਦਾਤਰ ਠੇਕੇ ਸਰਕਾਰੀ ਹੱਥਾਂ ਵਿੱਚ ਸਨ ਤੇ ਨਵੀਂ ਸ਼ਰਾਬ ਨੀਤੀ ਤਹਿਤ ਜਿਆਦਾਤਰ ਠੇਕੇ ਨਿੱਜੀ ਹੱਥਾਂ ਵਿੱਚ ਦਿੱਤੇ ਗਏ ਸਨ।ਦਿੱਲੀ ਸਰਕਾਰ ਦੀ ਨਵੀਂ ਸ਼ਰਾਬ ਨੀਤੀ 'ਚ ਇਸੇ ਦੀਪ ਮਲਹੋਤਰਾ ਨੇ ਹੱਥ ਅਜ਼ਮਾਇਆ ਸੀ ਤੇ ਇਸੇ ਲਿੰਕ ਕਾਰਨ ਕੇਂਦਰੀ ਏਜੰਸੀ ਈਡੀ ਨੇ ਦਿੱਲੀ ਸਰਕਾਰ ਦੇ ਮੰਤਰੀਆਂ/ਅਫਸਰਾਂ ਨਾਲ ਜੋੜ ਕੇ ਦੀਪ ਮਲਹੋਤਰਾ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਸੀ।

ਪੰਜਾਬ ਦੀ ਧਰਤੀ ਤੇ ਇੱਥੋਂ ਦਾ ਵਾਤਾਵਰਨ ਫਸਲਾਂ ਲਈ ਦੁਨੀਆਂ ਭਰ ਵਿੱਚੋਂ ਸਭ ਤੋਂ ਵੱਧ ਸਾਜਗਾਰ ਹੈ ਤਾਂ ਇਸ ਉਪਜਾਊ ਧਰਤੀ ਨੂੰ ਸਿਰਫ ਦੋ ਹੀ ਕੰਮਾਂ ਲਈ ਵਰਤਿਆਂ ਜਾਣਾ ਚਾਹੀਦਾ ਹੈ:ਖੇਤੀਬਾੜੀ ਤੇ ਖੇਤੀਬਾੜੀ ਅਧਾਰਿਤ ਸਨਅਤਾਂ।ਸ਼ਰਾਬ ਫੈਕਟਰੀ ਪੰਜਾਬ ਦੀ ਧਰਤੀ 'ਤੇ ਲਾਉਣ ਦੀ ਥਾਂ ਕੋਈ ਖੇਤੀ ਅਧਾਰਿਤ ਸਨਅਤ ਲਾਈ ਜਾਂਦੀ ਚੰਗਾ ਸੀ।ਅਜਿਹੀਆਂ ਫੈਕਟਰੀਆਂ/ਕਾਰਖਾਨੇ ਗੈਰ-ਉਪਜਾਊ ਤੇ ਗੈਰ-ਰਿਹਾਇਸ਼ੀ ਖੇਤਰ ਵਿੱਚ ਲਗਾਏ ਜਾਣੇ ਚਾਹੀਦੇ ਹਨ।

ਪੰਜਾਬ ਵਿੱਚ ਦੂਸ਼ਿਤ ਪਾਣੀ ਖਾਸਕਰ ਮਾਲਵਾ ਖੇਤਰ ਵਿੱਚ ਗੰਭੀਰ ਮਸਲਾ ਹੈ।ਇਸ ਮਸਲੇ 'ਤੇ ਸਾਡੀਆਂ ਪਿਛਲੀਆਂ ਸਰਕਾਰਾਂ ਨੇ ਵੀ ਗੰਭੀਰਤਾ ਨਹੀਂ ਵਿਖਾਈ ਤੇ ਹੁਣ ਨਵੀਂ ਸਰਕਾਰ ਦੀ ਪਹੁੰਚ ਵੀ ਪਿਛਲੀਆਂ ਤੋਂ ਵੱਖ ਨਹੀਂ ਹੈ।ਲੱਗਭੱਗ ਡੇਢ ਦਹਾਕਾ ਪਹਿਲਾਂ ਵਿਸ਼ਵ ਸਿਹਤ ਸੰਗਠਨ ਵੱਲੋਂ ਪੰਜਾਬ ਦੇ ਦੂਸ਼ਿਤ ਪਾਣੀ ਤੇ ਪੰਜਾਬ ਦੇ ਪਾਣੀ ਵਿੱਚ ਯੂਰੇਨੀਅਮ ਦੀ ਵੱਧ ਰਹੀ ਮਿਕਦਾਰ ਬਾਰੇ ਦਿੱਤੇ ਹਵਾਲਿਆਂ ਨਾਲ ਕੁੱਝ ਲੋਕ ਪੱਖੀ ਡਾਕਟਰਾਂ/ਸੰਸਥਾਵਾਂ ਨੇ ਚਰਚਾ ਛੇੜੀ ਸੀ ਕਿ ਕਿਵੇਂ ਮਾਲਵੇ ਦੇ ਵੱਡੇ ਹਿੱਸੇ ਵਿੱਚ ਧਰਤੀ ਹੇਠਲਾ ਪਾਣੀ ਪੀਣਯੋਗ ਨਹੀਂ ਰਿਹਾ ਹੈ।

ਮਸਲੇ ਦੀ ਅਸਲ ਜੜ੍ਹ ਅਖੌਤੀ ਵਿਕਾਸ ਮਾਡਲ ਵਿੱਚ ਪਈ ਹੈ।ਕਾਰਪੋਰੇਟ ਪੱਖੀ ਵਿਕਾਸ ਮਾਡਲ ਕੁਦਰਤ ਦੀ ਅਨਮੋਲ ਦਾਤ ਜਲ,ਜੰਗਲ,ਜ਼ਮੀਨ ਨਾਲ ਖਿਲਵਾੜ ਕਰਕੇ ਅੱਗੇ ਵਧਣ ਜਾਣਦਾ ਹੈ।ਲੈਂਸੇਟ ਮਿਸ਼ਨ ਅਨੁਸਾਰ ਦੁਨੀਆਂ ਭਰ ਵਿੱਚ ਹਰ ਛੇਵੀਂ ਮੌਤ ਦਾ ਕਾਰਨ ਪ੍ਰਦੂਸ਼ਨ ਹੈ।ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਵਿੱਚ ਦੂਸ਼ਿਤ ਪਾਣੀ ਨਾਲ ਲੱਗਣ ਵਾਲੀਆਂ ਬਿਮਾਰੀਆਂ ਦੇ ਅੰਕੜੇ ਹੋਰ ਵੀ ਗੰਭੀਰ ਹਨ।

ਜਲੰਧਰ ਦੇ ਲਤੀਫਪੁਰਾ 'ਚ ਕੜਕਦੀ ਠੰਢ ਦੌਰਾਨ ਪੁਲਿਸ ਜ਼ਬਰ ਨਾਲ ਬੇਘਰ ਕੀਤੇ ਲੋਕਾਂ ਦਾ ਮਾਮਲਾ ਵੀ ਸਰਕਾਰੀ ਦਹਿਸ਼ਤਗਰਦੀ ਨੂੰ ਉਜਾਗਰ ਕਰਦਾ ਹੈ।ਲਤੀਫਪੁਰਾ ਦੇ ਉਜਾੜੇ ਦਾ ਸ਼ਿਕਾਰ ਬਣੇ ਲੋਕਾਂ 'ਚੋਂ ਜਿਆਦਾਤਰ ਪਰਿਵਾਰ 1947 'ਚ ਪਾਕਿਸਤਾਨ ਤੋਂ ਉਝਾੜੇ ਦਾ ਸੰਤਾਪ ਝੱਲ ਕੇ ਇੱਥੇ ਪਹੁੰਚੇ ਸਨ ਤੇ ਇੱਥੇ ਬੇਅਬਾਦ ਪਈ ਛੱਪੜ ਵਾਲੀ ਜਗ੍ਹਾ ਨੂੰ ਆਬਾਦ ਕਰਕੇ ਬੈਠੇ ਸਨ।ਜਦ ਲਤੀਫਪੁਰਾ ਦੇ ਆਸ-ਪਾਸ ਦਾ ਇਲਾਕਾ ਬਹੁਤ ਜਿਆਦਾ ਮਹਿੰਗਾ ਹੋ ਗਿਆ ਤਾਂ ਸਰਕਾਰ ਤੇ ਭੂੰ-ਮਾਫੀਆ ਨੇ ਇਸ ਜਗ੍ਹਾ 'ਤੇ ਆਪਣੀ ਅੱਖ ਰੱਖ ਲਈ।ਪਿਛਲੇ ਕਈ ਸਾਲਾਂ ਤੋਂ ਮਾਮਲਾ ਅਦਾਲਤ ਵਿੱਚ ਚੱਲ ਰਿਹਾ ਸੀ।ਬਣਦਾ ਤਾਂ ਇਹ ਸੀ ਸੂਬਾ ਸਰਕਾਰ ਜਲੰਧਰ ਇੰਪਰੂਵਮੈਂਟ ਟਰੱਸਟ ਰਾਹੀਂ ਸਾਰੇ ਪਰਿਵਾਰਾਂ ਨੂੰ ਮਾਲਕੀ ਹੱਕ ਪ੍ਰਦਾਨ ਕਰਦੀ ਪਰ 'ਆਪ' ਸਰਕਾਰ ਤੇ ਇਸਦੀ ਅਗਵਾਈ ਵਾਲੇ ਇੰਪਰੂਵਮੈਂਟ ਟਰੱਸਟ ਜਲੰਧਰ ਵੱਲੋਂ ਮੱਘਰ-ਪੋਹ ਦੇ ਸਭ ਤੋਂ ਠੰਡੇ ਮਹੀਨੇ ਵਿੱਚ ਬਜ਼ੁਰਗਾਂ, ਔਰਤਾਂ, ਬੱਚਿਆਂ ਨੂੰ ਬੇਘਰ ਕਰ ਦਿੱਤਾ ਗਿਆ। ਸਦਕੇ ਜਾਈਏ ਉਹਨਾਂ ਪੰਜਾਬੀਆਂ ਤੇ ਦਾਨੀ ਸੱਜਣਾ ਦੇ ਜਿਨ੍ਹਾਂ ਨੇ ਉਹਨਾਂ ਬੇਘਰ ਕੀਤੇ ਲੋਕਾਂ ਦੀ ਬਾਂਹ ਫੜੀ ਤੇ ਸੂਬਾ ਸਰਕਾਰ ਖਿਲਾਫ ਸੰਘਰਸ਼ ਦਾ ਬਿਗੁਲ ਵਜਾਇਆ।ਚਹੁੰ ਪਾਸੇ ਕਿਰਕਰੀ ਹੋਣ ਤੋਂ ਬਾਅਦ ਹੁਣ ਪੰਜਾਬ ਸਰਕਾਰ ਤੇ ਇੰਪਰੂਵਮੈਂਟ ਟਰੱਸਟ ਜਲੰਧਰ ਵੱਲੋਂ ਜੋ ਕੁੱਝ ਗਰੀਬ ਪਰਿਵਾਰਾਂ ਨੂੰ ਦੋ ਕਮਰਿਆਂ ਵਾਲਾ ਫਲੈਟ ਦੇਣ ਦੀ ਗੱਲ ਕੀਤੀ ਜਾ ਰਹੀ ਹੈ ਉਹ ਬਿਲਕੁੱਲ ਗੈਰ ਸੰਗਤ ਹੈ।ਅਸ਼ਲੀਲ ਗਾਲਾਂ ਕੱਢਲ ਵਾਲੇ ਇੱਕ ਪੁਲਿਸ ਅਫਸਰ ਦੀ ਵੀਡੀਓ ਜ਼ਾਹਿਰ ਕਰਦੀ ਹੈ ਕਿ ਕਿਵੇਂ ਸਰਕਾਰ ਨੇ ਲੋਕਾਂ ਨੂੰ ਉਜਾੜਣ ਲਈ ਅਫਸਰਸ਼ਾਹੀ ਨੂੰ ਉਤਸ਼ਾਹਿਤ ਕੀਤਾ ਹੋਵੇਗਾ।



# ਭਾਰਤੀ ਮੀਡੀਆ ਨੂੰ ਨਿਗਲ ਰਹੇ ਵੱਡੇ ਕਾਰਪੋਰੇਟ ਦੈਂਤ

-ਹਰਤੋਸ਼ ਸਿੰਘ ਬੱਲ
ਅਨੁ.: ਬੂਟਾ ਸਿੰਘ ਮਹਿਮੂਦਪੁਰ




ਅਡਾਨੀ ਸਮੂਹ ਦੁਆਰਾ ਇਸ ਸਾਲ ਐੱਨ.ਡੀ.ਟੀਵੀ ਨੂੰ ਕਬਜ਼ੇ 'ਚ ਲੈਣ ਨੇ ਬ੍ਰੌਡਕਾਸਟਰ ਦੇ ਭਵਿੱਖ ਅਤੇ ਭਵਿੱਖ 'ਚ ਭਾਰਤੀ ਮੀਡੀਆ ਉੱਪਰ ਇਸਦੇ ਪੈਣ ਵਾਲੇ ਪ੍ਰਭਾਵ ਬਾਰੇ ਤਿੱਖੀ ਬਹਿਸ ਨੂੰ ਜਨਮ ਦਿੱਤਾ ਹੈ। ਅਰਬ-ਖ਼ਰਬਪਤੀ ਗੌਤਮ ਅਡਾਨੀ ਦੁਆਰਾ ਸਥਾਪਿਤ ਕੀਤੇ ਬਹੁ-ਕੌਮੀ ਸਮੂਹ ਨੇ ਪਹਿਲਾਂ ਹੀ ਮੀਡੀਆ ਵਿਚ ਆਪਣੀ ਮੌਜੂਦਗੀ ਸਥਾਪਤ ਕਰ ਰੱਖੀ ਹੈ। ਇਸ ਦਾ ਕੁਇੰਟਿਲੀਅਨ ਬਿਜਨਸ ਮੀਡੀਆ ਪ੍ਰਾਈਵੇਟ ਲਿਮਟਿਡ ਵਿਚ ਨਿਵੇਸ਼ ਹੈ ਜੋ ਬੀਕਿਊ ਪ੍ਰਾਈਮ (ਬਲੂਮਬਰਗਕਵਿੰਟ) ਨੂੰ ਚਲਾਉਂਦੀ ਹੈ। ਹਾਲਾਂਕਿ, ਅਟਕਲਾਂ ਇਸ ਗੱਲ ਨੂੰ ਲੈ ਕੇ ਹਨ ਕਿ ਮੁਕੇਸ਼ ਅੰਬਾਨੀ ਦੀ ਰਿਲਾਇੰਸ ਇੰਡਸਟਰੀਜ਼ ਲਿਮਟਿਡ, ਜਿਸਦਾ ਐੱਨ.ਡੀ.ਟੀਵੀ ਉੱਪਰ ਆਪਣੇ ਮੋਹਰਿਆਂ ਰਾਹੀਂ ਕੰਟਰੋਲ ਸੀ ਅਤੇ ਜੋ ਮੀਡੀਆ ਖੇਤਰ ਵਿਚ ਪ੍ਰਮੁੱਖ ਵਿੱਤੀ ਖਿਡਾਰੀਆਂ ਵਿਚੋਂ ਇਕ ਹੈ, ਇਸ ਚੈਨਲ ਨੂੰ ਭਾਰਤ ਵਿਚ ਆਪਣੇ ਸਭ ਤੋਂ ਡਾਹਢੇ ਸ਼ਰੀਕ ਨੂੰ ਸੌਂਪਣ ਲਈ ਕਿਉਂ ਰਾਜ਼ੀ ਹੋ ਗਈ।

ਪਹਿਲੀ ਨਜ਼ਰੇ, ਰਿਲਾਇੰਸ ਦਾ ਫ਼ੈਸਲਾ ਕਾਰੋਬਾਰ ਦੇ ਲਈ ਬਹੁਤ ਘੱਟ ਮਾਇਨੇ ਰੱਖਦਾ ਹੈ, ਇਸੇ ਲਈ ਉਨ੍ਹਾਂ ਗੱਲਾਂ ਨੂੰ ਧਿਆਨ ਗੋਚਰੇ ਰੱਖਿਆ ਗਿਆ ਹੈ ਕਿ ਇਸ ਸਮੂਹ ਨੂੰ ਅਜਿਹਾ ਕਰਨ ਲਈ ਕਿਸ ਗੱਲ ਨੇ ਪ੍ਰੇਰਿਤ ਕੀਤਾ ਹੋਵੇਗਾ। ਪਰ ਵੱਡੇ ਨੁਕਤੇ ਨੂੰ, ਜੋ ਕਿ ਭਾਰਤੀ ਪੱਤਰਕਾਰੀ ਲਈ ਕਿਤੇ ਜ਼ਿਆਦਾ ਮਹੱਤਵਪੂਰਨ ਹੈ, ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਸ਼ਾਇਦ ਅਸੀਂ ਇਹ ਇਸ ਲਈ ਮੰਨ ਲਿਆ ਹੈ ਕਿਉਂਕਿ ਅਸੀਂ ਇਕ ਵਿਗੜ ਚੁੱਕੇ ਸੰਸਾਰ ਵਿਚ ਰਹਿ ਰਹੇ ਹਾਂ, ਜਿੱਥੇ ਪਰਦੇ ਪਿੱਛਲੀ ਸੱਤਾ ਦੀ ਖੇਡ੍ਹ ਦਾ ਵਿਸ਼ਲੇਸ਼ਣ ਹੀ ਹਿਤ ਦਾ ਇੱਕੋਇਕ ਸਵਾਲ ਬਾਕੀ ਰਹਿ ਗਿਆ ਹੈ। ਜੋ ਸਾਨੂੰ ਅਸਲ 'ਚ ਪੁੱਛਣਾ ਚਾਹੀਦਾ ਹੈ ਉਹ ਇਹ ਹੈ ਕਿ ਗੌਤਮ ਅਡਾਨੀ ਅਤੇ ਮੁਕੇਸ਼ ਅੰਬਾਨੀ ਵਰਗਿਆਂ ਦੀ ਪੱਤਰਕਾਰੀ ਉਦਯੋਗ ਵਿਚ ਕੋਈ ਹਿੱਸੇਦਾਰੀ ਹੋਵੇ ਹੀ ਕਿਉਂ।

ਇਸ ਸਵਾਲ ਦਾ ਜਵਾਬ ਦੇਣਾ ਸ਼ੁਰੂ ਕਰਨ ਤੋਂ ਪਹਿਲਾਂ, ਸਾਨੂੰ ਪੱਤਰਕਾਰੀ ਅਤੇ ਮੀਡੀਆ ਵਿਚ ਲਾਜ਼ਮੀ ਨਿਖੇੜਾ ਕਰ ਲੈਣਾ ਚਾਹੀਦਾ ਹੈ। ਪੱਤਰਕਾਰੀ ਖ਼ਬਰਾਂ ਨੂੰ ਇਕੱਠਾ ਕਰਨ ਅਤੇ ਵਿਸ਼ਲੇਸ਼ਣ ਦੀਆਂ ਮੁੱਖ ਸਰਗਰਮੀਆਂ ਦੀ ਚਿੰਨ੍ਹ ਹੈ, ਜਿਸ ਦੇ ਆਪਣੇ ਨਿਯਮ ਅਤੇ ਨੈਤਿਕਤਾ ਹੈ। ਅੱਜ ਜ਼ਿਆਦਾਤਰ ਭਾਰਤੀ ਸੰਸਥਾਵਾਂ ਵਿਚ ਇਨ੍ਹਾਂ ਨਿਯਮਾਂ ਦੀ ਵੱਡੇ ਪੱਧਰ 'ਤੇ ਉਲੰਘਣਾ ਕੀਤੀ ਜਾਂਦੀ ਹੈ, ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਮੌਜੂਦ ਨਹੀਂ ਹਨ ਜਾਂ ਉਨ੍ਹਾਂ ਦੀ ਲੋੜ ਨਹੀਂ ਹੈ। ਇਸ ਦੇ ਉਲਟ, ਮੀਡੀਆ ਇਕ ਵੈਲਿਯੂ-ਨਿਊਟਰਲ ਸ਼ਬਦ ਹੈ ਜੋ ਨਾ ਸਿਰਫ਼ ਸਮੱਗਰੀ ਅਤੇ ਜਾਣਕਾਰੀ ਦੇ ਮਾਧਿਅਮ - ਪ੍ਰਿੰਟ, ਟੈਲੀਵਿਜਨ, ਡਿਜੀਟਲ - ਦੇ ਪ੍ਰਸੰਗ 'ਚ ਸਗੋਂ ਉਨ੍ਹਾਂ ਦਾ ਸੰਚਾਲਨ ਕਰਨ ਵਾਲੀਆਂ ਸੰਗਠਨ ਸੰਰਚਨਾਵਾਂ ਦੇ ਪ੍ਰਸੰਗ 'ਚ ਵੀ ਵਰਤਿਆ ਸਕਦਾ ਹੈ। ਇਹ ਇਕ ਛੱਤਰੀ ਸ਼ਬਦ ਹੈ ਜਿਸ ਦੇ ਘੇਰੇ 'ਚ ਅਖ਼ਬਾਰਾਂ, ਟੈਲੀਵਿਜ਼ਨ ਚੈਨਲ, ਬਾਲੀਵੁੱਡ ਸਟੂਡੀਓ, ਨੈੱਟਵਰਕ ਮੁਹੱਈਆ ਕਰਤਾ, ਮਨੋਰੰਜਨ, ਸਟਰੀਮਿੰਗ ਸ਼ੋਅ ਅਤੇ ਆਈਪੀਐੱਲ ਮੈਚ ਆ ਜਾਂਦੇ ਹਨ। ਦਰਅਸਲ, ਮੀਡੀਆ ਇਕ ਉਦਯੋਗ ਦਾ ਸੂਚਕ ਹੈ ਜਿਸ ਦਾ ਘੇਰਾ ਏਨਾ ਵਸੀਹ ਹੈ ਕਿ ਇਹ ਪੱਤਰਕਾਰੀ ਦੇ ਖ਼ਿਆਲ ਨੂੰ ਹੀ ਨਿਗਲ ਜਾਂਦਾ ਹੈ, ਜਿਸ ਦੇ ਬਦਲ ਦੇ ਰੂਪ 'ਚ ਇਸ ਨੂੰ ਅਕਸਰ ਵਰਤਿਆ ਜਾਂਦਾ ਹੈ।




ਭਾਰਤ ਵਿਚ, ਅਸੀਂ ਪੱਤਰਕਾਰੀ ਸ਼ੁਰੂ ਕਰਨ ਵਾਲਿਆਂ ਦੀਆਂ ਯੋਗਤਾਵਾਂ ਦੀ ਪਰਖ਼-ਪੜਤਾਲ ਬਹੁਤ ਸਖ਼ਤੀ ਨਾਲ ਕਰਦੇ ਹਾਂ ਪਰ ਮੀਡੀਆ ਸੰਸਥਾ ਚਲਾਉਣ ਵਾਲਿਆਂ ਦੀ ਇਸ ਤਰ੍ਹਾਂ ਪਰਖ਼-ਪੜਤਾਲ ਨਹੀਂ ਕਰਦੇ। ਅਜਿਹਾ ਇਸ ਲਈ ਕਿਉਂਕਿ ਜਦੋਂ ਭਾਰਤੀ ਗਣਰਾਜ ਦੀ ਸਥਾਪਨਾ ਹੋਈ ਤਾਂ ਪ੍ਰੈੱਸ ਦੀ ਆਜ਼ਾਦੀ ਦੀ ਜ਼ਰੂਰਤ ਨੂੰ ਮੰਨਣ ਦੇ ਬਾਵਜੂਦ ਪ੍ਰੈੱਸ ਦੀ ਭੂਮਿਕਾ ਵੱਲ ਬਣਦਾ ਧਿਆਨ ਨਹੀਂ ਦਿੱਤਾ ਗਿਆ। ਦੀ ਵਰਕਿੰਗ ਜਰਨਲਿਸਟ ਐਂਡ ਅਦਰ ਨਿਊਜ਼ਪੇਪਰ ਇੰਪਲਾਈਜ਼ ਐਕਟ 1955 ਵਿਚ ਇਹ ਸਾਫ਼ ਝਲਕਦਾ ਹੈ। ਇਹ ਐਕਟ ਸਾਰੇ ਪੱਤਰਕਾਰਾਂ ਨੂੰ ਵਿਸ਼ੇਸ਼ ਸੁਰੱਖਿਆ ਮੁਹੱਈਆ ਕਰਦਾ ਹੈ - ਭਾਵੇਂ ਕੋਈ ਰਿਪੋਰਟਰ ਹੋਵੇ, ਉੱਪ-ਸੰਪਾਦਕ ਹੋਵੇ ਜਾਂ ਕਿਸੇ ਸੰਸਥਾ ਦਾ ਸੰਪਾਦਕ ਹੋਵੇ। ਮੁੱਖ ਫ਼ਰਕ ਇਹ ਹੈ ਕਿ ਹਾਲਾਂਕਿ ਇਹ ਸੁਰੱਖਿਆ ਉਪਾਅ ਕਿਸੇ ਹੋਰ ਕਿੱਤੇ ਵਿਚ ਪ੍ਰਬੰਧਕੀ ਸਟਾਫ਼ ਲਈ ਉਪਲਬਧ ਨਹੀਂ ਹੈ, ਪਰ ਕੰਮਕਾਜੀ ਪੱਤਰਕਾਰਾਂ ਦੇ ਸਾਰੇ ਪੱਧਰ ਇਹ ਸੁਰੱਖਿਆ ਲੈਣ ਲਈ ਲੇਬਰ ਕੋਰਟ 'ਚ ਜਾ ਸਕਦੇ ਹਨ।

ਇਸ ਦੌਰਾਨ, ਜਿਸ ਵਿਸ਼ਾਲ ਢਾਂਚੇ ਦੇ ਅੰਦਰ ਪੱਤਰਕਾਰ ਕੰਮ ਕਰਦੇ ਹਨ ਉਸ ਲਈ ਮਾਪਦੰਡ ਤੈਅ ਕਰਨ ਦੀ ਲੋੜ ਮੁੱਢ ਤੋਂ ਹੀ ਸਵੀਕਾਰ ਨਹੀਂ ਕੀਤੀ ਗਈ। ਪ੍ਰਾਈਵੇਟ ਮੀਡੀਆ, ਜਿਸ ਦੇ ਮਾਲਕ ਪਹਿਲਾਂ ਜੈਨ, ਬਿਰਲੇ ਅਤੇ ਗੋਇਨਕੇ ਵਰਗੇ ਪਟਸਨ ਕਾਰੋਬਾਰੀ ਸਨ - ਅਤੇ ਹੁਣ ਜਿਸ ਉੱਪਰ ਅੰਬਾਨੀ ਅਤੇ ਅਡਾਨੀ ਦਾ ਗਲਬਾ ਵੱਧਦਾ ਜਾ ਰਿਹਾ ਹੈ - ਸ਼ਾਇਦ ਹੀ ਕਦੇ ਸੰਵਿਧਾਨਕ ਪਰਖ਼-ਪੜਤਾਲ ਦੇ ਘੇਰੇ ਵਿਚ ਆਇਆ ਹੈ। ਅੱਜ ਇਹ ਹੋਰ ਵੀ ਸਪੱਸ਼ਟ ਹੁੰਦਾ ਜਾਂਦਾ ਹੈ ਕਿ ਮੀਡੀਆ ਨੂੰ ਵਿਵਸਥਿਤ ਕਿਵੇਂ ਕੀਤਾ ਜਾਵੇ, ਇਸ ਸਵਾਲ ਬਾਰੇ ਨਿਆਂਪਾਲਿਕਾ, ਵਿਧਾਨਪਾਲਿਕਾ ਜਾਂ ਕਾਰਜਪਾਲਿਕਾ ਦੀ ਤਰ੍ਹਾਂ ਹੀ ਸੋਚਣ ਦੀ ਲੋੜ ਹੈ।

ਕਾਰੋਬਾਰੀ ਸਮੂਹਾਂ ਦੇ ਹੱਥਾਂ ਵਿਚ ਮੀਡੀਆ ਦਾ ਕੇਂਦਰਤ ਹੁੰਦੇ ਜਾਣਾ ਨਾ ਸਿਰਫ ਵਿਚਾਰਾਂ ਦੀ ਵੰਨ-ਸੁਵੰਨਤਾ ਨੂੰ ਸੀਮਤ ਕਰਦਾ ਹੈ, ਸਗੋਂ ਇਹ ਇਸਦੀ ਮਾਲਕੀ ਵਾਲੇ ਸਮੂਹ ਲਈ ਵਪਾਰਕ ਲਾਭ ਨੂੰ ਯਕੀਨੀ ਬਣਾ ਕੇ ਮੀਡੀਆ ਤਰਜੀਹਾਂ ਨੂੰ ਵੀ ਤੈਅ ਕਰਦਾ ਹੈ। ਅਸਲੀਅਤ ਤਾਂ ਇਹ ਹੈ ਕਿ ਮੀਡੀਆ ਕਾਰੋਬਾਰ ਸਿਰਫ਼ ਆਪਣੇ ਨਫ਼ੇ-ਨੁਕਸਾਨ ਤੱਕ ਸੀਮਤ ਹੀ ਨਹੀਂ ਰਹਿੰਦਾ ਸਗੋਂ ਸਮੂਹ ਦੀ ਮਲਕੀਅਤ ਵਾਲੇ ਹੋਰ ਕਾਰੋਬਾਰਾਂ ਉੱਪਰ ਇਸ ਦਾ ਪੈ ਸਕਣ ਵਾਲਾ ਅਸਰ ਵੀ ਇਸ ਦੀ ਗਿਣਤੀ-ਮਿਣਤੀ ਵਿਚ ਹੁੰਦਾ ਹੈ। ਇਕ ਅਜਿਹੇ ਮੁਲਕ ਵਿਚ ਜਿੱਥੇ ਉਦਾਰੀਕਰਨ ਤੋਂ ਬਾਦ ਵੀ ਕਾਰਪੋਰੇਟਾਂ ਦੀ ਕਿਸਮਤ ਸਰਕਾਰ ਦੇ ਹੱਥ ਵਿਚ ਹੈ, ਇਹਨਾਂ ਹਾਲਾਤ 'ਚ ਜੋ ਮੀਡੀਆ ਸੰਸਥਾ ਸਰਕਾਰ ਦੀ ਆਲੋਚਨਾ ਕਰੇ ਉਸ ਦੇ ਉੱਪਰ ਉਸ ਦੇ ਹੋਰ ਕਾਰੋਬਾਰੀ ਹਿਤਾਂ 'ਚ ਸਰਕਾਰ ਵੱਲੋਂ ਕਾਨੂੰਨ ਰਾਹੀਂ ਦਖ਼ਲਅੰਦਾਜ਼ੀ ਕਰਨ ਦਾ ਖ਼ਤਰਾ ਮੰਡਰਾਉਂਦਾ ਰਹਿੰਦਾ ਹੈ।

ਸੱਚ ਤਾਂ ਇਹ ਹੈ ਕਿ ਭਾਰਤ ਵਿਚ ਪੱਤਰਕਾਰੀ ਦੇ ਅਖੌਤੀ ਅੱਛੇ ਦਿਨ ਕਦੇ ਨਹੀਂ ਰਹੇ। ਸੱਤਾ ਅਤੇ ਮੀਡੀਆ ਦਰਮਿਆਨ ਨਿੱਘੇ ਸੰਬੰਧਾਂ ਦਾ ਇਕ ਲੰਮਾ ਇਤਿਹਾਸ ਰਿਹਾ ਹੈ, ਅਤੇ ਸਰਕਾਰ ਦੀ ਆਲੋਚਨਾ ਅਕਸਰ ਸਥਾਪਤੀ ਨਾਲ ਮੀਡੀਆ ਮਾਲਕ ਦੇ ਬਣਦੇ-ਵਿਗੜਦੇ ਰਿਸ਼ਤੇ ਤੋਂ ਤੈਅ ਹੁੰਦੀ ਰਹੀ ਹੈ। ਸਰਕਾਰੀ ਮੀਡੀਆ ਤੋਂ ਲੈ ਕੇ ਯਥਾ-ਸਥਿਤੀਵਾਦੀ ਨਿੱਜੀ ਪ੍ਰਿੰਟ ਮੀਡੀਆ 'ਚ ਹਮੇਸ਼ਾ ਇਕਰੂਪਤਾ ਬਣੀ ਰਹੀ ਹੈ। ਹਾਂ ਜੇ ਇੰਞ ਲੱਗਦਾ ਰਿਹਾ ਕਿ ਮੁਲਕ 'ਚ ਸੁਤੰਤਰ ਮੀਡੀਆ ਦੀ ਹੋਂਦ ਹੈ ਤਾਂ ਇਹ ਸਿਰਫ਼ ਇਸ ਕਰਕੇ ਸੀ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਭਾਰਤੀ ਮੀਡੀਆ ਦੀਆਂ ਢਾਂਚਾਗਤ ਕਮਜ਼ੋਰੀਆਂ ਦਾ ਓਨਾ ਲਾਭ ਨਹੀਂ ਉਠਾਇਆ ਜਿੰਨੀ ਉਹ ਉਠਾ ਸਕਦੀਆਂ ਸਨ।

ਨਰਿੰਦਰ ਮੋਦੀ ਸਰਕਾਰ ਨੇ ਕੋਈ ਅਨੋਖੀ ਕਾਢ ਨਹੀਂ ਕੱਢੀ ਹੈ। ਇਹ ਹਾਲਾਤ ਹਮੇਸ਼ਾ ਮੌਜੂਦ ਰਹੇ ਹਨ। ਪਿਛਲੇ ਸਾਲਾਂ ਤੋਂ, ਦੀ ਕਾਰਵਾਂ ਕਈ ਰਿਪੋਰਟਾਂ ਅਤੇ ਲੇਖ ਛਾਪਦਾ ਰਿਹਾ ਹੈ ਜਿਨ੍ਹਾਂ ਵਿਚ ਦਸਤਾਵੇਜ਼ੀ ਆਧਾਰ 'ਤੇ ਦੱਸਿਆ ਗਿਆ ਕਿ ਕਿਵੇਂ ਮੋਦੀ ਸਰਕਾਰ ਨੇ ਯੋਜਨਾਬੱਧ ਢੰਗ ਨਾਲ ਇਹ ਯਕੀਨੀਂ ਬਣਾਇਆ ਹੈ ਕਿ ਮੁੱਖ ਧਾਰਾ ਮੀਡੀਆ, ਜੋ ਦੇਖਣ ਨੂੰ ਹੀ ਅਨੇਕ ਜਾਪਦਾ ਹੈ, ਸਿਰਫ਼ ਇਕ ਹੀ ਤਰ੍ਹਾਂ ਦਾ ਬਿਰਤਾਂਤ ਪੇਸ਼ ਕਰੇ।

ਇਸ ਪਿਛੋਕੜ ਵਿਚ, ਅਡਾਨੀ ਵਰਗੇ ਇਕ ਹੋਰ ਕਾਰਪੋਰੇਟ ਸਮੂਹ ਦੇ ਮੀਡੀਆ ਖੇਤਰ 'ਚ ਪੈਰ ਪਸਾਰਨ ਨਾਲ ਬਹੁਤਾ ਫ਼ਰਕ ਪੈਣ ਵਾਲਾ ਨਹੀਂ ਹੈ। ਪਰ ਜੋ ਸਥਿਤੀ ਸੰਯੁਕਤ ਰਾਜ (ਅਮਰੀਕਾ) ਵਿਚ ਹੈ ਉਹ ਇਸ਼ਾਰਾ ਕਰਦੀ ਹੈ ਕਿ ਆਉਣ ਵਾਲੇ ਸਮੇਂ 'ਚ ਕੀ ਵਾਪਰ ਸਕਦਾ ਹੈ। 1983 ਵਿਚ 90 ਫ਼ੀਸਦੀ ਅਮਰੀਕੀ ਮੀਡੀਆ 50 ਕੰਪਨੀਆਂ ਦੇ ਕਬਜ਼ੇ 'ਚ ਸੀ। 2011 ਤੱਕ ਉਹ 90 ਫ਼ੀਸਦੀ ਸਿਰਫ਼ ਛੇ ਕਾਰਪੋਰੇਸ਼ਨਾਂ ਦੇ ਕਬਜ਼ੇ 'ਚ ਰਹਿ ਗਿਆ। ਭਾਰਤ ਵਿਚ ਤਾਂ ਮੀਡੀਆ ਵਿਚ ਤਾਂ ਕਿਸੇ ਤਰ੍ਹਾਂ ਦੀ ਸੱਚੀ ਵੰਨ-ਸੁਵੰਨਤਾ ਬਣਨ ਤੋਂ ਪਹਿਲਾਂ ਹੀ ਇਸ ਤਰ੍ਹਾਂ ਦੇ ਕਬਜ਼ੇ ਵਾਲਾ ਏਕੀਕਰਨ ਦਾ ਯੁੱਗ ਪਹਿਲਾਂ ਹੀ ਸ਼ੁਰੂ ਹੋ ਗਿਆ।

ਐੱਨ.ਡੀ.ਟੀਵੀ ਉੱਪਰ ਅਡਾਨੀ ਦਾ ਕਬਜ਼ਾ ਇਸ ਦੀ ਇਕ ਸਟੀਕ ਮਿਸਾਲ ਹੈ ਕਿਉਂਕਿ, ਆਪਣੀਆਂ ਸੀਮਾਵਾਂ ਦੇ ਅੰਦਰ ਹੀ ਸਹੀ, ਇਹ ਚੈਨਲ ਮੋਦੀ ਦਾ ਗੁਣਗਾਣ ਕਰਨ ਵਾਲੇ ਚੈਨਲਾਂ ਦੀ ਭਰਮਾਰ ਦੇ ਅੰਦਰ ਗੁਣਗਾਣ ਤੋਂ ਵੱਖਰੀਆਂ ਸੁਰਾਂ ਵਿੱਚੋਂ ਇਕ ਰਿਹਾ ਹੈ। ਇਸ ਤੋਂ ਇਲਾਵਾ, ਜਿਉਂ ਜਿਉਂ ਅਡਾਨੀ ਸਮੂਹ ਮੀਡੀਆ ਵਿਚ ਆਪਣਾ ਕਾਰੋਬਾਰ ਵਧਾਉਂਦਾ ਜਾਵੇਗਾ, ਇਸ ਖੇਤਰ ਵਿਚ ਇਸ ਦਾ ਸਿੱਧਾ ਮੁਕਾਬਲਾ ਪਹਿਲਾਂ ਹੀ ਮਜ਼ਬੂਤ ਅੰਬਾਨੀ ਸਮੂਹ ਨਾਲ ਹੋਵੇਗਾ।

ਮੀਡੀਆ ਵਿਚ ਰਿਲਾਇੰਸ ਦੇ ਹਿਤ ਨੈੱਟਵਰਕ18 ਤੱਕ ਸੀਮਤ ਨਹੀਂ ਹਨ। ਹਰ ਨਾਗਰਿਕ ਦੀ ਜ਼ਿੰਦਗੀ ਉੱਪਰ ਇਸ ਸਮੂਹ ਦਾ ਪ੍ਰਭਾਵ ਕਿਸੇ ਇਕੱਲੇ ਅਖ਼ਬਾਰ ਜਾਂ ਚੈਨਲ ਦੇ ਪ੍ਰਭਾਵ ਨਾਲੋਂ ਪਹਿਲਾਂ ਹੀ ਕਿਤੇ ਜ਼ਿਆਦਾ ਹੈ। ਇਹ ਰਿਲਾਇੰਸ ਜੀਓ ਨੈੱਟਵਰਕਸ ਦੀ ਸਥਾਪਨਾ ਕੀਤੇ ਜਾਣ ਤੋਂ ਸਪੱਸ਼ਟ ਹੈ ਜੋ ਕਿ ਇਸੇ ਸਮੂਹ ਦੀ ਟੈਲੀਕਾਮ ਸਹਾਇਕ ਕੰਪਨੀ ਹੈ ਅਤੇ ਜੋ ਪਹਿਲਾਂ ਹੀ ਮੁਲਕ ਵਿਚ ਸਭ ਤੋਂ ਵੱਡਾ ਮੋਬਾਈਲ ਨੈੱਟਵਰਕ ਆਪਰੇਟਰ ਹੈ। ਜਦੋਂ ਅਸੀਂ ਰਿਲਾਇੰਸ ਸਮੂਹ ਦੀਆਂ ਕਾਰੋਬਾਰੀ ਖ਼ਾਹਸ਼ਾਂ ਪੂਰੇ ਪੱਧਰ 'ਤੇ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਫਿਰ ਹੀ ਸਾਨੂੰ ਇਹ ਸਮਝ ਪੈਂਦਾ ਹੈ ਕਿ ਇਹ ਸਮੂਹ ਤਾਂ ਪਹਿਲਾਂ ਹੀ ਮੁਲਕ ਵਿਚ ਪ੍ਰਮੁੱਖ ਮੀਡੀਆ ਖਿਡਾਰੀ ਬਣ ਚੁੱਕਾ ਹੈ। ਅਡਾਨੀ ਦਾ ਮੁਕਾਬਲਾ ਪਹਿਲਾਂ ਹੀ ਸਥਾਪਤ ਪ੍ਰਮੁੱਖ ਮੀਡੀਆ ਨਾਲ ਹੋਵੇਗਾ। ਚੈਨਲਾਂ, ਜਾਂ ਕੁਝ ਡਿਜੀਟਲ ਜਾਂ ਪ੍ਰਿੰਟ ਸੰਸਥਾਵਾਂ ਦੀ ਮਾਲਕੀ ਤਾਂ ਉਸ ਲੜਾਈ ਦਾ ਮਹਿਜ਼ ਇਕ ਨਿੱਕਾ ਜਿਹਾ ਹਿੱਸਾ ਹੈ ਜੋ ਸਾਡੀ ਰੋਜ਼ਾਨਾ ਸੰਵੇਦੀ ਖ਼ੁਰਾਕ (ਸੈਂਸਰੀ ਇਨਪੁਟ) ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ 'ਚ ਹੈ।

ਰਾਜਨੀਤਿਕ ਮਾਹੌਲ ਦੇ ਮੁਕਾਬਲੇ ਮਾਲਕੀ ਦਾ ਪੈਟਰਨ ਜ਼ਿਆਦਾ ਲੰਬੇ ਸਮੇਂ ਤੱਕ ਬਣਿਆ ਰਹਿੰਦਾ ਹੈ। ਹਿੰਦੁਸਤਾਨ ਟਾਈਮਜ਼ ਗਰੁੱਪ ਉੱਪਰ ਬਿਰਲਾ ਦੀ ਮਾਲਕੀ ਨੱਬੇ ਸਾਲਾਂ ਤੋਂ ਵੱਧ ਸਮੇਂ ਤੱਕ ਕਾਇਮ ਰਹੀ। ਇਸ ਦੌਰਾਨ ਅੰਗਰੇਜ਼ ਚਲੇ ਗਏ, ਕਾਂਗਰਸ ਕਮਜ਼ੋਰ ਹੋਈ ਅਤੇ ਭਾਰਤੀ ਜਨਤਾ ਪਾਰਟੀ ਉਭਰਕੇ ਸਾਹਮਣੇ ਆਈ। ਮੁਲਕ ਉੱਪਰੋਂ ਮੋਦੀ ਜਾਂ ਭਾਜਪਾ ਦੇ ਕਬਜ਼ੇ ਤੋਂ ਛੁਟਕਾਰਾ ਪਾਉਣਾ ਕਿਸੇ ਅਡਾਨੀ ਜਾਂ ਅੰਬਾਨੀ ਵੱਲੋਂ ਸਾਡੇ ਤੱਕ ਪਹੁੰਚਣ ਵਾਲੀ ਸੂਚਨਾ ਉੱਪਰ ਕੀਤੇ ਜਾ ਰਹੇ ਕਬਜ਼ੇ ਤੋਂ ਛੁਟਕਾਰਾ ਪਾਉਣ ਨਾਲੋਂ ਕਿਤੇ ਸੌਖਾ ਹੋਵੇਗਾ।

ਪਹਿਲਾਂ ਹੀ ਟਾਈਮਜ਼ ਗਰੁੱਪ ਅਤੇ ਭਾਸਕਰ ਗਰੁੱਪ ਵਰਗੇ ਰਵਾਇਤੀ ਮੀਡੀਆ ਘਰਾਣੇ ਰਿਲਾਇੰਸ ਦੇ ਆਕਾਰ ਅਤੇ ਰਸੂਖ਼ ਅੱਗੇ ਬੌਣੇ ਹੋ ਗਏ ਹਨ। ਜਿਉਂ ਜਿਉਂ ਅਡਾਨੀ ਸਮੂਹ ਮੀਡੀਆ ਦੇ ਖੇਤਰ ਵਿਚ ਆਪਣੀ ਮੌਜੂਦਗੀ ਵਧਾਉਂਦਾ ਜਾਵੇਗਾ, ਦੂਜੇ ਸਮੂਹ ਜਿਵੇਂ ਕਿ ਇੰਡੀਆ ਟੂਡੇ ਗਰੁੱਪ (ਜਿਸ ਦਾ ਵੇਰਵਾ ਦੀ ਕਾਰਵਾਂ ਦੇ ਦਸੰਬਰ 2022 ਮੀਡੀਆ ਅੰਕ ਵਿਚ ਦਿੱਤਾ ਗਿਆ ਹੈ) ਹਾਸ਼ੀਏ ਦੇ ਖਿਡਾਰੀ ਬਣਕੇ ਰਹਿ ਜਾਣਗੇ, ਜਿਨ੍ਹਾਂ ਦਾ ਪੱਤਰਕਾਰੀ ਵਿਚ ਪਹਿਲਾਂ ਵੀ ਕੋਈ ਯੋਗਦਾਨ ਨਹੀਂ ਸੀ।

ਇਸ ਖ਼ਤਰੇ ਨੂੰ ਦੇਖਦੇ ਹੋਏ ਵੀ ਇਹ ਨਹੀਂ ਲੱਗਦਾ ਕਿ ਸਾਡੇ ਲੋਕਤੰਤਰ ਦੇ ਅੰਦਰ ਮੀਡੀਆ ਵਿਵਸਥਾ ਦੀ ਮੁੜ ਪਰਖ਼-ਪੜਤਾਲ ਕਰਕੇ ਇਸ ਦੇ ਪੁਨਰ-ਨਿਰਮਾਣ ਲਈ ਲੋੜੀਂਦੀ ਰਾਜਨੀਤਿਕ ਇੱਛਾ ਸ਼ਕਤੀ ਦਿਖਾਈ ਦੇਵੇਗੀ। ਸਾਡੇ ਇੱਥੇ ਇਹ ਜੋ ਭੈੜਾ ਦ੍ਰਿਸ਼ ਆਜ਼ਾਦੀ ਦੇ ਸਮੇਂ ਤੋਂ ਹੀ ਚਲਿਆ ਆ ਰਿਹਾ ਹੈ, ਉਦਾਰੀਕਰਨ ਤੋਂ ਬਾਦ ਦੇ ਸਾਲਾਂ ਵਿਚ ਉਹ ਹੋਰ ਵੀ ਜ਼ਿਆਦਾ ਖ਼ਰਾਬ ਹੋ ਗਿਆ ਹੈ, ਖ਼ਾਸ ਕਰਕੇ ਸਾਂਝਾ ਪ੍ਰਗਤੀਸ਼ੀਲ ਗੱਠਜੋੜ ਦੀ ਹਕੂਮਤ ਦੇ ਦੌਰ ਵਿਚ। ਮੋਦੀ ਵੱਲੋਂ ਇਸ ਦੀ ਹੇਰਾਫੇਰੀ ਦੀ ਸਮਰੱਥਾ ਨੂੰ ਪੂਰੀ ਤਰ੍ਹਾਂ ਨਾਲ ਵਰਤੇ ਜਾਣ ਤੋਂ ਵੀ ਪਹਿਲਾਂ। ਭਾਜਪਾ ਦੀ ਹਕੂਮਤ ਤੋਂ ਬਾਦ ਵੀ ਜਿਹੜੀ ਵੀ ਕੋਈ ਨਵੀਂ ਸਰਕਾਰ ਆਵੇਗੀ ਉਹ ਵੀ ਮੋਦੀ ਸਰਕਾਰ ਦੇ ਨਕਸ਼ੇ-ਕਦਮਾਂ 'ਤੇ ਹੀ ਚੱਲੇਗੀ ਨਾ ਕਿ ਇਸ ਸਥਿਤੀ ਨੂੰ ਸੁਧਾਰਨ ਲਈ ਯਤਨ ਕਰੇਗੀ।

ਇਸ ਲਈ ਵੱਡੇ ਮੀਡੀਆ ਦੀਆਂ ਲਾਲਚੀ ਨਜ਼ਰਾਂ ਤੋਂ ਬਚੀਆਂ ਛੋਟੀਆਂ ਮੀਡੀਆ ਸੰਸਥਾਵਾਂ ਨੂੰ ਉਤਸ਼ਾਹਿਤ ਕਰਨਾ ਲਾਹੇਵੰਦਾ ਹੋ ਸਕਦਾ ਹੈ। ਵੱਡਾ ਮੀਡੀਆ ਇਨ੍ਹਾਂ ਵਿਚ ਕੋਈ ਰੁਚੀ ਨਹੀਂ ਲੈਂਦਾ। ਛੋਟੀਆਂ ਮੀਡੀਆ ਸੰਸਥਾਵਾਂ ਵੱਡਿਆਂ ਵਰਗੇ ਮੁਕਾਬਲੇ ਤੋਂ ਸੁਰੱਖਿਅਤ ਹੋਣ ਕਾਰਨ ਇਨ੍ਹਾਂ ਨੂੰ ਉਸ ਕਿਸਮ ਦੇ ਧਨ ਦੀ ਜ਼ਰੂਰਤ ਨਹੀਂ ਹੁੰਦੀ ਜਿਸ ਕਾਰਨ ਵਿਗਾੜ ਪੈਦਾ ਹੋਣੇ ਅਟੱਲ ਹਨ। ਇਹ ਸੰਸਥਾਵਾਂ ਐਸੇ ਪੱਤਰਕਾਰਾਂ ਨੂੰ ਵੀ ਖਿੱਚ ਪਾਉਂਦੀਆਂ ਹਨ ਜੋ ਇਸ ਕਿੱਤੇ ਨਾਲ ਇਸ ਦੀਆਂ ਕਦਰਾਂ-ਕੀਮਤਾਂ ਨੂੰ ਮੁੱਖ ਰੱਖਕੇ ਜੁੜਦੇ ਹਨ। ਨਿਰਸੰਦੇਹ, ਜਿਵੇਂ ਕਾਰਵਾਂ ਦਾ ਵਿਸ਼ੇਸ਼ ਮੀਡੀਆ ਅੰਕ ਦਿਖਾਉਂਦਾ ਹੈ, ਚਲੰਤ ਮਾਮਲਿਆਂ ਵਿਚ ਕੰਮ ਕਰਦੀਆਂ ਸਾਰੀਆਂ ਛੋਟੀਆਂ ਸੰਸਥਾਵਾਂ ਪੱਤਰਕਾਰੀ ਨਹੀਂ ਕਰ ਰਹੀਆਂ ਹੁੰਦੀਆਂ। ਇੱਥੇ ਓਪ-ਇੰਡੀਆ ਵਰਗੀਆਂ ਸੰਸਥਾਵਾਂ ਵੀ ਹਨ (ਜੋ ਕਿ ਜ਼ਹਿਰਲੀ ਸੂਚਨਾ ਸਮੱਗਰੀ ਦਾ ਛੱਟਾ ਦੇਣ ਵਾਲੀ ਹਿੰਦੂਤਵ ਪੱਖੀ ਪਿਛਾਖੜੀ ਮੀਡੀਆ ਸੰਸਥਾ ਹੈ- ਅਨੁਵਾਦਕ) ਜੋ ਪੱਤਰਕਾਰੀ ਤਾਂ ਸ਼ਾਇਦ ਹੀ ਕਰਦੀਆਂ ਹਨ।

ਇਸ ਲਈ ਜ਼ਰੂਰੀ ਹੈ ਕਿ ਨਿਊਜ਼ਰੂਮ ਵਿਚ ਈਮਾਨਦਾਰੀ ਦੀ ਝਾਕ ਰੱਖਣ ਵਾਲੇ ਲੋਕ ਅਜਿਹੀਆਂ ਮੌਜੂਦ ਸੰਸਥਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਅਜਿਹੀਆਂ ਨਵੀਆਂ ਸੰਸਥਾਵਾਂ ਦੀ ਹਮਾਇਤ ਕਰਨ। ਭਾਵੇਂ ਇਹ ਛੋਟੀਆਂ ਛੋਟੀਆਂ ਮੁਤਵਾਜ਼ੀ ਮੀਡੀਆ ਸੰਸਥਾਵਾਂ ਤੇਜ਼ੀ ਨਾਲ ਵਿਗੜ ਰਹੇ ਹਾਲਾਤ ਉੱਪਰ ਬਹੁਤ ਘੱਟ ਅਸਰ ਪਾ ਸਕਣਗੀਆਂ, ਇਹ ਫਿਰ ਵੀ ਉਸ ਭਵਿੱਖ ਹਾਲਤ ਨਾਲੋਂ ਤਾਂ ਬਿਹਤਰ ਬਦਲ ਹੀ ਹੈ ਜਿਸ ਵਿਚ ਹਰ ਮਿੰਟ ਅਡਾਨੀ ਅਤੇ ਅੰਬਾਨੀ ਸਮੂਹਾਂ ਦੇ ਕਾਰਪੋਰੇਟ ਮੀਡੀਆ ਕੋਲ ਵਿਕਣ ਲਈ ਤਿਆਰ ਹੋਵੇਗਾ ਜਿਸ ਦੀ ਲਗਾਤਾਰਤਾ 'ਚ ਮਾੜਾ ਮੋਟਾ ਵਿਘਨ ਸਿਰਫ਼ ਓਪ-ਇੰਡੀਆ ਵਰਗਿਆਂ ਵੱਲੋਂ ਪਰੋਸੀ ਜਾ ਰਹੀ ਕੱਟੜਤਾ ਹੀ ਪਾ ਰਹੀ ਹੋਵੇਗੀ।

# ਕੈਨੇਡਾ ਵਿੱਚ ਕਣਕ ਦੀ ਖੜ੍ਹੀ ਫਸਲ ਉੱਤੇ ਰਾਉਂਡ ਅੱਪ ਦਾ ਛਿੜਕਾਅ ਕੀਤਾ ਜਾਂਦਾ ਹੈ !



-ਮਨਿੰਦਰ ਕੰਗ

ਕੈਨੇਡਾ ਵਿੱਚ ਕਣਕ ਦੀ ਖੜ੍ਹੀ ਫਸਲ ਉੱਤੇ ਰਾਉਂਡ ਅੱਪ ਦਾ ਛਿੜਕਾਅ ਕੀਤਾ ਜਾਂਦਾ ਹੈ! ਇਹੀ ਹਾਲ ਅਮਰੀਕਾ ਦਾ ਹੈ। ਇਹ ਦੇਖਣ ਤੇ ਵਿਸ਼ਵਾਸ ਕਰਨਾ ਔਖਾ ਸੀ । ਰਾਉਂਡ ਅੱਪ ਵਿੱਚ ਗਲਾਈਫੋਸੇਟ ਜ਼ਹਿਰ ਹੈ – ਇਹ non-selective ਜ਼ਹਿਰ ਹੈ , ਭਾਵ ਕਿ ਫ਼ਸਲ ਅਤੇ ਨਦੀਨ ਦੇ ਵਿੱਚ ਫ਼ਰਕ ਨਹੀਂ ਕਰਦਾ ਅਤੇ ਅਤੇ ਹਰ ਹਰੇ ਪੌਦੇ ਨੂੰ ਮਾਰਦਾ ਹੈ। ਕਣਕ ਉੱਤੇ ਸਪਰੇਅ ਵੀ ਇੱਕ ਤਰਾਂ ਕਣਕ ਨੂੰ ਮਾਰਨ ਲਈ ਹੀ ਕੀਤੀ ਜਾਂਦੀ ਹੈ। ਇਸਨੂੰ ਕਣਕ ਦੀ ਫਸਲ 'ਤੇ 'ਡੈਸਿਕੈਂਟ' (desiccant) ਵਜੋਂ ਵਰਤਿਆ ਜਾਂਦਾ ਹੈ– ਭਾਵ ਕੇ ਫ਼ਸਲ ਨੂੰ ਸਕਾਉਣ ਲਈ। ਵਧੇਰੇ ਠੰਡ ਹੋਣ ਕਰਕੇ ਅਤੇ ਬਰਫ਼ਬਾਰੀ ਤੋਂ ਪਹਿਲਾਂ ਵਾਢੀ ਨਬੇੜਨ ਲਈ ਰਾਉਂਡ ਅੱਪ ਦੀ ਸਪਰੇਅ ਕਰਕੇ ਕਣਕ ਨੂੰ ਸੁਕਾਇਆ ਜਾਂਦਾ ਹੈ। ਇਹ systemic ਜ਼ਹਿਰ ਹੈ, ਮਤਲਬ ਕਿ ਪੌਦੇ ਦੇ ਵਿੱਚ ਰਚ ਕੇ ਹਰ ਭਾਗ ਤੱਕ ਜਾਂਦਾ ਹੈ। ਜਾਹਿਰ ਹੈ, ਦਾਣਿਆਂ ਵਿੱਚ ਵੀ ਜਾਂਦਾ ਹੈ, ਸੋ ਖਾਣ ਵਾਲਿਆਂ ਵਿੱਚ ਵੀ!

ਰਾਉਂਡ ਅੱਪ/ ਗਲਾਈਫੋਸੇਟ ਸਭ ਤੋਂ ਵਿਵਾਦਪੂਰਨ ਜ਼ਹਿਰਾਂ ਵਿੱਚੋਂ ਇੱਕ ਹੈ ਅਤੇ ਬਹੁਤ ਸਾਰੀਆਂ ਸਟੱਡੀਜ਼ ਨੇ ਸਾਬਤ ਕੀਤਾ ਹੈ ਕਿ ਇਹ ਕੈਂਸਰ ਦਾ ਕਾਰਨ ਬਣਦਾ ਹੈ।

WHO ਗਲਾਈਫੋਸੇਟ ਨੂੰ 'Probable carcinogenic'– "ਸੰਭਾਵੀ ਕੈਂਸਰ ਦਾ ਕਾਰਣ" ਵਜੋਂ ਸ਼੍ਰੇਣੀਬੱਧ ਕਰਦਾ ਹੈ।

ਜਰਮਨ ਕੰਪਨੀ ਬਾਅਰ ਜੋ ਹੁਣ ਰਾਊਂਡ–ਅੱਪ ਵੇਚਦੀ ਹੈ (ਮੌਨਸੈਂਟੋ ਨੂੰ ਖਰੀਦਣ ਤੋਂ ਬਾਅਦ), ਨੂੰ ਰਾਉਂਡਅੱਪ ਨਾਲ ਜੁੜੇ ਹਜ਼ਾਰਾਂ ਕੈਂਸਰ ਦੇ ਅਦਾਲਤੀ ਕੇਸਾਂ ਦਾ ਨਿਪਟਾਰਾ ਕਰਨ ਲਈ $10.9 ਬਿਲੀਅਨ ਦਾ ਭੁਗਤਾਨ ਕਰਨ ਲਈ ਹਾਮੀ ਭਰਨੀ ਪਈ ਹੈ। ਇਹ ਅਮਰੀਕਾ ਦੀ ਅਦਾਲਤੀ ਨਿਪਟਾਰਿਆਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਸਮਝੌਤਾ ਰਾਸ਼ੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਵਕੀਲ ਰੱਖਣ ਦੇ ਬਾਵਜ਼ੂਦ ਬਾਯਰ ਦਾ ਐਨੀ ਵੱਡੀ ਰਕਮ ਹਾਰਜ਼ਾਨੇ ਵਜੋਂ ਦੇਣਾ, ਆਪਣੇ ਆਪ ਵਿੱਚ ਹੀ ਸਬੂਤ ਹੈ ਕਿ ਗਲਾਈਫੋਸੇਟ carcinogenic ਹੈ।

ਜਰਮਨੀ ਸਮੇਤ ਦੁਨੀਆ ਦੇ 10 ਦੇਸ਼ਾਂ ਨੇ ਗਲਾਈਫੋਸੇਟ 'ਤੇ ਪਾਬੰਦੀ ਲਗਾਈ ਹੋਈ ਹੈ ਅਤੇ 15 ਦੇਸ਼ਾਂ ਨੇ ਇਸ ਦੀ ਵਰਤੋਂ ਨੂੰ restrict ਕੀਤਾ ਹੋਇਆ ਹੈ ।ਭਾਰਤ ਵਰਗੇ ਦੇਸ਼ ਵਿੱਚ ਵੀ , ਇਸ ਦੀ ਵਿਕਰੀ ਦੀ ਇਜ਼ਾਜ਼ਤ ਕੇਵਲ ਖਾਲਾਂ ਵੱਟਾਂ ਲਈ ਹੀ ਹੈ। ਪੰਜਾਬ ਨੇ 2018 ਵਿੱਚ ਇਸਤੇ ਪਾਬੰਦੀ ਲਗਾ ਦਿੱਤੀ ਸੀ।

ਇਸ ਸਭ ਦੇ ਮੱਦੇਨਜ਼ਰ, ਇਹ ਜਾਣਨਾ ਸੱਚਮੁੱਚ ਹੈਰਾਨ ਕਰਨ ਵਾਲਾ ਹੈ ਕਿ ਕੈਨੇਡਾ ਅਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿੱਚ ਕਣਕ ਦੀ ਖੜ੍ਹੀ ਫਸਲ 'ਤੇ ਗਲਾਈਫੋਸੇਟ ਦੀ ਵਰਤੋਂ ਦੀ ਆਗਿਆ ਹੈ।

ਅਤੇ ਕਨੋਲਾ ਦੇ ਮਾਮਲੇ ਵਿੱਚ ਸਥਿਤੀ ਹੋਰ ਵੀ ਖ਼ਰਾਬ ਹੈ। ਕਨੋਲਾ ਇੱਕ ਸਰੋਂ ਵਰਗੀ ਫ਼ਸਲ ਹੈ– ਦੇਖ ਕੇ ਸਰੋਂ ਅਤੇ ਕਨੋਲਾ ਦੇ ਪੌਦਿਆਂ ਦਾ ਫਰਕ ਕਰ ਪਾਉਣਾ ਵੀ ਔਖਾ ਹੈ। ਕੈਨੇਡਾ ਵਿੱਚ GM (Genetically modified) ਕਨੋਲਾ ਦੀ ਖੇਤੀ ਹੁੰਦੀ ਹੈ – ਭਾਵ ਕੇ ਕਨੋਲਾ ਨੂੰ ਗਲਾਈਫੋਸੇਟ ਦੀ ਵਰਤੋਂ ਲਈ ਜੈਨੇਟਿਕ ਤੌਰ 'ਤੇ ਸੋਧਿਆ ਗਿਆ ਹੈ। ਗਲਾਈਫੋਸੇਟ ਫਸਲ ਅਤੇ ਨਦੀਨ, ਦੋਵਾਂ ਨੂੰ ਮਾਰਦਾ ਹੈ, ਪਰ ਕਨੋਲਾ ਦੇ ਬੀਜਾਂ ਵਿੱਚ ਇੱਕ ਜੀਨ ਪਾ ਦਿੱਤਾ ਜਾਂਦਾ ਹੈ, ਜਿਸ ਨਾਲ ਕਨੋਲਾ ਦੇ ਪੌਦੇ ਗਲਾਈਫੋਸੇਟ ਦੀ ਸਪਰੇਅ ਹੋਣ ਤੇ ਮਰਦੇ ਨਹੀਂ ਹਨ। ਇਸਦੇ ਨਤੀਜਤਨ ਕਨੋਲਾ ਦੀ ਫਸਲ 'ਤੇ ਗਲਾਈਫੋਸੇਟ ਦੀ ਅੰਨੇਵਾਹ ਵਰਤੋਂ ਹੁੰਦੀ ਹੈ। ਕਨੋਲਾ ਦੀ ਇਸੇ ਫ਼ਸਲ ਤੋਂ ਤੇਲ ਤਿਆਰ ਕੀਤਾ ਜਾਂਦਾ ਹੈ ਜਿਸ ਨੂੰ ਕਨੇਡਾ ਵਿੱਚ ਖਾਣਾ ਪਕਾਉਣ ਲਈ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ।

ਇੰਡੀਆ ਰਹਿੰਦਿਆਂ ਇਹ ਤੇ ਪਤਾ ਸੀ ਕਿ ਗਲਾਈਫੋਸੇਟ ਦੀ ਵਰਤੋਂ ਅਮਰੀਕਾ ਅਤੇ ਕੈਨੇਡਾ ਵਿੱਚ ਕਨੋਲਾ ਅਤੇ ਸੋਇਆਬੀਨ ਵਰਗੀਆਂ ਖਾਣ ਵਾਲੀਆਂ GM ਫਸਲਾਂ 'ਤੇ ਕੀਤੀ ਜਾਂਦੀ ਹੈ, ਪਰ ਇਹ ਅੰਦਾਜ਼ਾ ਨਹੀਂ ਸੀ ਕਿ ਇਸ ਹੱਦ ਤੱਕ ਹੁੰਦੀ ਹੋਵੇਗੀ ! ਹਰ ਦਸਾਂ ਦਿਨਾਂ ਬਾਅਦ ਕਿਸਾਨ ਗਲਾਈਫੋਸੇਟ ਦੀ ਸਪਰੇਅ ਕਰਦੇ ਹਨ। ਇਕੱਲੀ ਰਾਉਂਡ ਅੱਪ ਨਾਲ ਹੁਣ ਨਦੀਨ ਨਹੀਂ ਮਰਦੇ , ਦੂਜੇ ਨਦੀਨਨਾਸ਼ਕ ਮਿਲਾ ਕੇ ਸਪਰੇਅ ਕਰਨੇ ਪੈਂਦੇ ਹਨ। ਇਹ ਸਭ ਦੇਖਣ ਤੋਂ ਬਾਅਦ ਮੈਂ ਕਨੋਲਾ ਤੇਲ ਦੀ ਵਰਤੋਂ ਬਿਲਕੁੱਲ ਬੰਦ ਕਰ ਦਿੱਤੀ ਹੈ , ਦੋਸਤਾਂ ਨੂੰ ਵੀ ਨਾ ਵਰਤਣ ਦੀ ਸਲਾਹ ਹੈ!

ਵਿਡੰਬਨਾ ਇਹ ਹੈ ਕਿ ਏਸ਼ੀਆਈ ਬਾਸਮਤੀ ਚੌਲਾਂ ਦੇ ਮਾਮਲੇ ਵਿੱਚ, ਮਾਪਦੰਡ ਬਿਲਕੁਲ ਵੱਖਰੇ ਹਨ। ਲਗਭਗ 40 ਕੀਟਨਾਸ਼ਕਾਂ ਲਈ, ਜੋ ਕਿ ਗਲਾਈਫੋਸੇਟ ਨਾਲੋਂ ਕਿਤੇ ਘੱਟ ਖਤਰਨਾਕ ਹਨ, ਲਈ ਅਮਰੀਕਾ ਅਤੇ EU ਵੱਲੋਂ ਬਹੁਤ ਸਖਤ residue limit ਦੇ ਸਟੈਂਡਰਡ ਦੀ ਪਾਲਣਾ ਕਾਰਵਾਈ ਜਾਂਦੀ ਹੈ ।ਜਦੋਂ ਬਾਸਮਤੀ ਚੌਲਾਂ ਨੂੰ ਪੱਛਮੀ ਦੇਸ਼ਾਂ ਨੂੰ ਨਿਰਯਾਤ ਕੀਤਾ ਜਾਂਦਾ ਹੈ, ਤਾਂ ਜਹਾਜ਼ ਪਹੁੰਚਣ ਤੇ ਇਸ residue limit ਦੇ ਸਟੈਂਡਰਡ ਨੂੰ ਚੈੱਕ ਕਰਨ ਲਈ ਸੈਂਪਲ ਲਏ ਜਾਂਦੇ ਹਨ ਅਤੇ ਟੈਸਟ ਵਿੱਚ ਜੇ ਸੈਂਪਲ ਅਸਫਲ ਹੋ ਜਾਂਦਾ ਹੈ, ਤਾਂ ਬਰਾਮਦਕਾਰਾਂ ਨੂੰ ਅਕਸਰ ਚਾਵਲ ਉੱਥੇ ਹੀ ਨਸ਼ਟ ਕਰਨੇ ਪੈਂਦੇ ਹਨ ।ਅਤੇ ਨਸ਼ਟ ਕਰਨ ਦਾ ਖਰਚਾ ਹੋਰ ਦੇਣਾ ਪੈਂਦਾ ਹੈ!

ਮਨੁੱਖਾਂ ਦੁਆਰਾ GM ਫਸਲਾਂ ਦੀ ਖਪਤ ਆਪਣੇ ਆਪ ਵਿੱਚ ਹੀ ਬਹੁਤ ਸਾਰੇ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ ਅਤੇ ਇੱਥੇ ਅਸੀਂ – ਗਲਾਈਫੋਸੇਟ ਦੀਆਂ ਕਈ ਸਪਰੇਆਂ ਕੀਤੀਆਂ GM ਫਸਲਾਂ ਸਿਧੇ ਰੂਪ ਵਿੱਚ ਖਾ ਰਹੇ ਹਾਂ!

ਕੈਨੇਡਾ ਅਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿੱਚ ਗਲਾਈਫੋਸੇਟ ਦੀ ਖੁੱਲੀ ਵਰਤੋਂ ਦੀ ਆਗਿਆ ਦਾ ਕੀ ਕਾਰਣ ਹੈ?

ਜਵਾਬ ਇਹ ਹੈ ਕਿ ਕੈਨੇਡਾ ਅਤੇ ਅਮਰੀਕਾ ਦੀ ਖੇਤੀ ਗਲਾਈਫੋਸੇਟ 'ਤੇ ਇੰਨੀ ਨਿਰਭਰ ਹੋ ਗਈ ਹੈ ਕਿ ਕੋਈ ਵੀ ਸਰਕਾਰ ਇਸ ਨਦੀਨ ਨਾਸ਼ਕ 'ਤੇ ਪਾਬੰਦੀ ਲਗਾਉਣ ਦੀ ਹਿੰਮਤ ਨਹੀਂ ਕਰ ਸਕਦੀ। ਕਨੌਲਾ ਦੀ ਖੇਤੀ ਤਾਂ ਇਸ ਜ਼ਹਿਰ ਤੋਂ ਬਿਨਾ ਕਰਨ ਦੀ ਹੁਣ ਕੋਈ ਕਲਪਨਾ ਵੀ ਨੀ ਕਰ ਸਕਦਾ। ਲੱਗਭੱਗ 100% GM ਫ਼ਸਲ ਹੋਣ ਕਾਰਣ ਕਿਸਾਨਾਂ ਵਿੱਚ ਹਾਹਾਕਾਰ ਮੱਚ ਜਾਵੇਗੀ।

ਹੁਣ ਤੱਕ, ਅਮਰੀਕਾ ਅਤੇ ਕੈਨੇਡਾ ਵਿੱਚ GM ਕਣਕ ਦੀ ਕਾਸ਼ਤ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਹੈ। ਜੇ GM ਕਣਕ ਦੀ ਖੇਤੀ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਇਸ ਜ਼ਹਿਰ ਦੀ ਵਰਤੋਂ ਕਈ ਗੁਣਾ ਹੋਰ ਵੱਧ ਜਾਵੇਗੀ।

In Canada and US, the glyphosate (Round up- trade name) herbicide is sprayed on standing wheat crop prior to harvest! I couldn't believe when I came to know about this. Due to short growing season, the glyphosate is used as 'desiccant' on wheat crop. Glphosate is one of the most controversial herbicides and many studies have proved that it causes cancer.

WHO formally classifies glyphosate as a "probable carcinogen."

In 2020, German chemical company Bayer who now owns Round-up now (after taking over Monsanto ), agreed to pay $10.9 billion to settle thousands of cancer claims linked to Roundup. This is in one of the largest-ever settlements in United States civil ligation.

10 countries in the world, including Germany have banned the glyphosate and 15 countries have restricted its use. In India, the use of this herbicide is restricted to non-crop areas like bunds and waterways. Punjab banned glyphosate in 2018.

In the light of all this, it is really shocking to learn that the application of glyphosate on standing wheat crop is allowed in developed countries like Canada and US.

And situation is further worrisome in case of Canola. Canola has been genetically modified for application of glyphosate. Glyphosate is a non-selective herbicide, and it kills both crop plants and weeds. But the Canola seeds are genetically modified by injecting a gene, that makes them withstand glyphosate application. And the result is incessant use of glyphosate on Canola crop, which is processed to make edible oil, widely used for cooking.

While in India, I knew the glyphosate is used on edible GM crops like Canola and Soyabean in US and Canada, but I had not anticipated this would have been going in this way! After every few weeks, farmers go for application of glyphosate. Glyphosate alone is not enough now, as many weeds have become resistant to it (and we used to think glyphosate kills every plant that has chlorophyll !); It is now used in combination with other herbicides.

Ironically, in case of Basmati rice, the standards are totally different. Very strict residue limit standards are followed for around 40 pesticides, which are far less dangerous than glyphosate. When Basmati rice is exported to western countries, it is goes for stringent tests for residue levels and if sample fails, the exporters often have to dispose of the consignment (and even have to pay the disposal costs !).

Consumption of GM crops by humans is itself a concern for many and here we are – consuming GM crops treated with multiple applications of glyphosate; a 'probable carcinogen'!

The situation is that the farming in Canada has become so dependent on Glyphosate that no government can dare to ban this herbicide. Until now, the cultivation of GM wheat has not been approved in US and Canada. If GM wheat cultivation is approved, the situation will further deteriorate, just like Canola !

**-Maninder Kang**

## Roundup Maker to Pay $10 Billion to Settle Cancer Suits

Bayer faced tens of thousands of claims linking the weedkiller to cases of non-Hodgkin's lymphoma. Some of the money is set aside for future cases.




# ਅਡਾਨੀ ਦੀ ਬੰਦਰਗਾਹ ਵਿਕਾਸ ਦੇ ਨਾਂ 'ਤੇ ਉਥੇ ਵੱਸਦੇ ਮਛੇਰਿਆਂ ਲਈ ਉਜਾੜੇ ਅਤੇ ਵਾਤਾਵਰਨ ਦੀ ਤਬਾਹੀ ਦਾ ਸਬੱਬ

ਰੁਪਏ ਦੀ ਕੁੱਲ ਲਾਗਤ ਵਾਲ਼ੇ ਇਸ ਪ੍ਰੋਜੈਕਟ ਵਿੱਚੋਂ, ਅਡਾਨੀ ਸਮੂਹ ਨੂੰ ਸਿਰਫ 2,454 ਕਰੋੜ ਰੁਪਏ ਨਿਵੇਸ਼ ਕਰਨ ਦੀ ਲੋੜ ਹੈ। ਬਾਕੀ ਦੀ ਲਾਗਤ ਸੂਬਾ ਅਤੇ ਕੇਂਦਰ ਸਰਕਾਰਾਂ ਦੁਆਰਾ ਪੂਰੀ ਕੀਤੀ ਜਾਵੇਗੀ। ਉੱਤੋਂ ਅਜਿਹੇ ਪ੍ਰੋਜੈਕਟਾਂ ਲਈ ਕਨੂੰਨੀ ਤੌਰ ਉੱਤੇ ਤੈਅ 30 ਸਾਲ ਦੀ ਮਿਆਰੀ ਰਿਆਇਤ ਨਾਲ਼ੋਂ 10 ਸਾਲ ਦਾ ਵਾਧੂ ਸਮਾਂ ਵੀ ਅਡਾਨੀ ਨੂੰ ਦਿੱਤਾ ਗਿਆ ਹੈ ਜਿਸ ਨਾਲ਼ ਉਹ 29,127 ਕਰੋੜ ਰੁਪਏ ਦਾ ਵਾਧੂ ਮਾਲੀਆ ਵੀ ਉਗਰਾਹੇਗਾ। ਇੱਕ ਹੋਰ ਖੁਲਾਸੇ ਮੁਤਾਬਕ ਬੰਦਰਗਾਹ ਦੀ ਉਸਾਰੀ ਦੇ ਬਹਾਨੇ ਅਡਾਨੀ ਵੱਲੋਂ ਇੱਥੇ ਵੱਡੇ ਪੱਧਰ 'ਤੇ ਰੇਤ ਦੀ ਗੈਰ–ਕਨੂੰਨੀ ਮਾਈਨਿੰਗ ਅਤੇ ਖੁਦਾਈ ਕੀਤੀ ਜਾ ਰਹੀ ਹੈ। ਅਸਲ ਵਿੱਚ ਇਸ ਪ੍ਰੋਜੈਕਟ ਨਾਲ਼ ਵਿਕਾਸ ਸਿਰਫ ਅਡਾਨੀ ਵਰਗਿਆਂ ਦਾ ਹੀ ਹੋਵੇਗਾ, ਵਾਤਾਵਰਨ ਅਤੇ ਉੱਥੋਂ ਦੀ ਵੱਸੋਂ ਲਈ ਤਾਂ ਇਹ ਇੱਕ ਤਰ੍ਹਾਂ ਦਾ ਉਜਾੜਾ ਹੀ ਹੋਵੇਗਾ। ਇਸ ਪ੍ਰੋਜੈਕਟ ਦੇ ਪਹਿਲੇ ਪੜਾਅ ਦੇ ਕੰਮ ਦੌਰਾਨ ਹੀ ਉਸਾਰੀ ਦੇ ਆਲ਼ੇ–ਦੁਆਲ਼ੇ ਦਾ 10–15 ਕਿਲੋਮੀਟਰ ਦਾ ਖੇਤਰ ਬੁਰੇ ਰੁਖ ਪ੍ਰਭਾਵਤ ਹੋਇਆ ਹੈ, ਸਮੁੰਦਰੀ ਤੱਟ ਦੇ ਹੋਏ ਇਸ ਨੁਕਸਾਨ ਨੇ ਨਾ ਸਿਰਫ ਸਮੁੰਦਰ 'ਤੇ ਨਿਰਭਰ ਲੋਕਾਂ ਦੀ ਰੋਜ਼ੀ ਰੋਟੀ ਨੂੰ ਪ੍ਰਭਾਵਤ ਕੀਤਾ ਹੈ ਸਗੋਂ ਵਾਤਾਵਰਨ ਦੇ ਨਜ਼ਰੀਏ ਤੋਂ ਵੀ ਇਹ ਤਬਾਹਕੁੰਨ ਹੈ। ਕੇਰਲ ਦੇ ਲੋਕਾਂ ਨੂੰ ਤਾਂ ਪਹਿਲਾਂ ਹੀ ਹੜ੍ਹਾਂ ਦੀ ਮਾਰ ਬਹੁਤ ਝੱਲਣੀ ਪੈਂਦੀ ਹੈ, ਉੱਤੋਂ ਇਹ ਇੱਕ ਹੋਰ ਆਫਤ ਉੱਥੋਂ ਦੇ ਲੋਕਾਂ ਸਿਰ ਮੜ੍ਹੀ ਜਾ ਰਹੀ ਹੈ।

(ਸਫ਼ਾ 7 ਦੀ ਬਾਕੀ)

ਅਗਸਤ 2011 ਵਿੱਚ ਮਾਧਵ ਗਾਡਗਿਲ ਨਾਮੀ ਇੱਕ ਵਿਗਿਆਨੀ ਦੀ ਅਗਵਾਈ ਵਿੱਚ ਬਣੀ ਇੱਕ ਕਮੇਟੀ ਨੇ ਰਿਪੋਰਟ ਪੇਸ਼ ਕੀਤੀ ਸੀ ਜਿਸ ਵਿੱਚ ਕੇਰਲਾ, ਤਾਮਿਲਨਾਡੂ, ਕਰਨਾਟਕ, ਗੋਆ, ਮਹਾਂਰਾਸ਼ਟਰ ਤੇ ਗੁਜਰਾਤ ਨਾਲ਼ ਲੱਗਦੇ ਪੱਛਮੀ ਤੱਟ ਦੇ ਕਰੀਬ 1,60,000 ਵਰਗ ਕਿਲੋਮੀਟਰ ਇਲਾਕੇ ਨੂੰ ਸੰਵੇਦਨਸ਼ੀਲ ਇਲਾਕਾ ਐਲਾਨਣ 'ਤੇ ਇੱਥੇ ਹੋ ਰਹੀ ਗੈਰ–ਕਨੂੰਨੀ ਖੁਦਾਈ, ਪੱਥਰ ਕੱਢਣ, ਦਰਿਆਵਾਂ ਵਿੱਚ ਗੈਰ–ਕਨੂੰਨੀ ਰੇਤਾ ਕੱਢਣ, ਜੰਗਲਾਂ ਦੀ ਤਬਾਹੀ, ਪ੍ਰਦੂਸ਼ਣ ਵਾਲ਼ੀ ਸਨਅਤ ਤੇ ਉੱਚੀਆਂ ਇਮਾਰਤਾਂ ਦੀ ਉਸਾਰੀ ਰੋਕਣ ਦੀ ਸ਼ਿਫਾਰਿਸ਼ ਕੀਤੀ ਗਈ ਸੀ ਜਿਸ ਉੱਤੇ ਕੋਈ ਗੌਰ ਨਹੀਂ ਕੀਤੀ ਗਈ। ਬੰਗਲੌਰ ਦੇ 'ਇੰਡੀਅਨ ਇੰਸੀਚਿਊਟ ਆਫ ਸਾਇੰਸ' ਮੁਤਾਬਕ 1973 ਤੋਂ 2016 ਦਰਮਿਆਨ ਕੇਰਲਾ ਵਿੱਚ 9064 ਵਰਗ ਕਿਲੋਮੀਟਰ ਜੰਗਲ ਖਤਮ ਕੀਤੇ ਜਾ ਚੁੱਕੇ ਹਨ। ਅਤੇ ਹੁਣ ਬੰਦਰਗਾਹ ਦੇ ਬਹਾਨੇ ਸਮੁੰਦਰੀ ਤੱਟ ਨੂੰ ਖੋਰਾ ਲਾ ਵਾਤਾਵਰਨ ਅਤੇ ਓਥੇ ਵਸਦੇ ਲੋਕਾਂ ਦੀ ਜ਼ਿੰਦਗੀ ਨਾਲ਼ ਖਿਲਵਾੜ ਕੀਤਾ ਜਾ ਰਿਹਾ ਹੈ।

ਸਰਮਾਏਦਾਰੀ ਦੇ ਕਲਮਘਸੀਟਾਂ, ਭਾੜੇ ਦੇ ਵਿਗਿਆਨੀਆਂ ਦਾ ਸਾਰਾ ਜ਼ੋਰ ਇਹ ਸਾਬਤ ਕਰਨ ਉੱਤੇ ਲੱਗਾ ਹੋਇਆ ਹੈ ਕਿ ਅਡਾਨੀ ਸਮੂਹ ਵੱਲੋਂ ਬਣਾਈ ਜਾ ਰਹੀ ਇਸ ਬੰਦਰਗਾਹ ਨਾਲ਼ ਕਿਸੇ ਕਿਸਮ ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਇਸ ਪ੍ਰੋਜੈਕਟ ਦੇ ਨੁਕਸਾਨਦੇਹ ਨਾ ਹੋਣ ਦੇ ਹੱਕ ਵਿੱਚ ਤਰ੍ਹਾਂ–ਤਰ੍ਹਾਂ ਦੇ ਤਰਕ ਪੇਸ਼ ਕਰ ਰਹੇ ਹਨ। ਇਹਨਾਂ ਮੁਤਾਬਕ ਉੱਥੇ ਬੰਦਰਗਾਹ ਦੀ ਉਸਾਰੀ ਨਾਲ਼ ਸਮੁੰਦਰੀ ਤੱਟ ਨੂੰ ਖੋਰਾ ਲੱਗ ਹੀ ਨਹੀਂ ਸਕਦਾ। ਅਸਲ ਵਿੱਚ ਵਿਗਿਆਨ ਦੇ ਇਹ ਠੇਕੇਦਾਰ ਹੁਣ ਏਨੇ ਹੇਠਾਂ ਡਿੱਗ ਚੁਕੇ ਹਨ ਕਿ ਲੋਕਾਂ ਦੇ ਦੁੱਖਾਂ ਦੀ ਮੂੰਹ ਬੋਲਦੀ ਤਸਵੀਰ ਇਹਨਾਂ ਨੂੰ ਨਜ਼ਰ ਹੀ ਨਹੀਂ ਆਉਂਦੀ। ਉਲਟਾ ਇਹ ਬੰਦਰਗਾਹ ਬਣਨ ਨਾਲ਼ ਹੋ ਰਹੇ "ਦੇਸ਼ ਦੇ ਵਿਕਾਸ" ਵਿੱਚ ਰੁਕਾਵਟ ਪਾਉਣ ਲਈ ਲੋਕਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੇ ਹਨ। ਜਦ ਕਿ ਅਸਲ ਵਿੱਚ ਵਾਤਾਵਰਨ ਦੀ ਤਬਾਹੀ ਅਤੇ ਲੋਕਾਂ ਦੇ ਦੁੱਖਾਂ ਦਰਦਾਂ ਲਈ ਇਹ ਮੁਨਾਫਾਖੋਰ ਪ੍ਰਬੰਧ ਜ਼ਿੰਮੇਵਾਰ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

**ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ ਸ਼ਹੀਦੀ ਦਿਵਸ (11 ਜਨਵਰੀ, 1915) ਨੂੰ ਸਮਰਪਿਤ**

# ਸ਼ਹੀਦ ਭਾਈ ਮੇਵਾ ਸਿੰਘ ਦਾ ਇਕਬਾਲੀਆ ਬਿਆਨ



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ
604 910 9953.

ਪਿਛਲੇ ਲੇਖ ਵਿਚ ਅਸੀਂ 20ਵੀਂ ਸਦੀ ਦੇ ਆਰੰਭ ਵਿਚ ਕੈਨੇਡਾ ਵਿਚ ਭਾਰਤੀ ਰਾਸ਼ਟਰਵਾਦੀਆਂ ਵਿਰੁੱਧ ਸਭ ਤੋਂ ਵੱਧ ਖ਼ੁਫ਼ੀਆ ਕਾਰਵਾਈਆਂ ਕਰਨ ਵਾਲ਼ੇ ਵੈਨਕੂਵਰ ਇਮੀਗ੍ਰੇਸ਼ਨ ਵਿਭਾਗ ਦੇ ਇਕ ਬਦਨਾਮ ਅਧਿਕਾਰੀ ਵਿਲੀਅਮ ਹਾਪਕਿਨਸਨ ਦੀਆਂ ਖ਼ੁਫ਼ੀਆ ਸਰਗਰਮੀਆਂ ਅਤੇ ਉਸ ਦੇ ਭਾਈ ਮੇਵਾ ਸਿੰਘ ਲੋਪੋਕੇ ਦਵਾਰਾ ਕੀਤੇ ਕਤਲ ਦੀ ਚਰਚਾ ਕੀਤੀ ਸੀ। ਇਸ ਲੇਖ ਵਿਚ ਅਸੀਂ ਭਾਈ ਮੇਵਾ ਸਿੰਘ ਲੋਪੋਕੇ ਵੱਲੋਂ ਹਾਪਕਿਨਸਨ ਦੇ ਕਤਲ ਬਾਰੇ ਅਦਾਲਤ ਵਿਚ ਦਿਤੇ ਇਕਬਾਲੀਆ ਬਿਆਨ ਦਾ ਹੂ-ਬਹੂ ਵੇਰਵਾ ਦੇ ਰਹੇ ਹਾਂ। ਬਹੁਤ ਸਾਰੇ ਇਤਿਹਾਸਕਾਰਾਂ ਨੇ ਭਾਈ ਮੇਵਾ ਸਿੰਘ ਦੇ ਬਿਆਨ ਦੇ ਅੰਸ਼ਕ ਵੇਰਵੇ ਦਿੱਤੇ ਹਨ, ਪਰ ਇਸ ਲੇਖ ਵਿਚ ਸਮੁੱਚਾ ਬਿਆਨ ਦਿੱਤਾ ਜਾ ਰਿਹਾ ਹੈ।

(ਸ਼ਹੀਦ) ਭਾਈ ਮੇਵਾ ਸਿੰਘ ਲੋਪੋਕੇ, ਵੈਨਕੂਵਰ, ਬੀ. ਸੀ., ਕੈਨੇਡਾ ਵਿਚ ਗ਼ਦਰ ਪਾਰਟੀ ਦੀ ਵੈਨਕੂਵਰ ਇਕਾਈ ਦੇ ਸਰਗਰਮ ਕਾਰਕੁਨ ਸਨ, ਜਿਸ ਨੇ ਭਾਰਤ ਵਿੱਚ ਬ੍ਰਿਟਿਸ਼ ਰਾਜ ਦੀਆਂ ਜੜ੍ਹਾਂ ਪੁੱਟਣ ਦਾ ਸੰਕਲਪ ਲਿਆ ਸੀ। (1*) ਭਾਈ ਮੇਵਾ ਸਿੰਘ ਦਾ ਜਨਮ 1880 ਵਿੱਚ ਪਿੰਡ ਲੋਪੋਕੇ, ਤਹਿਸੀਲ ਅਜਨਾਲ਼ਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ, ਭਾਰਤ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਨੰਦ ਸਿੰਘ ਔਲਖ ਸੀ। ਵੈਨਕੂਵਰ ਵਿਚ ਉਨ੍ਹਾਂ ਦਾ ਇੱਕ ਭਰਾ ਸੀ ਜਿਸਦਾ ਨਾਂ ਦੇਵਾ ਸਿੰਘ ਸੀ। ਭਾਈ ਮੇਵਾ ਸਿੰਘ ਸ਼ਾਦੀ-ਸ਼ੁਦਾ ਨਹੀਂ ਸਨ।

(3*) ਹੋਰ ਭਾਰਤੀ ਆਵਾਸੀਆਂ ਵਾਂਗ ਭਾਈ ਮੇਵਾ ਸਿੰਘ ਜੀ ਵੀ ਬਿਹਤਰ ਰੋਟੀ-ਰੋਜ਼ੀ ਦੀ ਭਾਲ਼ ਵਿਚ 1906 ਵਿਚ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਆਏ। ਭਾਈ ਮੇਵਾ ਸਿੰਘ ਉਨ੍ਹਾਂ 5000 ਤੋਂ ਵੱਧ ਪੰਜਾਬੀਆਂ ਵਿੱਚੋਂ ਇੱਕ ਸਨ, ਜੋ 1905-1908 ਦੌਰਾਨ ਕੈਨੇਡਾ ਪਹੁੰਚੇ ਸਨ। ਇਹ ਉਹ ਸਮਾਂ ਸੀ ਜਦੋਂ ਕੈਨੇਡਾ ਦੀ ਬਸਤੀਵਾਦੀ ਸਰਕਾਰ ਨੇ ਭਾਰਤ ਤੋਂ ਹੋਰ ਇਮੀਗ੍ਰੇਸ਼ਨ 'ਤੇ ਪਾਬੰਦੀ ਲਗਾਉਣ ਲਈ ਨਿਰੰਤਰ ਯਾਤਰਾ ਨਿਯਮ (Continuous Journey Regulation) ਦਾ ਘਿਨਾਉਣਾ ਕਾਨੂੰਨ ਪਾਸ ਕੀਤਾ ਸੀ। ਕੈਨੇਡਾ ਪਹੁੰਚ ਕੇ ਉਹ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਮਜ਼ਦੂਰ ਭਾਈਚਾਰੇ ਵਿੱਚ ਸ਼ਾਮਲ ਹੋ ਗਏ, ਅਤੇ ਨਿਊ ਵੈਸਟਮਿਨਸਟਰ ਦੀ ਫਰੇਜ਼ਰ ਮਿੱਲ ਦੀ 'ਗਰੀਨ ਚੇਨ' 'ਤੇ ਕੰਮ ਕਰਨ ਲੱਗੇ। ਇਥੇ ਰਹਿੰਦਿਆਂ ਉਹ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਭਾਈ ਬਲਵੰਤ ਸਿੰਘ ਖੁਰਦਪੁਰ ਵਰਗੇ ਸਿੱਖ ਭਾਈਚਾਰੇ ਦੇ ਸਰਗਰਮ ਆਗੂਆਂ ਦੇ ਸੰਪਰਕ ਵਿੱਚ ਆਏ। ਉਨ੍ਹਾਂ ਨਾਲ ਮਿਲ਼ ਕੇ ਉਨ੍ਹਾਂ ਨੇ ਵੈਨਕੂਵਰ ਵਿਚ ਉੱਤਰੀ ਅਮਰੀਕਾ ਦੇ ਸਭ ਤੋਂ ਪਹਿਲੇ ਗੁਰਦੁਆਰੇ ਦੀ ਉਸਾਰੀ ਲਈ ਫੰਡ ਇਕੱਠਾ ਕੀਤਾ। 19 ਜਨਵਰੀ 1908 ਵਿੱਚ ਇਸ ਪਹਿਲੇ ਗੁਰਦੁਆਰੇ (1866 ਵੈਸਟ ਸੈਕਿੰਡ ਐਵੇਨਿਊ, ਵੈਨਕੂਵਰ) ਦਾ ਉਦਘਾਟਨ ਹੋਇਆ। ਇਸੇ ਗੁਰਦੁਆਰੇ ਵਿਖ਼ੇ ਭਾਈ ਮੇਵਾ ਸਿੰਘ ਨੇ 21 ਜੂਨ 1908 ਨੂੰ ਬਾਕਾਇਦਾ ਅੰਮ੍ਰਿਤ ਛਕਿਆ। ਇਸ ਨਵੇਂ ਬਣੇ ਗੁਰਦੁਆਰੇ ਦੀ ਸਾਂਭ-ਸੰਭਾਲ਼ ਤੇ ਗ੍ਰੰਥੀ ਸਿੰਘ ਵਜੋਂ ਉਨ੍ਹਾਂ ਨੇ ਸਰਗਰਮ ਭੂਮਿਕਾ ਨਿਭਾਈ।

ਵੈਨਕੂਵਰ ਦੇ ਛੋਟੇ ਜਿਹੇ ਪੰਜਾਬੀ ਭਾਈਚਾਰੇ ਦੇ ਸਰਗਰਮ ਮੈਂਬਰ ਵਜੋਂ ਭਾਈ ਮੇਵਾ ਸਿੰਘ ਸਥਾਨਕ ਸਿੱਖਾਂ ਨੂੰ ਆਪਸ ਵਿਚ ਵੰਡਣ ਵਾਲੀਆਂ ਸਿਆਸੀ ਤਾਕਤਾਂ ਅਤੇ ਸਰਕਾਰ-ਪ੍ਰਸਤਾਂ ਦੀਆਂ ਕਰਤੂਤਾਂ ਨੂੰ ਭਲੀ-ਭਾਂਤ ਜਾਣ ਗਏ। ਇੱਕ ਪਾਸੇ ਗ਼ਦਰ ਪਾਰਟੀ ਦੇ ਕਾਰਕੁਨ ਸਨ, ਅਤੇ ਦੂਜੇ ਪਾਸੇ, ਮੁਖ਼ਬਰਾਂ ਦੀ ਟੋਲੀ, ਜੋ ਬਦਨਾਮ ਇਮੀਗ੍ਰੇਸ਼ਨ ਅਫ਼ਸਰ ਹਾਪਕਿਨਸਨ ਦੀਆਂ ਹਦਾਇਤਾਂ ਮੁਤਾਬਿਕ ਵੈਨਕੂਵਰ ਇਮੀਗ੍ਰੇਸ਼ਨ ਵਿਭਾਗ ਨੂੰ ਖ਼ੁਫ਼ੀਆ ਰਿਪੋਰਟਾਂ ਦੇ ਰਹੀ ਸੀ। (1*) ਵੈਨਕੂਵਰ ਦੇ ਸਿੱਖ ਗੁਰਦੁਆਰੇ ਵਿੱਚ ਸਾਥੀ ਮਿੱਲ ਮਜ਼ਦੂਰ ਅਤੇ ਗ੍ਰੰਥੀ ਭਾਈ ਬਲਵੰਤ ਸਿੰਘ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਨਾਲ ਆਪਣੇ ਸੁਖਾਵੇਂ ਸਬੰਧਾਂ ਸਦਕਾ ਭਾਈ ਮੇਵਾ ਸਿੰਘ ਦਾ ਗ਼ਦਰ ਪਾਰਟੀ ਨਾਲ਼ ਸੰਪਰਕ ਹੋਇਆ। ਉੱਤਰੀ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਦਵਾਰਾ ਅਪ੍ਰੈਲ 1913 ਵਿੱਚ ਸਥਾਪਿਤ ਕੀਤੀ ਗ਼ਦਰ ਪਾਰਟੀ ਇੱਕ ਇਨਕਲਾਬੀ ਜੱਥੇਬੰਦੀ ਸੀ ਜੋ ਬ੍ਰਿਟਿਸ਼ ਸ਼ਾਸਨ ਤੋਂ ਭਾਰਤ ਨੂੰ ਮੁਕੰਮਲ ਆਜ਼ਾਦੀ ਦਿਵਾਉਣ ਲਈ ਹਥਿਆਰਬੰਦ ਸੰਘਰਸ਼ ਕਰਨ ਦੀ ਹਮਾਇਤ ਕਰਦੀ ਸੀ। ਜਿਵੇਂ ਕਿ ਪਿਛਲੇ ਆਰਟੀਕਲ ਵਿਚ ਦੱਸਿਆ ਗਿਆ ਹੈ, 1908-1918 ਦੇ ਸਮੇਂ ਦੌਰਾਨ, ਵੈਨਕੂਵਰ ਵਿੱਚ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉੱਤਰੀ ਅਮਰੀਕਾ ਵਿੱਚ ਭਾਰਤੀ ਰਾਸ਼ਟਰਵਾਦੀਆਂ ਖ਼ਿਲਾਫ਼ ਮੁਖ਼ਬਰੀ ਕਰਨ ਵਿੱਚ ਇੱਕ ਸ਼ਰਮਨਾਕ ਭੂਮਿਕਾ ਨਿਭਾਈ। ਇਸ ਖ਼ੁਫ਼ੀਆ ਤੰਤਰ ਦਾ ਕਰਤਾ ਧਰਤਾ ਵਿਲੀਅਮ ਚਾਰਲਸ ਹਾਪਕਿਨਸਨ, ਇੱਕ ਇਮੀਗ੍ਰੇਸ਼ਨ ਇੰਸਪੈਕਟਰ ਸੀ, ਜਿਸਨੇ ਵੈਨਕੂਵਰ ਸ਼ਹਿਰ ਦੇ ਪੰਜਾਬੀ ਭਾਈਚਾਰੇ ਅੰਦਰ ਮੁਖ਼ਬਰਾਂ ਦਾ ਜਾਲ਼ ਵਿਛਾਇਆ ਹੋਇਆ ਸੀ। ਹਾਪਕਿਨਸਨ ਨੇ ਇਨਕਲਾਬੀਆਂ ਬਾਰੇ, ਜਿਨ੍ਹਾਂ ਨੂੰ ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਲਈ ਖ਼ਤਰਾ ਮੰਨਿਆ ਜਾਂਦਾ ਸੀ, ਜਾਣਕਾਰੀ ਇਕੱਤਰ ਕਰਨ ਲਈ ਇਨ੍ਹਾਂ ਮੁਖ਼ਬਰਾਂ ਨੂੰ ਨੌਕਰੀ 'ਤੇ ਰੱਖਿਆ।

23 ਮਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ 376 ਭਾਰਤੀ ਮੁਸਾਫਰਾਂ ਨੂੰ ਲੈ ਕੇ ਵੈਨਕੂਵਰ ਦੀ ਬੱਰਾਡ ਇੰਨਲਿੱਟ 'ਤੇ ਪਹੁੰਚਿਆ। ਪਰ ਕੈਨੇਡਾ ਦੀ ਬਸਤੀਵਾਦੀ ਸਰਕਾਰ ਦੀਆਂ ਨਸਲਵਾਦੀ ਨੀਤੀਆਂ ਕਰ ਕੇ ਜਹਾਜ਼ ਦੇ ਮੁਸਾਫ਼ਰਾਂ ਨੂੰ ਵੈਨਕੂਵਰ ਦੀ ਬੰਦਰਗਾਹ 'ਤੇ ਉਤਰਨ ਨਹੀਂ ਦਿੱਤਾ ਗਿਆ। ਇਨ੍ਹਾਂ 376 ਯਾਤਰੀਆਂ ਵਿੱਚੋਂ ਸਿਰਫ਼ 24 ਨੂੰ ਕੈਨੇਡਾ ਵਿੱਚ ਲੈਂਡ ਕਰਨ ਦੀ ਆਗਿਆ ਮਿਲ਼ੀ, ਪਰ ਬਾਕੀ 352 ਨੂੰ ਕੈਨੇਡਾ ਵਿੱਚ ਉਤਰਨ ਦੀ ਆਗਿਆ ਨਹੀਂ ਦਿੱਤੀ ਗਈ ਸੀ, ਅਤੇ 23 ਜੁਲਾਈ, 1914 ਨੂੰ ਇਸ ਜਹਾਜ਼ ਨੂੰ ਕੈਨੇਡਾ ਦੇ ਸਮੁੰਦਰੀ ਜਹਾਜ਼ ਐਚ. ਐਮ. ਸੀ. ਐਸ. ਰੇਨਬੋ ਦੁਆਰਾ ਕੈਨੇਡਾ ਤੋਂ ਜ਼ਬਰਦਸਤੀ ਬਾਹਰ ਕੱਢ ਦਿੱਤਾ ਗਿਆ ਸੀ।

(1*) ਇਸ ਦੌਰਾਨ 16 ਜੁਲਾਈ, 1914 ਨੂੰ, ਭਾਈ ਮੇਵਾ ਸਿੰਘ ਤਿੰਨ ਹੋਰ ਗ਼ਦਰੀਆਂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਅਤੇ ਭਾਈ ਹਰਨਾਮ ਸਿੰਘ ਸਾਹਰੀ ਸਮੇਤ ਬੰਗਾਲੀ ਇਨਕਲਾਬੀ ਆਗੂ ਬਾਬੂ ਤਾਰਕਨਾਥ ਦਾਸ ਨੂੰ ਮਿਲਣ ਅਤੇ ਕਾਮਾਗਾਟਾ ਮਾਰੂ ਦੇ ਯਾਤਰੀਆਂ ਨੂੰ ਦੇਣ ਲਈ ਹਥਿਆਰ ਖ਼ਰੀਦਣ ਲਈ ਐਬਟਸਫੋਰਡ ਲਾਗਿਉਂ ਅਮਰੀਕਾ ਦਾ ਬਾਰਡਰ ਪਾਰ ਕਰ ਸ਼ੂਮਾਸ ਪਹੁੰਚੇ। ਉਸ ਸਮੇਂ, ਕਾਮਾਗਾਟਾ ਮਾਰੂ ਦੇ ਯਾਤਰੀ ਬ੍ਰਿਟਿਸ਼ ਕੋਲੰਬੀਆ ਦੀ ਅਪੀਲ ਕੋਰਟ ਵਿੱਚ ਆਪਣਾ ਕੇਸ ਹਾਰ ਗਏ ਸਨ ਅਤੇ ਕੈਨੇਡਾ ਛੱਡਣ ਲਈ ਮਜਬੂਰ ਕੀਤੇ ਗਏ ਸਨ। ਜਦੋਂ ਜਹਾਜ਼ ਅਜੇ ਬੰਦਰਗਾਹ ਵਿੱਚ ਸੀ, ਇਨ੍ਹਾਂ ਵਿਅਕਤੀਆਂ ਨੇ ਸ਼ੂਮਾਸ ਦੇ ਇੱਕ ਹਾਰਡਵੇਅਰ ਸਟੋਰ ਤੋਂ ਗੋਲ਼ਾ-ਬਾਰੂਦ ਦੇ ਨਾਲ਼ ਕਈ ਹਥਿਆਰ ਖ਼ਰੀਦੇ। ਵਾਪਸੀ 'ਤੇ ਭਾਈ ਮੇਵਾ ਸਿੰਘ, ਦੋ ਰਿਵਾਲਵਰਾਂ ਅਤੇ 500 ਗੋਲ਼ੀਆਂ ਦੇ ਪੈਕਟਾਂ ਸਮੇਤ ਝਾੜੀਆਂ ਵਿਚ ਦੀ ਲੁਕ ਕੇ ਬਾਰਡਰ ਪਾਰ ਕਰ ਕੈਨੇਡਾ ਵਿਚ ਦਾਖਲ ਹੁੰਦੇ ਫੜ੍ਹੇ ਗਏ। ਗਰੁੱਪ ਦੇ ਬਾਕੀ ਮੈਂਬਰਾਂ ਨੂੰ ਵੀ ਅਮਰੀਕੀ ਅਧਿਕਾਰੀਆਂ ਨੇ ਹਿਰਾਸਤ ਵਿੱਚ ਲੈ ਲਿਆ ਸੀ, ਪਰ ਸਬੂਤਾਂ ਦੀ ਘਾਟ ਹੋਣ ਕਰ ਕੇ ਦੋ ਹਫ਼ਤਿਆਂ ਬਾਅਦ ਉਨ੍ਹਾਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ ਸੀ। ਪਰ ਕੈਨੇਡੀਅਨ ਅਧਿਕਾਰੀਆਂ ਦੁਆਰਾ ਗ੍ਰਿਫ਼ਤਾਰ ਕੀਤੇ ਭਾਈ ਮੇਵਾ ਸਿੰਘ ਨੂੰ ਹਥਿਆਰਾਂ ਦੀ ਤਸਕਰੀ ਅਤੇ ਲੁਕਵੇਂ ਹਥਿਆਰ ਰੱਖਣ ਦੇ ਦੋਸ਼ਾਂ ਵਿੱਚ ਦਸ ਸਾਲ ਤੱਕ ਦੀ ਸਜ਼ਾ ਹੋ ਸਕਦੀ ਸੀ।

ਵੈਨਕੂਵਰ ਇਮੀਗ੍ਰੇਸਨ ਡਿਪਾਰਟਮੈਂਟ ਦੇ ਹੈੱਡ ਮੈਲਕਮ ਰੀਡ ਅਤੇ ਵੈਨਕੂਵਰ ਵਿਚ ਭਾਰਤੀ ਸਰਕਾਰ ਦੇ ਖ਼ਾਸੋ-ਖ਼ਾਸ ਖ਼ੁਫ਼ੀਆ ਜਾਸੂਸ ਵਿਲੀਅਮ ਹਾਪਕਿਨਸਨ ਨੇ ਭਾਈ ਮੇਵਾ ਸਿੰਘ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਇਹ ਬਿਆਨ ਦੇਵੇ ਕਿ ਉਸ ਕੋਲੋਂ ਬਰਾਮਦ ਕੀਤੇ ਹਥਿਆਰ ਭਾਈ ਬਲਵੰਤ ਸਿੰਘ, ਭਾਈ ਭਾਗ ਸਿੰਘ ਅਤੇ ਭਾਈ ਹਰਨਾਮ ਸਿੰਘ ਸਾਹਰੀ ਦੇ ਸਨ ਤੇ ਉਨ੍ਹਾਂ ਨੇ ਇਹ ਹਥਿਆਰ ਵੈਨਕੂਵਰ ਰਹਿੰਦੇ ਇਨਕਲਾਬੀ ਹਸਨ ਰਹੀਮ ਵਾਸਤੇ ਭੇਜੇ ਸਨ ਤਾਂ ਉਸਨੂੰ ਮਾਮੂਲੀ ਸਜ਼ਾ ਦੇ ਕੇ ਬਰੀ ਕਰਵਾਇਆ ਜਾ ਸਕਦਾ ਹੈ। ਪਰ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸਨੂੰ ਪੰਜ ਤੋਂ ਦਸ ਸਾਲ ਦੀ ਸਜ਼ਾ ਹੋ ਸਕਦੀ ਹੈ। ਇਸ ਸਾਰੇ ਮੁਕੱਦਮੇ ਵਿਚ ਮੇਵਾ ਸਿੰਘ ਨੂੰ ਇੱਕ ਵੱਡਾ ਖਿਡਾਰੀ ਨਹੀਂ ਮੰਨਿਆ ਗਿਆ ਸੀ। ਮੈਲਕਮ ਰੀਡ ਤੇ ਹਾਪਕਿਨਸਨ ਨੂੰ ਆਸ ਸੀ ਕਿ ਸ਼ਾਇਦ ਉਹ ਭਾਈ ਮੇਵਾ ਸਿੰਘ ਨੂੰ ਭਵਿੱਖ ਵਿਚ ਗ਼ਦਰੀ ਲੀਡਰਾਂ ਖ਼ਿਲਾਫ਼ ਬਿਆਨ ਦੇਣ ਲਈ ਰਜ਼ਾਮੰਦ ਕਰ ਲੈਣਗੇ, ਇਸ ਕਰ ਕੇ ਭਾਈ ਮੇਵਾ ਸਿੰਘ ਨੂੰ 50 ਡਾਲਰ ਜੁਰਮਾਨਾ ਅਦਾ ਕਰਨ ਤੋਂ ਬਾਅਦ 7 ਅਗਸਤ, 1914 ਨੂੰ ਬਰੀ ਕਰਵਾ ਦਿੱਤਾ ਗਿਆ।

(3*) ਜੁਲਾਈ 1914 ਵਿੱਚ ਕਾਮਾਗਾਟਾ ਮਾਰੂ ਦੀ ਭਾਰਤ ਵਾਪਸੀ ਤੋਂ ਬਾਅਦ ਦੇ ਮਹੀਨਿਆਂ ਵਿੱਚ, ਵੈਨਕੂਵਰ ਵਿੱਚ ਇਮੀਗ੍ਰੇਸ਼ਨ ਅਫਸਰਾਂ ਨੂੰ ਸਥਾਨਕ ਸਿੱਖ ਭਾਈਚਾਰੇ ਵੱਲੋਂ ਵਿਆਪਕ ਪ੍ਰਤੀਕ੍ਰਿਆ ਦਾ ਸਾਹਮਣਾ ਕਰਨਾ ਪਿਆ, ਜਿਸ ਦੇ ਮੈਂਬਰ ਪੀੜਤਾਂ ਅਤੇ ਅਪਰਾਧੀ ਧਿਰਾਂ ਵਜੋਂ ਸੁਰਖ਼ੀਆਂ ਵਿਚ ਆਏ। ਇਸ ਸਮੇਂ ਦੌਰਾਨ, ਹਾਪਕਿਨਸਨ ਦੇ ਮੁੱਖ ਮੁਖ਼ਬਰ ਬੇਲਾ ਸਿੰਘ ਜਿਆਨ ਨੂੰ ਯਕੀਨ ਹੋ ਗਿਆ ਸੀ ਕਿ ਵੈਨਕੂਵਰ ਵਿਚਲੇ ਗ਼ਦਰੀ, ਸਿੱਖ ਭਾਈਚਾਰੇ ਖ਼ਿਲਾਫ਼ ਜਾਸੂਸੀ ਕਰਨ ਕਰਕੇ ਉਸ ਨੂੰ ਨਿਸ਼ਾਨਾ ਬਣਾਉਣਗੇ। ਇਮੀਗ੍ਰੇਸ਼ਨ ਵਿਭਾਗ ਦੇ ਦੋ ਹੋਰ ਮੁਖ਼ਬਰਾਂ - ਹਰਨਾਮ ਸਿੰਘ ਗਹਿਲ ਅਤੇ ਅਰਜਨ ਸਿੰਘ- ਦੇ ਅਚਾਨਕ ਹੋਏ ਕਤਲ ਬੇਲਾ ਸਿੰਘ ਦੇ ਸ਼ੱਕ ਦੀ ਪੁਸ਼ਟੀ ਕਰਦੇ ਜਾਪਦੇ ਸਨ। 5 ਸਤੰਬਰ, 1914 ਨੂੰ ਬੇਲਾ ਸਿੰਘ ਅਰਜਨ ਸਿੰਘ ਦੇ ਅੰਤਿਮ ਸੰਸਕਾਰ ਲਈ ਵੈਨਕੂਵਰ ਗੁਰਦੁਆਰੇ ਵਿੱਚ ਦਾਖ਼ਲ ਹੋਇਆ। ਆਪਣੇ ਸਾਥੀਆਂ ਦੇ ਕਥਿਤ ਕਤਲ ਦੇ ਜਵਾਬ ਵਿੱਚ, ਅਤੇ ਹਾਪਕਿਨਸਨ ਦੀ ਸ਼ਹਿ 'ਤੇ ਬੇਲਾ ਸਿੰਘ ਨੇ ਗੁਰਦੁਆਰੇ ਅੰਦਰ ਗੋਲ਼ੀਆਂ ਚਲਾ ਦਿੱਤੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਤੇ ਭਾਈ ਬਦਨ ਸਿੰਘ ਦਾ ਕਤਲ ਕਰ ਦਿੱਤਾ। ਭਾਈ ਬਲਵੰਤ ਸਿੰਘ ਦੀ ਗਵਾਹੀ ਅਨੁਸਾਰ ਜਦੋਂ ਗੋਲ਼ੀਬਾਰੀ ਹੋਈ, ਭਾਈ ਮੇਵਾ ਸਿੰਘ ਗੁਰਦੁਆਰੇ ਅੰਦਰ ਕੀਰਤਨ ਕਰ ਰਹੇ ਸਨ।

ਗੋਲ਼ੀਬਾਰੀ ਤੋਂ ਬਾਅਦ, ਬੇਲਾ ਸਿੰਘ ਨੇ ਪੁਲਿਸ ਨੂੰ ਬੁਲਾਇਆ ਅਤੇ ਬਾਅਦ ਵਿੱਚ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਥਾਣੇ ਵਿਚ ਬੇਲਾ ਸਿੰਘ ਨੇ ਦਾਅਵਾ ਕੀਤਾ ਕਿ ਉਸ ਨੇ ਸਵੈ-ਰੱਖਿਆ ਵਿਚ ਗੋਲ਼ੀਆਂ ਚਲਾਈਆਂ ਸਨ। ਦੂਸਰੇ ਗਵਾਹਾਂ ਨੇ, ਜੋ ਬੇਲਾ ਸਿੰਘ ਦੀ ਢਾਣੀ 'ਚੋਂ ਸਨ, ਉਸ ਦੀ ਕਹਾਣੀ ਦੀ ਤਸਦੀਕ ਕੀਤੀ। 21 ਅਕਤੂਬਰ 1914 ਨੂੰ ਗੁਰਦੁਆਰੇ ਵਿਚ ਕਤਲ ਦੇ ਦੋਸ਼ੀ ਬੇਲਾ ਸਿੰਘ 'ਤੇ ਬ੍ਰਿਟਿਸ਼ ਕੋਲੰਬੀਆ ਦੀ ਪ੍ਰੋਵਿੰਸ਼ੀਅਲ ਕੋਰਟ ਹਾਊਸ ਵਿਚ ਮੁਕੱਦਮਾ ਚਲਾਇਆ ਗਿਆ। ਸਵੈ-ਰੱਖਿਆ ਦੀ ਬੇਨਤੀ ਕਰਨ ਵਾਲ਼ੀ ਉਸ ਦੀ ਚਾਲ ਸਾਬਤ ਕਰਨ ਉਸ ਨੂੰ ਹਾਪਕਿਨਸਨ ਦੀ ਗਵਾਹੀ ਦੀ ਲੋੜ ਸੀ, ਜੋ ਇਹ ਦਰਸਾ ਸਕੇ ਕਿ ਬੇਲਾ ਸਿੰਘ ਦੀ ਜਾਨ ਨੂੰ ਲਗਾਤਾਰ ਖ਼ਤਰਾ ਸੀ। ਜਦੋਂ ਹਾਪਕਿਨਸਨ ਅਦਾਲਤ ਦੇ ਦਰਵਾਜ਼ੇ 'ਤੇ ਇੰਤਜ਼ਾਰ ਕਰ ਰਿਹਾ ਸੀ, ਕੁੱਝ ਸਿੱਖ ਉਸ ਵੱਲ ਵਧੇ, ਜਿਨ੍ਹਾਂ ਵਿੱਚ ਭਾਈ ਮੇਵਾ ਸਿੰਘ ਵੀ ਸ਼ਾਮਲ ਸੀ। ਜਿਵੇਂ ਹੀ ਉਹ ਨੇੜੇ ਆਏ, ਭਾਈ ਮੇਵਾ ਸਿੰਘ ਹਾਪਕਿਨਸਨ ਵੱਲ ਤੇਜ਼ੀ ਨਾਲ਼ ਵਧੇ, ਰਿਵਾਲਵਰ ਕੱਢਿਆ, ਅਤੇ ਉਸ ਉੱਤੇ ਗੋਲ਼ੀਆਂ ਦਾਗ਼ ਦਿੱਤੀਆਂ। ਕੁੱਲ ਮਿਲਾ ਕੇ ਮੇਵਾ ਸਿੰਘ ਨੇ ਹਾਪਕਿਨਸਨ ਦੇ ਸਰੀਰ ਵਿੱਚ ਪੰਜ ਗੋਲ਼ੀਆਂ ਮਾਰੀਆਂ। ਗੋਲ਼ੀਬਾਰੀ ਤੋਂ ਬਾਅਦ, ਕਈ ਅਦਾਲਤ ਦੇ ਕਰਮਚਾਰੀਆਂ ਨੇ ਮੇਵਾ ਸਿੰਘ ਨੂੰ ਘੇਰ ਕੇ ਮੰਗ ਕੀਤੀ ਕਿ ਉਹ ਆਪਣੇ ਹਥਿਆਰ ਸੁੱਟ ਦੇਵੇ। ਭਾਈ ਮੇਵਾ ਸਿੰਘ ਨੇ ਗ੍ਰਿਫਤਾਰੀ ਦਾ ਵਿਰੋਧ ਨਹੀਂ ਕੀਤਾ, ਅਤੇ ਜਿਵੇਂ ਹੀ ਮੁੱਖ ਦਰਬਾਨ ਨੇ ਉਸ ਤੋਂ ਹਥਿਆਰ ਖੋਹ ਲਏ, ਉਸਨੇ ਕਿਹਾ "ਮੈਂ ਗੋਲੀ ਮਾਰੀ ਹੈ। ਮੈਂ ਸਟੇਸ਼ਨ ਚੱਲਦਾ ਹਾਂ।"



ਸ਼ਹੀਦ ਭਾਈ ਮੇਵਾ ਸਿੰਘ ਦਾ ਅੰਤਿਮ ਸੰਸਕਾਰ ਜਲੂਸ, 11 ਜਨਵਰੀ, 1915

ਹਾਪਕਿਨਸਨ ਦੇ ਕਤਲ ਦੇ ਨਤੀਜੇ ਵਜੋਂ, ਬੇਲਾ ਸਿੰਘ ਦੇ ਮੁਕੱਦਮੇ ਨੂੰ ਤੁਰੰਤ ਮੁਲਤਵੀ ਕਰ ਦਿੱਤਾ ਗਿਆ, ਅਤੇ ਭਾਈ ਮੇਵਾ ਸਿੰਘ ਦੀ ਸੁਣਵਾਈ ਨੇ ਇਸ ਦੀ ਜਗ੍ਹਾ ਲੈ ਲਈ ਗਈ ਸੀ। ਇਤਿਹਾਸਕਾਰ ਹਿਊ ਜੌਹਨਸਟਨ (2*) ਲਿਖਦਾ ਹੈ, ਜਿਸ ਤੇਜ਼ੀ ਨਾਲ ਬੀ.ਸੀ. ਦੀ ਕਾਨੂੰਨੀ ਪ੍ਰਣਾਲੀ ਨੇ ਭਾਈ ਮੇਵਾ ਸਿੰਘ ਦੇ ਕੇਸ 'ਤੇ ਕਾਰਵਾਈ ਕੀਤੀ, ਉਸ ਦੀ ਤਤਕਾਲਿਕ ਕੈਨੇਡਾ ਵਿੱਚ ਕੋਈ ਮਿਸਾਲ ਨਹੀਂ ਸੀ। ਭਾਈ ਮੇਵਾ ਸਿੰਘ ਦੀ ਸੁਣਵਾਈ 21 ਅਕਤੂਬਰ ਨੂੰ ਹੋਈ ਅਤੇ ਸਿਰਫ਼ ਇੱਕ ਘੰਟਾ ਚਾਲੀ ਮਿੰਟ ਤੱਕ ਚੱਲੀ। ਭਾਈ ਮੇਵਾ ਸਿੰਘ ਨੇ ਬਿਨਾਂ ਕਿਸੇ ਝਿਜਕ ਦੇ ਆਪਣਾ 'ਜੁਰਮ' ਕਬੂਲ ਕਰਦਿਆਂ ਵਿਲੀਅਮ ਹਾਪਕਿਨਸਨ ਦੇ ਕਤਲ ਦੀ ਪੂਰੀ ਜ਼ਿੰਮੇਵਾਰੀ ਆਪਣੇ ਸਿਰ ਲਈ। ਭਾਈ ਮੇਵਾ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਆਪਣੇ ਧਰਮ ਦੀ ਪਵਿੱਤਰਤਾ ਅਤੇ ਸਨਮਾਨ ਦੀ ਰੱਖਿਆ ਕਰਨ ਲਈ ਹਾਪਕਿਨਸਨ ਨੂੰ ਮਾਰਿਆ ਸੀ, ਜਿਸ ਨੇ ਗੋਲ਼ੀਬਾਰੀ ਨਾਲ ਵੈਨਕੂਵਰ ਗੁਰਦੁਆਰੇ ਦੀ ਪਵਿੱਤਰਤਾ ਨੂੰ ਛਲਣੀ ਕੀਤਾ/ਕਰਵਾਇਆ ਸੀ। ਭਾਈ ਮੇਵਾ ਸਿੰਘ ਨੇ ਦਲੀਲ ਦਿੱਤੀ ਕਿ ਬੇਲਾ ਸਿੰਘ ਵੱਲੋਂ ਗੁਰਦੁਆਰੇ ਵਿਚ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਦੇ ਕੀਤੇ ਕਤਲਾਂ ਪਿੱਛੇ ਇੰਸਪੈਕਟਰ ਹਾਪਕਿਨਸਨ ਅਤੇ ਮੈਲਕਮ ਰੀਡ ਦਾ ਹੱਥ ਸੀ। ਜਦੋਂ ਭਾਈ ਮੇਵਾ ਸਿੰਘ ਤੋਂ ਪੁੱਛਗਿੱਛ ਕੀਤੀ ਗਈ, ਤਾਂ ਉਨ੍ਹਾਂ ਨੇ ਜੁਲਾਈ, 1914 ਵਿੱਚ ਅਮਰੀਕੀ ਬਾਰਡਰ 'ਤੇ ਆਪਣੀ ਪਹਿਲੀ ਗ੍ਰਿਫ਼ਤਾਰੀ ਦੌਰਾਨ ਹਾਪਕਿਨਸਨ ਨਾਲ ਆਪਣੀ ਪਿਛਲੀ ਗੱਲਬਾਤ ਬਾਰੇ ਵੀ ਬਿਆਨ ਦਿਤਾ। ਉਨ੍ਹਾਂ ਅਨੁਸਾਰ, ਹਾਪਕਿਨਸਨ ਨੇ ਉਸ 'ਤੇ ਦਬਾਅ ਪਾਇਆ ਸੀ ਕਿ ਉਹ 'ਸ਼ੋਰ ਕਮੇਟੀ' (ਵੈਨਕੂਵਰ ਦੇ ਸਿੱਖਾਂ ਦੀ ਇੱਕ ਜੱਥੇਬੰਦੀ ਜੋ ਕਾਮਾਗਾਟਾ ਮਾਰੂ ਦੇ ਯਾਤਰੀਆਂ ਦੀ ਸਹਾਇਤਾ ਲਈ ਬਣਾਈ ਗਈ ਸੀ) ਦੇ ਮੈਂਬਰਾਂ ਨੂੰ ਫਸਾਉਣ ਲਈ ਸਬੂਤ ਪ੍ਰਦਾਨ ਕਰੇ। ਇਸ ਤੋਂ ਇਲਾਵਾ, ਭਾਈ ਮੇਵਾ ਸਿੰਘ ਨੇ ਕਿਹਾ ਕਿ ਹਾਪਕਿਨਸਨ ਨੇ ਉਸ ਮਹੀਨੇ ਦੇ ਸ਼ੁਰੂ ਵਿੱਚ ਬੇਲਾ ਸਿੰਘ ਦੇ ਬਚਾਅ ਲਈ ਉਸ ਦੇ ਪੱਖ ਵਿਚ ਗਵਾਹੀ ਦੇਣ ਲਈ ਉਸ ਨੂੰ ਮਜਬੂਰ ਕਰਨ ਦੀ ਕੋਸ਼ਿਸ਼ ਕੀਤੀ ਸੀ।

ਭਾਈ ਮੇਵਾ ਸਿੰਘ ਦੀ ਬੇਨਤੀ 'ਤੇ, ਅਦਾਲਤ ਵੱਲੋਂ ਨਿਯੁਕਤ ਸਰਕਾਰੀ ਵਕੀਲ ਐਡਵਰਡ ਮੌਂਟੇਗੂ ਵੁੱਡਜ਼ ਨੇ ਕੋਈ ਗਵਾਹ ਨਹੀਂ ਬੁਲਾਇਆ ਅਤੇ ਕੋਈ ਜਿਰਹ ਨਹੀਂ ਕੀਤੀ। ਇਸ ਦੇ ਬਾਵਜੂਦ ਮਿ: ਵੁੱਡਜ਼ ਨੇ ਮੇਵਾ ਸਿੰਘ ਦੀ ਸਜ਼ਾ ਨੂੰ ਘਟਾਉਣ ਦੀ ਵਕਾਲਤ ਕਰਦਿਆਂ ਓਟਾਵਾ ਦੇ ਨਿਆਂ ਮੰਤਰੀ ਨੂੰ ਅਪੀਲ ਕਰਕੇ ਭਾਈ ਮੇਵਾ ਸਿੰਘ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਪਰ ਅਖ਼ੀਰ ਮਿ: ਵੁੱਡਜ਼ ਦੀਆਂ ਕੋਸ਼ਿਸ਼ਾਂ ਵਿਅਰਥ ਹੋ ਗਈਆਂ ਅਤੇ ਭਾਈ ਮੇਵਾ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ।

ਭਾਈ ਮੇਵਾ ਸਿੰਘ ਦਾ ਇਹ ਇਕਬਾਲੀਆ ਬਿਆਨ ਭਾਈ ਮੇਵਾ ਸਿੰਘ ਦੇ ਡੀਫ਼ੈਂਸ ਦੇ ਵਕੀਲ ਮਿਸਟਰ ਵੁੱਡਜ਼ ਨੇ ਅਦਾਲਤ ਦੀ ਇੰਟਰਪਰੈਟਰ ਮਿਸਜ਼ ਡਾਲਟਨ ਦੀ ਮੱਦਦ ਨਾਲ਼ ਤਿਆਰ ਕੀਤਾ ਸੀ। ਭਾਈ ਮੇਵਾ ਸਿੰਘ ਵੱਲੋਂ ਇਹ ਬਿਆਨ, ਅਦਾਲਤ ਦੇ ਜਰੀਏ ਆਪਣੀ ਦਰਦ ਕਹਾਣੀ ਪਬਲਿਕ ਤੱਕ ਪਹੁੰਚਾਉਣ ਲਈ ਵਰਤਿਆ ਗਿਆ ਸੀ। ਇਸ ਪੂਰੇ ਬਿਆਨ ਦਾ ਪੰਜਾਬੀ ਅਨੁਵਾਦ ਹੇਠਾਂ ਦਿੱਤਾ ਜਾ ਰਿਹਾ ਹੈ। ਜਿੱਥੇ ਲੋੜ ਬਣੀ, ਲੇਖਕ ਵੱਲੋਂ, ਖੁੱਲ੍ਹਾ ਅਨੁਵਾਦ ਕੀਤਾ ਗਿਆ ਹੈ, ਤਾਂ ਕਿ ਸ਼ਹੀਦ ਦੇ ਸਮੁੱਚੇ ਬਿਆਨ ਦੀ ਰੂਹ ਬਰਕਰਾਰ ਰੱਖੀ ਜਾ ਸਕੇ:

(4*) "**ਮੇਵਾ ਸਿੰਘ ਦਾ ਇਕਬਾਲੀਆ ਬਿਆਨ:** "ਪਹਿਲਾਂ ਤਾਂ ਮੇਰੀ ਜਾਇਦਾਦ ਅਤੇ ਜੋ ਵੀ ਪੈਸਾ-ਧੇਲਾ ਹੈ, ਉਸ ਬਾਰੇ ਲਿਖੋ, ਅਤੇ ਮਿਸਟਰ ਵੁੱਡਜ਼ ਨੂੰ ਇਹ ਪੈਸਾ ਮੇਰੇ ਕੋਲੋਂ ਮਿਲ਼ ਜਾਵੇਗਾ। ਮੇਰੇ ਕੋਲ਼ ਕੁੱਝ ਜ਼ਮੀਨਾਂ (ਲਾਟਾਂ) ਹਨ, ਅਤੇ ਮੇਰੀ ਖਾਹਿਸ਼ ਹੈ ਕਿ ਉਹ ਮੇਰੇ ਭਰਾ ਨੂੰ ਦੇ ਦਿੱਤੀਆਂ ਜਾਣ। ਇਹ ਜੋ ਕੇਸ ਚੱਲ ਰਿਹਾ ਹੈ, ਇਸ ਵਿਚ ਮੈਨੂੰ ਬਚਾਅ ਦੇ ਪੱਖ ਵਜੋਂ ਵਕੀਲ ਕਰਨ ਦੀ ਕੋਈ ਖਾਹਿਸ਼ ਨਹੀਂ। ਇਹ ਮੇਰੀ ਪੂਰਨ ਇੱਛਾ ਹੈ। ਕੀ ਕੋਈ ਵਕੀਲ ਮੇਰਾ ਕੁੱਝ ਸਵਾਰੇਗਾ? ਜੇ ਅਜਿਹਾ ਹੁੰਦਾ ਹੈ, ਤਾਂ ਮੈਂ ਮਿਸਟਰ ਵੁੱਡਜ਼ ਨੂੰ ਇਸ ਮਾਮਲੇ ਵਿੱਚ ਆਪਣੇ ਬਚਾਅ ਦੇ ਵਕੀਲ ਵਜੋਂ ਚਾਹਾਂਗਾ, ਜੋ ਮੇਰੇ ਲਈ ਆਪਣੀ ਪੂਰੀ ਵਾਹ ਲਾਵੇਗਾ।

"ਮੇਰਾ ਨਾਂ ਮੇਵਾ ਸਿੰਘ ਹੈ। ਅੱਜ ਤੱਕ ਮੈਂ ਹਮੇਸ਼ਾਂ ਇੱਕ ਅਜਿਹਾ ਇਨਸਾਨ ਰਿਹਾ ਹਾਂ ਜੋ ਸਦਾ ਅਰਦਾਸਾਂ ਕਰਦਾ ਰਿਹਾ ਹੈ, ਮੈਂ ਪਰਮਾਤਮਾ ਦਾ ਭੈਅ ਮੰਨਣ ਵਾਲ਼ਾ ਹਾਂ। ਵੈਨਕੂਵਰ ਵਿੱਚ ਮੈਨੂੰ ਜੋ ਦੁੱਖ, ਤਕਲੀਫ਼ਾਂ ਅਤੇ ਪਰੇਸ਼ਾਨੀਆਂ ਝੱਲਣੀਆਂ ਪਈਆਂ ਹਨ, ਉਨ੍ਹਾਂ ਨੂੰ ਬਿਆਨ ਕਰਨ ਲਈ ਮੇਰੀ ਜ਼ੁਬਾਨ ਵਿੱਚ ਕੋਈ ਸ਼ਬਦ ਨਹੀਂ ਹਨ।

"ਅਸੀਂ ਸਾਰੇ ਸਿੱਖ ਜਦੋਂ ਗੁਰਦੁਆਰੇ ਜਾਂਦੇ ਹਾਂ ਤਾਂ ਸਾਡਾ ਮਨੋਰਥ ਅਰਦਾਸ ਕਰਨਾ ਹੁੰਦਾ ਹੈ, ਪਰ ਇਹ ਕੁੱਝ ਦੂਸਰੇ ਲੋਕ ਇਸ ਦੀ ਮਰਿਯਾਦਾ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਜਾਂਦੇ ਹਨ, ਜਦੋਂ ਇਹ ਗੁਰਦੁਆਰੇ ਜਾਣ ਵਾਲ਼ੇ ਲੋਕਾਂ ਨੂੰ ਗੋਲ਼ੀਆਂ ਨਾਲ਼ ਭੁੰਨ ਕੇ ਗੁਰਦੁਆਰੇ ਦੀ ਪਵਿੱਤਰਤਾ ਨੂੰ ਮਲੀਨ ਕਰਦੇ ਹਨ।

"ਜਦੋਂ ਬੇਲਾ ਸਿੰਘ ਨੇ ਗੁਰਦੁਆਰੇ ਵਿਚ ਗੋਲ਼ੀ ਚਲਾਈ, ਉਸ ਦਿਨ ਪੁਲਿਸ ਨੇ ਮੈਨੂੰ ਫੜ੍ਹ ਲਿਆ, ਮੈਨੂੰ ਨੂੜ ਦਿੱਤਾ ਅਤੇ ਪੁੱਛਿਆ, 'ਕੀ ਗੋਲ਼ੀ ਤੂੰ ਚਲਾਈ ਸੀ?' ਅਤੇ ਜਦੋਂ ਉਨ੍ਹਾਂ ਨੇ ਬੇਲਾ ਸਿੰਘ ਨੂੰ ਫੜ੍ਹਿਆ, ਤਾਂ ਉਸ ਨੇ ਕਿਹਾ, 'ਕਿਉਂ, ਗੁਰਦੁਆਰੇ ਵਿਚ ਗੋਲ਼ੀ ਮੈਂ ਚਲਾਈ ਹੈ....ਅਤੇ ਮਿਸਟਰ ਹਾਪਕਿਨਸਨ ਇਸ ਬਾਰੇ ਬਾਖੂਬੀ ਜਾਣਦੇ ਹਨ। ਉਹ ਜਾਣਦੇ ਹਨ ਕਿ ਮੈਂ ਇਹ ਗੋਲ਼ੀ ਕਿਉਂ ਚਲਾਈ ਹੈ।' ਜਿਸ ਸਮੇਂ ਬੇਲਾ ਸਿੰਘ ਨੇ ਗੋਲ਼ੀ ਚਲਾਈ, ਅਸੀਂ ਅਰਦਾਸ ਕਰ ਰਹੇ ਸੀ ਜਿਸ ਅਰਦਾਸ ਨਾਲ਼ ਸੰਗਤਾਂ ਦੇ ਦਿਲਾਂ ਵਿਚ ਪਰਮਾਤਮਾ ਦੇ ਨਿੱਘ ਦਾ ਵਾਸ ਹੋ

ਜਾਂਦਾ ਹੈ ਅਤੇ ਉਹ ਰੱਬ ਦੇ ਰੰਗ ਵਿਚ ਰੰਗੇ ਜਾਂਦੇ ਹਨ। ਬੇਲਾ ਸਿੰਘ ਨੇ ਸਭ ਤੋਂ ਪਹਿਲਾਂ ਭਾਗ ਸਿੰਘ ਨੂੰ ਗੋਲ਼ੀ ਮਾਰੀ, ਜਿਸ ਦੇ ਦੋ ਨਾਦਾਨ ਬੱਚੇ ਸਨ। ਮਾਸੂਮ ਲੋਕਾਂ ਦੇ ਕਤਲ ਦੀ ਉਸ ਘਿਨਾਉਣੀ ਹਰਕਤ ਨੂੰ ਦੇਖ ਕੇ ਮੇਰੇ ਦਿਲ ਵਿੱਚ ਲਾਂਬੂ ਲੱਗ ਗਏ।

"ਸਿੱਖ ਹੋਣ ਦੇ ਨਾਤੇ, ਅਸੀਂ ਸਿੱਖ ਬਾਈਬਲ* (ਸ੍ਰੀ ਗੁਰੂ ਗਰੰਥ ਸਾਹਿਬ) ਦੀ ਸਹੁੰ ਚੁੱਕਦੇ ਹਾਂ, ਜਿਸ ਦਾ ਸਾਡੇ ਮਨਾਂ ਅੰਦਰ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਾਵਨ-ਪਵਿੱਤਰ ਰੱਖਣ ਲਈ ਕੀਮਤੀ ਰੇਸ਼ਮੀ ਰੁਮਾਲਿਆਂ ਵਿੱਚ ਲਪੇਟਿਆ ਜਾਂਦਾ ਹੈ। ਸਾਡੇ ਦਿਲਾਂ 'ਚ ਇਸਦੀ ਕਦਰ ਬਹੁਤ ਜ਼ਿਆਦਾ ਹੈ ਅਤੇ ਅਸੀਂ ਇਸ ਦੀ ਸਾਂਭ-ਸੰਭਾਈ ਪੂਰੀ ਮਰਿਯਾਦਾ ਨਾਲ਼ ਕਰਦੇ ਹਾਂ। ਬੇਲਾ ਸਿੰਘ ਵੱਲੋਂ ਗੁਰਦੁਆਰੇ ਵਿਚ ਗੋਲ਼ੀ ਚਲਾਉਣ ਤੋਂ ਪਹਿਲਾਂ ਦੋ ਤਿੰਨ ਸੌ ਸਿੱਖ ਗੁਰਦੁਆਰੇ ਜਾਇਆ ਕਰਦੇ ਸਨ। ਉਸ ਦਿਨ ਤੋਂ, ਉਨ੍ਹਾਂ ਦੀ ਗਿਣਤੀ ਘਟ ਗਈ ਹੈ। ਉਨ੍ਹਾਂ ਵਿਚ ਇਸ ਦਾ ਸਤਿਕਾਰ ਘਟ ਗਿਆ ਹੈ ਅਤੇ ਇਸ ਕਰਕੇ ਹੁਣ ਦਸ ਆਦਮੀ ਵੀ ਉਥੇ ਨਹੀਂ ਜਾਂਦੇ।

"ਇਹ ਸਾਰੀ ਮੁਸੀਬਤ ਅਤੇ ਇਹ ਸਾਰੀ ਗੋਲ਼ੀ-ਬਾਰੀ ਲਈ (ਬੇਲਾ ਸਿੰਘ) ਅਤੇ ਮਿਸਟਰ ਹਾਪਕਿਨਸਨ ਇਸ ਦੇ ਲਈ ਜ਼ਿੰਮੇਵਾਰ ਹਨ। ਆਪਣੇ ਭਾਈਚਾਰੇ ਅਤੇ ਧਰਮ ਦੀ ਅਣਖ ਅਤੇ ਇੱਜ਼ਤ ਖ਼ਾਤਰ ਮੈਂ ਮਿਸਟਰ ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਉਨ੍ਹਾਂ ਮੁਸੀਬਤਾਂ ਨੂੰ ਹੋਰ ਦੇਖਣਾ ਬਰਦਾਸ਼ਤ ਨਹੀਂ ਕਰ ਸਕਦਾ ਸੀ।

"ਈਸਾਈ ਹੋਣ ਦੇ ਨਾਤੇ, ਜ਼ਰਾ ਸੋਚੋ ਜੇ ਤੁਹਾਡੇ ਗਿਰਜੇ ਵਿਚ ਤੁਸੀਂ ਲੋਕਾਂ ਨੂੰ ਗੋਲ਼ੀਆਂ ਨਾਲ਼ ਭੁੰਨੇ ਜਾਂਦੇ ਦੇਖਿਆ ਹੋਵੇ, ਤਾਂ ਤੁਸੀਂ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਨਾ ਕਿਉਂਕਿ ਅਜਿਹਾ ਕਰਨ ਨਾਲ਼ ਤੁਸੀਂ ਆਪਣੇ ਆਪ ਨੂੰ ਇਕ ਮੁਰਦਾ ਕੌਮ ਸਮਝਣਾ ਸੀ। ਅਜਿਹੇ ਕੁਕਰਮ ਨੂੰ ਸਹਿਣ ਕਰਨ ਲਈ, ਇਕ ਸਿੱਖ ਲਈ ਗੁਰਦੁਆਰੇ ਲਈ ਬਦਸਲੂਕੀ ਅਤੇ ਬਦਨਾਮੀ ਖੱਟਣ ਨਾਲੋਂ ਮਰ ਜਾਣਾ ਬਿਹਤਰ ਹੈ। ਅਜਿਹੇ ਜਿਉਣ ਨਾਲੋਂ ਮਰਨਾ ਕਿਤੇ ਬਿਹਤਰ ਹੈ। ਮੈਂ ਹਮੇਸ਼ਾਂ ਕਿਹਾ ਹੈ ਕਿ ਮੈਨੂੰ ਵਕੀਲ ਨਹੀਂ ਚਾਹੀਦਾ, ਅਤੇ ਨਾ ਹੀ ਮੈਨੂੰ ਕਿਸੇ ਨਿਆਂ ਦੀ ਆਸ ਹੈ। ਮੈਂ ਜਾਣਦਾ ਹਾਂ ਕਿ ਮੈਂ ਮਿਸਟਰ ਹਾਪਕਿਨਸਨ ਦਾ ਕਤਲ ਕੀਤਾ ਹੈ, ਅਤੇ ਮੈਨੂੰ ਮਰਨਾ ਪਵੇਗਾ। ਪਰ ਇਹ ਦੂਜਿਆਂ ਲਈ ਹੈ ਤਾਂ ਕਿ ਉਨ੍ਹਾਂ ਦੇ ਮੁਕੱਦਮਿਆਂ ਦੀ ਸਹੀ ਢੰਗ ਨਾਲ ਪੈਰਵਾਈ ਕੀਤੀ ਜਾ ਸਕੇ, ਅਤੇ ਬਾਕੀ ਸਾਰਿਆਂ ਦੀ ਮਦਦ ਕੀਤੀ ਜਾ ਸਕੇ, ਅਤੇ ਪਬਲਿਕ ਨੂੰ ਇਸ ਦੀ ਕਰਤੂਤ ਦਾ ਪਤਾ ਲੱਗ ਸਕੇ, ਅਤੇ ਸਚਾਈ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ ਜਾ ਸਕੇ। ਜੱਜਾਂ, ਪੁਲਿਸ, ਅਤੇ ਹੋਰ ਕਿਸੇ ਨੇ ਤੁਹਾਨੂੰ ਕੋਈ ਨਿਆਂ ਨਹੀਂ ਦੇਣਾ ਅਤੇ ਇਸੇ ਲਈ ਮੈਂ ਆਪਣੀ ਜਾਨ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਇਸ ਸਾਰੇ ਮਾਮਲੇ ਬਾਰੇ ਪਤਾ ਲੱਗ ਸਕੇ। ਮੈਂ ਪਰਮਾਤਮਾ ਦੇ ਰਸਤੇ 'ਤੇ ਚੱਲਣ ਵਾਲ਼ਾ ਅਤੇ ਰੱਬ ਤੋਂ ਡਰਨ ਵਾਲਾ ਆਦਮੀ ਹਾਂ। ਮੈਂ ਅੰਮ੍ਰਿਤ ਵੇਲ਼ੇ ਇੱਕ ਘੰਟਾ ਅਤੇ ਸੰਧਿਆ ਵੇਲ਼ੇ ਅੱਧਾ ਘੰਟਾ ਬਾਣੀਆਂ ਦਾ ਪਾਠ ਕਰਦਾ ਹਾਂ। ਜਦੋਂ ਮੈਨੂੰ ਪਤਾ ਲੱਗਿਆ ਕਿ ਗੁਰਦੁਆਰੇ ਅੰਦਰ ਇਹ ਕੁਕਰਮ ਹੋ ਰਹੇ ਸਨ, ਜੇ ਮੈਂ ਕੁੱਝ ਨਾ ਕੀਤਾ ਤਾਂ ਮੈਂ ਪਰਮਾਤਮਾ ਤੋਂ ਇਹ ਆਸ ਨਹੀਂ ਕਰ ਸਕਦਾ ਕਿ ਉਹ ਜੇ ਮੇਰੀਆਂ ਪ੍ਰਾਰਥਨਾਵਾਂ ਨੂੰ ਸਵੀਕਾਰ ਕਰੇਗਾ। ਮੈਂ ਜਾਣਦਾ ਹਾਂ ਕਿ ਮੇਰੀਆਂ ਪ੍ਰਾਰਥਨਾਵਾਂ ਸਵੀਕਾਰ ਕਰ ਲਈਆਂ ਗਈਆਂ ਹਨ ਕਿਉਂਕਿ ਪਰਮਾਤਮਾ ਸਹੀ ਅਤੇ ਗ਼ਲਤ ਵਿਚਲਾ ਅੰਤਰ ਜਾਣਦਾ ਹੈ। ਸਾਡੀਆਂ ਅਰਦਾਸਾਂ ਵਿੱਚ ਇਹ ਕਿਹਾ ਗਿਆ ਹੈ ਕਿ ਸਾਨੂੰ ਚੰਗੇ ਕਰਮ ਕਰਨੇ ਚਾਹੀਦੇ ਹਨ, ਬੁਰਿਆਈ ਦੇਖ ਕੇ ਸਾਨੂੰ ਆਪਣੀਆਂ ਅੱਖਾਂ ਬੰਦ ਨਹੀਂ ਕਰਨੀਆਂ ਚਾਹੀਦੀਆਂ ਅਤੇ ਬੁਰਿਆਈ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ।

"ਸਾਡੇ ਬੇਹਤਰੀਨ ਜੱਜਾਂ ਅਤੇ ਵਕੀਲਾਂ ਨੂੰ ਇਸ ਦਾ ਨਿਰਣਾ ਕਰਨ ਦਿਓ ਕਿ ਮਿਸਟਰ ਹਾਪਕਿਨਸਨ ਨੂੰ ਗੋਲ਼ੀ ਕਿਉਂ ਮਾਰੀ ਗਈ ਹੈ? ਉਹ ਹਮੇਸ਼ਾ ਸਾਡੇ ਸਾਹਮਣੇ ਬੁਰੇ ਕੰਮ ਕਰਦਾ ਰਹਿੰਦਾ ਹੈ। ਉਹ ਦਾਰੂ ਪੀ ਕੇ ਮਨਮਾਨੀਆਂ ਕਰਦਾ ਹੈ ਅਤੇ ਇਮੀਗ੍ਰੇਸ਼ਨ ਵਾਲ਼ੇ ਉਸ ਨੂੰ ਠੀਕ ਸਮਝਦੇ ਹਨ। ਅਸੀਂ ਜਿਹੜੇ ਪਰਮਾਤਮਾ ਤੋਂ ਡਰਨ ਵਾਲ਼ੇ ਸੱਚੇ ਬੰਦੇ ਹਾਂ ਸਾਨੂੰ ਘਸੀਟਿਆ ਤੇ ਪੈਰਾਂ ਥੱਲੇ ਕੁਚਲਿਆ ਜਾਂਦਾ ਹੈ। ਪਰਮਾਤਮਾ ਤੋਂ ਡਰਨ ਵਾਲੇ ਇਨਸਾਨ ਦੇ ਤੌਰ 'ਤੇ ਮੈਂ ਇਸ ਨੂੰ ਹੋਰ ਬਰਦਾਸ਼ਤ ਨਹੀਂ ਸੀ ਕਰ ਸਕਦਾ।

"ਸ਼ੂਮਾਸ ਵਿੱਚ ਮੇਰੇ ਖ਼ਿਲਾਫ਼ ਇੱਕ ਕੇਸ ਸੀ ਜਿਸ ਵਿਚ ਮੇਰੇ ਕੋਲੋਂ ਇੱਕ ਪਸਤੌਲ ਬਰਾਮਦ ਹੋਇਆ ਅਤੇ ਇਮੀਗ੍ਰੇਸ਼ਨ ਵਾਲਿਆਂ ਨੇ ਮੈਨੂੰ ਫੜ੍ਹ ਲਿਆ ਅਤੇ ਮੈਨੂੰ ਜੱਜ ਦੇ ਸਾਹਮਣੇ ਲਿਜਾਇਆ ਗਿਆ ਅਤੇ ਮੈਨੂੰ 58 ਡਾਲਰ ਦਾ ਜੁਰਮਾਨਾ ਕੀਤਾ ਗਿਆ। ਉਸ ਕੇਸ ਨੂੰ ਖਾਰਜ ਕੀਤੇ ਜਾਣ ਤੋਂ ਬਾਅਦ ਉਹ ਮੇਰੇ ਖ਼ਿਲਾਫ਼ ਇੱਕ ਹੋਰ ਕੇਸ ਕੱਢ ਲਿਆਏ ਕਿ ਮੈਂ ਇਹ ਹਥਿਆਰ ਇੱਕ ਦੇਸ਼ ਤੋਂ ਦੂਜੇ ਦੇਸ਼ ਤੱਕ ਤਸਕਰੀ ਲਈ ਖ਼ਰੀਦੇ ਸਨ। ਉਸ ਸਮੇਂ ਬੇਲਾ ਸਿੰਘ, ਹਾਪਕਿਨਸਨ ਅਤੇ ... ਉਥੇ ਮੌਜੂਦ ਸਨ।

"ਜਦੋਂ ਮੈਨੂੰ ਸ਼ੂਮਾਸ ਵਿਖੇ ਬੰਦ ਕਰ ਦਿੱਤਾ ਗਿਆ ਤਾਂ ਫਿਰ ਉਨ੍ਹਾਂ ਨੇ ਮੈਨੂੰ ਜੇਲ੍ਹ ਵਿਚੋਂ ਬਾਹਰ ਕੱਢ ਲਿਆਂਦਾ। ਹਾਪਕਿਨਸਨ ਤੇ ਬੇਲਾ ਸਿੰਘ ਨੇ ਕਿਹਾ, 'ਤੈਨੂੰ ਇਹ ਕਹਿਣਾ ਪਵੇਗਾ ਕਿ ਤੂੰ ਇਹ ਪਿਸਤੌਲ ਭਾਗ ਸਿੰਘ, ਬਲਵੰਤ ਸਿੰਘ ਤੇ ਹਰਨਾਮ ਲਈ ਖ਼ਰੀਦੇ ਸਨ। ਜਦੋਂ ਉਹ ਮੈਨੂੰ ਜੇਲ੍ਹ ਤੋਂ ਬਾਹਰ ਲੈ ਗਏ... ਮਿਸਟਰ ਹਾਪਕਿਨਸਨ ਤੇ ਬੇਲਾ ਸਿੰਘ ਨੇ ਮੈਨੂੰ ਕਿਹਾ, 'ਜੇ ਤੂੰ ਇਹ ਬਿਆਨ ਦੇਵੇਂ ਕਿ ਭਾਗ ਸਿੰਘ, ਬਲਵੰਤ ਸਿੰਘ ਅਤੇ ਹਰਨਾਮ ਨੇ ਇਹ ਪਸਤੌਲ ਮਿਸਟਰ ਰਹੀਮ ਤੱਕ ਪਹੁੰਚਾਉਣ ਲਈ ਫੜਾਏ ਸਨ, ਤਾਂ ਮੈਂ ਤੈਨੂੰ ਬਰੀ ਕਰਵਾ ਦਿਆਂਗਾ।' ਮੈਂ ਉਲਟਾ ਉਨ੍ਹਾਂ ਨੂੰ ਕਿਹਾ, 'ਤੁਸੀਂ ਭਾਵੇਂ ਮੇਰੇ ਛੋਟੇ ਛੋਟੇ ਟੁਕੜੇ ਕਰ ਦੇਵੋ, ਪਰ ਮੈਂ ਤੁਹਾਡੇ ਲਈ ਇਹ ਝੂਠ ਨਹੀਂ ਬੋਲਾਂਗਾ।' .....ਹਾਪਕਿਨਸਨ ਨੇ ਬੇਲੇ ਨੂੰ ਮੈਨੂੰ ਇਹ ਬਿਆਨ ਦੇਣ ਲਈ ਕਿਹਾ। ਸਭ ਤੋਂ ਪਹਿਲਾਂ ਤਿੰਨਾਂ ਨੇ ਇਹ ਗੱਲ ਕਹੀ ਅਤੇ ਫਿਰ ਬੇਲਾ ਸਿੰਘ ਮੈਨੂੰ ਇਹ ਬਾਰ ਬਾਰ ਕਹਿੰਦਾ ਰਿਹਾ। ਪਹਿਲਾਂ ਤਾਂ ਇਹ ਤਿੰਨੋਂ ਕਈ ਦਿਨ ਮੇਰਾ ਪਿੱਛਾ ਕਰਦੇ ਰਹੇ ਅਤੇ ਬਾਅਦ ਵਿਚ ਸਿਰਫ਼ ਬੇਲਾ ਸਿੰਘ ਹੀ।

"ਮਿਸਟਰ ਹਾਪਕਿਨਸਨ ਨੇ ਮੈਨੂੰ ਇਕ ਵਾਰ ਫਿਰ ਕਿਹਾ, 'ਮੈਂ ਇਥੇ ਮੇਰੀ ਪੂਰੀ ਚੱਲਦੀ ਹੈ। ਜੇ ਤੂੰ ਇਹ ਬਿਆਨ ਦੇ ਦੇਵੇਂ, ਤਾਂ ਮੈਂ ਤੈਨੂੰ ਹੁਣੇ ਬਰੀ ਕਰਵਾ ਸਕਦਾ ਹਾਂ।' ਮੈਂ ਮਿਸਟਰ ਹਾਪਕਿਨਸਨ ਨੂੰ ਕਿਹਾ, 'ਮੈਂ ਨਹੀਂ ਕਰ ਸਕਦਾ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ। ਭਾਵੇਂ ਮੇਰੇ ਛੋਟੇ-ਛੋਟੇ ਟੁਕੜੇ ਹੋ ਜਾਣ, ਪਰ ਮੈਂ ਇਹ ਨਹੀਂ ਕਹਿ ਸਕਦਾ।' ਫਿਰ ਬੇਲਾ ਸਿੰਘ ਨੇ ਮੈਨੂੰ ਕਿਹਾ, 'ਮਿਸਟਰ (ਹਾਪਕਿਨਸਨ) ਨੂੰ ਕੁੱਝ ਡਾਲਰ ਦੇ ਕੇ ਇਸ ਤੋਂ ਖਹਿੜਾ ਛੁਡਵਾ।' ਮੈਂ ਆਖਿਆ, 'ਮੈਂ ਤੈਨੂੰ ਡਾਲਰ ਦੇ ਦੇਵਾਂਗਾ, ਪਰ ਮੈਂ ਝੂਠ ਨਹੀਂ ਬੋਲਾਂਗਾ।' ਉਨ੍ਹਾਂ ਜਿਹੜਾ ਕੇਸ ਮੇਰੇ ਸਿਰ ਮੜ੍ਹਿਆ ਸੀ, ਉਨ੍ਹਾਂ ਇਸਨੂੰ ਖਾਰਜ ਕਰ ਕੇ ਇੱਕ ਪਾਸੇ ਕਰ ਦਿੱਤਾ। ਮੈਂ ਬੇਲਾ ਸਿੰਘ ਨੂੰ 40 ਡਾਲਰ ਦਿੱਤੇ। ਮਿਸਟਰ ਹਾਪਕਿਨਸਨ ਉਥੇ ਹਾਜ਼ਰ ਸੀ।

"ਉਨ੍ਹਾਂ ਨੇ ਮੈਨੂੰ ਦੱਸਿਆ ਕਿ ਸਾਰਾ ਮਾਮਲਾ ਨਿਪਟਾ ਲਿਆ ਗਿਆ ਹੈ, ਇਸ ਬਾਰੇ ਅੱਗੇ ਹੋਰ ਕੁੱਝ ਨਹੀਂ ਹੋਵੇਗਾ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਸੱਚਮੁੱਚ ਇਸ ਕੇਸ ਦਾ ਨਿਪਟਾਰਾ ਕੀਤਾ ਸੀ ਜਾਂ ਨਹੀਂ, ਪਰ ਮੈਨੂੰ ਓਟਾਵਾ ਸਰਕਾਰ ਵੱਲੋਂ ਇੱਕ ਪੱਤਰ ਮਿਲਿਆ। ਮੇਰਾ ਸਾਰਾ ਕੇਸ ਖਾਰਜ ਹੋਣ ਤੋਂ ਬਾਅਦ, ਇਕ ਦਿਨ ਬੇਲਾ ਸਿੰਘ ਮੈਨੂੰ ਇਮੀਗ੍ਰੇਸ਼ਨ ਦਫਤਰ ਲੈ ਗਿਆ। ਉਹ ਮੈਨੂੰ ਅੰਦਰ ਲੈ ਗਿਆ ਅਤੇ ਮਿਸਟਰ ਹਾਪਕਿਨਸਨ ਉੱਥੇ ਮੌਜੂਦ ਸੀ। ਮਿਸਟਰ ਹਾਪਕਿਨਸਨ ਨੇ ਇਕ ਚਿੱਠੀ ਲਿਖਣੀ ਸ਼ੁਰੂ ਕਰ ਦਿੱਤੀ ਅਤੇ ਉਸ ਨੇ ਪਿੱਛੇ ਮੁੜ ਕੇ ਮੈਨੂੰ ਕਿਹਾ ਕਿ ਮੈਂ ਉਸ ਨੂੰ ਦੱਸਾਂ ਕਿ ਮੈਂ ਕਿੱਥੋਂ ਆਇਆ ਹਾਂ, ਮੇਰੇ ਪਿਉ ਦਾ ਨਾਂ, ਮੇਰਾ ਪਿੰਡ ਅਤੇ ਹੋਰ ਸਭ ਕੁੱਝ। ਮਿਸਟਰ ਹਾਪਕਿਨਸਨ ਅਤੇ ਬੇਲਾ ਸਿੰਘ ਦਫ਼ਤਰ ਵਿਚ ਮੌਜੂਦ ਸਨ। ਮੈਂ ਉਨ੍ਹਾਂ ਨੂੰ ਇਹ ਸਭ ਦੱਸਿਆ ਅਤੇ ਉਨ੍ਹਾਂ ਨੇ ਇਸ ਨੂੰ ਲਿਖ ਲਿਆ। ਹਾਪਕਿਨਸਨ ਨੇ ਕਿਹਾ, 'ਕੀ ਤੂੰ ਭੁੱਲ ਗਿਐਂ ਕਿ ਮੈਂ ਤੈਨੂੰ ਉਸ ਦਿਨ ਪੰਜ ਸਾਲ ਦੀ ਜੇਲ੍ਹ ਤੋਂ ਬਚਾਇਆ ਸੀ। ਹੁਣ ਤੂੰ ਮੈਨੂੰ ਉਨ੍ਹਾਂ ਬੰਦਿਆਂ ਦੇ ਨਾਂ ਦੱਸ, ਜਿਨ੍ਹਾਂ ਬਾਰੇ ਮੈਨੂੰ ਜਾਣਕਾਰੀ ਚਾਹੀਦੀ ਹੈ।' ਫਿਰ ਉਹ ਮੈਨੂੰ ਉਨ੍ਹਾਂ ਆਦਮੀਆਂ ਦੇ ਨਾਮ ਦੱਸਣ ਲਈ ਕਹਿੰਦੇ ਰਹੇ ਜੋ ਸਰਕਾਰ ਦੇ ਵਿਰੁੱਧ ਹਨ। ਉਨ੍ਹਾਂ ਨੇ ਕਿਹਾ, 'ਤੂੰ ਉਨ੍ਹਾਂ ਨੂੰ ਜਾਣਦੈਂ। ਉਨ੍ਹਾਂ ਦੇ ਨਾਮ ਸਾਨੂੰ ਦੱਸ।' ਮੈਂ ਉਨ੍ਹਾਂ ਨੂੰ ਕਿਹਾ ਕਿ 'ਮੈਨੂੰ ਨਹੀਂ ਪਤਾ ਕਿ ਕੌਣ ਸਰਕਾਰ ਦੇ ਨਾਲ਼ ਹੈ ਕੌਣ ਖ਼ਿਲਾਫ਼ ਹੈ। ਮੈਂ ਤੈਨੂੰ ਕੋਈ ਜਾਣਕਾਰੀ ਨਹੀਂ ਦੇ ਸਕਦਾ।'

"ਫਿਰ ਉਸ ਦਫ਼ਤਰ ਵਿਚ, ਮਿਸਟਰ ਹਾਪਕਿਨਸਨ ਅਤੇ ਬੇਲਾ ਸਿੰਘ ਨੇ ਕਿਹਾ ਕਿ ਮੈਂ ਕਹਾਂ ਕਿ ਉਹ ਪਸਤੌਲ ਜੋ ਸ਼ੂਮਾਸ ਵਿਚ ਮੇਰੇ ਕੋਲੋਂ ਬਰਾਮਦ ਹੋਏ ਸਨ, ਉਹ ਮੈਨੂੰ ਭਾਗ ਸਿੰਘ, ਬਲਵੰਤ ਸਿੰਘ ਅਤੇ ਹਰਨਾਮ ਸਿੰਘ ਨੇ ਮਿਸਟਰ ਰਹੀਮ ਤੱਕ ਪਹੁੰਚਾਉਣ ਲਈ ਦਿੱਤੇ ਸਨ ਤਾਂ ਫਿਰ ਅਸੀਂ ਤੇਰੇ ਦੋਸਤ ਬਣ ਜਾਵਾਂਗੇ। 'ਨਹੀਂ', ਮੈਂ ਕਿਹਾ, 'ਮੈਂ ਤੈਨੂੰ ਪਹਿਲਾਂ ਵੀ ਡਾਲਰ ਦਿੱਤੇ ਹਨ ਅਤੇ ਹੁਣ ਫਿਰ ਤੂੰ ਮੈਨੂੰ ਜ਼ਲੀਲ ਕਰ ਰਿਹੈਂ ਅਤੇ ਚਾਹੁੰਦਾ ਹੈਂ ਕਿ ਮੈਂ ਝੂਠ ਬੋਲਾਂ। ਮੈਂ ਨਿਰਦੋਸ਼ ਬੰਦਿਆਂ ਦੇ ਨਾਂ ਨਹੀਂ ਦੱਸ ਸਕਦਾ ਅਤੇ ਝੂਠੀਆਂ ਬਿਆਨ-ਬਾਜ਼ੀਆਂ ਕਰਕੇ ਉਨ੍ਹਾਂ ਨੂੰ ਸਜ਼ਾ ਨਹੀਂ ਦਿਵਾ ਸਕਦਾ।' ਫਿਰ ਉਨ੍ਹਾਂ ਨੇ ਮੈਨੂੰ ਕਿਹਾ, 'ਜੇ ਤੂੰ ਇਹ ਬਿਆਨ ਨਹੀਂ ਦੇਵੇਂਗਾ ਤਾਂ ਤੂੰ ਸਾਡਾ ਦੋਸਤ ਨਹੀਂ। ਅਸੀਂ ਤੇਰੇ ਨਾਲ ਕੋਈ ਦੋਸਤੀ ਨਹੀਂ ਕਰ ਸਕਦੇ ।' ਤਦ ਮਿਸਟਰ ਹਾਪਕਿਨਸਨ ਗਿਆ ਅਤੇ ਇਕ ਹੋਰ ਆਦਮੀ ਨੂੰ ਲੈ ਆਇਆ, ਜੋ ਇਕ ਗੋਰਾ ਸੀ। ਮੈਂ ਇਹ ਨਹੀਂ ਕਹਿ ਸਕਦਾ ਕਿ ਉਹ ਬੈਰਿਸਟਰ ਸੀ ਜਾਂ ਉਹ ਕੀ ਸੀ, ਪਰ ਮਿਸਟਰ ਹਾਪਕਿਨਸਨ ਉਸ ਨੂੰ ਉਥੇ ਲੈ ਆਇਆ।

"ਮਿਸਟਰ ਹਾਪਕਿਨਸਨ ਨੇ ਉਹ ਚਿੱਠੀ ਫੜ੍ਹੀ ਜਿਹੜੀ ਉਸ ਨੇ ਪਹਿਲਾਂ ਲਿਖੀ ਸੀ, ਜਿਸ ਵਿਚ ਅਸਲ ਸੱਚ ਲਿਖਿਆ ਸੀ, ਉਸ ਨੇ ਉਸ ਨੂੰ ਪਾੜ ਦਿੱਤਾ। ਇਸ ਤੋਂ ਪਹਿਲਾਂ ਕਿ ਉਹ ਇਸ ਅਜਨਬੀ ਨੂੰ ਬੁਲਾਉਣ ਲਈ ਬਾਹਰ ਗਿਆ, ਉਸ ਨੇ ਇਸ ਅਸਲੀ ਚਿੱਠੀ ਨੂੰ ਪਾੜ ਕੇ ਇਸ ਵਿਚਲੀ ਸੱਚਾਈ ਨੂੰ ਨਸ਼ਟ ਕਰ ਦਿੱਤਾ। ਅਤੇ ਫਿਰ ਜਦੋਂ ਉਹ ਦੂਜੇ ਆਦਮੀ ਨੂੰ ਲੈ ਕੇ ਆਇਆ ਤਾਂ ਉਸਨੇ ਇੱਕ ਹੋਰ ਬਿਆਨ ਲਿਖਣਾ ਸ਼ੁਰੂ ਕਰ ਦਿੱਤਾ। ਉਹ ਕੌਣ ਸੀ, ਇਮੀਗ੍ਰੇਸ਼ਨ ਵਕੀਲ ਸੀ ਜਾਂ ਕੌਣ ਸੀ, ਮੈਨੂੰ ਨਹੀਂ ਪਤਾ। ਮਿਸਟਰ ਹਾਪਕਿਨਸਨ ਅਤੇ ਬੇਲਾ ਸਿੰਘ ਕਹਿੰਦੇ ਰਹੇ, 'ਅਸੀਂ ਤੈਨੂੰ ਪੰਜ ਸਾਲ ਦੀ ਸਜ਼ਾ ਤੋਂ ਬਚਾਇਆ ਹੈ, ਕੀ ਤੂੰ ਸਾਡੇ ਲਈ ਇਹ ਬਿਆਨ ਨਹੀਂ ਦੇ ਸਕਦਾ?' ਅਤੇ ਮੈਂ ਫਿਰ ਵੀ ਇਨਕਾਰ ਕਰ ਦਿੱਤਾ ਅਤੇ ਕਿਹਾ, 'ਨਹੀਂ।' ਪਰ ਮੈਂ ਉਸ ਨੂੰ ਦੱਸਿਆ ਕਿ ਮੈਂ ਸ਼ੂਮਾਸ ਕਿਉਂ ਗਿਆ ਸੀ ਅਤੇ ਉਥੇ ਕੀ ਵਾਪਰਿਆ ਸੀ, ਅਤੇ ਮੈਂ ਕੋਈ ਗ਼ਲਤ ਬਿਆਨ ਨਹੀਂ ਦਿੱਤਾ। ਸਿਆਟਲ ਵਿਚ ਸਾਡੇ ਕੋਲ਼ ਕੁੱਝ ਜ਼ਮੀਨ ਸੀ ਉਸ ਲਈ ਅਸੀਂ ਗਏ ਸੀ ਅਤੇ ਮੈਂ ਉਸ ਬਿਆਨ ਵਿਚ ਸੱਚ ਦੱਸ ਦਿੱਤਾ ਹੈ। ਇਸ ਜ਼ਮੀਨ ਵਾਲ਼ੀ ਗੱਲ ਤੋਂ ਇਲਾਵਾ ਮੈਂ ਤੁਹਾਨੂੰ ਹੋਰ ਕੁੱਝ ਨਹੀਂ ਦੱਸ ਸਕਦਾ ਕਿ ਅਸੀਂ ਉੱਥੇ ਕਿਉਂ ਗਏ ਸੀ।

"ਫਿਰ ਉਹ ਅੰਗਰੇਜ਼ੀ ਵਿਚ ਗੱਲਾਂ ਕਰਦੇ ਰਹੇ, ਜੋ ਮੈਨੂੰ ਸਮਝ ਨਹੀਂ ਸੀ ਆ ਰਹੀ। ਮੈਨੂੰ ਨਾ ਤਾਂ ਇਹ ਪੜ੍ਹਨੀ ਆਉਂਦੀ ਹੈ ਤੇ ਨਾ ਹੀ ਲਿਖਣੀ। ਮਿਸਟਰ ਹਾਪਕਿਨਸਨ ਨੇ ਮੈਨੂੰ ਆਖਿਆ, 'ਕੀ ਤੂੰ ਸਾਨੂੰ ਇਨ੍ਹਾਂ ਵਿਚੋਂ ਕੁੱਝ ਨਾਂ ਨਹੀਂ ਦੇ ਸਕਦਾ? ਡਰੋ ਮੱਤ। ਰਹੀਮ ਜਾਂ ਕਿਸੇ ਹੋਰ ਦਾ ਨਾਮ ਦੱਸ। ਡਰੋ ਮੱਤ। ਮੈਂ ਇਸ ਵਿਚ ਤੇਰੀ ਮਦਦ ਕਰਾਂਗਾ।'

"ਮਿਸਟਰ ਹਾਪਕਿਨਸਨ ਨੇ ਕਿਹਾ, 'ਜਦੋਂ ਤੁਸੀਂ ਸ਼ੂਮਾਸ ਗਏ ਸੀ ਤਾਂ ਕੀ ਰਹੀਮ ਉਦੋਂ ਗੁਰਦੁਆਰੇ ਵਿੱਚ ਸੀ ਜਾਂ ਨਹੀਂ? ਕੀ ਤੂੰ ਸਾਨੂੰ ਇਹ ਨਹੀਂ ਦੱਸ ਸਕਦਾ?' ਮੈਂ ਆਖਿਆ, 'ਮੈਨੂੰ ਨਹੀਂ ਪਤਾ।' ਮਿਸਟਰ ਹਾਪਕਿਨਸਨ ਨੇ ਮੈਨੂੰ ਫਿਰ ਯਾਦ ਦਿਵਾਉਂਦਿਆਂ ਕਿਹਾ, 'ਦੇਖ, ਪਿਸਤੌਲ ਰੱਖਣ ਕਰ ਕੇ ਹੋਣ ਵਾਲ਼ੀ ਪੰਜ ਸਾਲ ਦੀ ਸਜ਼ਾ ਤੋਂ ਮੈਂ ਤੈਨੂੰ ਖ਼ੁਲਾਸੀ ਦਿਵਾਈ ਹੈ ਅਤੇ ਤੂੰ ਮੇਰੇ ਲਈ ਇਹ ਛੋਟਾ ਜਿਹਾ ਕੰਮ ਨਹੀਂ ਕਰ ਸਕਦਾ? ਆਓ ਅਤੇ ਇਹ ਬਿਆਨ ਦਿਓ। ਡਰੋ ਨਾ।' ਫਿਰ ਬੇਲਾ ਸਿੰਘ ਮਿਸਟਰ ਹਾਪਕਿਨਸਨ ਵੱਲ ਮੁੜਿਆ ਅਤੇ ਬੋਲਿਆ, 'ਮਿਸਟਰ ਹਾਪਕਿਨਸਨ, ਇਹ ਰੱਬ ਤੋਂ ਡਰਨ ਵਾਲਾ ਬੰਦਾ ਹੈ ਜੋ ਆਪਣੀਆਂ ਅਰਦਾਸਾਂ ਕਰਦਾ ਹੈ। ਉਸ ਤੋਂ ਕੋਈ ਝੂਠ ਨਾ ਬੁਲਵਾਉ।' ਉਨ੍ਹਾਂ ਦੇ ਇਸ ਪੱਤਰ 'ਤੇ ਮੈਂ ਦਸਤਖ਼ਤ ਨਹੀਂ ਕੀਤੇ ਜਾਂ ਇਸ ਨਾਲ ਮੇਰਾ ਕੋਈ ਲੈਣਾ ਦੇਣਾ ਨਹੀਂ ਸੀ। ਫਿਰ ਬੇਲਾ ਸਿੰਘ ਅਤੇ ਮੈਂ ਆਪੋ ਆਪਣੇ ਘਰੋ ਘਰੀ ਚਲੇ ਗਏ। ਇਹ ਹੈ ਕੁੱਲ ਕਹਾਣੀ, ਇਹ ਇੱਥੇ ਹੀ ਖ਼ਤਮ ਹੁੰਦੀ ਹੈ।

"ਫਿਰ ਓਟਾਵਾ ਤੋਂ ਮੈਨੂੰ ਇਕ ਚਿੱਠੀ ਆਈ। ਮੈਂ ਡਾਕਖ਼ਾਨੇ ਗਿਆ ਅਤੇ ਉਨ੍ਹਾਂ ਨੇ ਮੈਨੂੰ ਕਿਹਾ, 'ਜਾ ਕੇ ਮਿਸਟਰ ਹਾਪਕਿਨਸਨ ਨੂੰ ਲੈ ਆਓ ਤਾਂ ਤੁਹਾਨੂੰ ਇਹ ਚਿੱਠੀ ਮਿਲ਼ ਸਕਦੀ ਹੈ। ਜੇ ਮਿਸਟਰ ਹਾਪਕਿਨਸਨ ਇਸ ਪੱਤਰ ਲਈ ਦਸਤਖ਼ਤ ਕਰਦਾ ਹੈ ਤਾਂ ਹੀ ਤੂੰ ਇਸ ਨੂੰ ਵਸੂਲ ਕਰ ਸਕਦਾ ਹੈਂ; ਨਹੀਂ ਤੈਨੂੰ ਇਹ ਨਹੀਂ ਮਿਲ਼ੇਗੀ।' ਮੈਂ ਮਿਸਟਰ ਹਾਪਕਿਨਸਨ ਨੂੰ ਇਮੀਗ੍ਰੇਸ਼ਨ (ਦਫ਼ਤਰ) ਤੋਂ ਲੈਣ ਲਈ ਚਲਾ ਗਿਆ। ਜਦੋਂ ਮੈਂ ਮਿਸਟਰ ਹਾਪਕਿਨਸਨ ਨੂੰ ਮਿਲ਼ਿਆ ਤਾਂ ਅਸੀਂ ਗੱਲਬਾਤ ਕੀਤੀ ਅਤੇ ਮਿਸਟਰ ਹਾਪਕਿਨਸਨ ਨੇ ਕਿਹਾ, 'ਤੂੰ ਬੇਲਾ ਸਿੰਘ ਦਾ ਗਵਾਹ ਹੈਂ।' ਜਦੋਂ ਅਸੀਂ ਡਾਕਖ਼ਾਨੇ ਵੱਲ ਜਾ ਰਹੇ ਸਾਂ ਤਾਂ ਉਥੇ ਜਾਂਦੇ ਸਮੇਂ ਮਿਸਟਰ ਹਾਪਕਿਨਸਨ ਨੇ ਮੈਨੂੰ ਧਮਕਾਇਆ ਤੇ ਕਿਹਾ, 'ਹੁਣ ਤੂੰ ਬੇਲਾ ਸਿੰਘ ਬਾਰੇ ਗਵਾਹੀ ਦੇਣ ਜਾ ਰਿਹਾ ਹੈਂ। ਤੂੰ ਇਸ ਪਾਸੇ ਖੜ੍ਹ ਕੇ ਬੇਲਾ ਸਿੰਘ ਦੇ ਹੱਕ ਵਿੱਚ ਗਵਾਹੀ ਦੇ, ਨਹੀਂ ਤਾਂ ਇਹ ਤੇਰੇ ਲਈ ਬਹੁਤ ਬੁਰਾ ਹੋਵੇਗਾ। ਤੂੰ ਵੀ ਉਸੇ ਰਾਹ 'ਤੇ ਜਾਵੇਂਗਾ, ਜਿਸ 'ਤੇ ਭਾਗ ਸਿੰਘ ਤੇ ਬਦਨ ਸਿੰਘ ਗਏ ਹਨ।'

"ਡਾਕਖ਼ਾਨੇ ਤੋਂ ਮੁੜਦੇ ਸਮੇਂ ਉਨ੍ਹਾਂ ਨੇ ਮੈਨੂੰ ਇਹ ਗੱਲ ਕਹੀ। ਮੈਂ ਕਿਹਾ, 'ਮਿਸਟਰ ਹਾਪਕਿਨਸਨ, ਮੇਰੇ ਕੋਲੋਂ ਪੈਸੇ ਲੈ ਕੇ, ਧਮਕੀਆਂ ਦੇ ਕੇ ਅਤੇ ਉਹ ਸਾਰੀਆਂ ਗੱਲਾਂ ਲਿਖਣ ਲਈ ਕਹਿਣ ਤੋਂ ਬਾਅਦ ਤੂੰ ਮੈਨੂੰ ਇਹ ਕਿਉਂ ਕਹਿਨੈ ਕਿ ਮੈਂ ਭਾਗ ਸਿੰਘ ਅਤੇ ਬਦਨ ਸਿੰਘ ਵਾਂਗ ਮਾਰਿਆ ਜਾਵਾਂਗਾ? ਇਹ ਗੱਲ ਕਿਹੜੇ ਪਾਸੇ ਜਾ ਰਹੀ ਹੈ? ਫਿਰ ਤੂੰ ਉਹ ਪੱਤਰ ਲਿਖਦੈਂ ਜਿਸ ਬਾਰੇ ਤੂੰ ਜਾਣਦੈਂ ਸੀ ਕਿ ਇਹ ਸੱਚ ਨਹੀਂ ਸੀ। ਤੂੰ ਮੇਰੇ ਤੋਂ ਡਾਲਰ ਲੈ ਲਏ ਹਨ ਅਤੇ ਫਿਰ ਵੀ ਚਾਹੁੰਨੈ ਕਿ ਮੈਂ ਹੁਣ ਬੇਲਾ ਸਿੰਘ ਦੇ ਹੱਕ ਵਿੱਚ ਗਵਾਹੀ ਦੇਵਾਂ ਅਤੇ ਆਪਣੀ ਜਾਨ ਨੂੰ ਖ਼ਤਰੇ ਵਿੱਚ ਪਾਵਾਂ।' ਮਿਸਟਰ ਹਾਪਕਿਨਸਨ ਨੇ ਮੈਨੂੰ ਕਿਹਾ, 'ਮੈਂ ਇਥੇ ਵੈਨਕੂਵਰ ਵਿੱਚ ਪੂਰੀ ਤਰ੍ਹਾਂ ਸ਼ਕਤੀਸ਼ਾਲੀ ਹਾਂ।' ਫਿਰ ਉਸ ਨੇ ਡਾਕਖ਼ਾਨੇ ਵਿਚ ਚਿੱਠੀ ਖੋਲ੍ਹਣ ਤੋਂ ਬਾਅਦ ਕਿਹਾ ਕਿ 'ਇਹ ਪਿਸਤੌਲਾਂ ਆਦਿ ਬਾਰੇ ਹੈ ਅਤੇ ਉਨ੍ਹਾਂ ਨੇ ਚਿੱਠੀ ਖੋਲ੍ਹ ਕੇ ਪੜ੍ਹੀ ਕਿ ਇਹ ਪਿਸਤੌਲਾਂ ਬਾਰੇ ਸੀ, ਅਤੇ ਉਸ ਚਿੱਠੀ ਵਿਚ ਮੈਨੂੰ ਬਰੀ ਕਰ ਦਿੱਤਾ ਗਿਆ ਸੀ, ਮੇਰੇ ਖ਼ਿਲਾਫ਼ ਹੋਰ ਕੋਈ ਕੇਸ ਨਹੀਂ ਸੀ, ਮਿਸਟਰ ਹਾਪਕਿਨਸਨ ਇਮੀਗ੍ਰੇਸ਼ਨ ਦਫਤਰ ਗਿਆ ਅਤੇ ਮੈਂ ਆਪਣੇ ਘਰ ਚਲਾ ਗਿਆ।

"ਸਾਰੀ ਰਾਤ ਇਹ ਗੱਲ ਮੈਨੂੰ ਪਰੇਸ਼ਾਨ ਕਰਦੀ ਰਹੀ ਕਿ ਇੱਕ ਮੈਂ ਹਾਂ ਜੋ ਸਦਾ ਭਜਨ ਬੰਦਗੀ ਕਰਦਾ ਹਾਂ ਅਤੇ ਇਹ ਲੋਕ ਇਨ੍ਹਾਂ ਝੂਠੀਆਂ ਬਿਆਨ-ਬਾਜ਼ੀਆਂ ਨਾਲ਼ ਮੈਨੂੰ ਤੰਗ ਕਰਦੇ ਹਨ ਅਤੇ ਮੈਨੂੰ ਬਦਨਾਮ ਕਰਨ ਅਤੇ ਮੁਸੀਬਤਾਂ ਵਿੱਚ ਫਸਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਾਰੀ ਰਾਤ ਇਹ ਗੱਲ ਮੇਰੇ ਦਿਮਾਗ 'ਚ ਘੁੰਮਦੀ ਰਹੀ, ਅਤੇ ਇਹ ਸੋਚ ਕੇ ਮੈਨੂੰ ਨੀਂਦ ਨਹੀਂ ਆਈ ਕਿ ਮੈਨੂੰ ਇਸ ਕਦਰ ਜ਼ਲੀਲ ਹੋਣਾ ਪਵੇਗਾ। ਮਿਸਟਰ ਹਾਪਕਿਨਸਨ ਮੈਨੂੰ ਇਸ ਬਦਨਾਮੀ ਦੇ ਜਾਲ਼ ਵਿਚ ਕਿਉਂ ਫਸਾਵੇ? ਇਸ ਤੋਂ ਦੋ ਜਾਂ ਤਿੰਨ ਦਿਨ ਬਾਅਦ ਜਦ ਮੈਂ ਹੇਸਟਿੰਗਜ਼ ਸਟਰੀਟ 'ਤੇ ਜਾ ਰਿਹਾ ਸਾਂ ਜਿਥੇ ਮੈਨੂੰ ਬਾਬੂ ਸਿੰਘ ਮਿਲ਼ਿਆ। ਮੈਂ ਕਿਹਾ, 'ਗੁੱਡ ਮਾਰਨਿੰਗ!' ਅਤੇ ਪੁੱਛਿਆ ਕਿ ਉਹ ਕਿਵੇਂ ਸੀ। ਬਾਬੂ ਸਿੰਘ ਨੇ ਮੈਨੂੰ ਕਿਹਾ ਕਿ 'ਤੂੰ ਕਿਸ ਪਾਸੇ ਗਵਾਹੀ ਦੇਣੀ ਹੈ- ਸਾਡੇ ਵੱਲ ਜਾਂ ਉਨ੍ਹਾਂ ਵੱਲ?' ਮੈਂ ਉਸ ਨੂੰ ਕਿਹਾ, 'ਮੈਨੂੰ ਅਜੇ ਨਹੀਂ ਪਤਾ, ਮੈਂ ਵਕਤ ਆਉਣ 'ਤੇ ਦੇਖਾਂਗਾ।' ਫਿਰ ਗਲ਼ੀ ਦੇ ਦੂਜੇ ਪਾਸਿਉਂ ਗੁਰਦਿੱਤ ਸਿੰਘ ਆ ਰਿਹਾ ਸੀ। ਗੁਰਦਿੱਤ ਸਿੰਘ ਦਾ ਪਿੰਡ ਬਿਲਗਾ ਹੈ।

"ਜਦੋਂ ਗੁਰਦਿੱਤ ਸਿੰਘ ਆ ਰਿਹਾ ਸੀ ਤਾਂ ਬਾਬੂ ਸਿੰਘ ਨੇ ਗੁਰਦਿੱਤ ਸਿੰਘ ਲਈ ਭੱਦੀ ਭਾਸ਼ਾ ਵਰਤੀ ਤੇ ਕਿਹਾ, 'ਮੈਂ ਤਾਂ ਗੁਰਦਿੱਤ ਸਿੰਘ ਦੀ ਹਾਜ਼ਰੀ ਵਿਚ ਮੇਵਾ ਸਿੰਘ ਨੂੰ ਪੁੱਛਣ ਜਾ ਰਿਹਾ ਹਾਂ ਤੇ ਦੇਖਦਾ ਹਾਂ ਕਿ ਉਹ ਕਿਸ ਪਾਸੇ ਗਵਾਹੀ ਦੇਣ ਜਾ ਰਿਹਾ ਹੈ।' ਫਿਰ ਜਦੋਂ ਗੁਰਦਿੱਤ ਸਿੰਘ ਉਥੇ ਸੀ ਤਾਂ ਉਸ ਨੇ ਮੈਨੂੰ ਪੁੱਛਿਆ ਕਿ ਮੈਂ ਕਿਸ ਪਾਸੇ ਗਵਾਹੀ ਦੇਣ ਜਾ ਰਿਹਾ ਹਾਂ। ਮੈਂ ਪਿਛਾਂਹ ਮੁੜ ਕੇ ਆਖਿਆ, 'ਮੈਂ ਸੱਚ ਬੋਲਾਂਗਾ। ਮੈਂ ਉਹੀ ਕਹਾਂਗਾ ਜੋ ਮੈਂ ਗੁਰਦੁਆਰੇ ਵਿਚ ਦੇਖਿਆ ਸੀ, ਹੋਰ ਕੁੱਝ ਨਹੀਂ।' ਗੁਰਦਿੱਤ ਸਿੰਘ ਨੇ ਮੈਨੂੰ ਸੱਚ ਬੋਲਣ ਅਤੇ ਜੋ ਕੁੱਝ ਵੀ ਮੈਂ ਗੁਰਦੁਆਰੇ ਵਿੱਚ ਵੇਖਿਆ, ਉਹੀ ਕਹਿਣ ਲਈ ਕਿਹਾ। 'ਸੱਚ ਦੇ ਮਗਰ ਨਾ ਜਾਓ।' ਬਾਬੂ ਸਿੰਘ ਨੇ ਮੁੜ ਕੇ ਗੁਰਦਿੱਤ ਸਿੰਘ ਨੂੰ ਕਿਹਾ, 'ਤੂੰ ਅਦਾਲਤ ਵਿਚ ਜਾ ਕੇ ਭਾਵੇਂ ਸੱਚ ਬੋਲ, ਪਰ ਮੇਵਾ ਸਿੰਘ ਉਹੀ ਕਹੇਗਾ ਜੋ ਅਸੀਂ ਚਾਹਾਂਗੇ, ਕਿਉਂਕਿ ਉਸ 'ਤੇ ਸਾਡਾ ਜ਼ੋਰ ਹੈ।' ਫਿਰ ਬਾਬੂ ਸਿੰਘ ਨੇ ਭਾਗ ਸਿੰਘ, ਜੋ ਮਰ ਚੁੱਕਾ ਹੈ, ਬਾਰੇ ਅਪਸ਼ਬਦ ਬੋਲਣੇ ਸ਼ੁਰੂ ਕਰ ਦਿੱਤੇ। ਉਸ ਨੇ ਕਿਹਾ, 'ਅਸੀਂ ਉਸ ਨੂੰ ਮਾਰਿਆ ਹੈ' ਅਤੇ ਉਸ ਨੇ ਭਾਗ ਸਿੰਘ ਦੀ ਕੁੜੀ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਗੁਰਦਿੱਤ ਸਿੰਘ ਨੇ ਬਾਬੂ ਸਿੰਘ ਨੂੰ ਮਿਨਤ ਕੀਤੀ, 'ਭਾਗ ਸਿੰਘ ਨੂੰ ਗਾਲ੍ਹਾਂ ਨਾ ਕੱਢ। ਮਰੇ ਹੋਏ ਬੰਦੇ ਨੂੰ ਗਾਲ਼ੀ-ਗਲੋਚ ਨਾ ਕਰ।' ਬਾਬੂ ਸਿੰਘ ਨੇ ਕਿਹਾ, 'ਹਾਂ, ਮੈਂ ਤਾਂ ਕਰਾਂਗਾ।'

"ਉਹ ਦੋਵੇਂ ਆਦਮੀ ਇੱਕ ਦੂਜੇ ਨਾਲ ਬਦਸਲੂਕੀ ਕਰਦੇ ਰਹੇ। ਉਹ ਦੋਵੇਂ ਮੰਦੀ ਭਾਸ਼ਾ ਵਰਤਦੇ ਰਹੇ। ਫਿਰ ਬਾਬੂ ਸਿੰਘ ਨੇ ਗੁਰਦਿੱਤ ਸਿੰਘ ਦੇ ਮੂੰਹ 'ਤੇ ਵਾਰ ਕੀਤਾ। ਜਦੋਂ ਮੈਂ ਉਨ੍ਹਾਂ ਨੂੰ ਲੜਦੇ ਹੋਏ ਦੇਖਿਆ ਤਾਂ ਮੈਂ ਉਨ੍ਹਾਂ ਨੂੰ ਵੱਖ ਕਰ ਦਿੱਤਾ ਅਤੇ ਕਿਹਾ, 'ਭਰਾਵੋ, ਲੜੋ ਨਾ।' ਤੇ ਮੈਂ ਗੁਰਦਿੱਤ ਸਿੰਘ ਨੂੰ ਘਰ ਜਾਣ ਲਈ ਕਿਹਾ। ਜਦੋਂ ਬਾਬੂ ਸਿੰਘ ਨੇ ਗੁਰਦਿੱਤ ਸਿੰਘ ਨੂੰ ਮਾਰਿਆ ਤਾਂ ਉਸ ਨੇ ਉਸ ਦੇ ਸਿਰ 'ਤੇ ਸੋਟੀ ਨਾਲ਼ ਵਾਰ ਕੀਤਾ। ਫਿਰ ਲੜਾਈ ਖ਼ਤਮ ਹੋਣ ਤੋਂ ਬਾਅਦ ਉਹ ਚਲੇ ਗਏ ਅਤੇ ਬਾਬੂ ਸਿੰਘ ਨੇ ਮੇਰੇ ਨੇੜੇ ਆ ਕੇ ਮੈਨੂੰ ਧਮਕੀ ਦਿੱਤੀ ਅਤੇ ਕਿਹਾ, 'ਜੇ ਤੂੰ ਸਾਡੇ ਪੱਖ 'ਚ ਗਵਾਹੀ ਨਾ ਦਿੱਤੀ ਤਾਂ ਤੇਰਾ ਕੁਛ ਕਰਨਾ ਪਏਗਾ।' ਉਸ ਵੇਲੇ ਸੇਰੇਉ ਸਿੰਘ ਵੀ ਉਥੇ ਮੌਜੂਦ ਸੀ। ਬਾਬੂ ਸਿੰਘ ਮੈਨੂੰ ਗਾਲ੍ਹਾਂ ਕੱਢਦਾ ਰਿਹਾ ਅਤੇ ਮੇਰੇ ਨਾਲ਼ ਬਦਤਮੀਜ਼ੀ ਕਰਦਾ ਰਿਹਾ, ਪਰ ਮੈਂ ਉਸ ਨੂੰ ਕਦੇ ਵੀ ਕੋਈ ਗੱਲ ਨਹੀਂ ਸੀ ਕਹੀ। ਬਾਬੂ ਸਿੰਘ ਨੇ ਫਿਰ ਕਿਹਾ, 'ਅਸੀਂ ਵੈਨਕੂਵਰ ਵਿਚ ਸਰਬ-ਸ਼ਕਤੀਮਾਨ ਹਾਂ। ਅਸੀਂ ਜੋ ਚਾਹੀਏ ਕਰ ਸਕਦੇ ਹਾਂ। ਮੇਰੇ ਪਿੱਛੇ ਸਾਰਾ ਇਮੀਗ੍ਰੇਸ਼ਨ ਵਿਭਾਗ ਹੈ। ਮੈਂ ਤੈਨੂੰ ਸੂਤ ਕਰ ਸਕਦਾ ਹਾਂ। ਤੂੰ ਕੁੱਝ ਨਹੀਂ ਕਰ ਸਕਦਾ। ਇਥੇ ਮੇਰੀ ਚੱਲਦੀ ਹੈ। ਮੈਂ ਤੁਹਾਨੂੰ ਸਾਰਿਆਂ ਨੂੰ ਸੂਤ ਕਰ ਦਿਆਂਗਾ।'

"ਬਾਬੂ ਸਿੰਘ ਕੋਲ਼ੋਂ ਵਾਪਸ ਆ ਕੇ ਮੈਂ ਇਹ ਸਭ ਕੁੱਝ ਦਿਲ 'ਤੇ ਲਾ ਲਿਆ ਅਤੇ ਸੋਚਣ ਲੱਗਾ ਕਿ ਇਹ ਸਭ ਕੁੱਝ ਰੋਕਣਾ ਹੋਵੇਗਾ। ਇਹ ਗੱਲ ਮੇਰੇ ਧੁਰ ਅੰਦਰ ਉੱਤਰ ਗਈ। ਫਿਰ ਮੈਂ ਪੁਲਿਸ ਅਦਾਲਤ ਵਿੱਚ ਗਿਆ ਤਾਂ ਮੈਂ ਸੱਚੀ ਗਵਾਹੀ ਦਿੱਤੀ। ਗਵਾਹੀ ਦੇਣ ਤੋਂ ਬਾਅਦ ਵੈਨਕੂਵਰ 'ਚ ਮੈਂ ਡਰਿਆ ਡਰਿਆ ਫਿਰਦਾ ਸਾਂ। ਫਿਰ ਮੈਂ ਇਕੱਲਾ ਸੀ ਅਤੇ ਬਾਬੂ ਸਿੰਘ ਨੂੰ ਮਿਲਿਆ। ਉਸ ਨੇ ਮੈਨੂੰ ਪੁੱਛਿਆ, 'ਭਾਈ ਸਾਹਿਬ, ਕਿੱਧਰ ਜਾ ਰਿਹੈਂ?' ਬਾਬੂ ਸਿੰਘ ਨੇ ਕਿਹਾ, 'ਤੂੰ ਕੰਮ ਕੀ ਕਰਦਾ ਹੈਂ?' ਮੈਂ ਕਿਹਾ ਕਿ 'ਮੈਂ ਦੂਰ ਰਹਿੰਦਾ ਹਾਂ ਅਤੇ ਮਾੜਾ ਮੋਟਾ ਕੰਮ ਕਰਦਾ ਹਾਂ' ਤਾਂ ਬਾਬੂ ਸਿੰਘ ਨੇ ਕਿਹਾ, 'ਜੇ ਤੂੰ ਵੈਨਕੂਵਰ 'ਚ ਘੁੰਮਦਾ ਨਜ਼ਰ ਆਇਆ ਤਾਂ ਅਸੀਂ ਤੈਨੂੰ ਮਾਰ ਦਿਆਂਗੇ। ਮੈਂ ਤੈਨੂੰ ਕਹਿੰਦਾ ਹਾਂ ਕਿ ਜੇ ਤੂੰ ਇਥੇ ਆਉਣੋਂ ਨਾ ਹਟਿਆ ਤਾਂ ਅਸੀਂ ਤੈਨੂੰ ਪਾਰ ਬੁਲਾ ਦਿਆਂਗੇ।' ਮੈਂ ਇਸ ਸਭ ਨੂੰ ਗਹਿਰਾਈ ਨਾਲ ਦਿਲ 'ਤੇ ਲਾ ਲਿਆ। ਮੈਂ ਸੋਚਿਆ ਕਿ ਮੈਨੂੰ ਜ਼ਰੂਰ ਕੁੱਝ ਕਰਨਾ ਚਾਹੀਦਾ ਹੈ। ਫਿਰ ਮੈਂ ਸੋਚਿਆ ਕਿ ਇਸ ਨਾਲੋਂ ਮਰਨਾ ਬਿਹਤਰ ਹੋਵੇਗਾ। ਮੈਂ ਮਰਦਾਂ ਵਾਂਗ ਮਰਾਂਗਾ। ਇਨ੍ਹਾਂ ਲੋਕਾਂ ਨੇ ਸਾਨੂੰ ਬੇਇੱਜ਼ਤ ਕੀਤਾ ਹੈ। ਉਹ ਸੋਚਦੇ ਹਨ ਕਿ ਅਸੀਂ ਕੁੱਝ ਵੀ ਨਹੀਂ ਹਾਂ। ਸਿੱਖ ਕੁੱਝ ਵੀ ਨਹੀਂ ਹਨ। ਸਾਡੇ ਵਿਚ ਕੱਖ ਵੀ ਨਹੀਂ ਬਚਿਆ ਹੈ। ਸਾਨੂੰ ਪੈਰਾਂ ਥੱਲੇ ਰੋਲ਼ਿਆ ਜਾਂਦਾ ਹੈ। ਕੋਈ ਜੱਜ ਸਾਡੀ ਗੱਲ ਨਹੀਂ ਸੁਣਦਾ। ਇਹ ਚਾਰੇ ਬੰਦੇ ਹੀ ਸਰਬ-ਸ਼ਕਤੀਮਾਨ ਹਨ। ਬੇਲਾ ਸਿੰਘ, ਬਾਬੂ ਸਿੰਘ ਤੋਂ ਇਲਾਵਾ ਇਥੇ ਕੋਈ ਵੀ ਕੁੱਝ ਨਹੀਂ ਕਰ ਸਕਦਾ ਅਤੇ ਮਿਸਟਰ ਹਾਪਕਿਨਸਨ। ਇਹੀ ਵਜ੍ਹਾ ਹੈ ਕਿ ਮੈਂ ਮਿਸਟਰ ਹਾਪਕਿਨਸਨ ਦਾ ਕਤਲ ਕਰ ਦਿੱਤਾ ਹੈ ਅਤੇ ਮੈਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਹੈ।

"ਹਾਪਕਿਨਸਨ ਇੱਕ ਪਾਸੇ ਸਰਕਾਰ ਅਤੇ ਦੂਜੇ ਪਾਸੇ ਸਾਡੇ ਸਿੱਖਾਂ ਲਈ ਧੋਖੇਬਾਜ਼ ਆਦਮੀ ਸੀ ਅਤੇ ਖ਼ੂਨ ਚੂਸਣ ਵਾਲੀ ਜੋਕ ਸੀ। ਉਹ ਇਕ ਪਾਸੇ ਦੋ ਜਾਂ ਤਿੰਨ ਜਣਿਆਂ ਨੂੰ ਹੱਥਾਂ 'ਤੇ ਚੜ੍ਹਾਉਂਦਾ ਅਤੇ ਉਨ੍ਹਾਂ ਨੂੰ ਸਰਕਾਰ ਦੇ ਸਾਹਮਣੇ ਆਪਣੇ ਮੋਹਰਿਆਂ ਵਜੋਂ ਭੁਗਤਾਉਂਦਾ ਸੀ। ਜੋ ਵੀ ਹਾਪਕਿਨਸਨ ਨੂੰ ਰਕਮ ਚੜ੍ਹਾਉਂਦਾ ਸੀ ਉਹ ਉਨ੍ਹਾਂ ਨੂੰ ਹੀ ਛੁਡਵਾਉਣ ਦਾ ਵਸੀਲਾ ਕਰਦਾ ਸੀ। ਉਹ ਸਰਕਾਰ ਦੇ ਵੀ ਅੱਖੀਂ ਘੱਟਾ ਪਾਉਂਦਾ ਰਿਹਾ। ਉਹ ਨਵੇਂ ਬੰਦਿਆਂ ਨੂੰ ਇੱਥੇ ਲਿਆਉਂਦਾ ਰਿਹਾ ਤੇ ਕਹਿੰਦਾ ਰਿਹਾ ਕਿ ਉਹ ਪੁਰਾਣੇ ਬੰਦੇ ਹਨ ਜੋ ਇੱਥੇ ਪਹਿਲਾਂ ਤੋਂ ਰਹਿੰਦੇ ਹਨ। ਉਹ ਸਰਕਾਰ ਅਤੇ ਸਾਨੂੰ, ਦੋਹਾਂ ਨੂੰ ਚੂਨਾ ਲਾਉਂਦਾ ਰਿਹਾ। ਸਰਕਾਰ ਨੇ ਹਾਪਕਿਨਸਨ ਦੀ ਗੱਲ ਸੁਣੀ ਅਤੇ ਕਦੇ ਵੀ ਸਾਡੇ ਵੱਲ ਕੋਈ ਧਿਆਨ ਨਹੀਂ ਦਿੱਤਾ। ਅਸੀਂ ਗਰੀਬ

ਹਾਂ, ਸਿਰਫ ਕੁਲੀ ਆਦਮੀ ਹਾਂ ਅਤੇ ਹਾਪਕਿਨਸਨ ਨੇ ਜੋ ਵੀ ਕਿਹਾ ਉਹੀ ਕਾਨੂੰਨ ਸੀ। ਸਰਕਾਰ ਨੇ ਉਸ ਦੀ ਗੱਲ ਹੀ ਪੂਰੀ ਤਰ੍ਹਾਂ ਸੁਣੀ।

"ਹਰ ਕੋਈ ਜਾਣਦਾ ਹੈ ਕਿ ਹਾਪਕਿਨਸਨ ਨੇ ਇਹ ਅੰਦਰਖਾਤੇ ਖ਼ੁਫ਼ੀਆ ਕੰਮ ਕੀਤੇ ਹਨ ਅਤੇ ਇਸ ਨੂੰ ਲੋਕਾਂ ਸਾਹਮਣੇ ਲਿਆਉਣਾ ਚਾਹੀਦਾ ਹੈ। ਯੂਰਪੀਅਨ ਜਨਤਾ ਨੂੰ ਇਸ ਤੱਥ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਹਾਪਕਿਨਸਨ ਦੇਸੀ ਗਰੀਬ ਲੋਕਾਂ ਤੋਂ ਪੈਸੇ ਬਟੋਰਦਾ ਹੈ। ਵੈਨਕੂਵਰ ਦੀ ਜਨਤਾ ਵਿਚ ਕੁੱਝ ਕੁ ਅਜਿਹੇ ਕ੍ਰਿਸਚੀਅਨ ਆਦਮੀ ਹਨ ਜਿਨ੍ਹਾਂ ਨੇ ਸਾਡਾ ਸਦ-ਭਾਵਨਾ ਨਾਲ਼ ਸੁਆਗਤ ਕੀਤਾ ਹੈ। ਪਰ ਦੂਜਿਆਂ ਨੇ ਸਾਡੇ ਨਾਲ਼ ਕੁੱਤਿਆਂ ਵਰਗਾ ਵਿਵਹਾਰ ਕੀਤਾ ਹੈ। ਦੋ ਮਹੀਨਿਆਂ ਤੋਂ ਮੈਂ ਬੇਲਾ ਸਿੰਘ ਨਾਲ਼ ਜਾਂਦਾ ਰਿਹਾ ਹਾਂ ਅਤੇ ਮਿਸਟਰ ਹਾਪਕਿਨਸਨ ਨੂੰ ਇਹ ਸਾਰੀਆਂ ਘਟੀਆ ਕਰਤੂਤਾਂ ਕਰਦੇ ਹੋਏ, ਤੇ ਪੈਸੇ ਆਦਿ ਲੈਂਦੇ ਹੋਏ ਦੇਖਿਆ ਹੈ।

"ਬੇਲਾ ਸਿੰਘ ਨਾਲ ਜਾ ਕੇ ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਮੈਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਹਾਪਕਿਨਸਨ ਇਹ ਕੁਕਰਮ ਕਰਦਾ ਸੀ, ਪਰ ਹੁਣ ਮੈਂ ਜਾਣਦਾ ਹਾਂ ਕਿ ਇਹ ਇਕ ਸੱਚਾਈ ਹੈ। ਮੈਨੂੰ ਅਤੇ ਦੁਨੀਆਂ ਵਿਚ ਕਿਸੇ ਨੂੰ ਵੀ ਨਹੀਂ ਪਤਾ ਸੀ ਕਿ ਵੈਨਕੂਵਰ ਵਿਚ ਕਿਹੜੇ ਕਿਹੜੇ ਮਾੜੇ ਵਿਵਹਾਰ ਹੋਏ ਹਨ ਅਤੇ ਇਸ ਕਰ ਕੇ ਕਿਸੇ ਦੀ ਮਦਦ ਜਾਂ ਸੁਝਾਅ ਤੋਂ ਬਿਨਾਂ ਮੈਂ ਮਿਸਟਰ ਹਾਪਕਿਨਸਨ ਦਾ ਕਤਲ ਕੀਤਾ ਹੈ।

"ਸਿੱਖ ਗੁਰਦੁਆਰੇ ਵਿਚ ਸਾਡੀਆਂ ਜੋ ਵੀ ਮੀਟਿੰਗਾਂ ਹੋਈਆਂ, ਉਹ ਹੇਠਲੀ ਮੰਜ਼ਲ ਵਿਚ ਹੁੰਦੀਆਂ ਸਨ, ਅਤੇ ਜਿੱਥੇ ਅਸੀਂ ਹਮੇਸ਼ਾ ਇਸ ਬਾਰੇ ਚਰਚਾ ਕਰਦੇ ਸੀ ਕਿ ਸਾਨੂੰ ਆਪਣੀਆਂ ਪਤਨੀਆਂ ਨੂੰ ਇੱਥੇ ਰੱਖਣ ਦੀ ਆਗਿਆ ਕਿਉਂ ਨਹੀਂ ਦਿੱਤੀ ਗਈ ਸੀ। ਪਰ ਇਸ ਬਾਰੇ ਕਦੇ ਵੀ ਸਿਖਰਲੀ ਮੰਜ਼ਲ 'ਤੇ ਗੱਲ ਨਹੀਂ ਕੀਤੀ ਗਈ ਸੀ, ਜਿੱਥੇ ਗੋਲ਼ੀ ਚੱਲੀ ਸੀ। ਉਸ ਗੋਲ਼ੀਬਾਰੀ ਨੇ ਗੁਰਦੁਆਰੇ ਨੂੰ ਬਦਨਾਮ ਕਰ ਦਿੱਤਾ। ਮਿਸਟਰ ਹਾਪਕਿਨਸਨ ਸਾਡੇ ਲਈ ਇਹ ਸਾਰੇ ਮੁਕੱਦਮੇ ਅਤੇ ਮੁਸੀਬਤਾਂ ਲੈ ਕੇ ਆਇਆ ਹੈ, ਅਤੇ ਸਾਡਾ ਪੈਸਾ ਸਰਕਾਰ ਕੋਲ਼ ਲੈ ਗਿਆ ਹੈ ਅਤੇ ਸਾਨੂੰ ਲਗਭਗ ਬਿਨਾਂ ਰੋਟੀ ਦੇ ਛੱਡ ਗਿਆ ਹੈ ਅਤੇ ਇਹ ਸਭ ਕੁੱਝ ਮਿਸਟਰ ਹਾਪਕਿਨਸਨ ਦੀ ਵਜ੍ਹਾ ਕਰ ਕੇ ਹੋਇਆ ਹੈ।

"ਇਹ ਸਭ ਕੁੱਝ ਦੇਖਣ ਤੋਂ ਬਾਅਦ ਮੈਂ ਮਿਸਟਰ ਹਾਪਕਿਨਸਨ ਨੂੰ ਗੋਲ਼ੀ ਮਾਰ ਦਿੱਤੀ। ਇਹ ਵੈਨਕੂਵਰ ਦੀ ਜਨਤਾ ਨੂੰ ਇਸ ਮਾਮਲੇ ਦੀ ਸੱਚਾਈ ਅਤੇ ਸਾਡੇ ਦੁੱਖਾਂ ਦੀ ਅਸਲੀਅਤ ਦਿਖਾਉਣ ਲਈ ਹੈ ਅਤੇ ... ਬੇਲਾ ਸਿੰਘ, ਤੇ ਬਾਬੂ ਸਿੰਘ।

"ਵੈਨਕੂਵਰ ਦੀ ਜਨਤਾ ਨੂੰ .... ਅਤੇ ਬਾਬੂ ਸਿੰਘ ਵਰਗਿਆਂ ਦੀ ਗੱਲ ਸੁਣਨ ਦਾ ਕੋਈ ਫਾਇਦਾ ਨਹੀਂ ਹੈ। ਜੇ ਉਹ ਉਨ੍ਹਾਂ ਦੀ ਗੱਲ ਸੁਣਦੇ ਹਨ ਤਾਂ ਸਾਡੇ ਨਾਲ ਕੋਈ ਨਿਆਂ ਨਹੀਂ ਹੋ ਸਕਦਾ, ਅਤੇ ਨਿਆਂ ਦੇ ਕਾਰਜ ਵਿੱਚ ਮੈਂ ਚਾਹੁੰਦਾ ਹਾਂ ਕਿ ਇਹ ਗੱਲ ਖੁੱਲ੍ਹ ਕੇ ਲੋਕਾਂ ਸਾਹਮਣੇ ਲਿਆਂਦੀ ਜਾਵੇ ਤਾਂ ਜੋ ਸਿੱਖਾਂ ਦੀ ਮੱਦਦ ਕੀਤੀ ਜਾ ਸਕੇ। ਜੇ ਉਹ ਬਾਬੂ ਸਿੰਘ ਦੀ ਗੱਲ ਸੁਣਦੇ ਹਨ ਤਾਂ ਮੁਸੀਬਤ ਜਾਰੀ ਰਹੇਗੀ। ਇਸੇ ਲਈ ਮੈਂ ਮਿਸਟਰ ਹਾਪਕਿਨਸਨ ਦੀ ਜਾਨ ਲੈ ਲਈ ਹੈ ਅਤੇ ਮੈਂ ਆਪਣੀ ਜਾਨ ਦੇ ਦੇਵਾਂਗਾ। ਇਹ ਮੁਸੀਬਤ ਕਦੇ ਵੀ ਖ਼ਤਮ ਨਹੀਂ ਹੋਵੇਗੀ ਜਦੋਂ ਤੱਕ ਕਿ ਸਰਕਾਰ ਅਤੇ ਪੁਲਿਸ ਬਾਬੂ ਸਿੰਘ ਵਰਗਿਆਂ ਦੀਆਂ ਕਹਾਣੀਆਂ ਨੂੰ ਸੁਣਦੇ ਹਨ। ਮੇਰੀ ਇੱਛਾ ਹੈ ਕਿ, ਮੈਂ ਮੇਵਾ ਸਿੰਘ, ਇਹ ਗੱਲ ਸਾਫ਼ ਕਰਨਾ ਲੋਚਦਾ ਹਾਂ।

"ਮੈਂ ਚਾਹੁੰਦਾ ਹਾਂ ਕਿ ਚਾਰ ਈਸਾਈ ਪਾਦਰੀ ਮੇਰੇ ਨਾਲ ਗੱਲ ਕਰਨ ਅਤੇ ਮੈਂ ਉਨ੍ਹਾਂ ਨੂੰ ਆਪਣੇ ਪਵਿੱਤਰ ਗ੍ਰੰਥ ਵਿਚੋਂ ਦਿਖਾਵਾਂਗਾ ਕਿ ਇਸ ਬੱਜਰ ਗ਼ਲਤੀ ਨੂੰ ਠੀਕ ਕਰਨ ਲਈ ਮੈਂ ਜੋ ਕਾਰਵਾਈ ਕੀਤੀ ਹੈ, ਉਹ ਉਸ ਗ੍ਰੰਥ ਵਿਚ ਦਰਜ ਹੈ, ਕਿਉਂਕਿ ਮੈਂ ਰੱਬ ਤੋਂ ਡਰਨ ਵਾਲਾ ਆਦਮੀ ਹਾਂ, ਅਤੇ ਇਸ ਵਿਚਾਰ ਨਾਲ ਹੀ ਮੈਂ ਸਹੀ ਕਾਰਵਾਈ ਕੀਤੀ ਹੈ, ਅਤੇ ਮੈਂ ਉਨ੍ਹਾਂ ਨੂੰ ਗ੍ਰੰਥ ਸਾਹਿਬ ਵਿਚੋਂ ਪੜ੍ਹ ਕੇ ਦੱਸਾਂਗਾ ਅਤੇ ਉਨ੍ਹਾਂ ਨੂੰ ਦਿਖਾਵਾਂਗਾ ਕਿ ਇਹ ਸਾਰਾ ਕੁੱਝ ਗ਼ਲਤ ਕਿਵੇਂ ਹੈ। ਮੈਨੂੰ ਉਸ ਦੁਸ਼ਟ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ ਜੋ ਇਸ ਤਰ੍ਹਾਂ ਦੇ ਕੁਕਰਮ ਕਰਦਾ ਹੈ, ਤਾਂ ਜੋ ਬਾਕੀ ਭਾਈਚਾਰੇ ਨੂੰ ਮੁਸੀਬਤ ਤੋਂ ਬਚਾਇਆ ਜਾ ਸਕੇ। ਇਸੇ ਲਈ ਇਹ ਕਰਮ ਕੀਤਾ ਗਿਆ ਹੈ।

"ਮੈਂ ਹਮੇਸ਼ਾਂ ਗ੍ਰੰਥ ਸਾਹਿਬ ਵਿਚੋਂ ਅੰਮ੍ਰਿਤ ਵੇਲ਼ੇ ਤਿੰਨ ਬਾਣੀਆਂ ਅਤੇ ਸੰਧਿਆ ਵੇਲ਼ੇ ਦੋ ਬਾਣੀਆਂ ਪੜ੍ਹੀਆਂ ਹਨ, ਕਦੇ ਝੂਠ ਨਹੀਂ ਬੋਲਿਆ। ਸ੍ਰੀ ਗ੍ਰੰਥ ਸਾਹਿਬ ਖ਼ਾਤਰ ਮੈਂ ਇਹ ਸਾਰਾ ਕੰਮ ਕੀਤਾ ਸੀ। ਮੈਂ ਬੁਰਿਆਈ ਨੂੰ ਵੇਖ ਕੇ ਬਰਦਾਸ਼ਤ ਨਹੀਂ ਕਰ ਸਕਿਆ।

"ਇਸੇ ਲਈ ਮੈਂ ਇਸ ਬੁਰਿਆਈ ਨੂੰ ਖ਼ਤਮ ਕਰਨ ਲਈ ਆਪਣੇ ਆਪ ਨੂੰ ਨਿਸ਼ਾਵਰ ਕੀਤਾ ਹੈ। ਮੈਂ ਇੱਕ ਨੇਕ ਆਦਮੀ ਹਾਂ; ਮੇਰੀ ਕੋਈ ਪਤਨੀ ਨਹੀਂ ਹੈ। ਮੇਰੇ ਪਿੱਛੇ ਇਮੀਗ੍ਰੇਸ਼ਨ ਵਿਭਾਗ ਨਹੀਂ ਹੈ, ਨਾ ਹੀ ਮੇਰੇ ਪਿੱਛੇ ਕਮੇਟੀ ਹੈ, ਅਤੇ ਮੈਂ ਸ਼ੁਭ-ਕਰਮਣ ਲਈ ਆਪਣੇ ਆਪ ਨੂੰ ਨਿਸ਼ਾਵਰ ਕਰ ਦਿੱਤਾ ਹੈ।"

"ਅਕਤੂਬਰ 1914"

*ਗ੍ਰੰਥ ਸਾਹਿਬ (ਸਿੱਖ ਬਾਈਬਲ)

ਪੋਸਟ ਸਕ੍ਰਿਪਟ: 11 ਜਨਵਰੀ, 1915 ਨੂੰ ਭਾਰੀ ਬਾਰਸ਼ ਅਤੇ ਕੜਾਕੇ ਦੀ ਸਰਦੀ ਦੇ ਬਾਵਜੂਦ ਨਿਊ ਵੈਸਟਮਿਨਸਟਰ ਜੇਲ੍ਹ ਦੇ ਬਾਹਰ ਤਕਰੀਬਨ 400 ਸਿੱਖ ਇਕੱਠੇ ਹੋਏ, ਜਿੱਥੇ ਭਾਈ ਮੇਵਾ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ। ਫਾਂਸੀ ਦੇਣ ਤੋਂ ਬਾਅਦ ਭਾਈ ਮੇਵਾ ਸਿੰਘ ਦੀ ਮਿਰਤਕ ਦੇਹ ਨੂੰ ਹਾਜ਼ਰ ਸਿੱਖ ਸੰਗਤਾਂ ਦੇ ਸਪੁਰਦ ਕਰ ਦਿੱਤਾ ਗਿਆ। ਉਥੋਂ ਤਕਰੀਬਨ 400 ਸਿੱਖਾਂ ਦਾ ਜਲੂਸ ਸ਼ਹੀਦ ਦੀ ਅਰਥੀ ਨਾਲ਼ ਚਲਦਿਆਂ ਚਾਰ ਮੀਲ ਦੂਰ ਫਰੇਜ਼ਰ ਮਿੱਲ ਵਿਖੇ ਪਹੁੰਚਿਆ, ਜਿੱਥੇ ਸਿੱਖ ਮਰਿਯਾਦਾ ਅਨੁਸਾਰ ਭਾਈ ਮੇਵਾ ਸਿੰਘ ਦਾ ਅੰਤਿਮ ਸੰਸਕਾਰ ਕੀਤਾ ਗਿਆ। ਸ਼ਹਾਦਤ ਵਾਲ਼ੇ ਦਿਨ (11 ਜਨਵਰੀ, 1915), ਸਟਾਕਟਨ, ਕੈਲੇਫ਼ੋਰਨੀਆਂ ਦੇ ਗੁਰਦੁਆਰੇ ਵਿਖੇ ਸਿੱਖ-ਸੰਗਤਾਂ ਨੇ ਸਹਿਜ ਪਾਠ ਦੇ ਭੋਗ ਪਾਏ। ਫਾਂਸੀ ਤੋਂ ਇਕ ਸਾਲ ਬਾਅਦ 11 ਜਨਵਰੀ 1916 ਨੂੰ ਗ਼ਦਰ ਪਾਰਟੀ ਦੇ ਇਨਕਲਾਬੀ ਪਰਚਿਆਂ ਵਿਚ ਉਨ੍ਹਾਂ ਦੀ ਸ਼ਹੀਦੀ ਦੀ ਤਾਰੀਫ਼ ਕੀਤੀ ਗਈ। ਕੈਨੇਡਾ ਦੇ ਭਾਰਤੀ ਭਾਈਚਾਰੇ ਨੇ ਸ਼ਹੀਦ ਦੀ ਪਹਿਲੀ ਬਰਸੀ ਫ਼ਰੇਜ਼ਰ ਮਿੱਲ ਗੁਰਦੁਆਰੇ ਵਿਖੇ ਮਨਾਈ। ਉਦੋਂ ਤੋਂ ਲੈ ਕੇ ਹੁਣ ਤੱਕ ਹਰ ਸਾਲ ਜਨਵਰੀ ਵਿਚ ਗ੍ਰੇਟਰ ਵੈਨਕੂਵਰ, ਅਤੇ ਕੈਨੇਡਾ ਅਮਰੀਕਾ ਦੇ ਬਾਕੀ ਗੁਰਦਵਾਰਿਆਂ ਵਿਚ ਸ਼ਹੀਦ ਦੀ ਬਰਸੀ ਬਾਕਾਇਦਗੀ ਨਾਲ਼ ਮਨਾਈ ਜਾਂਦੀ ਹੈ। ਖ਼ਾਲਸਾ ਦੀਵਾਨ ਸੁਸਾਇਟੀ ਦੇ ਰੌਸ ਸਟਰੀਟ ਗੁਰਦੁਆਰੇ ਦੇ ਲੰਗਰ ਹਾਲ ਦਾ ਨਾਂ 'ਸ਼ਹੀਦ ਭਾਈ ਮੇਵਾ ਸਿੰਘ ਹਾਲ' ਰੱਖਿਆ ਗਿਆ ਹੈ। ਅਕਾਲੀ ਸਿੰਘ ਸਿੱਖ ਸੁਸਾਇਟੀ ਦੇ ਗੁਰਦੁਆਰੇ ਵਿਚ ਸ਼ਹੀਦ ਭਾਈ ਮੇਵਾ ਸਿੰਘ ਲਾਇਬ੍ਰੇਰੀ ਸਥਾਪਿਤ ਕੀਤੀ ਗਈ ਹੈ। ਕੈਨੇਡਾ ਸਰਕਾਰ ਨੇ ਅੱਜ ਤੱਕ ਭਾਈ ਮੇਵਾ ਸਿੰਘ ਨੂੰ ਸ਼ਹੀਦ ਨਹੀਂ ਸਵੀਕਾਰਿਆ, ਪਰ ਕੈਨੇਡਾ-ਅਮਰੀਕਾ ਦੇ ਸਮੁੱਚੇ ਭਾਰਤੀਆਂ ਲਈ ਭਾਈ ਮੇਵਾ ਸਿੰਘ ਕੌਮੀ ਸ਼ਹੀਦ ਹਨ ਤੇ ਉਹ ਉਨ੍ਹਾਂ ਦੇ ਦਿਲਾਂ ਅੰਦਰ ਵਸੇ ਹੋਏ ਹਨ।

**ਧੰਨਵਾਦ ਸਹਿਤ ਰੈਫ਼ਰੈਂਸ / ਹਵਾਲੇ:**

(1*) ਸੋਹਣ ਸਿੰਘ ਪੂੰਨੀ "ਕਨੇਡਾ ਦੇ ਗਦਰੀ ਯੋਧੇ" ਜਨਵਰੀ 2011;

(2*) Hugh J. M. Johnston ÒThe Voyage of the Komagata Maru: The Sikh Challenge to CanadaÕs Colour Bar Expanded and Fully Revised Edition; Johnston, Hugh (2014). ''Assassination: An Ending and a Beginning";

(3*) https://en.wikipedia.org/wiki/Mewa-Singh-Lopoke; and

(4*) Statement read for Meva Singh by his lawyer at his trial of October 30, 1914, Trial Transcript

# ਹੋਰ ਵੀ ਸਖ਼ਤ ਚੁਣੌਤੀਆਂ ਅਤੇ ਸੰਭਾਵਨਾਵਾਂ ਦਰਮਿਆਨ ਨਵੇਂ ਵਰ੍ਹੇ ਦੀ ਆਮਦ

ਲਮਕਾ ਰਹੀਆਂ ਹਨ ਅਤੇ ਇਸ ਦੀ ਮਾਰ ਆਮ ਲੋਕਾਂ ਉੱਪਰ ਪੈ ਰਹੀ ਹੋਣ ਕਰਕੇ ਸਾਮਰਾਜੀ-ਸਰਮਾਏਦਾਰੀ ਦੇ ਮੋਹਰੀ ਮੁਲਕਾਂ 'ਚ ਵੀ ਸਮਾਜੀ ਬੇਚੈਨੀ ਅਤੇ ਸਰਕਾਰਾਂ ਦਾ ਵਿਰੋਧ ਵਧ ਰਿਹਾ ਹੈ। ਜਿਸ ਦਾ ਪ੍ਰਗਟਾਵਾ ਪਿਛਲੇ ਦਿਨੀਂ ਅਮਰੀਕਾ, ਬਰਤਾਨੀਆ, ਫਰਾਂਸ ਵਗੈਰਾ 'ਚ ਹੋਈਆਂ ਰੇਲ ਕਾਮਿਆਂ ਦੀਆਂ ਹੜਤਾਲਾਂ ਦੀ ਸ਼ਕਲ 'ਚ ਹੋਇਆ ਹੈ। ਸਰਮਾਏਦਾਰੀ ਦੇ ਲੋਟੂ ਹਿਤਾਂ ਤੇ ਮੁਨਾਫ਼ਿਆਂ ਦੀ ਰਾਖੀ ਲਈ ਹੜਤਾਲਾਂ ਨੂੰ ਰੋਕਣ ਅਤੇ ਕੁਚਲਣ ਲਈ ਇਨ੍ਹਾਂ ਮੁਲਕਾਂ ਦੀਆਂ ਹਕੂਮਤਾਂ ਵੱਲੋਂ ਅਪਣਾਏ ਜਾਬਰ ਤਰੀਕਿਆਂ ਨੇ ਇਨ੍ਹਾਂ ਦਾ ਲੋਕਤੰਤਰੀ ਮੁਖੌਟਾ ਇਕ ਵਾਰ ਫਿਰ ਲੀਰੋ ਲੀਰ ਕਰ ਦਿੱਤਾ ਹੈ। ਆਉਣ ਵਾਲੇ ਦਿਨਾਂ 'ਚ ਆਰਥਕ ਸੰਕਟ ਦੇ ਹੋਰ ਤਿੱਖਾ ਹੋਣ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਹੋਰ ਵੀ ਵਿਰਾਟ ਰੂਪ ਅਖ਼ਤਿਆਰ ਕਰੇਗੀ, ਸਮਾਜੀ ਬੇਚੈਨੀ ਨੂੰ ਦਬਾਉਣ ਲਈ ਸਰਮਾਏਦਾਰੀ ਰਾਜ ਹੋਰ ਵੀ ਤਿੱਖੇ ਜਾਬਰ ਢੰਗ-ਤਰੀਕੇ ਅਪਣਾਉਣਗੇ। ਸਰਮਾਏਦਾਰੀ ਪ੍ਰਬੰਧ ਮਨੁੱਖ ਦੀ ਜ਼ਿੰਦਗੀ ਨੂੰ ਡਿਜੀਟਲ ਤਕਨੀਕ ਅਤੇ ਗੁੰਮਰਾਹਕੁਨ ਸੂਚਨਾ ਦੇ ਪਸਾਰੇ ਰਾਹੀਂ ਕੰਟਰੋਲ ਕਰਨ ਵਾਲੇ ਜਾਸੂਸੀ ਰਾਜ 'ਚ ਬਦਲ ਚੁੱਕਾ ਹੈ ਅਤੇ ਇਹ ਸੀਮਤ ਆਜ਼ਾਦੀਆਂ, ਜਮਹੂਰੀ ਹੱਕਾਂ ਨੂੰ ਵੀ ਖ਼ਤਮ ਕਰ ਰਿਹਾ ਹੈ। ਨਸਲਵਾਦ ਦੀਆਂ ਪੈਰੋਕਾਰ ਘੋਰ ਪਿਛਾਖੜੀ ਤਾਕਤਾਂ ਇਨ੍ਹਾਂ ਹਾਲਾਤ ਦੀ ਵਰਤੋਂ ਆਪਣੇ ਪਿਛਾਖੜੀ ਏਜੰਡਿਆਂ ਨੂੰ ਅੱਗੇ ਵਧਾਉਣ ਲਈ ਕਰਨਗੀਆਂ, ਹੁਕਮਰਾਨ ਗੁੱਟ ਨਸਲੀ ਭੇਦਭਾਵ ਨੂੰ ਭੜਕਾਉਣਗੇ ਅਤੇ ਆਵਾਸੀ ਕਾਮਿਆਂ ਪ੍ਰਤੀ ਨਸਲੀ ਨਫ਼ਰਤ ਜ਼ੋਰ ਫੜ੍ਹੇਗੀ। ਸਰਮਾਏਦਾਰੀ ਸਟੇਟ ਦਾ ਖ਼ੂੰਖ਼ਾਰ ਰੂਪ ਹੋਰ ਵੀ ਉੱਘੜਕੇ ਸਾਹਮਣੇ ਆਵੇਗਾ।

ਭਾਰਤ ਵਿਚ ਹਿੰਦੂਤਵ ਫਾਸ਼ੀਵਾਦੀ ਹਕੂਮਤ ਦਾ ਰਾਜ ਇਕ ਪਾਸੇ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਰਾਹੀਂ ਆਮ ਲੋਕਾਂ ਨੂੰ ਦਰੜ ਰਿਹਾ ਹੈ ਉੱਥੇ ਦੂਜੇ ਪਾਸੇ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਤਹਿਤ ਸੱਤਾ ਦੇ ਕੇਂਦਰੀਕਰਨ ਰਾਹੀਂ ਕੇਂਦਰ ਦੀ ਰਾਜਾਂ ਉੱਪਰ ਜਕੜ ਹੋਰ ਪੀਡੀ ਕੀਤੀ ਜਾ ਰਹੀ ਹੈ ਅਤੇ ਨਾਮਨਿਹਾਦ ਸੰਘੀ ਢਾਂਚੇ ਦਾ ਭੋਗ ਪਾ ਕੇ ਰਾਜਾਂ ਦੀ ਸੰਘੀ ਹੋਰ ਜ਼ਿਆਦਾ ਘੁੱਟੀ ਜਾ ਰਹੀ ਹੈ। ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਜ਼ਹਿਰੀਲੀ ਫਿਰਕੂ ਨਫ਼ਰਤ, ਹਿੰਸਾ ਅਤੇ ਹਮਲੇ ਹੋਰ ਬੇਕਿਰਕ ਹੋ ਰਹੇ ਹਨ। ਭਗਵੇਂ ਸਾਧ-ਸਾਧਵੀਆਂ ਹਿੰਦੂਆਂ ਨੂੰ ਮੁਸਲਮਾਨਾਂ ਦੇ ਕਤਲ ਕਰਨ ਅਤੇ ਹਥਿਆਰ ਜਮਾਂ੍ਹ ਕਰਨ ਲਈ ਲਗਾਤਾਰ ਉਕਸਾ ਰਹੇ ਹਨ। ਮੁਸਲਮਾਨਾਂ ਨੂੰ ਨਮਾਜ਼ ਪੜ੍ਹਨ ਤੋਂ ਰੋਕਣ, ਉਨ੍ਹਾਂ 'ਚ ਡਰ ਤੇ ਦਹਿਸ਼ਤ ਪਾਉਣ ਲਈ ਹਿੰਸਕ ਕਾਰਵਾਈਆਂ ਕਰਨ ਅਤੇ ਈਸਾਈਆਂ ਦੇ ਸਮਾਗਮਾਂ 'ਚ ਖ਼ਲਲ ਪਾਉਣ ਦੀਆਂ ਲਗਾਤਾਰ ਰਿਪੋਰਟਾਂ ਆ ਰਹੀਆਂ ਹਨ ਜੋ ਦਿਨੋ-ਦਿਨ ਹਾਲਾਤਾਂ ਦੇ ਵਧੇਰੇ ਖ਼ਤਰਨਾਕ ਬਣਦੇ ਜਾਣ ਦੀਆਂ ਸੂਚਕ ਹਨ। ਭਾਵੇਂ ਇਤਿਹਾਸਕ ਕਿਸਾਨ ਅੰਦੋਲਨ ਰਾਹੀਂ ਕਿਸਾਨਾਂ ਨੇ ਮੋਦੀ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ ਪਰ ਇਹ ਉਨ੍ਹਾਂ ਹੀ ਕਾਨੂੰਨਾਂ ਨੂੰ, ਉਨ੍ਹਾਂ ਹੀ ਕਾਰਪੋਰੇਟ ਪੱਖੀ ਖੇਤੀ ਨੀਤੀਆਂ ਨੂੰ ਕਿਸੇ ਹੋਰ ਰੂਪ 'ਚ ਥੋਪਣ ਦੀ ਤਾਕ 'ਚ ਹੈ। ਆਦਿਵਾਸੀਆਂ ਅਤੇ ਕਿਸਾਨੀ ਤੋਂ ਸਿਵਾਏ ਕਿਸੇ ਹੋਰ ਹਿੱਸੇ ਵਲੋਂ ਕਾਰਪੋਰੇਟ ਸਰਮਾਏਦਾਰੀ ਦੀ ਇਸ ਦਲਾਲ ਹਕੂਮਤ ਦੀ ਅੰਨ੍ਹੀ ਧੁੱਸ ਨੂੰ ਠੱਲ ਪਾਉਣ ਵਾਲਾ ਅਸਰਦਾਰ ਅਵਾਮੀ ਵਿਰੋਧ ਨਹੀਂ ਹੋ ਰਿਹਾ ਜਿਸ ਕਰਕੇ ਇਹ ਫਾਸ਼ੀਵਾਦੀ ਜੁੰਡਲੀ ਵਿਕਾਸ ਦੇ ਨਾਂ ਹੇਠ ਵੱਡਮੁੱਲੇ ਸਰਕਾਰੀ ਅਦਾਰੇ ਅਤੇ ਮੁਲਕ ਦੇ ਕੁਦਰਤੀ ਵਸੀਲੇ ਆਪਣੇ ਲੰਗੋਟੀਏ ਕਾਰਪੋਰੇਟ ਘਰਾਣਿਆਂ ਨੂੰ ਧੜਾਧੜ ਵੇਚਣ 'ਚ ਕਾਮਯਾਬ ਹੋ ਰਹੀ ਹੈ। ਆਰ.ਐੱਸ.ਐੱਸ.-ਭਾਜਪਾ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਅਤੇ ਪੰਜਾਬ ਵਿਚ ਚੋਣ ਰੈਲੀਆਂ ਕਰਨ ਤੁਰੇ ਮੋਦੀ ਨੂੰ ਕਿਸਾਨਾਂ ਵੱਲੋਂ ਰਾਹ ਚੋਂ ਮੁੜਨ ਲਈ ਮਜਬੂਰ ਕਰਨ ਦੀ ਨਮੋਸ਼ੀ ਭੁੱਲੀ ਨਹੀਂ ਹੈ ਅਤੇ ਇਹ ਪੰਜਾਬ ਦੇ ਲੋਕਾਂ ਨੂੰ ਸਬਕ ਸਿਖਾਉਣ ਲਈ ਤਰਲੋਮੱਛੀ ਹੋ ਰਹੇ ਹਨ। ਸੰਘਰਸ਼ਸ਼ੀਲ ਲੋਕਾਂ ਲਈ ਇਹ ਬਹੁਤ ਹੀ ਸੁਚੇਤ ਅਤੇ ਚੁਕੰਨੇ ਰਹਿਣ ਦਾ ਸਮਾਂ ਹੈ।

2024 'ਚ ਮੁਲਕ 'ਚ ਆਮ ਚੋਣਾਂ ਹੋਣਗੀਆਂ ਅਤੇ 2025 'ਚ ਆਰ.ਐੱਸ.ਐੱਸ. ਦੀ ਸਥਾਪਨਾ ਦਾ ਸੌਵਾਂ ਵਰ੍ਹਾ ਹੈ। ਆਰ.ਐੱਸ.ਐੱਸ-ਭਾਜਪਾ ਨੂੰ ਪਤਾ ਹੈ ਕਿ ਪਾਰਲੀਮੈਂਟਰੀ ਵਿਰੋਧੀ-ਧਿਰ ਕੋਲੋਂ ਇਸ ਨੂੰ ਕੋਈ ਖ਼ਤਰਾ ਨਹੀਂ ਹੈ, ਇਸ ਨੂੰ ਅਸਲੀ ਚੁਣੌਤੀ ਮਾਓਵਾਦੀ ਰਸੂਖ਼ ਵਾਲੇ ਆਦਿਵਾਸੀ ਇਲਾਕਿਆਂ ਦੀ ਟਾਕਰਾ ਲਹਿਰ, ਕਸ਼ਮੀਰ ਤੇ ਉੱਤਰ-ਪੂਰਬ ਦੇ ਕੌਮੀਅਤ ਅੰਦੋਲਨਾਂ ਅਤੇ ਮਜ਼ਦੂਰਾਂ-ਕਿਸਾਨਾਂ ਦੇ ਜਮਾਤੀ ਚੇਤਨਾ ਵਾਲੇ ਸੰਘਰਸ਼ਾਂ ਤੋਂ ਹੈ। ਟਾਕਰਾ ਸੰਘਰਸ਼ਾਂ ਵਿਰੁੱਧ ਮੁਲਕ ਦੀ ਨੀਮ-ਫ਼ੌਜੀ ਤਾਕਤ ਅਤੇ ਪੁਲਿਸ ਤਾਕਤ ਦਾ ਜ਼ਿਆਦਾਤਰ ਹਿੱਸਾ ਝੋਕਣ ਦੇ ਬਾਵਜੂਦ ਇਸ ਨੂੰ ਇੱਛਤ ਕਾਮਯਾਬੀ ਨਹੀਂ

(ਸਫ਼ਾ 1 ਦੀ ਬਾਕੀ)

ਮਿਲ ਰਹੀ। ਲਿਹਾਜ਼ਾ ਨਵਾਂ ਚੜ੍ਹ ਰਿਹਾ ਸਾਲ ਸੰਘ ਬਰਗੇਡ ਲਈ ਆਪਣੇ ਹਿੰਦੂ ਰਾਸ਼ਟਰ ਦੇ ਟੀਚੇ ਨੂੰ ਅੱਗੇ ਵਧਾਉਣ ਅਤੇ ਘੱਟਗਿਣਤੀਆਂ ਨੂੰ ਦਬਾਉਣ ਅਤੇ ਸੱਤਾ ਲਈ ਚੁਣੌਤੀ ਬਣ ਰਹੇ ਆਕੀ ਅੰਦੋਲਨਾਂ ਅਤੇ ਬੌਧਿਕ ਤਾਕਤਾਂ ਨੂੰ ਕੁਚਲਣ ਪੱਖੋਂ ਬਹੁਤ ਮਹੱਤਵਪੂਰਨ ਹੈ। ਨਵੇਂ ਸਾਲ 'ਚ ਜਿੱਥੇ ਫਾਸ਼ੀਵਾਦੀ ਹਮਲਾ ਤਿੱਖਾ ਹੋਵੇਗਾ ਉੱਥੇ ਇਸ ਵਿਰੁੱਧ ਲੋਕਾਂ ਦੇ ਵੱਖ-ਵੱਖ ਹਿੱਸਿਆਂ ਦਾ ਵਿਰੋਧ ਵੀ ਜ਼ੋਰ ਫੜ੍ਹੇਗਾ। ਚੋਟੀ ਦੇ ਲੋਕਪੱਖੀ ਬੁੱਧੀਜੀਵੀਆਂ ਨੂੰ ਜੇਲ੍ਹਾਂ 'ਚ ਸਾੜ ਕੇ ਪਾਈ ਦਹਿਸ਼ਤ ਆਖ਼ਿਰਕਾਰ ਚਕਨਾਚੂਰ ਹੋਵੇਗੀ।

ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਦਾ ਮੱਥਾ ਜਿੱਥੇ ਫਾਸ਼ੀਵਾਦੀ ਕੇਂਦਰੀ ਹਕੂਮਤ ਨਾਲ ਲੱਗਿਆ ਹੋਇਆ ਹੈ ਉੱਥੇ ਲੜਾਈ ਦਾ ਇਕ ਮੋਰਚਾ ਪੰਜਾਬ ਵਿਚ ਨਵੀਂ 'ਬਦਲਾਅ ਵਾਲੀ' ਸਥਾਨਕ ਹਕੂਮਤ ਨਾਲ ਵੀ ਲੱਗ ਚੁੱਕਾ ਹੈ। ਮੋਦੀ ਸਰਕਾਰ ਵੱਲੋਂ ਭਾਖੜਾ-ਬਿਆਸ ਇੰਤਜ਼ਾਮੀਆ ਬੋਰਡ ਵਿਚ ਪੰਜਾਬ ਦੀ ਦਾਅਵੇਦਾਰੀ ਦਾ ਭੋਗ ਪਾਏ ਜਾਣ, ਐੱਸ.ਵਾਈਐੱਲ ਅਤੇ ਪੰਜਾਬ ਦੇ ਪਾਣੀਆਂ ਦੇ ਹੱਕ ਉੱਪਰ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ, ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ 50 ਕਿਲੋਮੀਟਰ ਤੱਕ ਵਧਾ ਕੇ ਅਤੇ ਕੌਮੀ ਜਾਂਚ ਏਜੰਸੀ ਦੇ ਦਫ਼ਤਰ ਖੋਲ੍ਹ ਕੇ ਕੇਂਦਰ ਦੀ ਪੰਜਾਬ ਵਿਚ ਦਖ਼ਲਅੰਦਾਜ਼ੀ ਵਧਾਏ ਜਾਣ, ਹਰਿਆਣਾ ਵੱਲੋਂ ਆਪਣੀ ਵਿਧਾਨ ਸਭਾ ਦੀ ਨਵੀਂ ਇਮਾਰਤ ਲਈ ਚੰਡੀਗੜ੍ਹ ਵਿਚ ਜਗ੍ਹਾ ਮੰਗਣ ਵਰਗੇ ਕਿਸੇ ਵੀ ਮਹੱਤਵਪੂਰਨ ਸਵਾਲ ਉੱਪਰ ਭਗਵੰਤ ਮਾਨ ਵਜ਼ਾਰਤ ਪੰਜਾਬ ਦੇ ਹਿਤਾਂ ਲਈ ਡੱਟ ਕੇ ਨਹੀਂ ਖੜ੍ਹੀ। ਵਿਚਾਰਧਾਰਕ ਤੌਰ 'ਤੇ ਇਹ ਕੇਂਦਰਕ੍ਰਿਤ ਸੱਤਾ ਦੀ ਪੈਰੋਕਾਰ ਹੈ ਅਤੇ ਇਹ ਫੈਡਰਲ ਢਾਂਚੇ ਲਈ ਕਦੇ ਵੀ ਨਹੀਂ ਖੜ੍ਹੇਗੀ।

ਨੌਂ ਮਹੀਨੇ 'ਚ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲੀ 'ਬਦਲਾਅ ਦੀ ਸਿਆਸਤ' ਦਾ ਅਸਲ ਚਿਹਰਾ ਨੰਗਾ ਹੋ ਗਿਆ ਹੈ। ਇਸ ਕੋਲ ਨਾ ਕੋਈ ਮੁਤਵਾਜ਼ੀ ਆਰਥਕ ਨੀਤੀ ਹੈ ਅਤੇ ਨਾ ਲੋਕਾਂ ਦੇ ਹਿਤਾਂ ਲਈ ਕੰਮ ਕਰਨ ਦੀ ਇੱਛਾ ਸ਼ਕਤੀ। ਭ੍ਰਿਸ਼ਟਾਚਾਰ, ਨਸ਼ੇ, ਬੇਰੁਜ਼ਗਾਰੀ, ਖੇਤੀ ਸੰਕਟ, ਸਿਹਤ ਸੇਵਾਵਾਂ ਅਤੇ ਸਿੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਦੇ ਬੁਨਿਆਦੀ ਮੁੱਦਿਆਂ ਉੱਪਰ ਠੋਸ ਨੀਤੀ ਵਿਹੂਣੀ ਭਗਵੰਤ ਮਾਨ ਸਰਕਾਰ ਦਾ ਸਾਰਾ ਜ਼ੋਰ ਮੁਫ਼ਤ ਬਿਜਲੀ ਵਰਗੀ ਨਿਗੂਣੀ ਰਾਹਤ ਦਾ ਢੰਡੋਰਾ ਪਿੱਟਣ, ਗੈਂਗਸਟਰ ਵਰਤਾਰੇ ਦੇ ਮੂਲ ਕਾਰਨਾਂ ਨੂੰ ਮੁਖ਼ਾਤਿਬ ਹੋਣ ਦੀ ਬਜਾਏ ਕੁਝ ਗੈਂਗਸਟਰਾਂ ਦੀ ਗ੍ਰਿਫ਼ਤਾਰੀ ਨੂੰ ਪ੍ਰਾਪਤੀ ਬਣਾ ਕੇ ਪ੍ਰਚਾਰਨ, ਇਸ਼ਤਿਹਾਰਬਾਜ਼ੀ ਉੱਪਰ ਸੈਂਕੜੇ ਕਰੋੜਾਂ ਰੁਪਏ ਖ਼ਰਚਕੇ ਲੋਕਾਂ ਨੂੰ ਮੂਰਖ ਬਣਾਉਣ ਅਤੇ ਪੰਜਾਬ ਦਾ ਖ਼ਜ਼ਾਨਾ ਦੂਜੇ ਰਾਜਾਂ ਦੀਆਂ ਚੋਣਾਂ ਦੇ ਪ੍ਰਚਾਰ 'ਚ ਰੋੜਕੇ ਹੋਰ ਰਾਜਾਂ 'ਚ ਪ੍ਰਚਾਰ ਰਾਹੀਂ ਭਾਜਪਾ ਦੀ ਬੀ ਟੀਮ ਨੂੰ ਸਰਵ ਭਾਰਤੀ ਰਾਜਨੀਤਕ ਦ੍ਰਿਸ਼ 'ਤੇ ਸਥਾਪਿਤ ਕਰਨ ਅਤੇ ਪੰਜਾਬ ਦੇ ਜਥੇਬੰਦ ਸੰਘਰਸ਼ਾਂ ਨੂੰ ਮੀਟਿੰਗਾਂ ਦੇ ਲਾਰੇ ਲਾ ਕੇ ਲਮਕਾ-ਥਕਾ ਕੇ ਖਿੰਡਾਉਣ ਅਤੇ ਡੰਡੇ ਨਾਲ ਦਬਾਉਣ ਉੱਪਰ ਲੱਗਿਆ ਹੋਇਆ ਹੈ। ਰੁਜ਼ਗਾਰ ਅਤੇ ਆਪਣੇ ਹੋਰ ਤਬਕਾਤੀ ਮੰਗਾਂ-ਮਸਲਿਆਂ ਲਈ ਲੜ ਰਹੇ ਕਿਸੇ ਵੀ ਹਿੱਸੇ ਦੇ ਮੁੱਦਿਆਂ ਨੂੰ ਹੱਲ ਕਰਨ ਦੀ ਸੰਜੀਦਾ ਕੋਸ਼ਿਸ਼ ਇਸ ਸਰਕਾਰ ਨੇ ਨਹੀਂ ਕੀਤੀ ਅਤੇ ਕਦੇ ਨਹੀਂ ਕਰੇਗੀ। ਇਸ ਦੇ ਸੱਤਾਧਾਰੀ ਹੋਣ ਨਾਲ ਸਿਰਫ਼ ਗੁੰਡਾ ਟੈਕਸ, ਨਸ਼ਿਆਂ ਦੀ ਤਸਕਰੀ ਅਤੇ ਸਰਕਾਰੀ ਮਹਿਕਮਿਆਂ 'ਚ ਵੱਢੀ ਦਾ ਹਿੱਸਾ ਲੈਣ ਵਾਲੇ ਚਿਹਰੇ ਅਤੇ ਭ੍ਰਿਸ਼ਟਾਚਾਰ ਦੇ ਢੰਗ-ਤਰੀਕੇ ਬਦਲੇ ਹਨ। ਸਰਕਾਰੀ ਢਾਂਚੇ ਅੰਦਰ ਡੂੰਘੀਆਂ ਜੜ੍ਹਾਂ ਲਾਈ ਬੈਠਾ ਭ੍ਰਿਸ਼ਟਾਚਾਰੀ ਤੰਤਰ, ਰੇਤ ਮਾਫ਼ੀਆ, ਨਸ਼ਿਆਂ ਦੇ ਵੱਡੇ ਤਸਕਰ ਉਸੇ ਤਰ੍ਹਾਂ ਦਨਦਨਾ ਰਹੇ ਹਨ। ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਦੀ ਰਿਸ਼ਵਤਖ਼ੋਰੀ ਦੇ ਕੇਸ ਵਿਚ ਗ੍ਰਿਫ਼ਤਾਰੀ ਤੋਂ ਬਾਦ 'ਆਪ' ਵਿਚ 'ਘਰ-ਵਾਪਸੀ' ਅਤੇ ਇਕ ਹੋਰ ਮੰਤਰੀ ਫੌਜਾ ਸਿੰਘ ਸਰਾਰੀ ਦੇ ਭ੍ਰਿਸ਼ਟਾਚਾਰ ਦੇ ਕੇਸ ਵਿਚ ਭਗਵੰਤ ਮਾਨ ਵਜ਼ਾਰਤ ਦੀ ਸ਼ਾਤਰਾਨਾ ਚੁੱਪ ਮੌਜੂਦਾ ਹੁਕਮਰਾਨ ਧਿਰ ਦੇ ਪੱਧਰਾਂ 'ਤੇ ਭ੍ਰਿਸ਼ਟਾਚਾਰ ਬਾਰੇ ਬਹੁਤ ਕੁਝ ਬਿਆਨ ਕਰਦੀ ਹੈ।

ਦੂਜੇ ਪਾਸੇ, ਲੋਕਾਂ ਦੇ ਤਿੱਖੇ ਵਿਰੋਧ ਕਾਰਨ ਇਸ ਨੂੰ ਆਪਣੇ ਮੱਤਵਾੜਾ ਟੈਕਸਟਾਈਲ ਪਾਰਕ ਵਰਗੇ ਲੋਕ ਵਿਰੋਧੀ ਫ਼ੈਸਲਿਆਂ ਤੋਂ ਪਿੱਛੇ ਹਟਣਾ ਪਿਆ ਹੈ। ਸ਼ਰਾਬ ਮਿੱਲ ਜ਼ੀਰਾ ਦੇ ਮਾਮਲੇ 'ਚ ਇਸ ਨੇ ਸ਼ਰਾਬ ਦੇ ਕਾਰੋਬਾਰੀ ਦੀਪ ਮਲਹੋਤਰਾ (ਜੋ ਜ਼ਹਿਰੀਲੇ ਕੈਮੀਕਲਾਂ ਦੇ ਗ਼ੈਰਕਾਨੂੰਨੀ ਉਤਪਾਦਨ ਰਾਹੀਂ ਇਲਾਕੇ ਦੀ ਆਬੋ-ਹਵਾ ਨੂੰ ਤਬਾਹ ਕਰ ਰਿਹਾ ਹੈ) ਦੀ ਪਿੱਠ 'ਤੇ ਖੜ੍ਹਨ ਅਤੇ ਲਤੀਫ਼ਪੁਰਾ (ਜਲੰਧਰ) ਵਿਚ ਕਥਿਤ ਨਜਾਇਜ਼ ਉਸਾਰੀਆਂ ਦੇ ਮਾਮਲੇ 'ਚ ਇਸ ਨੇ ਇੰਪਰੂਵਮੈਂਟ ਟਰੱਸਟ ਅਤੇ ਰਸੂਖ਼ਵਾਨਾਂ ਦੇ ਗੱਠਜੋੜ ਵੱਲੋਂ ਕੀਮਤੀ ਜ਼ਮੀਨ ਹੜੱਪਣ ਦੇ ਘਾਲੇਮਾਲੇ ਉੱਪਰ ਪਰਦਾ ਪਾ ਕੇ ਅਤੇ ਕੜਾਕੇ ਦੀ ਠੰਡ ਵਿਚ ਆਮ ਲੋਕਾਂ ਨੂੰ ਉਜਾੜਕੇ ਘਰੋਂ ਬੇਘਰ ਕਰਨ ਦੀ ਨੀਤੀ ਅਖ਼ਤਿਆਰ ਕੀਤੀ ਹੈ। ਨਿਆਂਪੂਰਨ ਤਰੀਕੇ ਨਾਲ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਬਜਾਏ ਇਸ ਦੀ ਧੁੱਸ ਲੋਕਾਂ ਨਾਲ ਬਦਤਮੀਜ਼ੀ ਕਰਨ ਵਾਲੇ ਪੁਲਿਸ ਅਫ਼ਸਰਾਂ ਦੀ ਪਿੱਠ ਥਾਪੜਨ ਅਤੇ ਡੰਡੇ ਦਾ ਰਾਜ ਲਾਗੂ ਕਰਨ ਉੱਪਰ ਹੈ। ਦੋਵਾਂ ਹੀ ਥਾਵਾਂ 'ਤੇ ਇਸ ਨੇ ਹਜ਼ਾਰਾਂ ਦੀ ਤਾਦਾਦ 'ਚ ਪੁਲਿਸ ਫੋਰਸ ਲਗਾ ਕੇ ਆਮ ਲੋਕਾਂ ਦੀ ਆਵਾਜ਼ ਨੂੰ ਦਬਾਉਣਾ ਚਾਹਿਆ ਹੈ। ਪਰ ਇਸ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਜ਼ੀਰਾ ਸੰਘਰਸ਼ 'ਚ ਝੂਠੇ ਕੇਸ ਪਾ ਕੇ ਜੇਲ੍ਹਾਂ 'ਚ ਡੱਕੇ ਅੰਦੋਲਨਕਾਰੀਆਂ ਨੂੰ ਰਿਹਾਅ ਕਰਨ ਦਾ ਅੱਕ ਚੱਬਣਾ ਪਿਆ ਹੈ।

ਇਸ ਸਰਕਾਰ ਨੇ ਸਵਾਲ ਉਠਾਉਣ ਅਤੇ ਆਲੋਚਕ ਖ਼ਬਰਾਂ ਲਾਉਣ ਵਾਲੀ ਪ੍ਰੈੱਸ ਨੂੰ ਵੀ ਘੂਰਨਾ ਸ਼ੁਰੂ ਕਰ ਦਿੱਤਾ ਹੈ। ਆਪਣੀ ਸਰਕਾਰ ਵਿਰੁੱਧ ਖ਼ਬਰਾਂ ਲਗਾਏ ਜਾਣ ਦਾ ਬਦਲਾ ਲੈਣ ਲਈ ਦੋ ਅਖ਼ਬਾਰਾਂ ਪੰਜਾਬੀ ਟ੍ਰਿਬਿਊਨ ਅਤੇ ਅਜੀਤ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਦੇ ਇਸ਼ਤਿਹਾਰ ਬੰਦ ਕਰਕੇ ਭਗਵੰਤ ਮਾਨ ਸਰਕਾਰ ਵੱਲੋਂ ਪ੍ਰੈੱਸ ਦੀ ਆਜ਼ਾਦੀ ਉੱਪਰ ਕੀਤਾ ਘਿਣਾਉਣਾ ਹਮਲਾ ਦਰਸਾਉਂਦਾ ਹੈ ਕਿ ਇਸ ਦੀ ਜ਼ਿਹਨੀਅਤ ਕਿੰਨੀ ਤਾਨਾਸ਼ਾਹ ਅਤੇ ਅਸਹਿਣਸ਼ੀਲ ਹੈ। ਇਹ ਭੁੱਲ ਰਹੇ ਹਨ ਕਿ ਇਹ ਪੰਜਾਬ ਦੇ ਲੋਕਾਂ ਨੇ ਹੰਕਾਰੇ ਹੋਏ ਅਕਾਲੀਆਂ, ਕਾਂਗਰਸੀਆਂ ਨੂੰ ਹਰਾ ਕੇ ਉਨ੍ਹਾਂ ਨੂੰ ਉਨ੍ਹਾਂ ਦੀ ਔਕਾਤ ਦਿਖਾਈ ਸੀ। ਉਹ ਨਵੀਂ ਹਕੂਮਤ ਦੀਆਂ ਮਨਮਾਨੀਆਂ ਅਤੇ ਤਾਨਾਸ਼ਾਹੀ ਵੀ ਸਹਿਣ ਨਹੀਂ ਕਰਨਗੇ।

ਕੁਲ-ਮਿਲਾਕੇ ਦੁਨੀਆ ਭਰ ਦੇ ਲੋਕਾਂ ਅੱਗੇ ਬਹੁਤ ਗੰਭੀਰ ਚੁਣੌਤੀਆਂ ਹਨ। ਆਲਮੀ ਪੱਧਰ 'ਤੇ ਅਤੇ ਇਸੇ ਤਰ੍ਹਾਂ ਭਾਰਤ ਅਤੇ ਪੰਜਾਬ ਦੇ ਅੰਦਰ ਵੀ ਲੋਕਾਂ ਦੇ ਜਥੇਬੰਦ ਸੰਘਰਸ਼ ਹੀ ਹੁਕਮਰਾਨਾਂ ਦੇ ਜਾਬਰ ਹਮਲਿਆਂ ਨੂੰ ਠੱਲ ਪਾ ਸਕਣਗੇ। ਉਮੀਦ ਹੈ ਕਿ ਨਵੇਂ ਵਰ੍ਹੇ ਦੇ ਰੂਪ 'ਚ ਸੰਨ 2023 ਸੰਘਰਸ਼ਾਂ ਦੀ ਸੱਜਰੀ ਉਠਾਣ ਰਾਹੀਂ ਮਨੁੱਖਤਾ ਲਈ ਨਵੀਂ ਉਮੀਦ ਦੀ ਕਿਰਨ ਬਣੇਗਾ। ਆਲਮੀ ਸਰਮਾਏਦਾਰੀ ਦਾ 'ਸਰਮਾਏਦਾਰੀ ਦਾ ਕੋਈ ਬਦਲ ਨਹੀਂ ਹੈ' ਦਾ ਕੂੜ ਆਖ਼ਿਰਕਾਰ ਬੇਪਰਦ ਹੋਵੇਗਾ ਅਤੇ ਦੁਨੀਆ ਭਰ ਦੇ ਲੋਕ ਇਕ ਵਾਰ ਫਿਰ ਮਨੁੱਖਤਾ ਦਾ ਭਵਿੱਖ ਸਮਾਜਵਾਦ 'ਚ ਦੇਖਣਾ ਸ਼ੁਰੂ ਕਰਨਗੇ।

# ਪੰਜਾਬ ਸਟੂਡੈਂਟਸ ਯੂਨੀਅਨ ਦਾ ਪਹਿਲਾ ਸ਼ਹੀਦ ਜਗਤਾਰ ਸਿੰਘ


ਪੰਜਾਬ ਸਟੂਡੈਂਟਸ ਯੂਨੀਅਨ ਦਾ ਪਹਿਲਾ ਸ਼ਹੀਦ
**ਸ਼ਹੀਦ ਜਗਤਾਰ ਸਿੰਘ**
(7 [illegible] 1947 ਤੋਂ 12 [illegible] 1963)



ਸ਼ਹੀਦ ਜਗਤਾਰ ਸਿੰਘ ਦੇ ਪਿਤਾ ਸ. ਸਾਧੂ ਸਿੰਘ ਤੇ ਮਾਤਾ ਸ੍ਰੀਮਤੀ ਮਹਿੰਦਰ ਕੌਰ


## ਸ਼ਹੀਦ ਜਗਤਾਰ ਦੇ ਜੱਦੀ ਘਰ ਦੀਆਂ ਕੁੱਝ ਤਸਵੀਰਾਂ




ਸ਼ਹੀਦ ਜਗਤਾਰ ਸਿੰਘ ਦਾ ਪਿੰਡ ਆਸੀ ਕਲਾਂ ਵਿੱਚ ਬਣੇ ਮਕਾਨ ਦਾ ਪ੍ਰਵੇਸ਼ ਦੁਆਰ, ਜੋ ਕਿ 1963 ਵਿੱਚ ਉਸਾਰਿਆ ਗਿਆ ਸੀ


(ਖੱਬੇ) ਸ਼ਮਸ਼ੇਰ ਸਿੰਘ ਸਪੁੱਤਰ ਮਰਹੂਮ ਬਾਬੂ ਸਿੰਘ ਬੈਰਾਗੀ ਜਿਨ੍ਹਾਂ ਨੇ ਸ਼ਹੀਦ ਜਗਤਾਰ ਸਿੰਘ ਬਾਰੇ ਜਾਣਕਾਰੀ ਇਕੱਠੀ ਕਰਨ 'ਚ ਉਚੇਚੇ ਤੌਰ 'ਤੇ ਦਿਲੋਂ ਮਦਦ ਕੀਤੀ। (ਸੱਜੇ) ਸ਼ਹੀਦ ਜਗਤਾਰ ਸਿੰਘ ਦਾ ਮੌਸੇਰਾ ਭਰਾ ਬਲਵਿੰਦਰ ਸਿੰਘ ਜੋ ਹੁਣ ਸ਼ਹੀਦ ਜਗਤਾਰ ਦੇ ਘਰ ਪਰਿਵਾਰ ਸਮੇਤ ਰਹਿ ਰਿਹਾ ਹੈ।


ਮਕਾਨ ਦੇ ਉੱਪਰ ਬਣਿਆ ਚੁਬਾਰਾ ਜੋ ਮਾਪਿਆਂ ਨੇ ਸ਼ਹੀਦ ਜਗਤਾਰ ਦੀ ਮੰਗ 'ਤੇ ਬਣਵਾਇਆ ਸੀ



ਸਰਪੰਚ ਰਜਿੰਦਰ ਸਿੰਘ ਉਰਫ ਬਾਬੂ ਰਾਮ ਬੈਰਾਗੀ ਦੀ ਪਹਿਲ ਉੱਪਰ ਜਗਤਾਰ ਦੀ ਯਾਦ 'ਚ ਉਸਾਰੀ ਜਾ ਰਹੀ ਲਾਇਬ੍ਰੇਰੀ ਦਾ ਨੀਂਹ ਪੱਥਰ ਜਿਸਦੀ ਉਸਾਰੀ ਦਾ ਕੰਮ ਕੁੱਝ ਕਾਰਨਾਂ ਕਰਕੇ ਨੇਪਰੇ ਨਹੀਂ ਚੜ੍ਹ ਸਕਿਆ।



# ਪੰਜਾਬ ਸਟੂਡੈਂਟਸ ਯੂਨੀਅਨ ਦੇ ਕੁੱਝ ਸਾਬਕਾ ਵਿਦਿਆਰਥੀ ਆਗੂ


ਦਰਸ਼ਨ ਬਾਗ਼ੀ



ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ


ਬਾਬਾ ਸੁਖਚੈਨ ਸਿੰਘ


ਸ਼ਹੀਦ ਸ਼ਮਸ਼ੇਰ ਸਿੰਘ ਸ਼ੇਰੀ



ਦਰਸ਼ਨ ਖਟਕੜ


ਭੁਪਿੰਦਰ ਸਿੰਘ



ਇੰਦਰਜੀਤ ਬਿੱਟੂ


ਬਰਜਿੰਦਰ ਸਿੰਘ ਮਹਿਮਾ ਸਰਕਾਰੀ


ਗੁਰਦਿਆਲ ਸਿੰਘ ਪਹਾੜਪੁਰ


ਕਰਤਾਰ ਸਿੰਘ ਬਰਾੜ (ਮਹਿਮਾ ਸਰਜਾ)


ਕਰਨੈਲ ਸਿੰਘ ਅਕਲੀਆ


ਸੁਰਜੀਤ ਸਿੰਘ ਸੰਧੂ



ਮੁਖਤਿਆਰ ਪੂਹਲਾ


ਬਲਵਾਨ ਸਿੰਘ ਗੋਬਿੰਦਪੁਰਾ


ਬਿੱਕਰ ਸਿੰਘ ਕੰਮੇਆਣਾ


ਜਗਰੂਪ ਝਨੀਰ



ਭੁਪਿੰਦਰ ਗਿੱਲ


ਸੁਖਦੇਵ ਪਾਂਧੀ



ਜਸਪਾਲ ਜੱਸੀ


ਅਜਾਇਬ ਸਿੰਘ ਟਿਵਾਣਾ


ਸੁਖਦੇਵ ਪਟਵਾਰੀ


ਮਰਹੂਮ ਪਰਮਜੀਤ ਕਾਹਮਾ


ਜਸਵਿੰਦਰ ਭੋਗਲ


ਮਾਲਵਿੰਦਰ ਮਾਲੀ


ਮਰਹੂਮ ਮਹਿੰਦਰ ਸਿੰਘ ਜੋਗੀ


ਭਰਤ ਸਿੰਘ ਰਾਮਾਨੰਦੀ




HOMELIFE
HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR
FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES
FREE QUOTE
Call
Protect your family

Call: 416.209.6363
Hardeep Atwal
Sr. Financial Advisor

DM
TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca

Hiring AZ drivers and owner operator



Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

ਨਿਤਾਣਿਆਂ ਦੇ ਹੱਕ 'ਚ ਖੜ੍ਹਨ ਵਾਲੀ ਦੀ ਸਜ਼ਾ

# ਸਰਪੰਚ ਨੂੰ ਜ਼ਲੀਲ ਕਰ ਰਹੇ ਨੇ ਜਰਵਾਣੇ ?

-ਬਹਾਲ ਸਿੰਘ ਬੇਨੜਾ

ਰਾਜਦੀਪ ਕੌਰ ਨੂੰ ਚਾਰ ਕੁ ਸਾਲ ਪਹਿਲਾਂ ਮੌਜੋ ਕਲਾਂ ਬਲਾਕ ਭੀਖੀ ਜਿਲ੍ਹਾ ਮਾਨਸਾ ਦੇ ਮਜ਼ਦੂਰਾਂ ਕਿਸਾਨਾਂ ਤੇ ਹੋਰ ਤਬਕਿਆਂ ਦੇ ਲੋਕਾਂ ਨੇ ਸਰਬਸੰਮਤੀ ਨਾਲ ਸਰਪੰਚ ਚੁਣਿਆ ਸੀ। ਸਰਪੰਚ ਸਮੇਤ ਛੇ ਮੈਂਬਰੀ ਪੰਚਾਇਤ ਨੇ ਪਿੰਡ ਦੇ ਵਿਕਾਸ ਕੰਮਾਂ ਨੂੰ ਕਰਨਾ ਸ਼ੁਰੂ ਕੀਤਾ। ਪਹਿਲੇ ਸਾਲ 900 ਫੁੱਟ ਲੰਬਾ ਗੰਦੇ ਪਾਣੀ ਦੇ ਨਿਕਾਸ ਲਈ ਨਾਲਾ ਤੇ ਆਗਣਬਾੜੀ ਲਈ ਟੁਆਇਟ ਬਣਾਈ, ਦੂਜੇ ਸਾਲ ਲਾਉਕਡਾਉਨ ਹੋਣ ਤੋਂ ਪਹਿਲਾਂ ਦਸ ਸਟਰੀਟ ਲਾਇਟਾਂ ਲਗਵਾਈਆਂ।

ਸਰਪੰਚੀ ਦੇ ਤੀਜੇ ਸਾਲ ਛੱਪੜ ਦਾ ਪਾਣੀ ਪੰਚਾਇਤੀ ਜਮੀਨ ਵਿੱਚ ਲੈਕੇ ਜਾਣ ਲਈ 1000 ਫੁੱਟ ਤੋਂ ਉਪਰ ਪਾਇਪ ਲਾਇਨ ਪਾਈ, ਪੰਚਾਇਤੀ ਜਮੀਨ ਦੇ ਸਵਾ ਤਿੰਨ ਏਕੜ ਪੱਧਰੇ ਕੀਤੇ। ਛੱਪੜ ਦੀ ਪੁਟਾਈ ਕਰਵਾਈ, ਬਾਲੀਵਾਲ ਦਾ ਗਰਾਉਂਡ, ਇਕ ਵੱਡਾ ਪਾਰਕ, ਚਾਰ ਸਾਂਝੀਆਂ ਟੁਆਇਲਟਾਂ, 1450 ਫੁੱਟ ਲੰਬੀਆਂ ਚਾਰ ਗਲੀਆਂ ਨਾਲੀਆਂ ਬਣਾਈਆਂ, ਮੜ੍ਹੀਆਂ ਵਿੱਚ ਇਕ ਸੈਂਡ ਦੀ ਉਸਾਰੀ ਕੀਤੀ ਗਈ, ਛੋਟੇ ਬੱਚਿਆਂ ਲਈ ਇਕ ਛੋਟਾ ਗਰਾਉਂਡ ਬਣਾਇਆ। ਚਾਰ ਐਸਸੀ ਘਰਾਂ ਵਿੱਚ ਪਸ਼ੂਆਂ ਲਈ ਸੈਂਡ ਬਣਾਏ ਗਏ। ਪਿੰਡ ਵਿੱਚ 1400 ਫਲ਼ ਅਤੇ ਫੁੱਲਾਂ ਵਾਲੇ ਬੂਟੇ ਲਗਵਾਏ, ਪੀਣ ਵਾਲੇ ਪਾਣੀ ਲਈ ਆਂਗਣਵਾੜੀ ਵਿੱਚ, ਐਸਸੀ ਧਰਮਸ਼ਾਲਾ ਵਿੱਚ, ਪਾਰਕ ਵਿੱਚ ਤਿੰਨ ਮੋਟਰਾਂ ਅਤੇ ਦੋ ਮੋਟਰਾਂ ਛੱਪੜ ਦੇ ਕੰਢੇ ਲਗਾਈਆਂ ਗਈ। ਇਕ ਸਾਫ਼ ਪਾਣੀ ਭਰਨ ਲਈ ਤੇ ਦੂਜੀ ਗੰਦਾ ਪਾਣੀ ਕੱਢਣ ਲਈ ਅਤੇ ਛੱਪੜ ਦੇ ਆਲੇ-ਦੁਆਲੇ ਬੈਂਡਰੀਵਾਲ ਬਣਾਈ ਗਈ। ਇਨ੍ਹਾਂ ਕੰਮਾਂ ਨੂੰ ਦੇਖ ਕੇ ਏਡੀਸੀ ਮੈਡਮ ਨੇ ਕਿਹਾ ਸੀ ਕਿ ਤੁਹਾਡੀ ਪੰਚਾਇਤ ਨੂੰ ਰਾਸਟਰਪਤੀ ਅਵਾਰਡ ਲਈ ਚੁਣਿਆ ਜਾ ਸਕਦਾ ਹੈ। ਈਮਾਨਦਾਰੀ ਨਾਲ ਕੀਤੇ ਇਨ੍ਹਾਂ ਕੰਮਾਂ ਕਰਕੇ ਗਰਾਮ ਪੰਚਾਇਤ ਮੌਜੋ ਕਲਾਂ, ਮਾਨਸਾ ਜਿਲ੍ਹੇ ਵਿੱਚ ਵਿਕਾਸ ਕੰਮ ਕਰਨ ਵਾਲੀ ਪਹਿਲੇ ਦਰਜੇ ਦੀ ਪੰਚਾਇਤ ਬਣ ਗਈ। ਸਾਰੇ ਵਿਕਾਸੀ ਮਤਿਆਂ ਦੇ ਪੰਜੇ ਪੰਚ ਦਸਤਖਤ ਕਰਦੇ ਕਦੇ ਵੀ ਕੋਈ ਗੈਰ ਹਾਜ਼ਰ ਨਾ ਹੁੰਦਾ। ਸਾਰੇ ਪਿੰਡ ਦੇ ਲੋਕਾਂ ਸਰਪੰਚ ਦੀ ਸਲਾਘਾ ਕਰਦੇ ਅਤੇ ਆਪਣੇ ਪਰਿਵਾਰਕ ਪ੍ਰੋਗਰਾਮਾਂ ਵਿੱਚ ਜਰੂਰ ਸ਼ਾਮਿਲ ਕਰਦੇ।

ਪੰਚਾਇਤ ਦੇ ਤੀਜੇ ਸਾਲ ਦੇ ਅਖੀਰ ਦਸੰਬਰ ਮਹੀਨੇ ਪਿੰਡ ਦੇ ਇਕ ਐਸਸੀ ਮਜ਼ਦੂਰ ਦੇ ਘਰ ਦਾ ਪਿਛਾਖੜੀ ਪਰਿਵਾਰਾਂ ਵੱਲੋਂ ਬੰਦ ਕੀਤਾ ਵੱਡੇ ਰਾਹ ਤੇ ਨਿਕਲਦਾ ਗੇਟ ਵਾਲਾ ਮੁੱਦਾ ਭੱਖ ਜਾਂਦਾ ਹੈ। ਇਹ ਘਰ ਇਕ ਪਾਸੇ ਭੀੜੀ ਗਲੀ ਨਾਲ ਲੱਗਦਾ ਸੀ। ਦੂਜਾ ਪਾਸਾ ਉੱਚਜਾਤੀ ਘਰਾਂ ਵਾਲੇ ਪਾਸੇ ਲੱਗਦਾ ਸੀ ਜਿਧਰ ਚੌੜਾ ਰਾਹ ਸੀ ਤੇ ਇਸ ਪਾਸੇ ਵਾਰ ਕੱਢਣ ਦੀ ਜਾਤਪਾਤੀ ਸੋਚ ਵਾਲੇ ਉੱਚਜਾਤੀ ਘਰਾਂ ਵੱਲੋਂ ਸਖ਼ਤ ਮਨਾਹੀ ਸੀ। ਇਹ ਰਾਹ ਕਿਸੇ ਦੀ ਨਿੱਜੀ ਜਮੀਨ ਵਿੱਚ ਨਹੀਂ ਕੱਟਿਆ ਗਿਆ ਸੀ ਸਗੋਂ ਪੰਚਾਇਤੀ ਥਾਂ ਵਿਚੋਂ ਰੱਖਿਆ ਹੋਇਆ ਸੀ।

ਇਨਸਾਫ਼ ਪਸੰਦ ਜੱਥੇਬੰਦੀਆਂ ਵੱਲੋਂ ਇਹ ਮਸਲਾ ਹੱਥ ਲੈਣ ਨਾਲ ਇਹ ਮੁੱਦਾ ਅਖਵਾਰਾਂ ਦੀ ਸੁਰਖੀਆਂ ਵਿੱਚ ਆ ਗਿਆ ਅਤੇ ਪਿੰਡ ਦੀ ਸਰਪੰਚ ਰਾਜਦੀਪ ਕੌਰ ਨੇ ਐਸਸੀ ਮਜ਼ਦੂਰ ਦੇ ਗੇਟ ਦੀ ਮੰਗ ਜਾਇਜ਼ ਸਮਝਦਿਆਂ ਹਮਾਇਤ ਕਰ ਦਿੱਤੀ ਅਤੇ ਆਪਣੀ ਲੈਟਰ ਪੈਂਡ ਰਾਂਹੀ ਬੇਨਤੀ ਪੱਤਰ ਬੀਡੀਪੀਓ ਦਫ਼ਤਰ ਵੀ ਭੇਜਿਆ। ਸਰਪੰਚ ਦੇ ਲਏ ਇਸ ਕਾਨੂੰਨੀ ਅਤੇ ਸੰਵਿਧਾਨਕ ਫੈਸਲੇ ਤੋਂ ਪੰਚਾਇਤ ਮੈਂਬਰ ਤੇ ਪਿੰਡ ਦੇ ਜਾਤਪਾਤੀ ਸੋਚ ਰੱਖਣ ਵਾਲੇ ਵੀਹ ਬਾਈ ਜਿੰਮੀਦਾਰਾਂ ਦੇ ਘਰ ਨਾਰਾਜ਼ ਹੋ ਗਏ। ਉਨ੍ਹਾਂ ਸਰਪੰਚ ਤੇ ਆਪਣਾ ਫੈਸਲਾ ਬਦਲਣ ਲਈ ਦਬਾਅ ਪਾਇਆ। ਪਰ ਜੱਥੇਬੰਦੀਆਂ ਦੀ ਜਦੋਜਹਿਦ ਤੇ ਸਰਪੰਚ ਦੇ ਸਹੀ ਫੈਸਲੇ ਕਰਕੇ 24 ਦਸੰਬਰ ਨੂੰ ਗੇਟ ਕੱਢ ਦਿੱਤਾ ਗਿਆ।

ਸਰਪੰਚ ਰਾਜਦੀਪ ਕੌਰ ਵੱਲੋਂ ਕੀਤੇ ਇਸ ਕੰਮ ਬਦਲਦੇ ਉਹ ਸਨਮਾਨ ਦੇ ਹੱਕਦਾਰ ਸਨ। ਉਨ੍ਹਾਂ ਵੱਲੋਂ ਸੰਵਿਧਾਨ ਦੇ ਮੌਲਿਕ ਅਧਿਕਾਰ 14 ਨੂੰ ਲਾਗੂ ਕੀਤਾ ਗਿਆ ਸੀ ਜਿਸ ਵਿੱਚ ਕਿਹਾ ਗਿਆ ਹੈ ਕਿ ਸਾਰੇ ਭਾਰਤ ਦੇ ਲੋਕ ਕਾਨੂੰਨ ਦੀ ਨਜ਼ਰ ਵਿੱਚ ਬਰਾਬਰ ਹਨ। ਪਰ ਗੇਟ ਖੋਲ੍ਹਣ ਦੇ ਚਾਰ ਦਿਨਾਂ ਬਾਅਦ ਹੀ 28 ਦਸੰਬਰ ਨੂੰ ਜਾਤਪਾਤੀ ਪੱਛੜੀ ਸੋਚ ਰੱਖਣ ਵਾਲੇ ਜਿੰਮੀਦਾਰ ਪਰਿਵਾਰਾਂ ਨੇ ਆਪਣੇ ਹੀ ਭਾਈਚਾਰੇ ਦੀ ਸਰਪੰਚ ਦਾ ਸੋਸਲ ਮੀਡੀਆ ਤੇ ਲਾਇਵ ਹੋ ਕੇ ਸਮਾਜਿਕ ਬਾਈਕਾਟ ਕਰਦਾ ਦਿੱਤਾ। ਪਾਣੀ ਦੀਆਂ ਚੁੱਲੀਆਂ ਭਰ ਕੇ ਇਹ ਕਸਮਾਂ ਖਾਂਦੀਆਂ ਗਈਆਂ ਕਿ ਸਰਪੰਚ ਦੇ ਪਰਿਵਾਰ ਨਾਲ ਅਸੀਂ ਕੋਈ ਸਬੰਧ ਨਹੀਂ ਰੱਖਾਂਗੇ।

ਗੱਲ ਇਥੇ ਹੀ ਖਤਮ ਨਹੀਂ ਹੋਈ ਜਿਹੜੇ ਪੰਚ ਹਰ ਮਤੇ ਤੇ ਦਸਤਖਤ ਕਰਦੇ ਰਹੇ ਸਨ ਉਨ੍ਹਾਂ ਸਰਪੰਚ ਦਾ ਪੂਰਨ ਬਾਈਕਾਟ ਕਰ ਦਿੱਤਾ। ਵਿਕਾਸੀ ਕੰਮਾਂ ਤੇ ਸਹਿਮਤੀ ਦੇਣੀ ਬੰਦ ਕਰ ਦਿੱਤੀ। ਸਰਪੰਚ ਨੂੰ ਰਾਹ ਗਲੀ ਵਿੱਚ ਖੜਾ ਕੇ ਜਲੀਲ ਕਰਨਾ ਅਤੇ ਸਰਪੰਚ ਦੇ ਪਰਿਵਾਰ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

ਨਰਮਾਈ ਦੀ ਮੂਰਤ ਸਰਪੰਚ ਵੱਲੋਂ ਪੰਚਾਂ ਨੂੰ ਸਮਝਾਉਣ ਲਈ ਜਨਵਰੀ 2022 ਤੋਂ ਮਾਰਚ 2022 ਤੱਕ ਕਈ ਮੀਟਿੰਗਾਂ ਕੀਤੀਆਂ ਗਈਆਂ ਪਰ ਪੰਚ ਨਾ ਸਮਝੇ ਉਹ ਇਹ ਕਹਿੰਦੇ ਰਹੇ ਕਿ ਤੁਹਾਨੂੰ ਵੱਡੇ ਰਾਹ ਤੇ ਗੇਟ ਨਹੀਂ ਖੁਲ੍ਹਵਾਉਣਾ ਚਾਹੀਦਾ ਸੀ ਹੁਣ ਅਸੀਂ ਤੁਹਾਡੀ ਸਰਪੰਚੀ ਨਹੀਂ ਚੱਲਣ ਦੇਣੀ। ਤੂੰ ਇਨ੍ਹਾਂ ਵਿਹੜੇ ਵਾਲਿਆਂ ਨੂੰ ਸਾਡੇ ਸਿਰ ਤੇ ਬੈਠਾ ਦਿੱਤਾ ਹੈ। ਕਲੱਬ ਦੇ ਨੌਜਵਾਨ ਤੇ ਪਿੰਡ ਦੇ ਪਤਵੰਤਿਆਂ ਨੇ ਵੀ ਪੰਚਾਇਤ ਵਿੱਚ ਸੁਲਾ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਪੰਚ ਆਪਣੀ ਸੋਚ ਤੋਂ ਨਾ ਮੁੜੇ ਤਾਂ ਗੱਲ ਬੀਡੀਪੀਓ ਕੋਲ ਚਲੀ ਗਈ।

ਅਪ੍ਰੈਲ ਮਹੀਨੇ ਪੰਚਾਂ ਨਾਲ ਬੀਡੀਪੀਓ ਭੀਖੀ ਵੱਲੋਂ ਮੀਟਿੰਗ ਕੀਤੀ ਗਈ। ਪੰਚਾਂ ਨੇ ਬੀਡੀਪੀਓ ਦੀ ਵੀ ਨਹੀਂ ਮੰਨੀ।

ਜਦੋਂ ਸਰਪੰਚ ਪਿੰਡ ਵਿੱਚ ਜਾਂਦੀ ਤਾਂ ਜਾਤਪਾਤੀ ਸੋਚ ਰੱਖਣ ਵਾਲੇ ਲੋਕ ਤਾਹਨੇ ਮਾਰਦੇ ਭੱਦੇ ਕੰਮੈਂਟ ਕਰਦੇ। ਸਰਪੰਚ ਨੇ ਹੌਸਲਾ



ਨਾ ਹਾਰਿਆ ਅਤੇ ਮਸਲਾ ਡੀਡੀਪੀਓ ਕੋਲ ਮਾਨਸਾ ਚਲਾ ਗਿਆ। ਜੂਨ ਮਹੀਨੇ ਡੀਡੀਪੀਓ ਵੱਲੋਂ ਗਰਾਮ ਪੰਚਾਇਤ ਮੌਜੋ ਕਲਾਂ ਦੀਆਂ ਦੋ ਮੀਟਿੰਗਾਂ ਲਈਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿੱਚ ਵੀ ਪੰਚ ਸਰਪੰਚ ਦੇ ਖਿਲਾਫ਼ ਹੀ ਰਹੇ। ਪੰਚ ਸਰਪੰਚ ਨੂੰ ਭੱਜ ਭੱਜ ਪੈਂਦੇ ਤੇ ਉੱਚੀ ਉੱਚੀ ਬੋਲਦੇ ਕਿ ਇਸ ਨੇ ਪਿੰਡ ਵਿੱਚ ਸਾਡਾ ਨੱਕ ਵੱਢ ਦਿੱਤਾ ਹੈ। ਚੰਗੀ ਭਲੀ ਸਰਪੰਚ ਐਸਸੀ ਮਜ਼ਦੂਰ ਦੇ ਹੱਕ ਵਿੱਚ ਖੜ੍ਹਨ ਕਰਕੇ ਉਨ੍ਹਾਂ ਲਈ ਬੁਰੀ ਬਣ ਗਈ ਸੀ। ਸਭ ਸਾਂਝਾ ਟੁੱਟ ਗਈਆਂ ਸਨ ਹਰ ਚੰਗਿਆਈ, ਈਮਾਨਦਾਰੀ, ਕੀਤੇ ਵਿਕਾਸੀ ਕੰਮ, ਹਰ ਰਿਸ਼ਤਾ ਜਾਤਪਾਤੀ ਨਫ਼ਰਤ ਵਿੱਚ ਦੱਬ ਕੇ ਰਹਿ ਗਿਆ ਸੀ।

ਸਰਪੰਚ ਪਿੰਡ ਵਿੱਚ ਸੀਚੇਵਾਲ ਮਾਡਲ ਤਹਿ ਪਿੰਡ ਦੇ ਛੱਪੜ ਤੇ ਪ੍ਰੋਜੈਕਟ ਲਗਾਉਣਾ, ਜਿੰਮ ਤੇ ਲਾਇਬਰੇਰੀ ਬਣਾਉਣਾ ਅਤੇ 15 ਐਸਸੀ ਪਰਿਵਾਰਾਂ ਤੇ ਕਿਸਾਨਾਂ ਦੇ ਘਰਾਂ ਵਿੱਚ ਪਸ਼ੂਆਂ ਲਈ ਸੈੱਡ, ਪਿੰਡ ਵਿੱਚ ਇਕ ਕਮਿਊਨਿਟੀ ਸੈਂਟਰ ਤੇ ਹੋਰ ਵਿਕਾਸ ਦੇ ਕੰਮ ਕਰਨਾ ਚਾਹੁੰਦੀ ਸੀ ਪਰ ਪੰਚਾਂ ਉਸ ਦਾ ਸਹਿਯੋਗ ਕਰਨ ਲਈ ਰਾਜੀ ਨਹੀਂ ਹੋ ਰਹੇ ਸਨ।

ਜਦੋਂ ਡੀਡੀਪੀਓ ਦੇ ਸਮਝਾਉਣ ਤੇ ਵੀ ਪੰਚ ਨਾ ਮੰਨੇ ਤਾਂ ਮਸਲਾ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਮੁਹਾਲੀ ਕੋਲ ਚਲਾ ਗਿਆ। ਪਹਿਲੀ ਮੀਟਿੰਗ ਵਿੱਚ ਪੰਚ ਗਏ ਹੀ ਨਹੀਂ ਇਕੱਲੀ ਸਰਪੰਚ ਹੀ ਉਥੇ ਪਹੁੰਚੀ। ਫਿਰ ਅਕਤੂਬਰ ਮਹੀਨੇ ਪੰਚਾਇਤ ਡਾਇਰੈਕਟਰ ਵੱਲੋਂ ਲਿਖਤੀ ਸਨੇਹਾ ਭੇਜ ਕਿ ਮੌਜੋ ਕਲਾਂ ਦੀ ਪੰਚਾਇਤ ਨੂੰ ਬੁਲਾਇਆ ਗਿਆ। ਡਾਇਰੈਕਟਰ ਨੇ ਸਿੱਧਾ ਕਿਹਾ ਕਿ ਜੇਕਰ ਤੁਸੀਂ ਪੰਚਾਇਤ ਦੇ ਕੰਮਾਂ ਵਿੱਚ ਸਹਿਯੋਗ ਨਹੀਂ ਕਰਦੇ ਤਾਂ ਤੁਹਾਨੂੰ ਸਸਪੈਂਡ ਕੀਤਾ ਜਾਵੇਗਾ।

ਪੰਚ ਮਿੰਨਤਾਂ ਕਰਨ ਤੇ ਉਤਰ ਆਏ 'ਸਾਨੂੰ ਸਸਪੈਂਡ ਨਾ ਕਰੋ ਜੀ ਅਸੀਂ ਸਰਪੰਚ ਦਾ ਸਹਿਯੋਗ ਕਰਾਂਗਾ' ਅਤੇ ਸਹਿਯੋਗ ਕਰਨ ਦਾ ਪੰਚਾਇਤ ਡਾਇਰੈਕਟਰ ਨੂੰ ਲਿਖਤੀ ਭਰੋਸਾ ਵੀ ਦਿੱਤਾ।

ਜਦੋਂ ਡਾਇਰੈਕਟਰ ਦੇ ਮੇਲ ਭੇਜਣ ਤੇ ਬੀਡੀਪੀਓ ਭੀਖੀ ਵੱਲੋਂ ਅਕਤੂਬਰ ਦੇ ਲਾਸਟ ਹਫ਼ਤੇ ਪੰਚਾਇਤ ਦੀ ਮੀਟਿੰਗ ਬੁਲਾਈ ਗਈ ਤਾਂ ਪੰਚਾਂ ਨੇ ਮੁੜ ਸਹਿਯੋਗ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ। ਬੀਡੀਪੀਓ ਵੱਲੋਂ ਡਾਇਰੈਕਟਰ ਨੂੰ ਪੰਚਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਸ਼ਿਫਾਰਸ਼ ਕੀਤੀ ਗਈ ਅਤੇ ਮੀਟਿੰਗ ਦੀ ਵੀਡੀਓਗ੍ਰਾਫੀ ਵੀ ਭੇਜੀ ਗਈ। ਪੰਚਾਇਤ ਡਾਇਰੈਕਟਰ ਵੱਲੋਂ ਪੰਚਾਂ ਨੂੰ ਆਪਣਾ ਪੱਖ ਰੱਖਣ ਲਈ 12/19/22 ਨੂੰ ਗਰਾਮ ਪੰਚਾਇਤ ਮੌਜੋ ਕਲਾਂ ਨੂੰ ਮੁਹਾਲੀ ਬੁਲਾਇਆ ਗਿਆ ਹੈ।

ਪੰਚ ਆਮ ਆਦਮੀ ਪਾਰਟੀ ਨਾਲ ਜੁੜੇ ਹਨ ਤੇ ਸਿਆਸੀ ਲੀਡਰਾਂ ਨੂੰ ਆਪਣੇ ਸੰਵਿਧਾਨ ਵਿਰੋਧੀ ਕੰਮਾਂ ਦੇ ਹੱਕ ਵਿੱਚ ਵਰਤਦੇ ਰਹੇ ਹਨ। ਫਿਰ ਪੰਚਾਂ ਵੱਲੋਂ ਸਿਆਸੀ ਦਬਾਅ ਰਾਹੀਂ ਮੌਜੋ ਕਲਾਂ ਵਿੱਚ ਪ੍ਰਬੰਧਕ ਲਗਾਉਣ ਦੀਆਂ ਸਰਗਰਮੀਆਂ ਸ਼ੁਰੂ ਕੀਤੀਆਂ ਗਈਆਂ, ਸਿਆਸੀ ਤੇ ਹੋਰ ਹੱਥਕੰਡਿਆਂ ਰਾਂਹੀ ਡੀਡੀਪੀਓ ਤੇ ਬੀਡੀਪੀਓ ਵੱਲੋਂ ਪ੍ਰਬੰਧਕ ਲਗਾਉਣ ਲਈ ਲਗਾਤਾਰ ਪੰਚਾਇਤੀ ਐਕਟ ਦੀ ਧਾਰਾ 23 ( ਜੋ ਕਹਿੰਦੀ ਹੈ ਕਿ ਮੀਟਿੰਗ ਤੋਂ ਹਫ਼ਤਾ ਪਹਿਲਾਂ ਅਜੰਡਾ ਨੋਟਿਸ ਨਿਕਲਣਾ ਚਾਹੀਦਾ ਹੈ) ਦੀ ਉਲੰਘਣਾ ਕਰਕੇ ਮੀਟਿੰਗਾਂ ਦੋ-ਦੋ ਚਾਰ-ਚਾਰ ਦਿਨਾਂ ਬਾਅਦ ਰੱਖੀਆਂ ਜਾਣ ਲੱਗੀ ਪਈਆਂ ਜਦਕਿ ਹਾਈਕੋਰਟ ਦੀਆਂ ਹਦਾਇਤਾਂ ਹਨ ਕਿ ਜੇਕਰ ਪੰਚ ਸਹਿਯੋਗ ਨਹੀਂ ਦਿੰਦੇ ਤਾਂ ਸਰਪੰਚ ਨੂੰ ਅਧਿਕਾਰ ਦੇ ਕੇ ਵਿਕਾਸੀ ਕੰਮ ਜਾਰੀ ਰੱਖੇ ਜਾਣ। ਇਨ੍ਹਾਂ ਮੀਟਿੰਗਾਂ ਅਤੇ ਪੰਚਾਇਤ ਅਫ਼ਸਰਾਂ ਦੇ ਬਦਲੇ ਵਿਵਹਾਰ ਨੇ ਸਰਪੰਚ ਰਾਜਦੀਪ ਦਾ ਬਣਿਆ ਪ੍ਰਸਾਸ਼ਨ ਉਪਰ ਭਰੋਸਾ ਤੋੜ ਦਿੱਤਾ।

ਸਰਪੰਚ ਰਾਜਦੀਪ ਕੌਰ ਦਾ ਭਰੋਸਾ ਸੀ ਕਿ ਆਮ ਆਦਮੀ ਪਾਰਟੀ ਇਨਸਾਫ਼ ਲਈ ਸਾਡਾ ਜਰੂਰ ਸਾਥ ਦੇਵੇਗੀ। ਉਨ੍ਹਾਂ ਨੂੰ ਲੱਗਦਾ ਸੀ ਕਿ ਸਰਕਾਰੀ ਦਫ਼ਤਰਾਂ ਵਿੱਚ ਭਗਤ ਸਿੰਘ ਤੇ ਅੰਬੇਦਕਰ ਦੀ ਫੋਟੋ ਲਗਾਉਣ ਵਾਲੀ ਪਾਰਟੀ ਇਕ ਈਮਾਨਦਾਰ ਤੇ ਜਾਤੀਵਾਦ ਵਿਰੁੱਧ ਫੈਸਲੇ ਕਰਨ ਵਾਲੀ ਸਰਪੰਚ ਦੇ ਵਿਰੁੱਧ ਨਹੀਂ ਭੁਗਤੇਗੀ ਤਾਂ ਉਸ ਨੇ ਆਪਣੇ ਪਤੀ ਨੂੰ ਮਾਨਸਾ ਦੇ ਹਲਕਾ ਇਨਚਾਰਜ ਤੇ ਜਿਲ੍ਹਾ ਪਾਰਟੀ ਸਕੱਤਰ ਨੂੰ ਆਪਣਾ ਪੱਖ ਦੱਸਣ ਲਈ ਭੇਜਿਆ। ਸਰਪੰਚ ਦਾ ਪਤੀ ਜਿਲ੍ਹਾ ਸਕੱਤਰ ਦੇ ਘਰ ਪਹੁੰਚਿਆ ਤੇ ਦੱਸਿਆ ਕਿ ਪੰਚ ਆਪਣੀ ਪੰਚ ਹੋਣ ਦੀ ਜਿੰਮੇਵਾਰੀ ਨਹੀਂ ਨਿਭਾਅ ਰਹੇ ਅਸੀਂ ਸਾਰੇ ਕੰਮ ਪਿੰਡ ਦੀ ਭਲਾਈ ਤੇ ਕਾਨੂੰਨ ਅਨੁਸਾਰ ਕੀਤੇ ਹਨ। ਆਪ ਜੀ ਪੰਚਾਂ ਨੂੰ ਆਪਣੀ ਜਿੰਮੇਵਾਰੀ ਤੇ ਡਿਊਟੀ ਨਿਭਾਉਣ ਲਈ ਕਹੋ ਤਾਂ ਕਿ ਅਸੀਂ ਪਿੰਡ ਵਿੱਚ ਰਹਿੰਦੇ ਕੰਮ ਨੇਪਰੇ ਚਾੜ੍ਹ ਸਕੀਏ। ਜਿਲ੍ਹਾ ਸਕੱਤਰ ਦੇ ਪੰਚਾਂ ਵੱਲੋਂ ਇੰਨੇ ਕੰਨ ਭਰੇ ਗਏ ਸਨ ਕਿ ਉਹ ਸਰਪੰਚ ਦੇ ਪਤੀ ਦੀਆਂ ਗੱਲਾਂ ਨੂੰ ਆਤਮਸਾਤ ਨਾ ਕਰ ਪਾਇਆ ਤੇ ਕਹਿ ਦਿੱਤਾ ਕਿ ਪ੍ਰਬੰਧਕ ਵੀ ਪਿੰਡ ਵਿੱਚ ਲੱਗੇਗਾ ਤੇ 40 ਲੱਖ ਵੀ ਸਰਪੰਚ ਤੋਂ ਵਸੂਲਿਆ ਜਾਵੇਗਾ।


ਜਦੋਂ ਸਰਪੰਚ ਨੂੰ ਉਸ ਦੇ ਪਤੀ ਨੇ ਆ ਕੇ ਦੱਸਿਆ ਤਾਂ ਸਰਪੰਚ ਰਾਜਦੀਪ ਕੌਰ ਡੂੰਘੀ ਚਿੰਤਾ ਵਿੱਚ ਚਲੀ ਗਈ ਕਿ ਜੇਕਰ ਬਦਲਾਵ ਦੇ ਨਾਮ ਲੈ ਕੇ ਭਗਤ ਸਿੰਘ ਤੇ ਅੰਬੇਡਕਰ ਨੂੰ ਅੱਗੇ ਰੱਖਣ ਵਾਲੀ ਪਾਰਟੀ ਸੱਤਾ ਵਿੱਚ ਹੁੰਦਿਆਂ ਹੋਇਆਂ ਵੀ ਈਮਾਨਦਾਰ ਸਰਪੰਚ ਦਾ ਸਾਥ ਨਾ ਦੇ ਕੇ ਜਾਤਪਾਤੀ ਸੋਚ ਰੱਖਣ ਵਾਲੇ ਤੇ ਵਿਕਾਸ ਵਿਰੋਧੀ ਪੰਚਾਂ ਨਾਲ ਖੜ੍ਹ ਗਈ ਹੈ ਤਾਂ ਸਾਡਾ ਕੀ ਬਣੇਗਾ ? ਨਾ ਸਾਡਾ ਸਹਾਰਾ ਪ੍ਰਸਾਸ਼ਨ ਬਣ ਰਿਹਾ ਹੈ ਜਿਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨਾ ਹੈ ਅਤੇ ਨਾ ਸਾਡਾ ਸਹਾਰਾ ਸਰਕਾਰ ਬਣ ਰਹੀ ਹੈ। ਪਿੰਡ ਦੇ ਪੰਚ ਪਹਿਲਾਂ ਹੀ ਵਿਰੁੱਧ ਹਨ। ਫਿਰ ਅਸੀਂ ਕਿਹੜੇ ਹੌਸਲੇ ਨਾਲ ਪਿਛਾਖੜੀ ਸੋਚ ਖਿਲਾਫ਼ ਲੜ੍ਹ ਸਕਦੇ ਹਾਂ ਅਸੀਂ ਕਿਵੇਂ ਇਮਾਨਦਾਰੀ ਨਾਲ ਪਿੰਡ ਦਾ ਵਿਕਾਸ ਕਰ ਸਕਦੇ ਹਨ ਉਲਟਾ ਸਾਨੂੰ ਹੀ ਪੰਚਾਂ, ਜਾਤਪਾਤੀ ਸੋਚ ਵਾਲੇ ਪਰਿਵਾਰਾਂ, ਪ੍ਰਸਾਸ਼ਨ ਤੇ ਸਰਕਾਰ ਵੱਲੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਾਡੇ ਇਮਾਨਦਾਰ ਸਰਪੰਚਾਂ ਦਾ ਪਿੰਡਾਂ ਵਿੱਚ ਮਾਣ ਸਨਮਾਨ ਕੌਲ ਬਹਾਲ ਕਰਵਾਏਗਾ ? ਇਨ੍ਹਾਂ ਸਵਾਲਾਂ ਦਾ ਰਾਜਦੀਪ ਕੌਰ ਨੂੰ ਕੋਈ ਹੱਲ ਨਹੀਂ ਲੱਭ ਰਿਹਾ ਸੀ। ਉਹ ਇਨ੍ਹੀ ਨਿਰਾਸ਼ਾ ਵਿੱਚ ਚਲੀ ਗਈ ਕਿ ਉਸ ਨੂੰ ਜਿਉਣਾ ਬੇਕਾਰ ਲੱਗਣ ਲੱਗ ਪਿਆ ਤੇ ਮਰ ਜਾਣਾ ਚੰਗਾ। ਉਹ ਇਕ ਸਾਲ ਤੋਂ ਇਨਸਾਫ਼ ਲਈ ਭੱਜ ਨੱਠ ਕਰਦੀ ਆ ਰਹੀ ਸੀ ਜਦੋਂ ਸਾਰੇ ਪਾਸਿਆਂ ਤੋਂ ਉਸ ਨੂੰ ਨਿਰਾਸ਼ਾ ਮਿਲੀ ਤਾਂ ਇਸ ਨਿਰਾਸ਼ਾ ਨੇ ਉਸ ਨੂੰ ਮਰਨ ਲਈ ਮਜ਼ਦੂਰ ਕਰ ਦਿੱਤਾ ਅਤੇ ਉਨ 11 ਦਸੰਬਰ ਵਾਲੇ ਦਿਨ 42 ਸਾਲਾ ਨੌਜਵਾਨ ਸਰਪੰਚ ਰਾਜਦੀਪ ਕੌਰ ਨੇ ਜਹਿਰ ਖਾਹ ਲਈ।

ਜਹਿਰ ਖਾਣ ਤੋਂ ਤੁਰੰਤ ਬਾਅਦ ਉਸ ਨੂੰ ਉਲਟੀਆਂ ਲੱਗ ਗਈਆਂ ਜਿਵੇਂ ਕੁਦਰਤ ਨੇ ਉਸ ਨੂੰ ਬਚਾਉਣਾ ਚਾਹੁੰਦੀ ਹੋਵੇ। ਹਸਪਤਾਲ ਤੱਕ ਜਾਂਦਿਆਂ ਉਹ ਉਲਟੀਆਂ ਕਰਦੀ ਗਈ। ਡਾਕਟਰਾਂ ਦੀ ਸਮੇਂ ਸਿਰ ਸੰਭਾਲ ਕਰਕੇ ਤੇ ਉਲਟੀਆਂ ਆਉਣ ਕਰਕੇ ਉਸ ਦੀ ਜਾਨ ਬਚ ਰਹੀ। ਬਚ ਜਾਣ ਕਰਕੇ ਪੁਲਿਸ ਕਹਿ ਰਹੀ ਹੈ ਕਿ ਦੋਸ਼ੀਆਂ ਖਿਲਾਫ਼ ਕੋਈ ਕਾਰਵਾਈ ਨਹੀਂ ਬਣਦੀ ਸਗੋਂ 509 ਤਹਿ ਪੀੜਤ ਤੇ ਹੀ ਪਰਚਾ ਦਰਦ ਕੀਤਾ ਜਾਵੇਗਾ। ਉਸ ਦੀ ਬੇਵੱਸੀ ਮਰਨ ਦੀ ਕੋਸ਼ਿਸ਼ ਕਰਨ ਤੋਂ ਬਾਅਦ ਵੀ ਪ੍ਰਸਾਸ਼ਨ ਸਮਝਣ ਲਈ ਤਿਆਰ ਨਹੀਂ ਹੈ ਅਤੇ ਦੋਸ਼ੀਆਂ ਬੇਖੌਫ ਘੁੰਮ ਰਹੇ ਹਨ।

19/12/22 ਵਾਲੀ ਪੰਚਾਇਤ ਡਾਇਰੈਕਟਰ ਦੇ ਪੰਚਾਂ ਦੀ ਪੇਸ਼ੀ ਭੁਗਤ ਚੁੱਕੀ ਹੈ। ਪੰਚਾਇਤ ਡਾਇਰੈਕਟਰ ਵੱਲੋਂ ਪੰਚਾਂ ਨੂੰ ਸਸਪੈਂਡ ਕਰਨ ਦੀ ਥਾਂ 23 ਜਨਵਰੀ ਦੀ ਤਰੀਕ ਅੱਗੇ ਪਾ ਦਿੱਤੀ ਹੈ। ਬੈੱਡ ਤੇ ਪਈ ਸਰਪੰਚ ਨੂੰ ਡਾਇਰੈਕਟਰ ਦਾ ਦੋਸ਼ੀਆਂ ਪੱਖੀ ਇਹ ਵਿਵਹਾਰ ਹੋਰ ਪੀੜਤ ਕਰ ਰਿਹਾ ਹੈ।

ਸਿੱਖ ਸਿਧਾਂਤਾਂ, ਬਰਾਬਰਤਾ ਤੇ ਭਾਈਚਾਰੇ ਵਾਲਾ, ਕਾਨੂੰਨ ਅਨੁਸਾਰੀ ਸਮਾਜ ਬਣਾਉਣ ਲਈ ਈਮਾਨਦਾਰ ਲੋਕਾਂ ਨੂੰ ਤੰਗ ਕਰਨ ਵਾਲੇ ਸੰਵਿਧਾਨ ਵਿਰੋਧੀ ਜਾਤਪਾਤੀ ਸੋਚ ਰੱਖਣ ਵਾਲੇ ਤੱਤਾਂ ਅਤੇ ਭ੍ਰਿਸ਼ਟ ਅਫ਼ਸਰਾਂ ਤੇ ਲੀਡਰਾਂ ਨੂੰ ਸਜਾਵਾਂ ਦਿਵਾਉਣਾ ਬਹੁਤ ਜਰੂਰੀ ਬਣ ਜਾਂਦਾ ਹੈ।

7696296937









# 'ਸਬਕ ਸਿਖਾਉਣ' ਦੇ ਬਿਆਨਾਂ ਦਾ ਵਿਚਾਰਧਾਰਕ ਸਰੋਤ



ਬੂਟਾ ਸਿੰਘ
ਮਹਿਮੂਦਪੁਰ
94634-74342

*ਗੁਜਰਾਤ ਦੀ ਸੱਤਾ ਉੱਪਰ ਕਬਜ਼ਾ ਮੋਦੀ ਦੀ ਅਗਵਾਈ 'ਚ ਸੰਘ ਬਰਗੇਡ ਨੇ 'ਸਬਕ ਸਿਖਾਉਣ' ਦੀ ਸਿਆਸਤ ਅਤੇ ਫਿਰਕੂ ਪਾਲਾਬੰਦੀ ਰਾਹੀਂ 'ਹਿੰਦੂ ਗੌਰਵ' ਨੂੰ ਜਗਾ ਕੇ ਹੀ ਯਕੀਨੀਂ ਬਣਾਇਆ ਸੀ। ਇਸੇ ਪ੍ਰਯੋਗ ਦੇ ਤਜ਼ਰਬੇ ਨੂੰ ਫਿਰ ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋਣ ਲਈ ਵਰਤਿਆ ਗਿਆ। ਇਸੇ ਦਾ ਇਕ ਨਵਾਂ ਰੂਪ ਮੁਸਲਮਾਨਾਂ ਦੇ ਘਰ ਅਤੇ ਕਾਰੋਬਾਰ ਢਾਹੁਣ ਦੀ ਸਰਕਾਰੀ 'ਬੁਲਡੋਜ਼ਰ' ਨੀਤੀ ਹੈ। ਲਿਹਾਜ਼ਾ, ਅਮਿਤ ਸ਼ਾਹ ਦਾ ਇਹ ਬਿਆਨ ਕਿਸੇ ਪ੍ਰਤੀਕਰਮ ਜਾਂ ਭਾਵਨਾਵਾਂ ਦੇ ਵਹਿਣ ਦਾ ਨਤੀਜਾ ਨਹੀਂ ਹੈ।*



ਭਗਵੇਂ ਆਈ.ਟੀ. ਸੈੱਲ ਤੋਂ ਲੈ ਕੇ ਆਰ.ਐੱਸ.ਐੱਸ. ਦੀਆਂ ਫਰੰਟ ਜਥੇਬੰਦੀਆਂ ਦੇ ਚੋਟੀ ਦੇ ਆਗੂ ਫਿਰਕੂ ਨਫ਼ਰਤ, ਹਿੰਸਾ ਅਤੇ ਬਹੁਗਿਣਤੀਵਾਦੀ ਧੌਂਸ ਫੈਲਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਆਏ ਦਿਨ ਕੋਈ ਨਾ ਕੋਈ ਕਾਲ਼ੀ ਜੀਭ 'ਗੋਲੀ ਮਾਰੋ ਸਾਲੋਂ ਕੋ', 'ਪਾਕਿਸਤਾਨ ਚਲੇ ਜਾਓ' 'ਹਿੰਦੂਓ ਹਥਿਆਰਬੰਦ ਹੋਵੋ', 'ਮੁੱਲਿਆਂ ਦੀਆਂ ਔਰਤਾਂ ਨਾਲ ਬਲਾਤਕਾਰ ਕਰੋ' 'ਜਨਤਕ ਥਾਵਾਂ 'ਤੇ ਨਮਾਜ ਨਹੀਂ ਪੜ੍ਹਨ ਦਿਆਂਗੇ' ਆਦਿ ਨਾਅਰੇ ਲਾਉਂਦੀ ਜਾਂ ਸੱਦੇ ਦਿੰਦੀ ਦੇਖੀ ਜਾ ਸਕਦੀ ਹੈ। 2018 'ਚ ਰਾਜਸਥਾਨ ਅਤੇ ਦਿੱਲੀ 'ਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੰਗਲਾਦੇਸ਼ੀ ਸ਼ਰਨਾਰਥੀਆਂ ਨੂੰ ਮੁਲਕ ਨੂੰ ਚਿੰਬੜੀ 'ਸਿਉਂਕ' ਕਿਹਾ ਸੀ, ਹੁਣ 25 ਨਵੰਬਰ ਨੂੰ ਗੁਜਰਾਤ ਦੇ ਖੇੜਾ ਜ਼ਿਲ੍ਹੇ ਦੇ ਮਹੁਧਾ ਕਸਬੇ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਸ ਨੇ ਮੁਸਲਮਾਨ ਫਿਰਕੇ ਨੂੰ ਸਿੱਧੀ ਧਮਕੀ ਦਿੰਦਿਆਂ ਕਿਹਾ, 'ਉਨ੍ਹਾਂ ਨੇ ਨਰੇਂਦਰ ਭਾਈ ਲਈ ਸਮੱਸਿਆ ਖੜ੍ਹੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸਨੇ ਉਨ੍ਹਾਂ ਨੂੰ ਐਸਾ ਸਬਕ ਸਿਖਾਇਆ ਕਿ ਉਨ੍ਹਾਂ ਨੇ 2022 ਤੱਕ ਕੋਈ ਹਰਕਤ ਕਰਨ ਦੀ ਹਿੰਮਤ ਨਹੀਂ ਕੀਤੀ ਹੈ।' ਅਮਿਤ ਸ਼ਾਹ ਨੇ ਇਹ ਦਾਅਵਾ ਵੀ ਕੀਤਾ ਕਿ ਕਾਂਗਰਸ ਵੱਖ-ਵੱਖ ਧਰਮਾਂ ਅਤੇ ਜਾਤਾਂ ਦੇ ਵੋਟਰਾਂ ਨੂੰ ਆਪਣੇ ਚੋਣ ਹਿਤ ਪੂਰੇ ਕਰਨ ਲਈ ਫਸਾਦਾਂ ਲਈ ਉਕਸਾਉਂਦੀ ਸੀ, ਇਹ ਭਾਜਪਾ ਹੈ ਜਿਸ ਨੇ ਗੁਜਰਾਤ ਵਿਚ ਦੰਗਈਆਂ ਨਾਲ ਸਖ਼ਤੀ ਨਾਲ ਪੇਸ਼ ਆ ਕੇ ਅਮਨ-ਅਮਾਨ ਸਥਾਪਤ ਕੀਤਾ ਹੈ।

ਕਾਂਗਰਸ ਦੀ 'ਪਾੜੋ ਅਤੇ ਰਾਜ ਕਰੋ' ਦੀ ਚੋਣ ਸਿਆਸਤ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੈ। ਪਰ ਸੰਘ ਪਰਿਵਾਰ ਦੀ ਨਫ਼ਰਤ ਅਤੇ ਬਦਲੇ ਦਾ ਸੱਦਾ ਦਿੰਦੀ ਵਿਚਾਰਧਾਰਾ ਅਤੇ ਇਕ ਸਦੀ ਦਾ ਖ਼ੂਨੀ ਇਤਿਹਾਸ ਵੀ ਕਿਸੇ ਨੂੰ ਭੁੱਲਿਆ ਨਹੀਂ ਹੈ। ਨਰਿੰਦਰ ਮੋਦੀ ਹਕੂਮਤ ਦੀ ਅਗਵਾਈ ਹੇਠ ਗੋਧਰਾ ਕਾਂਡ ਦੇ ਬਹਾਨੇ 'ਹਿੰਦੂਆਂ ਨੂੰ ਗੁੱਸਾ ਕੱਢ ਲੈਣ ਦੇਣ' ਦਾ ਮੌਕਾ ਮੁਹੱਈਆ ਕੀਤਾ ਗਿਆ ਅਤੇ ਤਿੰਨ ਮਹੀਨੇ ਤੱਕ ਰਾਜ ਸਰਕਾਰ ਦੀ ਰਾਜਕੀ ਅਤੇ ਰਾਜਸੀ ਪੁਸ਼ਤਪਨਾਹੀ ਹੇਠ ਮੁਸਲਮਾਨਾਂ ਨੂੰ 'ਸਬਕ ਸਿਖਾਉਣ' ਦੀ ਮੁਹਿੰਮ ਚੱਲਦੀ ਰਹੀ। ਗੁਜਰਾਤ ਕਤਲੇਆਮ ਤੋਂ ਬਾਦ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਲੱਗਭੱਗ ਹਰ ਬਿਆਨ ਅਤੇ ਭਾਸ਼ਣ ਵਿਚ ਮੁਸਲਮਾਨਾਂ ਵਿਰੁੱਧ ਨਫ਼ਰਤ ਮੂੰਹ ਚੜ੍ਹ ਬੋਲਦੀ ਸੀ। ਗੁਜਰਾਤ ਦੀ ਸੱਤਾ ਉੱਪਰ ਕਬਜ਼ਾ ਮੋਦੀ ਦੀ ਅਗਵਾਈ 'ਚ ਸੰਘ ਬਰਗੇਡ ਨੇ 'ਸਬਕ ਸਿਖਾਉਣ' ਦੀ ਸਿਆਸਤ ਅਤੇ ਫਿਰਕੂ ਪਾਲਾਬੰਦੀ ਰਾਹੀਂ 'ਹਿੰਦੂ ਗੌਰਵ' ਨੂੰ ਜਗਾ ਕੇ ਹੀ ਯਕੀਨੀਂ ਬਣਾਇਆ ਸੀ। ਇਸੇ ਪ੍ਰਯੋਗ ਦੇ ਤਜ਼ਰਬੇ ਨੂੰ ਫਿਰ ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋਣ ਲਈ ਵਰਤਿਆ ਗਿਆ। ਇਸੇ ਦਾ ਇਕ ਨਵਾਂ ਰੂਪ ਮੁਸਲਮਾਨਾਂ ਦੇ ਘਰ ਅਤੇ ਕਾਰੋਬਾਰ ਢਾਹੁਣ ਦੀ ਸਰਕਾਰੀ 'ਬੁਲਡੋਜ਼ਰ' ਨੀਤੀ ਹੈ। ਲਿਹਾਜ਼ਾ, ਅਮਿਤ ਸ਼ਾਹ ਦਾ ਇਹ ਬਿਆਨ ਕਿਸੇ ਪ੍ਰਤੀਕਰਮ ਜਾਂ ਭਾਵਨਾਵਾਂ ਦੇ ਵਹਿਣ ਦਾ ਨਤੀਜਾ ਨਹੀਂ ਹੈ। ਆਰ.ਐੱਸ.ਐੱਸ. ਵੱਲੋਂ ਇਹ ਵਿਚਾਰਧਾਰਾ ਆਪਣੇ ਪ੍ਰਚਾਰਕਾਂ 'ਚ ਕੁੱਟ ਕੁੱਟ ਕੇ ਭਰੀ ਜਾਂਦੀ ਹੈ।

ਧਾਰਮਿਕ ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਵਿਰੁੱਧ ਨਫ਼ਰਤ ਦੀ ਬੁਨਿਆਦ ਵੀ.ਡੀ. ਸਾਵਰਕਰ ਨੇ 1920ਵਿਆਂ 'ਚ ਲਿਖੀ ਆਪਣੀ ਕਿਤਾਬ 'ਹਿੰਦੂਤਵ' ਵਿਚ ਰੱਖ ਦਿੱਤੀ ਸੀ ਜਿਸ ਨੂੰ ਗੋਲਵਲਕਰ ਨੇ ਆਪਣੀ ਵਿਵਾਦਪੂਰਨ ਕਿਤਾਬ 'ਅਸੀਂ ਜਾਂ ਸਾਡੀ ਰਾਸ਼ਟਰੀਅਤਾ ਦੀ ਪ੍ਰੀਭਾਸ਼ਾ' ਵਿਚ ਵਿਕਸਿਤ ਕੀਤਾ। ਬੇਸ਼ੱਕ ਅੱਜ ਰਾਸ਼ਟਰੀ ਸੋਇਮਸੇਵਕ ਸੰਘ ਜਵਾਬਦੇਹੀ ਤੋਂ ਬਚਣ ਲਈ ਇਸ ਕਿਤਾਬ ਵਿਚ ਦਰਜ ਘੱਟਗਿਣਤੀਆਂ ਵਿਰੋਧੀ ਵਿਚਾਰਾਂ ਤੋਂ ਦੂਰੀ ਬਣਾਉਣ ਦਾ ਦਿਖਾਵਾ ਕਰਦਾ ਹੈ ਪਰ ਸੰਘ ਅਤੇ ਇਸ ਨਾਲ ਸਬੰਧਤ ਜਥੇਬੰਦੀਆਂ ਦਾ ਕਾਰਵਿਹਾਰ ਇਸ ਦਾ ਗਵਾਹ ਹੈ ਕਿ ਇਹ ਕਿਤਾਬ ਅੱਜ ਵੀ ਉਨ੍ਹਾਂ ਲਈ ਬੁਨਿਆਦੀ ਮਾਰਗ-ਦਰਸ਼ਕ ਹੈ। ਗੋਲਵਲਕਰ ਨੂੰ ਸੰਘ ਵਿਚ 'ਗੁਰੂ' ਦਾ ਰੁਤਬਾ ਹਾਸਲ ਹੈ 'ਜਿਸ ਨੇ 33 ਸਾਲ ਤੱਕ ਸੰਗਠਨ ਨੂੰ ਰਾਹ-ਦਸੇਰੇ ਵਜੋਂ ਚਲਾਇਆ।' ਗੋਲਵਲਕਰ ਨੇ ਹੀ ਸਿਧਾਂਤਕ ਤੌਰ 'ਤੇ ਰਾਹ ਦਿਖਾਇਆ ਸੀ ਕਿ 'ਬਾਹਰ ਤੋਂ ਆਏ ਲੋਕਾਂ' ਨਾਲ ਕਿਵੇਂ ਨਜਿੱਠਣਾ ਹੈ।


'ਰਾਸ਼ਟਰ ਦੇ ਰਾਜਨੀਤਕ ਜੀਵਨ ਅੰਦਰ ਕੈਂਸਰ ਨੂੰ ਪਨਪਣ ਤੋਂ ਰੋਕਣ' ਅਤੇ 'ਰਾਸ਼ਟਰੀ ਜੀਵਨ ਨੂੰ ਸਿਹਤਮੰਦ ਅਤੇ ਨਿਰੋਗ ਰੱਖਣ' ਲਈ ਜਰਮਨੀ ਅਤੇ ਇਟਲੀ ਵਿਚ ਘੱਟਗਿਣਤੀਆਂ ਵਿਰੁੱਧ ਕੀਤੇ ਨਾਜ਼ੀਵਾਦੀ ਅਤੇ ਫਾਸ਼ੀਵਾਦੀ ਪ੍ਰਯੋਗਾਂ ਨੂੰ ਆਦਰਸ਼ ਵਜੋਂ ਲੈਣ ਦੀ ਨਸੀਹਤ ਦਿੰਦਿਆਂ ਗੋਲਵਲਕਰ ਨੇ ਲਿਖਿਆ, 'ਬਾਹਰ ਤੋਂ ਆਏ ਲੋਕਾਂ ਨੇ ਪ੍ਰਮੁੱਖ ਆਬਾਦੀ, ਰਾਸ਼ਟਰੀ ਨਸਲ ਦੀ ਸੰਸਕ੍ਰਿਤੀ ਅਤੇ ਭਾਸ਼ਾ ਅਪਨਾ ਕੇ ਉਸ ਦੀਆਂ ਪ੍ਰੰਪਰਾਵਾਂ ਨੂੰ ਸਾਂਝਾ ਕਰਕੇ, ਆਪਣੇ ਵਿਦੇਸ਼ੀ ਮੂਲ ਨੂੰ ਪੂਰੀ ਤਰ੍ਹਾਂ ਭੁਲਾ ਕੇ ਅਤੇ ਆਪਣੀ ਵੱਖਰੀ ਹੋਂਦ ਦੀ ਚੇਤਨਾ ਨੂੰ ਪੂਰੀ ਤਰ੍ਹਾਂ ਛੱਡ ਕੇ ਖ਼ੁਦ ਨੂੰ ਉਸ ਨਸਲ ਵਿੱਚ ਸਮੋਣਾ ਹੁੰਦਾ ਹੈ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਉਹਨਾਂ ਨੂੰ ਰਾਸ਼ਟਰ ਦੇ ਰਹਿਮੋ ਕਰਮ ਤੇ ਰਾਸ਼ਟਰ ਦੀਆਂ ਸਾਰੀਆਂ ਪ੍ਰੰਪਰਾਵਾਂ ਅਤੇ ਵਿਧਾਨਾਂ ਨਾਲ ਬੱਝ ਕੇ ਸਿਰਫ਼ ਇੱਕ ਬਾਹਰੀ ਵਾਂਗ ਰਹਿਣਾ ਹੋਵੇਗਾ, ਜਿਸ ਨੂੰ ਕੋਈ ਹੱਕ ਜਾਂ ਸਹੂਲਤ ਤਾਂ ਛੱਡੋ, ਕਿਸੇ ਵਿਸ਼ੇਸ਼ ਸੁਰੱਖਿਆ ਦਾ ਵੀ ਹੱਕ ਨਹੀਂ ਹੋਵੇਗਾ। ਵਿਦੇਸ਼ੀ ਤੱਤਾਂ ਲਈ ਸਿਰਫ ਦੋ ਹੀ ਰਸਤੇ ਹਨ, ਜਾਂ ਤਾਂ ਉਹ ਰਾਸ਼ਟਰੀ ਨਸਲ ਵਿੱਚ ਪੂਰੀ ਤਰ੍ਹਾਂ ਸਮੋਅ ਜਾਣ ਅਤੇ ਇੱਥੋਂ ਦੀ ਸੰਸਕ੍ਰਿਤੀ ਨੂੰ ਪੂਰੀ ਤਰ੍ਹਾਂ ਅਪਨਾ ਲੈਣ ਜਾਂ ਫਿਰ ਜਦੋਂ ਤੱਕ ਰਾਸ਼ਟਰੀ ਨਸਲ ਉਹਨਾਂ ਨੂੰ ਆਗਿਆ ਦੇਵੇ, ਉਹਨਾਂ ਦੇ ਰਹਿਮ 'ਤੇ ਜਿਉਣ ਅਤੇ ਰਾਸ਼ਟਰੀ ਨਸਲ ਦੀ ਜਦੋਂ ਇੱਛਾ ਹੋਵੇ ਤਾਂ ਦੇਸ਼ ਛੱਡ ਕੇ ਚਲੇ ਜਾਣ। ਘੱਟ ਗਿਣਤੀ ਸਮੱਸਿਆ ਬਾਰੇ ਇਹੀ ਇੱਕ ਪੁਖਤਾ ਵਿਚਾਰ ਹੈ। ਇਹੀ ਇਕੋਇਕ ਤਰਕ ਅਤੇ ਸਹੀ ਹੱਲ ਹੈ।' ਇਸ ਸਿੱਖਿਆ ਨੂੰ ਮੁੱਖ ਰੱਖਦੇ ਹੋਏ ਸਮੁੱਚੇ ਮੁਸਲਮਾਨ ਫਿਰਕੇ ਨੂੰ 'ਬਾਹਰਲੇ ਹੋਣ' ਦਾ ਅਹਿਸਾਸ ਕਰਾਉਣ ਲਈ ਪਹਿਲਾ ਵਿਆਪਕ ਪ੍ਰਯੋਗ ਸੰਨ 2002 'ਚ ਗੁਜਰਾਤ ਵਿਚ ਕੀਤਾ ਗਿਆ।

2002 ਦੀਆਂ ਗੁਜਰਾਤ ਚੋਣਾਂ ਦੌਰਾਨ ਆਪਣੇ ਭਾਸ਼ਣਾਂ ਵਿਚ ਮੋਦੀ ਨੇ 'ਵਸੋਂ ਵਧਾਉਣ ਵਾਲਿਆਂ' ਨੂੰ ਸਬਕ ਸਿਖਾਉਣ ਲਈ ਗੁਜਰਾਤ ਵਿਚ ਕੀਤੇ ਨਸਲਕੁਸ਼ੀ ਦੇ ਪ੍ਰਯੋਗ ਨੂੰ ਕਤਲੇਆਮ ਦੇ ਪੀੜਤ ਮੁਸਲਮਾਨਾਂ ਲਈ ਬਣਾਏ ਰਾਹਤ ਕੈਂਪਾਂ ਨੂੰ 'ਬੱਚੇ ਜੰਮਣ ਵਾਲੀਆਂ ਫੈਕਟਰੀਆਂ' ਕਰਾਰ ਦੇ ਕੇ ਅਤੇ 'ਅਸੀਂ ਪੰਜ ਸਾਡੇ ਪੰਝੀ' ਵਰਗੇ ਵਿਅੰਗ ਕਰਕੇ ਐਲਾਨੀਆਂ ਤੌਰ ਜਾਇਜ਼ ਠਹਿਰਾਇਆ ਸੀ। ਅਮਿਤ ਸ਼ਾਹ ਦੀ ਅਗਵਾਈ ਹੇਠ ਜਦੋਂ ਪਿਛਲੇ ਦਿਨੀਂ ਅਗਸਤ 2022 'ਚ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ 11 'ਸੰਸਕਾਰੀ ਬ੍ਰਾਹਮਣਾਂ' ਨੂੰ ਸਜ਼ਾ 'ਚ ਛੋਟ ਦੇ ਕੇ ਜੇਲ੍ਹ ਵਿੱਚੋਂ ਰਿਹਾਅ ਕਰਨ ਨੂੰ ਹਰੀ ਝੰਡੀ ਦਿੱਤੀ ਗਈ ਉਸ ਸਮੇਂ ਵੀ ਰਾਹ-ਦਰਸਾਵਾ ਗੋਲਵਲਕਰ ਦਾ ਉਪਰੋਕਤ ਤਰਕ ਹੀ ਸੀ ਜੋ ਬਿਲਕੀਸ ਬਾਨੋ ਕੇਸ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ। 'ਨਾਗਰਿਕਤਾ ਸੋਧ ਕਾਨੂੰਨ', ਕੌਮੀ ਨਾਗਰਿਕਤਾ ਰਜਿਸਟਰ ਆਦਿ ਲਾਗੂ ਕਰਨ ਪਿੱਛੇ ਵੀ ਇਹੀ ਤਰਕ ਕੰਮ ਕਰਦਾ ਹੈ। ਹੁਣ ਜਦੋਂ ਸਬਕ ਸਿਖਾਉਣ ਦਾ ਤਰਕ ਗੁਜਰਾਤ ਦੀਆਂ ਚੋਣ ਰੈਲੀਆਂ ਦੇ ਮੰਚਾਂ ਤੋਂ ਦੁਹਰਾਇਆ ਜਾ ਰਿਹਾ ਹੈ ਤਾਂ ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ।












# ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ

**ਸੁੱਚਾ ਸਿੰਘ ਗਿੱਲ**





ਪੰਜਾਬ ਦੇ ਦਰਿਆਈ ਪਾਣੀਆਂ ਦਾ ਮਾਮਲਾ ਕਾਫੀ ਗੁੰਝਲਦਾਰ ਹੈ। ਇਨ੍ਹਾਂ ਦੀਆਂ ਕਈ ਪਰਤਾਂ ਅਤੇ ਪਹਿਲੂ ਹਨ। ਇਨ੍ਹਾਂ ਨੂੰ ਸਮਝਣ ਲਈ ਗੰਭੀਰ ਅਧਿਐਨ ਅਤੇ ਸੁਹਿਰਦਤਾ ਵਾਲੀ ਪਹੁੰਚ ਹੀ ਕਾਰਗਰ ਹੋ ਸਕਦੀ ਹੈ। ਇਨ੍ਹਾਂ ਪਹਿਲੂਆਂ ਵਿੱਚ ਇਸ ਦਾ ਇਤਿਹਾਸਕ ਪੱਖ ਹੈ ਜਿਹੜਾ ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਦੀ ਵੰਡ ਨਾਲ ਜੁੜਿਆ ਹੋਇਆ ਹੈ। ਸੂਬੇ ਦੀ ਵੰਡ ਪੂਰਬੀ ਪੰਜਾਬ ਅਤੇ ਪਛਮੀ ਪੰਜਾਬ ਵਿੱਚ ਹੋਣ ਕਾਰਨ ਦਰਿਆਈ ਪਾਣੀਆਂ ਦੀ ਵੰਡ ਦਾ ਅੰਤਰਰਾਸ਼ਟਰੀ ਪਰਿਪੇਖ ਪੈਦਾ ਹੋ ਗਿਆ ਸੀ।ਇਹ ਮਸਲਾ ਪੰਜਾਬ ਸੂਬੇ/ਦੇਸ਼ ਦੇ ਸੂਬਿਆਂ ਤੋਂ ਬਦਲ ਕਿ ਦੋ ਦੇਸ਼ਾਂ : ਭਾਰਤ ਅਤੇ ਪਾਕਿਸਤਾਨ ਵਿੱਚ ਝਗੜੇ ਦਾ ਕਾਰਨ ਬਣ ਗਿਆ ਸੀ ਜਿਸ ਦੇ ਹੱਲ ਵਾਸਤੇ ਦੋਵਾਂ ਦੇਸ਼ਾਂ ਨੇ ਸਿੰਧ/ਇੰਡਸ ਜਲ ਸੰਧੀ 1960 ਵਿੱਚ ਕੀਤੀ ਸੀ। ਇਸ ਸੰਧੀ ਦੇ ਵਾਸਤੇ 1952 ਤੋਂ 1960 ਤਕ ਕਈ ਦੌਰ ਦੀ ਗਲਬਾਤ ਨੇ ਰਾਜਿਸਥਾਨ ਨੂੰ ਜਾਣ ਵਾਲੇ ਦਰਿਆਈ ਪਾਣੀ ਦਾ ਮਸਲਾ ਸਿੰਧ ਬੇਸਿਨ ਦੇ ਵਿਕਾਸ ਨਾਲ ਜੋੜ ਦਿੱਤਾ। ਪੰਜਾਬੀ ਸੂਬਾ 1966 ਵਿੱਚ ਬਣਨ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਵਿੱਚ ਪਾਣੀ ਦੀ ਵੰਡ ਦਾ ਮਸਲਾ ਹੋਂਦ ਵਿੱਚ ਆ ਗਿਆ। ਇਸ ਮਸਲੇ ਦੀਆਂ ਜੜ੍ਹਾਂ ਪੰਜਾਬ ਪੁਨਰਗਠਨ ਐਕਟ 1966 ਵਿੱਚ ਪਈਆਂ ਹੋਈਆਂ ਹਨ। ਇਸ ਨੂੰ ਸੁਲਝਾਉਣ ਵਾਸਤੇ ਕੇਸ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਇਸ ਕਾਰਨ ਇਹ ਮਸਲਾ ਕਾਨੂੰਨੀ ਵੀ ਬਣਿਆ ਹੋਇਆ ਹੈ। ਇਹ ਮਸਲਾ ਦਰਿਆਵਾਂ ਵਿੱਚ ਪਾਣੀ ਦੀ ਮਾਤਰਾ ਨਾਲ ਸਬੰਧਤ ਹੋਣ ਕਾਰਨ ਇਕ ਟੈਕਨੀਕਲ ਮਸਲਾ ਵੀ ਹੈ। ਇਸ ਮਸਲੇ ਤੇ ਸਿਆਸਤ ਗਰਮਾਈ ਹੋਣ ਕਾਰਨ ਇਹ ਸਿਆਸੀ ਮਸਲਾ ਵੀ ਬਣਿਆ ਹੋਇਆ ਹੈ। ਇਸ ਨੂੰ ਸਮਝਣ ਲਈ ਵਕੀਲ, ਇੰਜਨੀਅਰ, ਸਿਆਸਤਦਾਨ ਅਤੇ ਬੁਧੀਜੀਵੀ ਲਗਾਤਾਰ ਗਲਬਾਤ ਕਰਦੇ ਰਹਿੰਦੇ ਹਨ। ਬਹੁਤ ਵਾਰੀ ਵਿਚਾਰਵਾਨ ਵਿਅਕਤੀ ਇਕ ਜਾਂ ਦੋ ਪੱਖਾਂ ਤੇ ਜ਼ੋਰ ਦੇ ਕੇ ਆਪਣੀ ਗੱਲ ਕਰਦੇ ਹਨ। ਇਸ ਮਸਲੇ ਨੂੰ ਸਾਰਿਆਂ ਪੱਖਾਂ ਤੋਂ ਵਿਚਾਰ ਕਰਕੇ ਇਸ ਦੇ ਹੱਲ ਲੱਭਣ ਲਈ ਯਤਨ ਕਰਨ ਦੀ ਜ਼ਰੂਰਤ ਹੈ।

**ਇਤਿਹਾਸਿਕ ਪੱਖ :** ਪੰਜਾਬ ਦੀ 1947 ਵਿੱਚ ਵੰਡ ਵਸੋਂ ਦੇ ਆਧਾਰ ਤੇ ਇਸ ਤਰ੍ਹਾਂ ਹੋਈ ਕਿ ਰਾਵੀ ਦਰਿਆ ਤੋਂ ਨਿਕਲਣ ਵਾਲੀ ਅਪਰ ਬਾਰੀ ਦੋਆਬ ਨਹਿਰ ਦਾ ਹੈਡ ਵਰਕਸ ਮਾਧੋਪੁਰ ਅਤੇ ਇਸ ਦੀ ਸੰਚਾਈ ਦਾ ਮੁੱਖ ਇਲਾਕਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਪੂਰਬੀ /ਭਾਰਤੀ ਪੰਜਾਬ ਵਿੱਚ ਆ ਗਿਆ ਪਰ ਕੁਝ ਇਲਾਕਾ (ਲਹੌਰ) ਪਛਮੀ/ ਪਾਕਿਸਤਾਨੀ ਪੰਜਾਬ ਵਿੱਚ ਚਲਾ ਗਿਆ। ਸਤਲੁਜ ਦਰਿਆ ਵਿੱਚ ਵਿਚੋਂ ਨਿਕਲਣ ਵਾਲੀ ਦੀਪਾਲਪੁਰ ਨਹਿਰ ਦਾ ਸੰਚਾਈ ਵਾਲਾ ਇਲਾਕਾ ਪਛਮੀ ਪੰਜਾਬ ਵਿੱਚ ਚਲਾ ਗਿਆ ਪਰ ਇਸ ਦਾ ਹੈਡ ਵਰਕਸ ਫਿਰੋਜ਼ਪੁਰ ਨੇੜੇ ਪੂਰਬੀ ਪੰਜਾਬ ਵਿੱਚ ਰਹਿ ਗਿਆ ਸੀ। ਪੰਜਾਬ (ਭਾਰਤੀ) ਵੰਡ (Partition) ਕਮੇਟੀ ਨੇ ਦਸੰਬਰ 1947 ਨੂੰ ਇਹ ਪ੍ਰਵਾਨਗੀ ਦਿੱਤੀ ਕਿ ਅਪਰ ਬਾਰੀ ਦੋਆਬ ਨਹਿਰ ਅਤੇ ਦੀਪਾਲਪੁਰ ਨਹਿਰ ਵਿੱਚ 31 ਮਾਰਚ 1948 ਤਕ ਪਹਿਲਾਂ ਦੀ ਤਰ੍ਹਾਂ ਪਾਣੀ ਜਾਣ ਦਿੱਤਾ ਜਾਵੇਗਾ। ਇਸ ਸਮਝੌਤੇ ਦੇ ਖਤਮ ਹੋਣ ਦੀ ਤਰੀਕ ਤੋਂ ਬਾਅਦ ਨਹਿਰੀ ਪਾਣੀ ਪਾਕਿਸਤਾਨ ਨੂੰ ਬੰਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਪਾਕਿਸਤਾਨ ਦੇ ਕਹਿਣ ਤੇ ਇਹ ਮਸਲਾ ਭਾਰਤ-ਪਾਕਿਸਤਾਨ ਦੇ ਪੱਧਰ ਤੇ ਚਲਾ ਗਿਆ ਅਤੇ 4 ਮਈ 1948 ਸਮਝੌਤਾ ਹੋਇਆ ਜਿਸ ਨੂੰ ਡੋਮੀਨੀਅਨ ਅਕਾਰਡ (Dominion Accord)/ਸਮਝੌਤਾ ਕਿਹਾ ਜਾਂਦਾ ਹੈ। ਇਸ ਸਮਝੌਤੇ ਅਨੁਸਾਰ ਭਾਰਤੀ ਪੰਜਾਬ ਦੇ ਉਪਰੋਕਤ ਹੈਡ ਵਰਕਸ ਤੋਂ ਫੌਰੀ ਜ਼ਰੂਰਤ ਵਾਸਤੇ ਪਾਕਿਸਤਾਨ ਨੂੰ ਨਹਿਰੀ ਪਾਣੀ ਜਾਣ ਦਿੱਤਾ ਜਾਵੇਗਾ। ਇਸ ਵਾਸਤੇ ਭਾਰਤ ਨੂੰ ਇਨ੍ਹਾਂ ਨਹਿਰਾਂ ਵਿੱਚ ਪਾਣੀ ਭੇਜਣ ਵਾਸਤੇ ਕੀਤੇ ਖਰਚ ਅਤੇ ਲਗੀ ਪੂੰਜੀ ਦੀ ਘਸਾਈ ਕਾਰਨ ਪਾਕਿਸਤਾਨ ਅਦਾਇਗੀ ਕਰੇਗਾ। ਪਰ ਪਾਣੀ ਭੇਜਣ ਲਈ ਕੋਈ ਰਾਇਲਟੀ (Royalty) ਚਾਰਜ ਕਰਨ ਦਾ ਜ਼ਿਕਰ ਨਹੀਂ ਕੀਤਾ ਗਿਆ ਅਤੇ ਇਹ ਅਦਾਇਗੀ ਪਾਕਿਸਤਾਨ ਵਲੋਂ ਭਾਰਤ ਸਰਕਾਰ ਨੂੰ ਕੀਤੀ ਜਾਂਦੀ ਰਹੀ ਸੀ। ਭਾਰਤ ਸਰਕਾਰ ਵਲੋਂ ਪਾਕਿਸਤਾਨ ਤੋਂ ਕੀਤੀ ਵਸੂਲੀ ਦੀ ਅਦਾਇਗੀ ਪੂਰਬੀ ਪੰਜਾਬ ਨੂੰ ਦੇ ਦਿੱਤੀ ਜਾਂਦੀ ਰਹੀ ਸੀ। ਪਰ ਇਸ ਤੋਂ ਅਗਲੇ ਚਾਰ ਸਾਲਾਂ ਤੱਕ ਦੋਵਾਂ ਦੇਸ਼ਾਂ ਵਿੱਚ ਕੋਈ ਸਮਝੌਤਾ ਨਹੀਂ ਹੋ ਸਕਿਆ। ਦੋਵਾਂ ਦੇਸ਼ਾਂ ਵਿਚਾਲੇ ਕਾਨਫਰੰਸਾਂ ਹੁੰਦੀਆਂ ਰਹੀਆਂ ਅਤੇ ਚਿੱਠੀ -ਪੱਤਰ ਚਲਦੇ ਰਹੇ ਅਤੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਰਵਇਆ ਸਖ਼ਤ ਹੁੰਦਾ ਗਿਆ ਸੀ। ਪਾਕਿਸਤਾਨ ਇਸ ਮਸਲੇ ਨੂੰ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਕੋਲ ਲਿਜਾਣਾ ਚਾਹੁੰਦਾ ਸੀ। ਫਰਵਰੀ 1951ਵਿੱਚ ਡੇਵਿਡ ਈ ਲੀਨੀਅੰਥਲ ਸਾਬਕਾ ਚੇਅਰਮੈਨ ਟੇਨੇਸੀ ਘਾਟੀ ਅਥਾਰਟੀ ਅਤੇ ਅਟਾਮਿਕ ਕਮਿਸ਼ਨ ਆਫ ਯੂ ਐਸ ਏ ਨੇ ਭਾਰਤ ਅਤੇ ਪਾਕਿਸਤਾਨ ਦਾ ਦੌਰਾ ਕੀਤਾ ਅਤੇ ਇਹ ਸੁਝਾਅ ਪੇਸ਼ ਕੀਤਾ ਕਿ ਭਾਰਤ-ਪਾਕਿਸਤਾਨ ਆਪਸੀ ਸਹਿਯੋਗ ਨਾਲ ਸਿੰਧ ਬੇਸਿਨ ਦੇ ਦਰਿਆਵਾਂ ਨੂੰ ਵਿਕਸਤ ਕਰਨ ਅਤੇ ਚਲਾਉਣ। ਇਸ ਸੁਝਾਅ ਨੂੰ ਵਿਸ਼ਵ ਬੈਂਕ ਨੇ ਮੰਨ ਲਿਆ ਅਤੇ ਸਤੰਬਰ 1951 ਵਿੱਚ ਵਿਸ਼ਵ ਬੈਂਕ ਦੇ ਪ੍ਰੈਜ਼ੀਡੈਂਟ ਈ ਆਰ ਬਲੈਕ ਨੇ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੂੰ ਚਿੱਠੀ ਲਿਖ ਕੇ ਵਿੱਚ ਦਰਿਆਈ ਪਾਣੀਆਂ ਦੀ ਵੰਡ ਦੇ ਮਸਲੇ ਵਿੱਚ ਵਿਚੋਲਗੀ ਦੀ ਪੇਸ਼ਕਸ਼ ਕੀਤੀ। ਇਸ ਪੇਸ਼ਕਸ਼ ਨੂੰ ਦੋਵਾਂ ਦੇਸ਼ਾਂ ਨੇ ਮਨਜ਼ੂਰ ਕਰ ਲਿਆ। ਇਸ ਕਾਰਜ਼ ਵਾਸਤੇ ਵਿਸ਼ਵ ਬੈਂਕ ਨੂੰ ਅਮਰੀਕਾ ਅਤੇ ਬਰਤਾਨੀਆਂ ਦੀ ਲੁਕਵੀਂ ਹਮਾਇਤ ਹਾਸਲ ਸੀ। ਵਿਸ਼ਵ ਬੈਂਕ ਦੀ ਸਮਝ ਸੀ ਕਿ ਸਿੰਧ ਬੇਸਿਨ ਦੇ ਦਰਿਆਵਾਂ ਦੇ ਪਾਣੀ ਨੂੰ ਸੁਚੱਜੇ ਢੰਗ ਨਾਲ ਵਰਤਣ ਨਾਲ ਇਸ ਬੇਸਿਨ ਵਿੱਚ ਕਾਫੀ ਹੋਰ ਸਿੰਚਾਈ ਨੂੰ ਵਧਾਇਆ ਜਾ ਸਕਦਾ ਹੈ ਅਤੇ ਆਰਥਿਕ ਵਿਕਾਸ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਵਿਸ਼ਵ ਬੈਂਕ ਦੇ ਪ੍ਰੈਜ਼ੀਡੈਂਟ ਨੇ ਸਿੰਧ ਬੇਸਿਨ ਦੇ ਪਾਣੀਆਂ ਨੂੰ ਯੋਜਨਾਬੱਧ ਤਰੀਕੇ ਨਾਲ ਵਰਤ ਕੇ ਆਰਥਿਕ ਵਿਕਾਸ ਪ੍ਰਾਪਤ ਕਰਨ ਲਈ ਹੇਠ ਲਿਖੇ ਸੁਝਾਵ ਪੇਸ਼ ਕੀਤੇ:

1. ਭਾਰਤ ਅਤੇ ਪਾਕਿਸਤਾਨ ਇਕ ਇਕ ਕੁਆਲੀਫਾਈ ਇੰਜਨੀਅਰ ਨਾਮਜ਼ਦ ਕਰਨ ਜਿਹੜੇ ਮਿਲ ਕੇ ਸਿੰਧ ਬੇਸਿਨ ਦੇ ਪਾਣੀਆਂ ਦੇ ਸਾਧਨਾਂ ਦੇ ਵਿਕਾਸ ਵਾਸਤੇ ਯੋਜਨਾ ਤਿਆਰ ਕਰਨ ਜਿਸ ਨਾਲ ਇਸ ਬੇਸਿਨ ਦਾ ਵੱਧ ਤੋਂ ਵੱਧ ਵਿਕਾਸ ਕੀਤਾ ਜਾ ਸਕੇ।

2. ਇਕ ਵਿਸ਼ਵ ਬੈਂਕ ਵੱਲੋਂ ਇਕ ਚੁਣਿਆਂ ਗਿਆ ਇੰਜਨੀਅਰ ਲਗਾਤਾਰ ਦੋਵਾਂ ਦੇਸ਼ਾਂ ਦੇ ਨਾਮਜ਼ਦ ਇੰਜਨੀਅਰਾਂ ਨੂੰ ਲਗਾਤਾਰ ਉਪਲੱਬਧ ਰਹੇਗਾ ਅਤੇ ਨਿਸ਼ਪਕਸ਼ ਸਲਾਹਕਾਰ ਦਾ ਕੰਮ ਕਰੇਗਾ।

3. ਇਹ ਤਿੰਨ ਮੈਂਬਰ ਪਾਰਟੀ ਸ਼ੁਰੂ ਵਿੱਚ ਇੱਕ ਮੀਟਿੰਗ ਕੰਮਕਾਜ ਦੇ ਤਰੀਕੇ ਨੂੰ ਤਹਿ ਕਰੇਗੀ ਤਾਂ ਕਿ ਇਸ ਯੋਜਨਾ ਨੂੰ ਬਨਾਉਣ ਵਾਸਤੇ ਕਿਹੜਾ ਤਰੀਕਾ ਅਪਣਾਇਆ ਜਾਵੇ, ਇਸ ਲਈ ਕਿਹੜੇ ਕਦਮ ਪੁੱਟੇ ਜਾਣਗੇ, ਕਿਸ ਤਰਤੀਬ ਵਿੱਚ ਇਹ ਕਦਮ ਪੁੱਟੇ ਜਾਣਗੇ , ਅਤੇ ਇਨ੍ਹਾਂ ਦੇ ਪੂਰੇ ਹੋਣ ਦੀਆਂ ਤਰੀਕਾਂ ਦਾ ਟੀਚਾ ਤਹਿ ਕੀਤਾ ਜਾਵੇਗਾ।

ਇਸ ਤੋਂ ਬਾਅਦ ਵਿਸ਼ਵ ਬੈਂਕ ਦੇ ਪ੍ਰੈਜ਼ੀਡੈਂਟ ਨੇ ਦਿੱਲੀ ਅਤੇ ਕਰਾਚੀ ਦਾ ਦੌਰਾ ਕੀਤਾ ਅਤੇ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨਾਲ ਮੀਟਿੰਗਾਂ ਕੀਤੀਆਂ ਅਤੇ ਵਿਚੋਲਗੀ ਦੇ ਕੰਮ ਨੂੰ ਅੱਗੇ ਤੋਰਨ ਵਿੱਚ ਕਾਮਯਾਬੀ ਹਾਸਿਲ ਕੀਤੀ। ਨੌਂ ਸਾਲ ਦੇ ਲੰਮੇਰੇ ਸਮੇਂ ਵਿੱਚ ਗਲਬਾਤ ਕਈ ਦੌਰਾਂ ਵਿੱਚ ਲੰਘ ਕੇ 19 ਸਤੰਬਰ 1960 ਨੂੰ ਸਿੰਧ/ਇੰਡਸ ਜਲ ਸੰਧੀ ਕਰਵਾਉਣ ਅਤੇ ਇਸ ਨੂੰ ਲਾਗੂ ਕਰਨ ਵਿੱਚ ਵਿਸ਼ਵ ਬੈਂਕ ਨੇ ਸਫ਼ਲਤਾ ਹਾਸਿਲ ਕੀਤੀ। ਇਸ ਲੰਮੇਂ ਗਲਬਾਤ ਦੇ ਦੌਰ ਵਿੱਚ ਸਿੰਧ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਤੇ ਕਿਹੜੇ ਪ੍ਰਾਜੈਕਟ ਬਣਾਏ ਜਾਣਗੇ ਇਸ ਤੇ ਭਰਭੂਰ ਚਰਚਾ ਹੁੰਦੀ ਰਹੀ ਸੀ।

ਇਨ੍ਹਾਂ ਵਿਚੋਂ ਕੁਝ ਪ੍ਰਾਜੈਕਟ ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਕੁਝ ਬਾਅਦ ਵਿੱਚ ਸੁਝਾਅ ਅਧੀਨ ਆਏ ਸਨ। ਪਰ ਸਾਰੇ ਪ੍ਰਾਜੈਕਟ ਦੋਵਾਂ ਦੇਸ਼ਾਂ ਵਲੋਂ ਆਜ਼ਾਦਾਨਾ ਬਨਾਉਣ ਦਾ ਫੈਸਲਾ ਹੋਇਆ। ਇਸ ਧਾਰਨਾ ਪਿੱਛੇ ਸਿੰਧ ਬੇਸਿਨ ਵਿੱਚ ਵਧੇਰੇ ਸਿੰਚਾਈ ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਦਾ ਮੁੱਖ ਸਿਧਾਂਤ ਨੂੰ ਮੰਨਿਆ ਗਿਆ ਸੀ। ਸਿੰਧ ਬੇਸਿਨ ਵਿੱਚ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਪਛਮੀ ਪੰਜਾਬ, ਪੂਰਬੀ ਪੰਜਾਬ (ਸਮੇਤ ਹਰਿਆਣਾ), ਰਾਜਿਸਥਾਨ ਦਾ ਬੀਕਾਨੇਰ ਦਾ ਇਲਾਕਾ, ਬਹਾਵਲਪੁਰ ਸਟੇਟ ਸਰਹੱਦੀ ਸੂਬਾ, ਬਲੋਚਿਸਤਾਨ ਅਤੇ ਸਿੰਧ ਅਤੇ ਇਨ੍ਹਾਂ ਦੇ ਨਾਲ ਲਗਦੇ ਇਲਾਕਿਆਂ ਨੂੰ ਸ਼ਾਮਲ ਕੀਤਾ ਗਿਆ। ਸਿੰਧ ਬੇਸਿਨ ਨੂੰ ਨਿਸ਼ਚਿਤ ਕਰਨ ਵਾਸਤੇ ਜ਼ਮੀਨ ਦੀ ਸਿੰਧ ਦਰਿਆ ਵੱਲ ਢਲਾਣ ਨੂੰ ਮਾਪਦੰਡ ਮੰਨਿਆ ਗਿਆ ਸੀ। ਇਸ ਢਲਾਣ ਨੂੰ ਸਮੁਚੇ ਤੌਰ ਤੇ ਮੈਦਾਨੀ ਇਲਾਕਿਆਂ ਵਿੱਚ 0.75 ਫੁੱਟ ਪ੍ਰਤੀ ਮੀਲ ਦਰਿਆ ਵਲ ਭਾਰਤ ਦੀ ਤਰਫੋਂ ਅਤੇ ਪਾਕਿਸਤਾਨ ਦੇ ਇਲਾਕੇ ਵਿੱਚ ਇਹ ਢਲਾਣ ਇਸ ਤੋਂ ਥੋੜ੍ਹੀ ਘੱਟ ਮਾਪੀ ਗਈ ਸੀ। ਵੈਸੇ ਵੀ ਭਾਰਤ ਦੀ ਤਰਫੋਂ ਸਤਲੁਜ ਅਤੇ ਬਿਆਸ ਦਰਿਆਵਾਂ ਤੇ ਪ੍ਰਾਜੈਕਟ ਬਨਾਉਣ ਦੀ ਵਿਉਂਤਬੰਦੀ ਵਿੱਚ ਹਮੇਸ਼ਾ ਹੀ









1952 ਤੋਂ ਰਾਜਸਥਾਨ ਨਹਿਰ, ਸਰਹਿੰਦ ਫੀਡਰ ਅਤੇ ਭਾਖੜਾ ਨਹਿਰਾਂ ਦਾ ਜ਼ਿਕਰ ਹੁੰਦਾ ਰਿਹਾ ਹੈ।

ਇਸ ਸੰਧੀ ਦੀ ਗਲਬਾਤ ਵਿੱਚ ਕੁਝ ਗੱਲਾਂ ਕਾਫੀ ਸਪਸ਼ਟ ਹੋਈਆਂ ਜਿਸ ਨਾਲ ਸਿੰਧ ਬੇਸਿਨ ਦੇ ਦਰਿਆਈ ਪਾਣੀਆਂ ਦੀ ਵੰਡ ਦੇ ਬਿਰਤਾਂਤ ਨੂੰ ਭਾਰਤ ਵਿੱਚ ਸਮਝਣ ਮਦਦ ਮਿਲ ਸਕਦੀ ਹੈ।(1) ਇਹ ਵੰਡ ਸਿੰਧ ਬੇਸਿਨ ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ ਹੈ। (2) ਸਿੰਧ ਬੇਸਿਨ ਵਿੱਚ ਪੰਜਾਬ (ਹਰਿਆਣਾ), ਰਾਜਿਸਥਾਨ ਦਾ ਬੀਕਾਨੇਰ ਦਾ ਇਲਾਕਾ ਸ਼ਾਮਲ ਕੀਤਾ ਗਿਆ ਸੀ। (3) ਦਰਿਆਈ ਪਾਣੀਆਂ ਦੀ ਵਰਤੋਂ ਵਾਸਤੇ ਵਗਦੇ ਦਰਿਆਵਾਂ ਤੇ ਪਾਣੀ ਦੇ ਵਹਾਅ ਨੂੰ ਮੋੜਨ ਵਾਲੇ ਛੋਟੇ ਬੰਨ ਮਾਰਨ ਤੋਂ ਬੇਹਤਰ ਤਰੀਕਾ ਕਾਫੀ ਉਚਾਈ ਵਾਲੇ ਬਹੁ-ਮੰਤਵੀ ਬੰਨ ਜ਼ਿਆਦਾ ਫਾਇਦੇਮੰਦ ਸਾਬਤ ਹੋ ਸਕਦੇ ਹਨ ਜਿਵੇਂ ਕਿ ਭਾਖੜਾ ਬੰਨ। ਇਨ੍ਹਾਂ ਨਾਲ ਸਿੰਚਾਈ ਤੋਂ ਇਲਾਵਾ ਪਣ- ਬਿਜਲੀ ਪੈਦਾ ਕੀਤੀ ਜਾ ਸਕਦੀ ਹੈ।

**ਰਾਜਸਥਾਨ ਨੂੰ ਪਾਣੀ ਅਤੇ ਰਾਇਲਟੀ** : ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿੱਚ ਕੁਝ ਰਾਜਨੀਤਕ ਆਗੂ, ਵਕੀਲ, ਬੁਧੀਜੀਵੀ ਅਤੇ ਵਿਚਾਰਵਾਨ ਰਾਜਸਥਾਨ ਨੂੰ ਜਾਣ ਵਾਲੇ ਪਾਣੀ ਨੂੰ ਪੰਜਾਬ ਦੇ ਪਾਣੀਆਂ ਦੇ ਨਜਾਇਜ਼ ਕਬਜ਼ੇ ਦੀ ਗੱਲ ਕਰ ਰਹੇ ਹਨ। ਉਹ ਹੁਣ ਤੱਕ ਰਾਜਸਥਾਨ ਵਲੋਂ ਵਰਤੇ ਗਏ ਪਾਣੀ ਵਾਸਤੇ 80,000 ਕਰੋੜ ਰੁਪਏ ਦੀ ਅਦਾਇਗੀ ਰਾਇਲਟੀ ਦੇ ਤੌਰ ਤੇ ਪੰਜਾਬ ਨੂੰ ਕਰਨ ਦੀ ਗੱਲ ਕਰਦੇ। ਇਕ ਐਸਾ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਖਲ ਵੀ ਕੀਤਾ ਗਿਆ ਸੀ ਪਰ ਉਹ ਅੱਗੇ ਨਹੀਂ ਚਲ ਸਕਿਆ। ਇਹ ਮੁੱਦੇ ਕੁਝ ਹੋਰ ਚਰਚਾ ਦੀ ਮੰਗ ਕਰਦੇ ਹਨ। ਰਾਜਸਥਾਨ ਨੂੰ ਜਾਣ ਵਾਲੇ ਪਾਣੀ ਦੇ ਖਿਲਾਫ ਧਿਰਾਂ ਦਾ ਵਿਚਾਰ ਹੈ ਕਿ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀਆਂ ਤੇ ਰਿਪੇਰੀਅਨ ਸਿਧਾਂਤ ਅਨੁਸਾਰ ਮੌਜੂਦਾ ਪੰਜਾਬ (1966 ਤੋਂ ਬਾਅਦ ਬਣੇ ਪੰਜਾਬ) ਦਾ ਹੀ ਹੱਕ ਹੈ। ਇਨ੍ਹਾਂ ਪਾਣੀਆਂ ਨੂੰ ਪੰਜਾਬ ਦੀਆਂ ਸਿੰਚਾਈ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਹੋਰ ਕਿਸੇ ਸੂਬੇ ਨੂੰ ਪਾਣੀ ਦਿੱਤਾ ਜਾ ਸਕਦਾ ਹੈ ਪਰ ਇਸ ਵਾਸਤੇ ਖਰਚੇ ਤੋਂ ਇਲਾਵਾ ਪੰਜਾਬ ਨੂੰ ਪਾਣੀ ਤੇ ਰਾਇਲਟੀ ਮੰਗਣ ਦਾ ਅਧਿਕਾਰ ਹੈ। ਇਸ ਧਾਰਨਾ ਦੇ ਹੱਕ ਵਿੱਚ ਆਜ਼ਾਦੀ ਤੋਂ ਪਹਿਲਾਂ ਬਰਤਾਨਵੀ ਪੰਜਾਬ ਵਲੋਂ ਬੀਕਾਨੇਰ, ਪਟਿਆਲਾ ਅਤੇ ਬਹਾਵਲਪੁਰ ਰਿਆਸਤਾਂ ਨੂੰ ਜਾਂਦੇ ਪਾਣੀ ਬਦਲੇ ਰਾਇਲਟੀ ਲਈ ਜਾਂਦੀ ਸੀ। ਇਹ ਵੀ ਦਲੀਲ ਦਿੱਤੀ ਜਾਂਦੀ ਹੈ ਕਿ ਕਿਉਂਕਿ ਪੰਜਾਬ ਵਿੱਚ ਬਦਲੇ ਹੋਏ ਫ਼ਸਲਾਂ ਦੇ ਚੱਕਰ (ਕਣਕ-ਧੋਨਾ) ਕਾਰਣ ਪਾਣੀ ਦੀ ਲੋੜ ਬਹੁਤ ਵੱਧ ਗਈ ਹੈ ਅਤੇ ਜ਼ਮੀਨ ਹੇਠਲਾ ਪਾਣੀ ਦਾ ਪੱਧਰ ਵੀ ਕਾਫੀ ਹੇਠਾਂ ਚਲਿਆ ਗਿਆ ਹੈ ਇਸ ਕਰਕੇ ਦਰਿਆਈ ਪਾਣੀਆਂ ਤੇ ਪਹਿਲਾ ਹੱਕ ਪੰਜਾਬ ਦਾ ਹੈ ਅਤੇ ਸੂਬੇ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਹੀ ਕਿਸੇ ਹੋਰ ਸੂਬੇ ਨੂੰ ਪਾਣੀ ਦਿੱਤਾ ਜਾ ਸਕਦਾ ਹੈ। ਇਸ ਕਰਕੇ ਪਿਛਲੇ ਸਮੇਂ ਵਿੱਚ ਵਰਤੇ ਗਏ ਪਾਣੀ ਤੇ ਰਾਇਲਟੀ ਲੈਣੀ ਬਣਦੀ ਹੈ ਅਤੇ ਮੌਜੂਦਾ ਪਾਣੀ ਨੂੰ ਪੰਜਾਬ ਦੀ ਲੋੜ ਅਨੁਸਾਰ ਵਰਤਣ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਪਰ ਇਤਿਹਾਸਕ ਤੱਥ ਇਸ ਵਿਚਾਰ ਦੀ ਪੁਸ਼ਟੀ ਨਹੀਂ ਕਰਦੇ। ਇਤਿਹਾਸਿਕ ਤੱਥ ਇਹ ਹਨ ਕਿ ਸਿੰਧ ਜਲ ਸੰਧੀ ਅਨੁਸਾਰ ਭਾਰਤ ਨੂੰ ਤਿੰਨ ਦਰਿਆ ਦੇਸ਼ ਵਿੱਚ ਸਿੰਧ ਬੇਸਿਨ ਵਿੱਚ ਸਿੰਚਾਈ ਦਾ ਵਿਕਾਸ ਕਰਨ ਵਾਸਤੇ ਅਲਾਟ ਕੀਤੇ ਗਏ ਸਨ। ਦੇਸ਼ ਦੀ ਵੰਡ ਤੋਂ ਬਾਅਦ ਲੰਮੀ (ਨੌਂ ਸਾਲਾਂ, 1952-60) ਦੀ ਗੱਲਬਾਤ ਤੋਂ ਬਾਅਦ ਅੰਤਰਰਾਸ਼ਟਰੀ ਪੱਧਰ ਤੇ ਇਹ ਫੈਸਲਾ ਹੋਇਆ ਸੀ। ਇਹ ਅਧਿਕਾਰ ਮੌਜੂਦਾ ਜਾਂ ਸਾਂਝੇ ਪੰਜਾਬ ਨੂੰ ਪ੍ਰਾਪਤ ਨਹੀਂ ਹੋਏ ਸਨ।

ਸਿੰਧ ਦਰਿਆਵਾਂ ਦੇ ਪਾਣੀਆਂ ਦੀ ਵੰਡ ਸਮੇਂ ਪਛਮੀ ਅਤੇ ਪੂਰਬੀ ਪੰਜਾਬ ਸਰਕਾਰਾਂ ਨੂੰ ਗਲਬਾਤ ਅਤੇ ਸਮਝੌਤੇ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ। ਦੇਸ਼ ਦੀ 1947 ਵਿੱਚ ਆਜ਼ਾਦੀ ਤੋਂ ਬਾਅਦ ਪੰਜਾਬ ਵਲੋਂ ਪਟਿਆਲਾ ਅਤੇ ਬੀਕਾਨੇਰ ਦੇ ਇਲਾਕਿਆਂ ਨੂੰ ਜਾਂਦੇ ਪਾਣੀ ਦੀ ਰਾਇਲਟੀ ਨਹੀਂ ਚਾਰਜ ਕੀਤੀ ਗਈ। ਇਸ ਤੋਂ ਇਲਾਵਾ 1970 ਤਕ ਪਾਕਿਸਤਾਨ ਨੂੰ ਰਾਵੀ ਅਤੇ ਸਤਲੁਜ ਦੇ ਦਰਿਆਵਾਂ ਦੇ ਨਹਿਰੀ ਪਾਣੀ ਤੋਂ ਪਾਣੀ ਭੇਜਣ ਦੇ ਖਰਚੇ ਤਾਂ ਲ ਜਾਂਦੇ ਸਨ ਪਰ ਰਾਇਲਟੀ ਨਹੀਂ ਚਾਰਜ ਕੀਤੀ ਗਈ। ਭਾਖੜਾ ਪ੍ਰਾਜੈਕਟ ਵਾਸਤੇ 25 ਸਤੰਬਰ 1950 ਦੀ ਕਾਨਫਰੰਸ ਵਿੱਚ ਮਤਾ ਪਾਸ ਕਰ ਭਾਖੜਾ ਕੰਟਰੋਲ ਬੋਰਡ ਅਤੇ ਭਾਖੜਾ ਸਲਾਹਕਾਰ ਬੋਰਡ ਬਣਾਏ ਗਏ ਸਨ। ਇਸ ਵਿੱਚ ਕੇਂਦਰੀ ਸਰਕਾਰ, ਪੰਜਾਬ ਸਰਕਾਰ, ਪੈਪਸੂ, ਰਾਜਸਥਾਨ ਅਤੇ ਬਿਲਾਸਪੁਰ ਰਿਆਸਤ ਦੇ ਨੁਮਾਇੰਦਿਆਂ ਨੇ ਭਾਗ ਲਿਆ ਸੀ। ਇਸ ਪ੍ਰਾਜੈਕਟ ਦੇ ਨਾਲ ਬਿਆਸ ਦਰਿਆ ਦੇ ਪਾਣੀ ਨੂੰ ਸਤਲੁਜ ਦਰਿਆ ਵਿੱਚ ਪਾਇਆ ਜਾਣਾ ਹੈ ਅਤੇ ਭਾਖੜਾ ਦੇ ਸਥਾਨ ਤੇ ਬੰਨ ਬਣਾਂਕੇ ਨਿਯਮਤ ਤਰੀਕੇ ਨਾਲ ਪਾਣੀ ਦਰਿਆ ਵਿੱਚ ਛਡਿਆ ਜਾਂਣਾਂ ਸੀ। ਭਾਖੜਾ ਨਹਿਰ 1954 ਵਿੱਚ ਪੂਰੀ ਕਰਕੇ ਇਸ ਵਿੱਚ ਕੁਝ ਨਿਸ਼ਚਿਤ ਮਾਤਰਾ ਵਿੱਚ ਪਾਣੀ ਛੱਡਿਆ ਜਾਣ ਲਗ ਪਿਆ ਸੀ। ਹਰੀਕੇ ਬੈਰਿਜ ਦੇ ਮੁਕੰਮਲ ਹੋਣ ਬਾਅਦ ਰਾਜਸਥਾਨ ਨਹਿਰ ਨੂੰ ਮੁਕੰਮਲ ਕੀਤਾ ਗਿਆ ਪਰ ਦੋਵਾਂ ਨਹਿਰਾਂ ਵਿੱਚ ਸਮਰੱਥਾ ਅਨੁਸਾਰ ਪੂਰਾ ਪਾਣੀ, ਸਿੰਧ ਜਲ ਸੰਧੀ ਤੇ ਦਸਖ਼ਤ ਹੋਣ ਦੇ ਦਸ ਸਾਲ ਬਾਅਦ 1970 ਵਿੱਚ, ਭੇਜਿਆ ਜਾਣ ਲੱਗਾ ਸੀ। ਭਾਖੜਾ ਪ੍ਰਾਜੈਕਟ ਤੋਂ ਸਿੰਚਾਈ ਵਾਸਤੇ 84% ਇਲਾਕਾ ਪੰਜਾਬ ਵਿੱਚ ਅਤੇ 16% ਰਾਜਸਥਾਨ ਵਾਸਤੇ ਮਿਥਿਆ ਗਿਆ ਸੀ। ਪੰਜਾਬ ਦੇ 1966 ਵਿੱਚ ਪੁਨਰਗਠਨ ਨਾਲ ਭਾਖੜਾ ਪ੍ਰਾਜੈਕਟ ਤੋਂ ਸਿੰਚਾਈ ਅਧੀਨ ਪੰਜਾਬ ਵਿੱਚ ਰਕਬਾ ਕੁੱਲ ਰਕਬੇ ਦਾ 35% ਰਹਿ ਗਿਆ ਬਾਕੀ ਦਾ 49% ਰਕਬਾ ਹਰਿਆਣਾ ਵਿੱਚ ਚਲਾ ਗਿਆ। ਪੰਜਾਬ ਅਤੇ ਰਾਜਸਥਾਨ ਵਿਚਾਲੇ ਦਰਿਆਈ ਪਾਣੀਆਂ ਦਾ ਸਮਝੌਤਾ 1955 ਵਿੱਚ ਕੇਂਦਰੀ ਪਾਵਰ ਅਤੇ ਸਿੰਚਾਈ ਮੰਤਰੀ ਦੀ ਅਗਵਾਈ ਹੋਇਆ ਜਿਸ ਤਹਿਤ ਸਿੰਧ ਬੇਸਿਨ ਦੇ ਤਿੰਨ ਪੂਰਬੀ ਦਰਿਆਵਾਂ ਦੇ ਕੁੱਲ ਪਾਣੀਆਂ ਵਿੱਚੋਂ 8 ਮੀਲੀਅਨ ਏਕੜ ਪਾਣੀ ਰਾਜਸਥਾਨ ਨੂੰ ਦੇ ਦਿੱਤਾ ਗਿਆ। ਇਸ ਨਾਲ ਆਜ਼ਾਦ ਭਾਰਤ ਵਿੱਚ ਇਨ੍ਹਾਂ ਦਰਿਆਵਾਂ ਨੂੰ ਅੰਤਰ-ਰਾਜੀ ਦਰਿਆ ਬਣਾ ਦਿੱਤਾ ਗਿਆ। ਇਸ ਉਪਰ ਪੰਜਾਬ ਸਰਕਾਰ ਵੱਲੋਂ ਕਦੇ ਵੀ ਇਤਰਾਜ਼ ਨਹੀਂ ਕੀਤਾ ਗਿਆ।

ਭਾਵੇਂ ਕੁਝ ਵਿਚਾਰਵਾਨਾਂ ਦਾ ਖਿਆਲ ਹੈ ਕਿ ਇਸ ਸਮਝੌਤੇ ਨੂੰ ਪੂਰਬੀ/ਭਾਰਤੀ ਪੰਜਾਬ ਦੀ ਕੈਬਨਿਟ ਨੇ ਕਦੀ ਪ੍ਰਵਾਨਗੀ ਨਹੀਂ ਦਿੱਤੀ। ਇਸ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਅੰਤਰ-ਰਾਜੀ ਦਰਿਆਈ ਜਲ ਝਗੜਾ ਐਕਟ 1956 ਪਾਸ ਕਰ ਦਿੱਤਾ ਗਿਆ। ਇਸ ਐਕਟ ਦੇ ਸੈਕਸ਼ਨ 7(1) ਅਨੁਸਾਰ ਕੋਈ ਸੂਬਾ ਸਰਕਾਰ ਜਿਸ ਵਿੱਚ ਅੰਤਰ-ਰਾਜੀ ਦਰਿਆ ਉਪਰ ਕੋਈ ਬੰਨ ਬਣਿਆ ਹੋਵੇ ਉਹ ਦੂਜੇ ਸੂਬੇ ਤੋਂ ਕੋਈ ਰਾਇਲਟੀ (Seigniorage) ਜਾਂ ਫੀਸ ਚਾਰਜ ਨਹੀਂ ਕਰ ਸਕਦਾ। ਅਜੋਕੇ ਭਾਰਤ ਦੇ ਕਾਨੂੰਨੀ ਢਾਂਚੇ ਅਨੁਸਾਰ ਪੰਜਾਬ ਸਰਕਾਰ ਰਾਜਸਥਾਨ ਤੋਂ ਰਾਇਲਟੀ ਮੰਗਣ ਦੀ ਹੱਕਦਾਰ ਨਹੀਂ ਹੈ। ਇਹ ਫਿਰ ਵੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਪੰਜਾਬ ਤੋਂ ਕੁਝ ਸੁਹਿਰਦ ਵਿਚਾਰਵਾਨ, ਸਿਆਸਤਦਾਨ ਅਤੇ ਵਕੀਲ ਰਾਜਸਥਾਨ ਤੋਂ ਪਾਣੀਆਂ ਵਾਸਤੇ ਰਾਇਲਟੀ ਦੀ ਮੰਗ ਕਰਦੇ ਰਹਿੰਦੇ ਹਨ। ਇਹੋ ਕਾਰਣ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਖਲ ਹੋਇਆ ਕੇਸ ਅੱਗੇ ਨਹੀਂ ਚਲ ਸਕਿਆ।

ਪੰਜਾਬ ਵਲੋਂ ਰਾਜਸਥਾਨ ਨਾਲ 1955 ਸਮਝੌਤਾ ਭਾਰਤ – ਪਾਕਿਸਤਾਨ ਵਿੱਚ ਪਾਣੀਆਂ ਦੀ ਵੰਡ ਦੇ ਮਸਲੇ ਨੂੰ ਲੈਕੇ ਵਿਸ਼ਵ ਬੈਂਕ ਵਿਚੋਲਗੀ ਕਰ ਰਿਹਾ ਸੀ। ਉਸ ਵਲੋਂ ਦੋਵਾਂ ਦੇਸ਼ਾਂ ਨੂੰ ਇਹ ਕਿਹਾ ਕਿ ਉਹ ਆਪਣੇ ਇਲਾਕੇ ਵਿੱਚ ਜਲ ਸਰੋਤਾਂ ਦੀ ਸੁਚੱਜੀ ਵਰਤੋਂ ਬਾਰੇ ਵਿਸਥਾਰ ਪੂਰਵਕ ਯੋਜਨਾ ਤਿਆਰ ਕਰਨ ਅਤੇ ਬੈਂਕ ਸਾਮ੍ਹਣੇ ਰੱਖਣ। ਇਸ ਵਾਸਤੇ ਬੈਂਕ ਵੱਲੋਂ ਇਕ ਪਹਿਲੀ ਤਜਵੀਜ਼ ਦਿੱਤੀ ਗਈ ਕਿ ਤਿੰਨ ਪਛਮੀ ਦਰਿਆ (ਸਿੰਧ, ਜੇਹਲਮ ਅਤੇ ਚਨਾਬ) ਪਾਕਿਸਤਾਨ ਨੂੰ ਅਤੇ ਤਿੰਨ ਦਰਿਆ (ਰਾਵੀ, ਬਿਆਸ ਅਤੇ ਸਤਲੁਜ) ਭਾਰਤ ਨੂੰ ਦਿਤੇ ਜਾਣ। ਨਾਲ ਹੀ ਕਿਹਾ ਗਿਆ ਕਿ ਬੈਂਕ ਦੇ ਨੁਮਾਇੰਦੇ ਦੋਵਾਂ ਦੇਸ਼ਾਂ ਦੇ ਨਾਮਜ਼ਦ ਇੰਜਨੀਅਰਾਂ ਨੂੰ ਨਾਲ ਲੈਕੇ ਇਨ੍ਹਾਂ ਇਲਾਕਿਆਂ ਦਾ ਮੌਕੇ ਤੇ ਮੁਆਇਨਾ ਕਰਨਗੇ ਤਾਂ ਕਿ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਦਰਿਆਵਾਂ ਦੇ ਜਲ ਸਰੋਤਾਂ ਦੀ ਵਰਤੋਂ ਉਤਮ ਤਰੀਕੇ ਨਾਲ ਸੁਝਾਈ ਯੋਜਨਾ ਅਨੁਸਾਰ ਸੰਭਵ ਹੈ। ਭਾਰਤ ਦੇ ਨਾਮਜ਼ਦ ਇੰਜਨੀਅਰ ਅਤੇ ਲਗਾਤਾਰ ਗਲਬਾਤ ਵਿੱਚ ਸ਼ਾਮਲ ਨਰਿੰਜਨ ਦਾਸ ਗੁਲਾਟੀ ਇਹ ਸੁਨੇਹਾ ਭਾਰਤ ਸਰਕਾਰ ਨੂੰ ਭੇਜਿਆ ਕਿ ਜੇਕਰ ਦੇਸ਼ ਐਸੀ ਯੋਜਨਾ ਤੁਰੰਤ ਤਿਆਰ ਨਹੀਂ ਕਰਦਾ ਤਾਂ ਦੇਸ਼ ਦਾ ਦਰਿਆਈ ਪਾਣੀਆਂ ਦਾ ਕੇਸ ਕਮਜ਼ੋਰ ਪੈ ਸਕਦਾ ਹੈ। ਕਿਉਂਕਿ ਪੂਰਬੀ ਪੰਜਾਬ ਵਿੱਚ ਭਾਖੜਾ ਪ੍ਰਾਜੈਕਟ ਤੋਂ ਬਗੈਰ ਕਿਸੇ ਨਵੇਂ ਪ੍ਰਾਜੈਕਟ ਦੀ ਅਣਹੋਂਦ ਕਾਰਨ ਪਾਲਿਸੀ ਯੋਜਨਾਕਾਰਾਂ ਵਲੋਂ ਪਾਣੀ ਦੀ ਵਰਤੋਂ ਵਾਸਤੇ ਰਾਜਸਥਾਨ ਦੇ ਬੀਕਾਨੇਰ ਇਲਾਕੇ ਵਿੱਚ ਇਸ ਪਾਣੀ ਦੀ ਵਰਤੋਂ ਬਾਰੇ ਸੋਚਿਆ। ਗੁਲਾਟੀ ਆਪਣੀ ਕਿਤਾਬ ਵਿੱਚ ਲਿਖਦਾ ਹੈ ਕਿ ਮੈਂ ਆਪਣੀ ਸਰਕਾਰ ਨੂੰ ਨਸੀਅਤ ਦਿੱਤੀ ਸੀ ਕਿ ਬੈਂਕ ਦੀ ਟੀਮ ਦੇ ਦੌਰੇ ਤੋਂ ਪਹਿਲਾਂ ਠੋਸ ਕਦਮ ਪੁੱਟੇ ਜਾਣ ਤਾਂ ਕਿ ਇਹ ਵਿਖਾਇਆ ਜਾ ਸਕੇ ਕਿ ਪੂਰਬੀ ਦਰਿਆਵਾਂ ਦਾ ਸਾਰਾ ਪਾਣੀ ਸਿੰਧ ਬੇਸਿਨ ਦੇ ਭਾਰਤੀ ਹਿੱਸੇ ਵਿੱਚ ਵਰਤਿਆ ਜਾ ਸਕਦਾ ਹੈ ਸਰਹਿੰਦ ਫੀਡਰ ਨਹਿਰ ਦੇ ਬਣਾਉਣ ਤੇ ਤੁਰੰਤ ਕੰਮ ਸ਼ੁਰੂ ਕਰ ਦਿੱਤਾ ਜਾਵੇ ਅਤੇ ਰਾਜਸਥਾਨ ਨਹਿਰ ਦੇ ਬਣਾਉਣ ਦੀ ਮਨਜ਼ੂਰੀ ਵੀ ਦੇ ਦਿੱਤੀ ਜਾਵੇ। ਇਸ ਨਾਲ ਭਾਰਤ ਦੀ ਜ਼ਰੂਰਤ ਦਾ ਸਭ ਤੋਂ ਵਧੀਆ ਸਬੂਤ ਪੇਸ਼ ਹੋ ਜਾਵੇਗਾ।

ਪੰਜਾਬ ਸਰਕਾਰ ਪਹਿਲਾਂ ਸੂਬੇ ਤੋਂ ਬਾਹਰ ਪਾਣੀ ਭੇਜਣ ਦੇ ਖਿਲਾਫ ਸੀ ਅਤੇ ਰਾਜਸਥਾਨ ਵੀ ਪਾਣੀ ਦੇ ਮਿਲਣ ਦਾ ਯਕੀਨ ਨਾ ਹੋਣ ਕਰਕੇ ਇਸ ਤਜਵੀਜ਼ ਦੇ ਹੱਕ ਵਿੱਚ ਨਹੀਂ ਸੀ। ਇਸ ਕਰਕੇ ਇਹ ਕੰਮ ਭਾਰਤ ਦੇ ਯੋਜਨਾ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ ਸੀ। ਵੈਸੇ ਵੀ ਅਪਰ ਬਾਰੀ ਦੁਆਬ ਨਹਿਰ ਅਤੇ ਸਰਹਿੰਦ ਨਹਿਰ ਵਿੱਚ ਪਾਣੀ ਸਿੰਚਾਈ ਇਲਾਕਿਆਂ ਵਿੱਚ ਵਧਾ ਕੇ ਛੱਡਣ ਨਾਲ ਸੇਮ ਦੀ ਸਮਸਿਆ ਆਉਣ ਲੱਗ ਪਈ ਸੀ। ਪੂਰਬੀ ਤਿੰਨ ਦਰਿਆਵਾਂ ਦੇ ਸਾਰੇ ਪਾਣੀਆਂ ਨੂੰ ਭਾਰਤ ਦੇ ਕਬਜ਼ੇ ਵਿੱਚ ਲਿਆਉਣ ਦੀ ਮਨਸ਼ਾ ਅਤੇ ਯੋਜਨਾ ਕਮਿਸ਼ਨ ਦੀ ਸਲਾਹ ਨਾਲ ਕੇਂਦਰ ਦੀ ਦਖਲਅੰਦਾਜ਼ੀ ਤੇ 1955 ਦਾ ਪੂਰਬੀ ਦਰਿਆਵਾਂ ਦੇ ਜਲ ਦੀ ਵੰਡ ਦਾ ਸਮਝੌਤਾ ਹੋਇਆ ਸੀ। ਇਸ ਸਮਝੌਤੇ ਵਿੱਚ ਪੰਜਾਬ, ਪੈਪਸੂ, ਰਾਜਸਥਾਨ ਅਤੇ ਜੰਮੂ ਕਸ਼ਮੀਰ ਸਰਕਾਰਾਂ ਨੇ ਕੇਂਦਰ ਸਰਕਾਰ ਦੇ ਪਾਵਰ ਅਤੇ ਜਲ ਸਰੋਤ ਮੰਤਰੀ ਦੀ ਅਗਵਾਈ ਵਿੱਚ ਸ਼ਾਮੂਲੀਅਤ ਕੀਤੀ। ਇਸ ਸਮਝੌਤੇ ਅਨੁਸਾਰ ਪੰਜਾਬ ਅਤੇ ਪੈਪਸੂ ਨੂੰ 7.2 ਮਿਲਿਅਨ ਏਕੜ ਫੁੱਟ, ਅਤੇ ਰਾਜਸਥਾਨ ਨੂੰ 8 ਮਿਲੀਅਨ ਏਕੜ ਫੁੱਟ ਅਤੇ ਜੰਮੂ ਕਸ਼ਮੀਰ ਨੂੰ 0.65 ਮਿਲੀਅਨ ਏਕੜ ਫੁੱਟ ਪਾਣੀ ਅਲਾਟ ਕੀਤਾ ਗਿਆ ਸੀ। ਇਸ ਸਮਝੌਤੇ ਨਾਲ ਰਾਜਸਥਾਨ ਸਿੰਧ ਬੇਸਿਨ ਦਰਿਆ : ਰਾਵੀ, ਬਿਆਸ ਅਤੇ ਸਤਲੁਜ, ਦੇ ਪਾਣੀਆਂ ਵਿੱਚ ਹਿੱਸੇਦਾਰ ਬਣ ਗਿਆ ਅਤੇ ਇਨ੍ਹਾਂ ਦਰਿਆਵਾਂ ਨੂੰ ਅੰਤਰ-ਰਾਜੀ ਦਰਿਆ ਘੋਸ਼ਿਤ ਕਰ ਦਿੱਤਾ ਗਿਆ। ਫਿਰ ਅੰਤਰ-ਰਾਜੀ ਦਰਿਆ ਝਗੜਾ ਐਕਟ 1956 ਤਹਿਤ ਸੂਬਿਆਂ ਵਿੱਚ ਪਾਣੀਆਂ ਦੀ ਵੰਡ/ਸਪਲਾਈ ਕਾਰਨ ਰਾਇਲਟੀ ਚਾਰਜ ਕਰਨ ਤੇ ਮਨਾਹੀ ਕਰ ਦਿੱਤੀ ਗਈ ਸੀ। ਸੂਬਿਆਂ ਵਿੱਚ ਪਾਣੀਆਂ ਦੇ ਝਗੜੇ ਨਿਪਟਾਉਣ ਵਾਸਤੇ 1986 ਦੀ ਸੋਧ ਕਰਕੇ ਟ੍ਰਬਿਊਨਲ ਬਨਾਉਣ ਦਾ ਇੰਤਜ਼ਾਮ ਕਰ ਲਿਆ ਗਿਆ ਸੀ। ਇਸ ਕਰਕੇ ਇਨ੍ਹਾਂ ਮਸਲਿਆਂ ਤੇ ਅਜੋਕੇ ਸਮੇਂ ਬਸਤੀਵਾਦੀ ਯੁੱਗ ਦੇ ਕਾਨੂੰਨ ਲਾਗੂ ਨਹੀਂ ਕੀਤੇ ਜਾ ਸਕਦੇ।

**ਪੰਜਾਬ- ਹਰਿਆਣਾ ਵਿੱਚ ਪਾਣੀਆਂ ਦੀ ਵੰਡ** : ਪੰਜਾਬ ਅਤੇ ਹਰਿਆਣਾ ਵਿੱਚ ਪਾਣੀਆਂ ਦੀ ਵੰਡ ਦਾ ਮਸਲਾ ਪੰਜਾਬ ਦੇ 1966 ਵਿੱਚ ਪੁਨਰਗਠਨ ਨਾਲ ਸ਼ੁਰੂ ਹੁੰਦਾ ਹੈ। ਇਸ ਤੋਂ ਪਹਿਲਾਂ ਸਾਂਝੇ ਪੰਜਾਬ ਦਾ ਇਲਾਕਾ ਪਾਕਿਸਤਾਨ ਦੇ ਬਾਰਡਰ ਤੋਂ ਸ਼ੁਰੂ ਹੋ ਕੇ ਦਿੱਲੀ ਤੱਕ ਫੈਲਿਆ ਹੋਇਆ ਸੀ। ਪਾਰਲੀਮੈਂਟ ਵਲੋਂ ਪੰਜਾਬ ਪੁਨਰਗਠਨ ਐਕਟ 1966 ਦੇ ਪਾਸ ਕਰਨ ਤੋਂ ਬਾਅਦ ਸਾਂਝਾ ਭਾਰਤੀ ਪੰਜਾਬ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿੱਚ ਮਿਲਾ ਦਿਤੇ ਗਏ ਅਤੇ ਹਿੰਦੀ ਭਾਸ਼ਾ ਬੋਲਣ ਵਾਲੇ ਮੈਦਾਨੀ ਇਲਾਕੇ ਨੂੰ ਹਰਿਆਣਾ ਸੂਬਾ ਬਣਾ ਦਿੱਤਾ ਗਿਆ। ਚੰਡੀਗੜ੍ਹ ਰਾਜਧਾਨੀ ਖੇਤਰ ਨੂੰ ਕੇਂਦਰੀ ਸ਼ਾਸਤਰ ਇਲਾਕਾ ਬਣਾ ਦਿੱਤਾ ਗਿਆ। ਆਬਾਦੀ ਦੇ ਹਿਸਾਬ ਨਾਲ ਜਾਇਦਾਦ 60:40 ਪੰਜਾਬ ਅਤੇ ਹਰਿਆਣਾ ਵਿੱਚ ਵੰਡ ਦਿੱਤੀ ਸੀ। ਪਰ ਦਰਿਆਈ ਪਾਣੀਆਂ ਅਤੇ ਦਰਿਆਵਾਂ ਤੇ ਬਣੇ ਹੈਡ ਵਰਕਸ ਵਾਸਤੇ ਪੰਜਾਬ ਪੁਨਰਗਠਨ ਐਕਟ ਵਿੱਚ ਸੈਕਸ਼ਨ 78,79, 80 ਸ਼ਾਮਲ ਕਰਕੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਣਾਇਆ ਗਿਆ ਸੀ। ਇਨ੍ਹਾਂ ਵਿੱਚ ਪਾਣੀਆਂ ਦੀ ਵੰਡ ਵਾਸਤੇ ਦੋਵੇਂ ਸੂਬਿਆਂ ਨੂੰ ਮਿਲ ਕੇ ਸਮਝੌਤਾ ਕਰਨ ਦੀ ਵਿਵਸਥਾ ਕੀਤੀ ਗਈ ਹੈ ਅਤੇ ਸਮਝੌਤਾ ਨਾ ਹੋਣ ਦੀ ਸੂਰਤ ਵਿੱਚ ਕੇਂਦਰ ਨੂੰ ਦਖ਼ਲ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਪਰ ਇਸ ਐਕਟ ਵਿੱਚ ਰਾਵੀ ਦਰਿਆ ਅਤੇ ਯਮੁਨਾ ਦਰਿਆ ਦੇ ਪਾਣੀਆਂ ਦੀ ਵੰਡ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਐਕਟ ਵਿੱਚ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਵਾਧੂ (Surplus) ਪਾਣੀਆਂ ਦੀ ਵੰਡ ਬਾਰੇ ਜ਼ਿਕਰ ਕੀਤਾ ਗਿਆ ਹੈ। ਮਸਲੇ ਦੀ ਸ਼ੁਰੂਆਤ 1969 ਵਿੱਚ ਹੁੰਦੀ ਹੈ ਜਦੋਂ ਹਰਿਆਣਾ ਸਰਕਾਰ ਨੇ ਕੇਂਦਰ ਸਰਕਾਰ ਨੂੰ ਇਕ ਚਿੱਠੀ ਲਿਖ ਕੇ ਪੰਜਾਬ ਦੇ ਪਾਣੀਆਂ ਵਿੱਚੋਂ ਬਣਦੇ ਹਿੱਸੇ ਦੀ ਮੰਗ ਕੀਤੀ ਸੀ। ਇਸ ਤੇ ਪੰਜਾਬ ਸਰਕਾਰ ਵੱਲੋਂ ਇਤਰਾਜ਼ ਜਤਾਇਆ ਗਿਆ ਸੀ। ਪਰ ਇਸ ਚਿੱਠੀ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਬੀ ਪੀ ਪਟੇਲ ਦੀ ਅਗਵਾਈ ਵਿੱਚ ਇਕ ਕਮੇਟੀ ਦਾ ਗਠਨ ਇਹ ਤਹਿ ਕਰਨ ਨੂੰ ਕੀਤਾ ਗਿਆ ਕਿ ਹਰਿਆਣਾ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਵਿੱਚੋਂ ਕਿੰਨਾ ਹਿੱਸਾ ਬਣਦਾ ਹੈ। ਇਸ ਕਮੇਟੀ ਨੇ 1970 ਵਿੱਚ ਆਪਣੀ ਰਿਪੋਰਟ ਪੇਸ਼ ਕਰ ਦਿੱਤੀ। ਇਸ ਰਿਪੋਰਟ ਵਿੱਚ ਕਿਹਾ ਗਿਆ ਕਿ ਪੰਜਾਬ ਦੇ 7.2 ਮਿਲੀਅਨ ਏਕੜ ਫੁੱਟ ਦਰਿਆਈ ਪਾਣੀਆਂ ਵਿੱਚੋਂ ਹਰਿਆਣਾ ਦਾ ਹਿੱਸਾ 3.04 ਮਿਲੀਅਨ ਏਕੜ ਫੁੱਟ ਬਣਦਾ ਹੈ। ਇਸ ਰਿਪੋਰਟ ਵਿੱਚ ਗਲਤੀ ਨਾਲ ਜਾਂ ਜਾਣਬੁੱਝ ਕੇ ਰਾਵੀ ਦਰਿਆ ਦੇ ਪਾਣੀ ਨੂੰ ਵੀ ਵੰਡਣ ਵਾਲੇ ਪਾਣੀਆਂ ਵਿੱਚ ਸ਼ਾਮਲ ਕਰ ਲਿਆ ਸੀ। ਇਸ ਰਿਪੋਰਟ ਨੇ ਪੰਜਾਬ ਪੁਨਰਗਠਨ ਐਕਟ 1966 ਦੇ ਸੈਕਸ਼ਨ 78(1) ਦੀ ਘੋਰ ਉਲੰਘਣਾ ਕੀਤੀ ਜਿਸ ਅਨੁਸਾਰ ਸਿਰਫ਼ ਭਾਖੜਾ -ਨੰਗਲ ਪ੍ਰਾਜੈਕਟ ਅਤੇ ਬਿਆਸ ਪ੍ਰਾਜੈਕਟ ਨਾਲ ਸਬੰਧਤ ਜਲ ਸਰੋਤਾਂ ਦੀ ਵੰਡ ਦਾ ਜ਼ਿਕਰ ਕੀਤਾ ਗਿਆ ਹੈ। ਇਸ ਐਕਟ ਦੇ ਸੈਕਸ਼ਨ 78, 79 ਅਤੇ 80 ਵਿੱਚ ਰਾਵੀ ਦੇ ਪਾਣੀਆਂ ਦੀ ਵੰਡ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੇ ਹਰਿਆਣਾ ਨਾਲ ਝਗੜੇ ਦੇ ਬਿਰਤਾਂਤ ਵਿੱਚ ਇਹ ਗ਼ਲਤੀ ਬਾਰ ਬਾਰ ਕੀਤੀ ਜਾਂਦੀ ਰਹੀ ਹੈ। ਇਹੀ ਗਲਤੀ ਯੋਜਨਾ ਕਮਿਸ਼ਨ ਨੇ 1973 ਵਿੱਚ ਕੀਤੀ ਜਿਸ ਨੂੰ ਮੁਰਤੀ ਕਮਿਸ਼ਨ ਨੇ 1975 ਵਿੱਚ ਦੁਹਰਾਇਆ ਸੀ ਅਤੇ ਅਤੇ ਪ੍ਰਧਾਨ ਮੰਤਰੀ ਜਲ ਅਵਾਰਡ 1976 ਵਿੱਚ ਵੀ ਏਸੇ ਗਲਤੀ ਨੂੰ ਦੁਹਰਾਉਣ ਦੀ ਪ੍ਰਕਿਰਿਆ ਵੇਖਣ ਨੂੰ ਮਿਲਦੀ ਹੈ। ਇਹ ਤੋਂ ਵੀ ਅੱਗੇ ਪ੍ਰਧਾਨ ਮੰਤਰੀ ਜਲ ਅਵਾਰਡ ਵਿੱਚ ਹਰਿਆਣਾ ਦਾ ਪੰਜਾਬ ਦੇ ਦਰਿਆਈ ਪਾਣੀਆਂ ਵਿੱਚ ਹਿੱਸਾ 3.04 ਮਿਲੀਅਨ ਏਕੜ ਫੁੱਟ ਤੋਂ ਵਧਾਕੇ 3.5 ਮਿਲੀਅਨ ਏਕੜ ਫੁੱਟ ਕਰ ਦਿੱਤਾ ਗਿਆ ਸੀ। ਇਸ ਅਵਾਰਡ ਦੇ ਤਹਿਤ ਹੀ ਸਤਲੁਜ -ਯਮੁਨਾ ਲਿੰਕ ਨਹਿਰ ਨੂੰ ਬਣਾਕੇ ਇਸ ਪਾਣੀ ਨੂੰ ਹਰਿਆਣਾ ਵਿੱਚ ਲਿਜਾਣ ਦਾ ਫੈਸਲਾ ਕੀਤਾ ਗਿਆ ਸੀ। ਏਸੇ ਗਲਤੀ ਦਾ ਪ੍ਰਗਟਾਵਾ ਰਾਜੀਵ-ਲੌਂਗੋਵਾਲ ਸਮਝੌਤੇ (1985) ਵਿੱਚ ਵੀ ਮਿਲਦਾ ਹੈ। ਇਸ ਤੋਂ ਲਗਦਾ ਹੈ ਕਿ ਇਹ ਗ਼ਲਤੀ ਜਾਣ ਬੁੱਝ ਕੇ ਕੀਤੀ ਜਾਂਦੀ ਰਹੀ ਹੈ। ਮੌਜੂਦਾ ਪੰਜਾਬ ਸਰਕਾਰ ਦੀ ਲੀਡਰਸ਼ਿਪ ਵਲੋਂ ਇਸ ਗਲਤੀ ਨੂੰ ਜ਼ੋਰਦਾਰ ਤਰੀਕੇ ਨਾਲ ਉਠਾਇਆ ਜਾਣਾਂ ਚਾਹੀਦਾ ਹੈ ਅਤੇ ਇਨਸਾਫ ਦੇ ਨਜ਼ਰੀਏ ਤੋਂ ਸੁਧਰਨਾ ਬਣਦਾ ਹੈ।

**ਪਾਣੀ ਦਾ ਹਰਿਆਣੇ ਨੂੰ ਕਿੰਨਾ ਹਿੱਸਾ ਬਣਦਾ ਹੈ ?** : ਇਸ ਮੁੱਦੇ ਤੇ ਵੱਖ ਵੱਖ ਅੰਦਾਜ਼ੇ ਹੋ ਸਕਦੇ ਹਨ। ਪੰਜਾਬ ਦੇ ਸਾਬਕਾ ਚੀਫ਼ ਇੰਜਨੀਅਰ ਮਰਹੂਮ ਆਰ ਐਸ ਗਿੱਲ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ ਵਿੱਚ ਹਿੱਸਾ 3.5 ਮਿਲੀਅਨ ਏਕੜ ਫੁੱਟ ਦੀ ਬਜਾਏ 1.93 ਮਿਲੀਅਨ ਏਕੜ ਫੁੱਟ ਬਣਦਾ ਹੈ (Dhillon, AIHC P.C)। ਪਾਣੀ ਦਾ ਇਹ ਹਿੱਸਾ ਹਰਿਆਣਾ ਨੂੰ ਜਾਣਾ ਚਾਹੀਦਾ ਹੈ। ਹਰਿਆਣਾ ਸਰਕਾਰ ਨੇ 1985 ਵਿੱਚ ਲਿਖ ਕੇ ਦਿੱਤਾ ਸੀ ਕਿ ਮੌਜੂਦਾ ਨਹਿਰਾਂ ਰਾਹੀਂ ਹਰਿਆਣਾ ਨੂੰ 1.99 ਮਿਲੀਅਨ ਏਕੜ ਫੁੱਟ ਪਾਣੀ ਜਾ ਰਿਹਾ ਹੈ (Jagtar Singh, 2020 P. 249) ਅਤੇ ਉਹ ਪੰਜਾਬ ਤੋਂ ਬਾਕੀ ਦੇ 1.51 ਮਿਲੀਅਨ ਏਕੜ ਫੁੱਟ ਪਾਣੀ ਨੂੰ ਸਤਲੁਜ -ਯਮੁਨਾ ਨਹਿਰ ਰਾਹੀਂ ਪੰਜਾਬ ਤੋਂ ਲਿਜਾਣਾ ਚਾਹੁੰਦੇ ਹਨ। ਇਸ ਵਿੱਚ ਰਾਵੀ ਦੇ ਪਾਣੀ ਵਿੱਚ ਹਰਿਆਣਾ ਦਾ ਕਥਿਤ ਹਿੱਸਾ ਵੀ ਸ਼ਾਮਲ ਹੈ। ਇਸ ਹੋਰ ਪਾਣੀ ਦੀ ਹਰਿਆਣਾ ਵਲੋਂ ਕੀਤੀ ਜਾ ਰਹੀ ਮੰਗ ਨੂੰ ਵਿਚਾਰਨ ਦੀ ਲੋੜ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੇ ਅੰਦਾਜ਼ੇ 1921-46 ਦੀ ਲੜੀ ਤੇ ਆਧਾਰਿਤ ਹਨ। ਪੰਜਾਬ ਦਾ ਤਰਕ ਹੈ ਕਿ ਹਿਮਾਲਿਆ ਦੇ ਪਰਬਤਾਂ ਵਿੱਚ ਗਲੇਸ਼ੀਅਰ ਪਿਘਲ ਜਾਣ ਕਾਰਨ ਦਰਿਆਵਾਂ ਵਿੱਚ ਪਾਣੀ ਦਾ ਵਹਾਅ ਘੱਟ ਗਿਆ ਹੈ। ਇਸ ਕਰਕੇ ਇਸ ਨੂੰ ਤਾਜ਼ਾ ਲੜੀ (1997-2022) ਦੇ ਹਿਸਾਬ ਨਾਲ ਮਾਪ ਕਿ ਹਰਿਆਣਾ ਦੇ ਹਿੱਸਾ ਨੂੰ ਅੰਕਿਤ ਕਰਨਾ ਵਾਜਬ ਲਗਦਾ ਹੈ। ਜੇਕਰ ਥੋੜਾ ਹੋਰ ਹਿੱਸਾ ਨਿਕਲਦਾ ਵੀ ਹੈ ਤਾਂ ਉਸ ਨੂੰ ਮੌਜੂਦਾ ਭਾਖੜਾ ਨਹਿਰ ਅਤੇ ਸਰਹਿੰਦ ਫੀਡਰ ਨਹਿਰ ਰਾਹੀਂ ਹਰਿਆਣਾ ਨੂੰ ਭੇਜਿਆ ਜਾ ਸਕਦਾ ਹੈ। ਇਸ ਕਰਕੇ ਸਤਲੁਜ -ਯਮੁਨਾ ਨਹਿਰ ਨੂੰ ਉਸਾਰਣ ਦੀ ਜ਼ਰੂਰਤ ਨਹੀਂ ਹੈ।

**ਪਾਣੀ ਦੀ ਵੰਡ ਤੇ ਗੰਧਲੀ ਸਿਆਸਤ** : ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਉਪਰ ਪੰਜਾਬ ਦੇ ਸਿਆਸਦਾਨਾਂ ਦਾ ਦੋਗਲਾਪਣ ਸਪਸ਼ਟ ਉਭਰ ਕੇ ਆਉਂਦਾ ਹੈ। ਇੰਦਰਾ ਗਾਂਧੀ ਵੱਲੋਂ 1976 ਦੇ ਪ੍ਰਧਾਨ ਮੰਤਰੀ ਜਲ ਅਵਾਰਡ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਪਾਰਟੀ ਸਰਕਾਰ 1977 ਵਿੱਚ ਬਣ ਗਈ ਸੀ। ਬਾਦਲ ਸਰਕਾਰ ਵਲੋਂ ਹੀ ਸਤਲੁਜ - ਯਮੁਨਾ ਲਿੰਕ ਨਹਿਰ ਵਾਸਤੇ ਜ਼ਮੀਨ ਲੈਣ ਦਾ ਫੈਸਲਾ ਅਤੇ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਸੀ। ਇਸ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਤੋਂ ਬਗੈਰ ਹੀ ਇਸ ਸਰਕਾਰ ਵਲੋਂ ਪ੍ਰਧਾਨ ਮੰਤਰੀ ਅਵਾਰਡ ਖਿਲਾਫ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕੀਤਾ ਸੀ 1980 ਵਿੱਚ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਲੋਂ ਇਹ ਕੇਸ ਸੁਪਰੀਮ ਕੋਰਟ ਵਿਚੋਂ ਵਾਪਸ ਲੈਣ ਦਾ ਕੰਮ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਸਮਝੌਤਾ ਕਰਕੇ ਇਸ ਅਵਾਰਡ ਨੂੰ ਮੰਨ ਕੇ ਹਰਿਆਣਾ ਨੂੰ ਪਾਣੀ ਦਰਿਆਈ ਪਾਣੀ ਭੇਜਣਾ ਮੰਨ ਲਿਆ ਸੀ। ਇਸ ਤੋਂ ਬਾਅਦ 1982 ਵਿੱਚ ਸਤਲੁਜ - ਯਮੁਨਾ ਲਿੰਕ ਨਹਿਰ ਦਾ ਪੰਜਾਬ ਵਿੱਚ ਕਪੂਰੀ ਦੇ ਸਥਾਨ ਤੇ ਟੱਕ ਇੰਦਿਰਾ ਗਾਂਧੀ ਵੱਲੋਂ ਲਗਾਉਣ ਲਈ ਚਾਂਦੀ ਦੀ ਕਹੀ ਕੈਪਟਨ ਅਮਰਿੰਦਰ ਸਿੰਘ ਲੈਕੇ ਕੇ ਇਸ ਵਿੱਚ ਸ਼ਾਮਲ ਹੋਏ ਸਨ। ਇਸ ਮੁੱਦੇ ਤੇ ਅਕਾਲੀ ਦਲ ਵੱਲੋਂ ਮੋਰਚਾ ਵੀ ਸ਼ੁਰੂ ਕਰ ਦਿੱਤਾ ਸੀ ਜਿਸ ਨੂੰ ਬਦਲ ਕੇ ਧਰਮਯੁੱਧ ਮੋਰਚੇ ਦਾ ਨਾਮ ਦੇ ਦਿੱਤਾ ਗਿਆ ਸੀ। ਹਰਿਆਣਾ ਨੂੰ ਪਾਣੀ ਰੋਕਣ ਵਾਸਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵਿਧਾਨ ਸਭਾ ਵਿੱਚ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ ਵਿਧਾਨ ਸਭਾ ਵਿੱਚ 2004 ਵਿੱਚ ਪਾਸ ਕੀਤਾ ਸੀ। ਇਸ ਤੋਂ ਪਹਿਲਾਂ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵਲੋਂ 5 ਨਵੰਬਰ 1985 ਰਾਜੀਵ-ਲੌਂਗੋਵਾਲ ਸਮਝੌਤਾ ਨੂੰ ਵਿਧਾਨ ਸਭਾ ਵਿੱਚ ਪਾਸ ਕਰਕੇ ਹਰਿਆਣਾ ਨੂੰ ਪਾਣੀ ਦੀ ਵੰਡ ਨੂੰ ਸਵੀਕਾਰ ਕਰ ਲਿਆ ਸੀ। ਇਸ ਸਰਕਾਰ ਵਿੱਚ ਕੈਪਟਨ ਅਮਰਿੰਦਰ ਸਿੰਘ ਖੇਤੀ ਮੰਤਰੀ ਸਨ ਅਤੇ ਪ੍ਰਕਾਸ਼ ਸਿੰਘ ਬਾਦਲ ਵਿਧਾਨ ਸਭਾ ਦੇ ਮੈਂਬਰ ਸਨ। ਅਕਾਲੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਭਾਈਵਾਲੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੇ 14 ਮਾਰਚ 2016 ਨੂੰ ਸਤਲੁਜ -ਯਮੁਨਾ ਲਿੰਕ ਨਹਿਰ ਜ਼ਮੀਨ (ਪ੍ਰਾਪਰਟੀ ਰਾਇਟਸ) ਬਿਲ ਸਰਬਸੰਮਤੀ ਨਾਲ ਵਿਧਾਨ ਸਭਾ ਵਿੱਚ ਪਾਸ ਕੀਤਾ। ਇਸ ਬਿਲ ਵਿੱਚ 3928 ਏਕੜ ਜ਼ਮੀਨ ਇਸ ਦੇ ਮੁਢਲੇ ਮਾਲਕਾਂ ਨੂੰ

ਮੋੜਨ ਦਾ ਇੰਤਜ਼ਾਮ ਕੀਤਾ ਗਿਆ ਸੀ। ਪਰ ਇਸ ਬਿਲ ਨੂੰ ਗਵਰਨਰ ਵਲੋਂ ਪ੍ਰਵਾਨਗੀ ਪ੍ਰਾਪਤ ਨਹੀਂ ਮਿਲ ਸਕੀ ਸੀ। ਜਿਸ ਵਕਤ ਇਸ ਦੇ ਖਿਲਾਫ ਸੁਪਰੀਮ ਕੋਰਟ ਦਾ ਫ਼ੈਸਲਾ 10 ਨਵੰਬਰ 2016 ਨੂੰ ਆਇਆ ਤਾਂ ਪੰਜਾਬ ਦੇ ਸਾਰੇ 42 ਕਾਂਗਰਸੀ ਮੈਂਬਰਾਂ ਨੇ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਅਤੇ ਕੈਪਟਨ ਅਮਰਿੰਦਰ ਸਿੰਘ ਜਿਹੜੇ ਪੰਜਾਬ ਕਾਂਗਰਸ ਦੇ ਪ੍ਰਧਾਨ ਸਨ ਉਨ੍ਹਾਂ ਅਮ੍ਰਿਤਸਰ ਲੋਕ ਸਭਾ ਪਾਰਲੀਮੈਂਟ ਹਲਕੇ ਤੋਂ ਅਸਤੀਫਾ ਦੇ ਦਿੱਤਾ ਸੀ। ਪੰਜਾਬ ਕੈਬਨਿਟ ਨੇ 15 ਨਵੰਬਰ 2016 ਇਕ ਮਤਾ ਪਾਸ ਕਰਕੇ ਸਤਲੁਜ-ਯਮੁਨਾ ਨਹਿਰ ਵਿੱਚ ਆਈ ਜ਼ਮੀਨ ਨੂੰ ਉਸ ਦੇ ਮੁਢਲੇ ਮਾਲਕਾਂ ਨੂੰ ਨੂੰ ਬਗੈਰ ਕਿਸੇ ਕੀਮਤ ਦੀ ਅਦਾਇਗੀ ਕਰਨ ਦੇ ਉਨ੍ਹਾਂ ਦੇ ਨਾਂਮ ਤੇ ਤਬਦੀਲ ਕਰਨ ਦਾ ਫੈਸਲਾ ਕਰ ਦਿੱਤਾ। ਇਸ ਫੈਸਲੇ ਤੇ ਸੁਪਰੀਮ ਕੋਰਟ ਨੇ ਤੁਰੰਤ ਰੋਕ ਲਗਾ ਦਿੱਤੀ ਅਤੇ ਅੱਗੇ ਕੋਈ ਕਾਰਵਾਈ ਨਹੀਂ ਹੋ ਸਕੀ। ਇਸ ਤੋਂ ਬਾਅਦ 16 ਨਵੰਬਰ 2016 ਨੂੰ ਵਿਧਾਨ ਸਭਾ ਦੇ ਸਪੈਸ਼ਲ ਸੈਸ਼ਨ ਵਿੱਚ ਮਤਾ ਪਾਸ ਕਰਕੇ ਪੰਜਾਬ ਸਰਕਾਰ ਨੂੰ ਕਿਹਾ ਗਿਆ ਕਿ ਕੇਂਦਰ ਸਰਕਾਰ ਨਾਲ ਗੈਰ ਰਿਪੇਰੀਅਨ ਸੂਬਿਆਂ,ਹਰਿਆਣਾ ਅਤੇ ਰਾਜਸਥਾਨ ਨੂੰ ਜਾਣ ਵਾਲੇ ਦਰਿਆਈ ਪਾਣੀਆਂ ਤੇ ਰਾਇਲਟੀ ਪ੍ਰਾਪਤ ਕਰਨ ਲਈ ਗੱਲਬਾਤ ਕਰੇ (Jagtar Singh, 2020)। ਇਨ੍ਹਾਂ ਸਾਰੀਆਂ ਕਲਾਬਾਜ਼ੀਆਂ ਦੇ ਬਾਵਜੂਦ ਦਰਿਆਈ ਪਾਣੀਆਂ ਦੇ ਮਸਲੇ ਤੇ ਕੋਈ ਤਸੱਲੀਬਖ਼ਸ਼ ਪ੍ਰਾਪਤੀ ਨਹੀਂ ਹੋ ਸਕੀ। ਸੁਪਰੀਮ ਕੋਰਟ ਨੇ ਇਹ ਆਦੇਸ਼ ਦੇ ਦਿੱਤਾ ਕਿ ਪੰਜਾਬ ਨੂੰ ਹਰਿਆਣਾ ਅਤੇ ਰਾਜਸਥਾਨ ਨੂੰ ਰਾਵੀ-ਬਿਆਸ ਦਰਿਆਵਾਂ ਦਾ ਪਾਣੀ ਲਾਜ਼ਮੀ ਦੇਣਾ ਪੈਣਾ ਹੈ ਅਤੇ ਸਤਲੁਜ - ਯਮੁਨਾ ਲਿੰਕ ਨਹਿਰ ਵੀ ਮੁਕੰਮਲ ਕਰਨੀ ਪਵੇਗੀ। ਹੁਣ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਨੂੰ ਗੱਲਬਾਤ ਕਰਕੇ ਮਸਲਾ ਹੱਲ ਕਰਨ ਵਾਸਤੇ ਕਿਹਾ ਹੈ। ਜੇਕਰ ਆਪਸੀ ਗਲਬਾਤ ਨਾਲ ਮਸਲਾ ਹੱਲ ਨਹੀਂ ਹੁੰਦਾ ਤਾਂ ਸੁਪਰੀਮ ਕੋਰਟ ਇਸ ਤੇ ਆਪਣੇ ਵਲੋਂ ਫੈਸਲਾ/ ਡਿਕਰੀ ਕਰ ਦੇਵੇਗੀ। ਪਿਛਲੇ ਦਿਨੀਂ ਇਕ ਮੀਟਿੰਗ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਹੋ ਚੁੱਕੀ ਹੈ ਜਿਹੜੀ ਬੇਸਿੱਟਾ ਰਹੀ ਹੈ। ਇਹ ਮਸਲਾ ਪੰਜਾਬ ਹਰਿਆਣਾ ਵਿੱਚ ਲੜਾਈ ਨਾਲ ਨਹੀਂ ਸਹਿਯੋਗ ਨਾਲ ਹੱਲ ਹੋ ਸਕਦਾ ਹੈ। ਇਸ ਵਾਸਤੇ ਸਿਆਸੀ ਕਲਾਬਾਜ਼ੀਆਂ ਦੀ ਬਜਾਏ ਸੁਹਿਰਦਤਾ ਅਤੇ ਸਬਰ ਨਾਲ ਮਸਲੇ ਨੂੰ ਸਮਝਣ ਅਤੇ ਨਜਿੱਠਣ ਦੀ ਜ਼ਰੂਰਤ ਹੈ।

**ਸਿੰਧ ਜਲ ਸੰਧੀ ਦਾ ਅਣਗੌਲਿਆ ਪੱਖ ਅਤੇ ਪੰਜਾਬ ਹਰਿਆਣਾ ਦਾ ਸਹਿਯੋਗ** : ਪੰਜਾਬ ਅਤੇ ਹਰਿਆਣਾ ਵਿੱਚ ਦਰਿਆਈ ਪਾਣੀਆਂ ਦੀ ਵੰਡ ਦਾ ਝਗੜਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਹਰਿਆਣਾ ਇਨ੍ਹਾਂ ਪਾਣੀਆਂ ਵਿੱਚੋਂ 3.5 ਮਿਲੀਅਨ ਏਕੜ ਫੁੱਟ ਪਾਣੀ ਤੇ ਆਪਣੇ ਹੱਕ ਪ੍ਰਤੀ ਦ੍ਰਿੜ ਹੈ। ਹਰਿਆਣਾ ਦੇ ਆਪਣੇ ਰਿਕਾਰਡ ਮੁਤਾਬਿਕ ਇਸ ਵਿਚੋਂ 1.99 ਮਿਲੀਅਨ ਏਕੜ ਫੁੱਟ ਪਾਣੀ ਮੌਜੂਦਾ ਨਹਿਰਾਂ ਰਾਹੀਂ ਹਰਿਆਣਾ ਨੂੰ ਜਾ ਰਿਹਾ ਹੈ। ਹਰਿਆਣਾ ਬਾਕੀ ਦੇ 1.51 ਮਿਲੀਅਨ ਏਕੜ ਫੁੱਟ ਵਾਸਤੇ ਸਤਲੁਜ -ਯਮੁਨਾ ਲਿੰਕ ਨਹਿਰ ਬਣਾਉਣ ਲਈ ਜ਼ੋਰ ਦੇ ਰਿਹਾ ਹੈ। ਇਸ ਤੇ ਪੰਜਾਬ ਇਤਰਾਜ਼ ਕਰ ਰਿਹਾ ਹੈ ਕਿ ਉਸ ਕੋਲ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਪਾਣੀ ਨਹੀਂ ਹੈ ਇਸ ਕਰਕੇ ਉਸ ਕੋਲ ਹਰਿਆਣਾ ਨੂੰ ਹੋਰ ਪਾਣੀ ਦੇਣ ਲਈ ਗੁੰਜਾਇਸ਼ ਨਹੀਂ ਹੈ। ਇਸ ਸਥਿਤੀ ਵਿੱਚ ਮਸਲਾ ਰਲਮਿਲ ਕੇ ਹੱਲ ਕਰਨ ਦੀ ਲੋੜ ਵੱਧ ਜਾਂਦੀ ਹੈ। ਇਹ ਦੇ ਹੱਲ ਲਈ ਸਿੰਧ ਜਲ ਸੰਧੀ ਦੇ ਕੁਝ ਅਣਗੌਲੇ ਪੱਖਾਂ ਨੂੰ ਵਿਚਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਸੰਧੀ ਦੇ ਆਰਟੀਕਲ 99 ਅਨੁਸਾਰ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀਆਂ ਤੇ ਭਾਰਤ ਦਾ ਪੂਰਾ ਅਧਿਕਾਰ ਹੈ। ਆਰਟੀਕਲ 99(2) ਮੁਤਾਬਿਕ ਰਾਵੀ ਮੁੱਖ ਅਤੇ ਸਤਲੁਜ ਮੁੱਖ ਦਰਿਆ ਜਿੰਨੀ ਦੇਰ ਪੂਰੀ ਤਰ੍ਹਾਂ ਪਾਕਿਸਤਾਨ ਵਿੱਚ ਦਾਖਲ ਨਹੀਂ ਹੋ ਜਾਂਦੇ ਇੰਨ੍ਹਾਂ ਦੇ ਪਾਣੀਆਂ ਤੇ ਪਾਕਿਸਤਾਨ ਦਾ ਨਾਂ ਕੋਈ ਹੱਕ ਅਤੇ ਨਾਂ ਹੀ ਕੋਈ ਦਖ਼ਲ ਹੋ ਸਕਦਾ ਹੈ। ਇਸ ਵਾਸਤੇ ਇਸ ਸੰਧੀ ਵਿੱਚ ਸਤਲੁਜ ਦਰਿਆ ਦੇ ਪਾਕਿਸਤਾਨ ਵਿੱਚ ਦਾਖਲ ਹੋਣ ਦਾ ਸਥਾਨ ਸੁਲੇਮਾਨਕੀ ਤੋਂ ਉਪਰ ਨਵੇਂ ਹਸਤਾ ਬੰਨ ਨੂੰ ਮੰਨਿਆ ਗਿਆ ਹੈ। ਰਾਵੀ ਦਰਿਆ ਲਈ ਬਾਬਨਵਾਲਾ-ਰਾਵੀ-ਬੇਦੀਆਂ- ਲਿੰਕ ਮਿਥਿਆ ਗਿਆ ਹੈ। ਇਹ ਲਹੌਰ ਤੋਂ 70 ਮੀਲ ਮਾਧੋਪੁਰ ਹੈਡ ਵਰਕਸ ਵਲ ਹੈ। ਇਸ ਸੰਧੀ ਦੇ ਅਨੈਕਸਚਰ ਬੀ ਅਨੁਸਾਰ ਰਾਵੀ ਦਰਿਆ ਦੀਆਂ ਚਾਰ ਸਹਾਇਕ ਨਦੀਆਂ ਦੇ ਪਾਣੀਆਂ ਤੇ ਭਾਰਤ ਦਾ ਪੂਰਾ ਹੱਕ ਹੈ। ਇਹ ਸਹਾਇਕ ਨਦੀਆਂ ਹਨ: ਬਸੰਤਰ, ਬੇਈ, ਤਰਾਹ ਅਤੇ ਉੱਜ। ਇਨ੍ਹਾਂ ਨਦੀਆਂ ਦੇ ਪਾਣੀਆਂ ਨੂੰ ਭਾਰਤ ਵਲੋਂ ਅੱਜ ਤਕ ਬਿਲਕੁਲ ਵਰਤਿਆ ਨਹੀਂ ਜਾ ਰਿਹਾ। ਸਤਲੁਜ ਅਤੇ ਬਿਆਸ ਦੇ ਸਾਰੇ ਪਾਣੀਆਂ ਨੂੰ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ ਪਰ ਰਾਵੀ ਦਰਿਆ ਦੇ ਪਾਣੀ ਬਾਰੇ ਘੋਰ ਅਣਗਹਿਲੀ ਵਰਤੀ ਜਾ ਰਹੀ ਹੈ। ਬਿਜ਼ਨੇਸ ਸਟੈਂਡਰਡ ਸਟੈਂਡਰਡ (Business Standard, 2019) ਮੈਗਜ਼ੀਨ ਅਨੁਸਾਰ ਰਾਵੀ ਦਰਿਆ ਦੀਆਂ ਸਹਾਇਕ ਨਦੀਆਂ ਦਾ ਦੋ ਮਿਲੀਅਨ ਏਕੜ ਫੁੱਟ ਪਾਣੀ ਹੁਣ ਵੀ ਪਾਕਿਸਤਾਨ ਨੂੰ ਜਾ ਰਿਹਾ ਹੈ। ਇਸ ਸਬੰਧੀ ਉੱਜ ਨਦੀ ਤੇ ਬੰਨ੍ਹ ਬਣਾਕੇ ਇਸ ਨੂੰ ਵਰਤਣ ਲਈ ਯੋਜਨਾ ਵਿਚਾਰ ਅਧੀਨ ਹੈ ਪਰ ਜ਼ਮੀਨੀ ਪੱਧਰ ਤੇ ਅਜੇ ਤੱਕ ਕੁਝ ਵੀ ਨਹੀਂ ਕੀਤਾ ਗਿਆ। ਕੁਝ ਅਨੁਮਾਨ ਪਾਕਿਸਤਾਨ ਨੂੰ ਰਾਵੀ ਦਰਿਆ ਦੀਆਂ ਸਹਾਇਕ ਨਦੀਆਂ ਦੇ ਜਾਣ ਵਾਲੇ ਪਾਣੀ ਦੀ ਮਾਤਰਾ 2 ਮਿਲੀਅਨ ਏਕੜ ਫੁੱਟ ਤੋਂ ਜ਼ਿਆਦਾ ਦਸਦੇ ਹਨ। ਇਸ ਪਾਣੀ ਦੀ ਮਾਤਰਾ ਦਾ ਸਹੀ ਅੰਦਾਜ਼ਾ ਲਾਕੇ ਇਹ ਨੂੰ ਵਰਤੋਂ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ 2.0 ਮਿਲੀਅਨ ਏਕੜ ਫੁੱਟ ਪਾਣੀ ਨੂੰ ਉਪਲਬਧ ਕਰ ਲਿਆ ਜਾਂਦਾ ਹੈ ਤਾਂ ਇਸ ਵਿੱਚੋਂ ਇਕ ਮਿਲੀਅਨ ਏਕੜ ਫੁੱਟ ਪਾਣੀ ਤੋਂ ਵੱਧ ਪੰਜਾਬ ਆਪਣੇ ਕੋਲ ਰੱਖ ਕੇ ਬਾਕੀ ਹਰਿਆਣੇ ਨਾਲ ਸਾਂਝਾ ਕਰ ਸਕਦਾ ਹੈ। ਇਸ ਨਾਲ ਦੋਵਾਂ ਸੂਬਿਆਂ ਵਿੱਚ ਪਾਣੀਆਂ ਦੀ ਵੰਡ ਦਾ ਝਗੜਾ ਮੁਕਾਇਆ ਜਾ ਸਕਦਾ ਹੈ। ਇਹ ਫੈਸਲਾ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਵਲੋਂ ਮਿਲ ਕੇ ਕਰਨਾ ਪੈਣਾ ਹੈ। ਹਰਾਨੀ ਦੀ ਗੱਲ ਹੈ ਕਿ ਪਿਛਲੇ 52 ਸਾਲਾਂ ਤੋਂ ਦੋਵਾਂ ਸੂਬੇ ਆਪਸ ਵਿੱਚ ਲੜ ਰਹੇ ਹਨ ਅਤੇ ਕੇਂਦਰ ਸਰਕਾਰ ਇਸ ਲੜਾਈ ਵਿੱਚ ਹਿਸੇਦਾਰ ਬਣਦਾ ਰਿਹਾ ਹੈ ਪਰ ਉਸ ਵਲੋਂ ਪਾਕਿਸਤਾਨ ਨੂੰ ਦੇਸ਼ ਦੇ ਜਾਣ ਵਾਲੇ ਪਾਣੀ ਨੂੰ ਦੇਸ਼ ਵਲ ਮੋੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਜੇਕਰ ਸਾਰਥਿਕ ਕੋਸ਼ਿਸ਼ ਕੀਤੀ ਗਈ ਹੁੰਦੀ ਤਾਂ ਇਹ ਮਾਮਲਾ ਕਾਫੀ ਪਹਿਲਾਂ ਹੱਲ ਕੀਤਾ ਜਾ ਸਕਦਾ ਸੀ। ਇਸ ਤੋਂ ਵੀ ਦਿਲਚਸਪ ਗੱਲ ਹੈ ਕਿ ਪੰਜਾਬ ਸਰਕਾਰ ਜਾਂ ਪੰਜਾਬ ਦੇ ਬੁਧੀਮਾਨ ਵਰਗ ਅਤੇ ਸਿਆਸੀ ਪਾਰਟੀਆਂ ਵੱਲੋਂ ਵੀ ਇਹ ਮੁੱਦਾ ਕਦੀ ਸਾਹਮਣੇ ਨਹੀਂ ਲਿਆਂਦਾ ਗਿਆ। ਇਹ ਇਕ ਗੰਭੀਰ ਸਵਾਲ ਹੈ। ਅਸਲ ਵਿੱਚ ਇਸ ਕਾਰਜ਼ ਲਈ ਕੇਂਦਰ ਸਰਕਾਰ ਨੂੰ ਪਹਿਲ ਕਰਕੇ ਦੋਵਾਂ ਸੂਬਿਆਂ ਦੀ ਮੱਦਦ ਕਰਨੀ ਪੈਣੀ ਹੈ।

**ਨਿਚੋੜ** : ਉਪਰੋਕਤ ਬਿਰਤਾਂਤ ਨੂੰ ਸਮੇਟਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਸਿੰਧ ਜਲ ਸੰਧੀ ਦੀ ਲੰਮੀ ਗਲਬਾਤ ਭਾਰਤ ਅਤੇ ਪਾਕਿਸਤਾਨ ਵਿੱਚ ਸਿੰਧ ਬੇਸਿਨ ਦੇ ਵਿਕਾਸ ਨੂੰ ਆਧਾਰ ਮੰਨ ਕੇ ਹੋਈ ਸੀ। ਇਸ ਬੇਸਿਨ ਵਿੱਚ ਰਾਜਸਥਾਨ ਅਤੇ ਬਹਾਵਲਪੁਰ ਦੇ ਇਲਾਕਿਆਂ ਨੂੰ ਸਿੰਧ ਬੇਸਿਨ ਵਿੱਚ ਸ਼ਾਮਲ ਕਰਨ ਵਿੱਚ ਵਿਸ਼ਵ ਬੈਂਕ, ਭਾਰਤ ਅਤੇ ਪਾਕਿਸਤਾਨ ਨੇ ਸਹਿਮਤੀ ਬਣਾ ਲਈ ਸੀ। ਇਸ ਕਰਕੇ ਰਾਜਸਥਾਨ ਨੂੰ ਨਹਿਰ ਰਾਹੀਂ ਪਾਣੀ ਭੇਜਣ ਦੀ ਅੰਤਰਰਾਸ਼ਟਰੀ ਪ੍ਰਵਾਨਗੀ ਸਿੰਧ ਜਲ ਸੰਧੀ ਤੇ ਦਸਖਤ ਹੋਣ ਨਾਲ ਮਿਲ ਗਈ ਸੀ। ਇਸ ਤੋਂ ਪਹਿਲਾਂ 1955 ਵਿੱਚ ਦਰਿਆਈ ਪਾਣੀਆਂ ਬਾਰੇ ਸਮਝੌਤੇ ਵਿੱਚ ਕੇਂਦਰ ਸਰਕਾਰ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਰਾਜਸਥਾਨ ਨੂੰ 8 ਮਿਲੀਅਨ ਏਕੜ ਫੁੱਟ ਪਾਣੀ ਦੇਣਾ ਮੰਨ ਲਿਆ ਗਿਆ ਸੀ। ਇਸ ਉਪਰੰਤ ਪਾਰਲੀਮੈਂਟ ਵਲੋਂ ਅੰਤਰ-ਰਾਜੀ ਦਰਿਆ ਝਗੜਾ ਐਕਟ 1956 ਪਾਸ ਕਰ ਲਿਆ ਗਿਆ ਸੀ। ਇਸ ਐਕਟ ਨੇ ਇਕ ਸੂਬੇ ਤੋਂ ਦੂਜੇ ਸੂਬੇ ਨੂੰ ਦਰਿਆਈ ਪਾਣੀ ਭੇਜਣ ਤੇ ਰਾਇਲਟੀ ਚਾਰਜ ਕਰਨ ਤੋਂ ਮਨਾਹੀ ਕਰ ਦਿੱਤੀ ਹੋਈ ਹੈ ਅਤੇ ਅੰਤਰ-ਰਾਜੀ ਦਰਿਆਵਾਂ ਦੇ ਝਗੜਿਆਂ ਵਾਸਤੇ ਟ੍ਰਿਬਿਊਨਲ ਬਨਾਉਣ ਦਾ ਇੰਤਜ਼ਾਮ 1986 ਵਿੱਚ ਇਸ ਐਕਟ ਦੀ ਸੋਧ ਨਾਲ ਕਰ ਲਿਆ ਸੀ। ਇਸ ਕਰਕੇ ਪੰਜਾਬ ਸਰਕਾਰ ਮੌਜੂਦਾ ਕਾਨੂੰਨ ਪ੍ਰਨਾਲੀ ਤਹਿਤ ਨਾਂ ਤਾਂ ਰਾਜਸਥਾਨ ਨੂੰ ਜਾਂਦਾ ਪਾਣੀ ਰੋਕ ਸਕਦੀ ਹੈ ਅਤੇ ਨਾਂ ਹੀ ਕੋਈ ਰਾਇਲਟੀ ਚਾਰਜ ਕਰ ਸਕਦੀ ਹੈ। ਇਸ ਕਰਕੇ ਰਾਜਸਥਾਨ ਨੂੰ ਜਾਣ ਵਾਲੇ ਦਰਿਆਈ ਪਾਣੀਆਂ ਬਾਰੇ ਹੋਰ ਗਲਬਾਤ ਸਾਰਥਿਕ ਨਹੀਂ ਲਗਦੀ।

ਹਰਿਆਣਾ ਨਾਲ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ ਪੰਜਾਬ ਪੁਨਰਗਠਨ ਐਕਟ 1966 ਦੇ ਸੈਕਸ਼ਨ 78,79 ਅਤੇ 80 ਕਾਰਨ ਪੈਦਾ ਹੋਇਆ ਹੈ। ਇਸ ਐਕਟ ਦੀ ਸੋਧ ਕਰਕੇ ਇਨ੍ਹਾਂ ਸੈਕਸ਼ਨਾਂ ਨੂੰ ਖਤਮ ਕਰਨ ਤੋਂ ਬਗੈਰ ਪੰਜਾਬ ਸਰਕਾਰ ਹਰਿਆਣਾ ਨੂੰ ਦਰਿਆਈ ਪਾਣੀਆਂ ਨੂੰ ਦੇਣ ਤੋਂ ਇਨਕਾਰੀ ਨਹੀਂ ਹੋ ਸਕਦੀ। ਹਰਿਆਣਾ ਸੂਬਾ, ਪੰਜਾਬ ਦਾ ਇਕ ਉਤਰਾਧਿਕਾਰੀ ਸੂਬਾ ਹੋਣ ਕਰਕੇ ਪੁਨਰਗਠਨ ਐਕਟ ਅਨੁਸਾਰ ਉਸ ਦਾ ਦਰਿਆਈ ਪਾਣੀਆਂ ਵਿੱਚ ਹਿੱਸੇਦਾਰ ਬਣਨ ਦਾ ਅਧਿਕਾਰ ਹੈ। ਪਰ ਇਸ ਐਕਟ ਵਿੱਚ ਰਾਵੀ ਦਰਿਆ ਅਤੇ ਯਮੁਨਾ ਦਰਿਆ ਦੀ ਵੰਡ ਬਾਰੇ ਕੋਈ ਜ਼ਿਕਰ ਨਹੀਂ ਹੈ ਇਸ ਕਰਕੇ ਕਾਨੂੰਨੀ ਤੌਰ 'ਤੇ ਹਰਿਆਣਾ ਰਾਵੀ ਦਰਿਆ ਦੇ ਪਾਣੀ ਦਾ ਹਿੱਸਾ ਲੈਣ ਦਾ ਹੱਕਦਾਰ ਨਹੀਂ ਹੈ। ਉਹ ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਾਧੂ ਪਾਣੀ ਵਿੱਚ ਹੀ ਹਿਸੇਦਾਰ ਹੋ ਸਕਦਾ ਹੈ। ਪਰ 1970 ਅਤੇ ਇਸ ਤੋਂ ਬਾਅਦ ਵਾਲੀਆਂ ਕਮੇਟੀਆਂ, ਅਵਾਰਡ ਅਤੇ ਸਮਝੌਤਿਆਂ ਵਿੱਚ ਰਾਵੀ ਦਰਿਆ ਦੇ ਪਾਣੀ ਨੂੰ ਹਰਿਆਣਾ ਨਾਲ ਵੰਡਣਯੋਗ ਪਾਣੀਆਂ ਵਿੱਚ ਸ਼ਾਮਲ ਕਰ ਲਿਆ ਗਿਆ ਹੈ ਇਸ ਕਰਕੇ ਇਹ ਮਾਮਲਾ ਗਲਬਾਤ ਕਰਕੇ ਭਾਈਚਾਰਕ ਤੌਰ ਤੇ ਹੱਲ ਕਰਨਾ ਚਾਹੀਦਾ ਹੈ। ਇਸ ਸਬੰਧ ਵਿੱਚ ਰਾਵੀ ਦਰਿਆ ਦੀਆਂ ਸਹਾਇਕ ਨਦੀਆਂ ਦਾ ਪਾਕਿਸਤਾਨ ਨੂੰ ਜਾਣ ਵਾਲੇ 2 ਮਿਲੀਅਨ ਏਕੜ ਫੁੱਟ ਜਾਂ ਇਸ ਤੋਂ ਵੱਧ ਪਾਣੀ ਨੂੰ ਵਰਤਣ ਲਈ ਲੋੜੀਂਦੇ ਬੰਨ ਬਣਾ ਕੇ ਇਹ ਪਾਣੀ ਸੁਰੰਗ ਰਾਂਹੀ ਬਿਆਸ ਦਰਿਆ ਵਿੱਚ ਮਿਲਾਇਆ ਜਾ ਸਕਦਾ ਹੈ। ਇਸ ਕਾਰਜ਼ ਵਾਸਤੇ ਨਾਂ ਤਾਂ ਪੰਜਾਬ ਕੋਲ ਅਤੇ ਨਾਂ ਹੀ ਹਰਿਆਣਾ ਕੋਲ ਮਾਲੀ ਸਾਧਨ ਹਨ। ਇਹ ਕਾਰਜ਼ ਕੇਂਦਰ ਸਰਕਾਰ ਨੂੰ ਪੂਰਾ ਕਰਕੇ 60:40 ਦੇ ਅਨੁਪਾਤ ਨਾਲ ਦੋਵਾਂ ਸੂਬਿਆਂ ਵਿੱਚ ਵੰਡਿਆ ਜਾ ਸਕਦਾ ਹੈ। ਇਸ ਨਾਲ ਪੰਜਾਬ ਨੂੰ ਇਕ ਮਿਲੀਅਨ ਏਕੜ ਫੁੱਟ ਪਾਣੀ ਤੋਂ ਵੱਧ ਹੋਰ ਪਾਣੀ ਮਿਲ ਜਾਵੇਗਾ ਅਤੇ ਹਰਿਆਣਾ ਨੂੰ ਵੀ ਇਕ ਮਿਲੀਅਨ ਏਕੜ ਫੁੱਟ ਤੋਂ ਕੁਝ ਘੱਟ ਹੋਰ ਪਾਣੀ ਮਿਲ ਸਕਦਾ ਹੈ। ਇਸ ਕਾਰਜ਼ ਨੂੰ ਨਿਭਾਉਣ ਲਈ ਕੇਂਦਰ ਸਰਕਾਰ ਸਿਆਣਪ ਨਾਲ ਭਾਈਚਾਰਕ ਨੀਤੀ ਅਪਨਾ ਕੇ ਸਦਭਾਵਨਾ ਨਾਲ ਨਿਰਮਾਣ ਅਤੇ ਵਿਕਾਸ ਲਈ ਦੋਵਾਂ ਸੂਬਿਆਂ ਨੂੰ ਮਦਦ ਦੇਣੀ ਬਣਦੀ ਹੈ।


Select Bibliography

1.Business Standard (2019), Úquot;Three project can stop IndiaÚ#Cl;s share of water going to PakistanÚquot;, accessed from: https://www . business - standard.com on AD December, 2022.

2. Dhillon, Pal Singh(AIHC), Tale of Two Rivers, Dhillon Publishers Chandigarh.

3. Ghuman, R. S. and Sharma, Rjeev (2018) Emerging Water Insecurity in India: Lessons from an Advanced State, Cambridge Scholars Publishing, UK.

4. Gill, Sucha Singh (2016) Úquot; Water Crisis in Punjab and Haryana: Politics of Sutlej -Yamuna Link CanalÚquot;, Economic and Political Weekly, Vol.51, No.50.

5. Gulhati, Niranjan Das (AIGC) Indus Water Treaty: An Exercise into International Mediation, Allied Publishers, Bombay.

6. Legislative DEPARTMENT, The Inter -State River Water Dispute Act, 1956, Government of India, New Delhi. Accessed from http:// legislative.gov.in

7. Legislative Department, The Punjab Reorganization Act 1966, Government of India, New Delhi. Accessed from http:// legislative.gov.in

8. Singh, Jagtar (2020) Rivers on Fire: Khalistan Struggle, Aakar Books, New Delhi.


# 2023 ਲਈ ਨਵੇਂ ਸਾਲ ਦਾ ਸੰਕਲਪ; ਆਰ.ਐੱਸ.ਐੱਸ. ਮੁਕਤ ਭਾਰਤ ਲਈ ਲੋਕਾਂ ਨੂੰ ਲਾਮਬੰਦ ਕਰਨਾ


-ਗੁਰਪ੍ਰੀਤ ਸਿੰਘ ਕੈਨੇਡਾ

ਅਨੁ.: ਬੂਟਾ ਸਿੰਘ ਮਹਿਮੂਦਪੁਰ


2022 ਦੇ ਸਭ ਤੋਂ ਭੈੜੇ ਘਟਨਾਕ੍ਰਮਾਂ ਵਿੱਚੋਂ ਇਕ ਭਾਰਤ ਦੇ ਗੁਜਰਾਤ ਰਾਜ ਵਿਚ ਸੱਤਧਾਰੀ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਚੋਣ ਜਿੱਤ ਹੈ।

8 ਦਸੰਬਰ ਦੀਆਂ ਵਿਧਾਨ ਸਭਾ ਚੋਣਾਂ ਨੇ ਭਾਜਪਾ ਦੇ ਹੱਕ ਵਿਚ ਸਪਸ਼ਟ ਫ਼ਤਵਾ ਦਿੱਤਾ ਹੈ, ਜਿਸ ਨੇ 182 ਵਿੱਚੋਂ 156 ਸੀਟਾਂ ਜਿੱਤ ਕੇ ਲਗਾਤਾਰ ਸੱਤਵੀਂ ਵਾਰ ਸਰਕਾਰ ਬਣਾ ਲਈ ਹੈ।

ਕਿਸੇ ਨੂੰ ਚੰਗਾ ਲੱਗੇ ਜਾਂ ਨਾ, ਇਹ ਫ਼ਤਵਾ ਗੁਜਰਾਤ ਦੇ ਇਕ ਬਹੁਤ ਹੀ ਧਰੁਵੀਕਰਨ ਵਾਲੇ ਸਮਾਜ ਵੱਲੋਂ ਕੱਟੜਤਾ ਅਤੇ ਨਫ਼ਰਤ ਦੀ ਹਮਾਇਤ ਵਿਚ ਸੀ। ਜੇਕਰ ਚੋਣ ਨਤੀਜੇ ਕੋਈ ਸੰਕੇਤ ਦਿੰਦੇ ਹਨ ਤਾਂ ਇਹ ਕਿ ਹਿੰਦੂ ਸਰਵਉੱਚਤਾ ਦੇ ਖ਼ਿਲਾਫ਼ ਲੜਾਈ ਅਜੇ ਮੁੱਕੀ ਨਹੀਂ ਹੈ, ਅਤੇ ਇਸ ਨੂੰ 2024 'ਚ ਹੋਣ ਵਾਲੀਆਂ ਆਗਾਮੀ ਆਮ ਚੋਣਾਂ ਤੱਕ ਪੂਰੇ ਭਾਰਤ 'ਚ ਜਾਰੀ ਰੱਖਣ ਦੀ ਜ਼ਰੂਰਤ ਹੈ।

ਜੇ ਗੁਜਰਾਤ 'ਚ ਭਾਜਪਾ ਹਾਰ ਜਾਂਦੀ ਤਾਂ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਇਕ ਸਖ਼ਤ ਸੰਦੇਸ਼ ਹੋਣਾ ਸੀ। ਅਤੇ ਇਸ ਨੇ ਦੇਸ਼-ਵਿਆਪੀ ਚੋਣ ਲਈ ਇਕ ਸੁਰ ਤੈਅ ਕਰ ਦੇਣੀ ਸੀ। ਹਾਲੀਆ ਚੋਣ ਨਤੀਜੇ ਨੇ ਧਰਮ ਨਿਰਪੱਖਤਾਵਾਦੀਆਂ ਨੂੰ ਨਿਰਾਸ਼ ਕੀਤਾ ਹੈ।

2014 'ਚ ਪ੍ਰਧਾਨ ਮੰਤਰੀ ਵਜੋਂ ਚੁਣੇ ਜਾਣ ਤੋਂ ਪਹਿਲਾਂ ਮੋਦੀ ਬਤੌਰ ਮੁੱਖ ਮੰਤਰੀ ਗੁਜਰਾਤ ਰਾਜ ਦਾ ਕਰਤਾ-ਧਰਤਾ ਰਿਹਾ ਹੈ। ਉਸ ਦੀ ਨਿਗਰਾਨੀ ਹੇਠ 2002 'ਚ ਮੁਸਲਮਾਨਾਂ ਦੀ ਨਸਲਕੁਸ਼ੀ ਹੋਈ ਜੋ ਕਿ ਬੇਹੱਦ ਬਦਨਾਮ ਕਾਂਡ ਹੈ। ਪੂਰੇ ਗੁਜਰਾਤ ਵਿਚ ਬੀਜੇਪੀ ਆਗੂ ਵੱਲੋਂ ਆਯੋਜਿਤ ਭੀੜਾਂ ਵੱਲੋਂ ਕੀਤੀ ਹਿੰਸਾ 'ਚ ਹਜ਼ਾਰਾਂ ਨਿਰਦੋਸ਼ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਕਰਕੇ ਜਦੋਂ ਤੱਕ ਮੋਦੀ 'ਰਾਸ਼ਟਰੀ ਨੇਤਾ' ਨਹੀਂ ਬਣ ਗਿਆ ਉਦੋਂ ਤੱਕ ਅਮਰੀਕਾ ਨੇ ਉਸ ਨੂੰ ਵੀਜ਼ਾ ਨਹੀਂ ਦਿੱਤਾ।

ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਹਿੰਦੂ ਸ਼ਰਧਾਲੂਆਂ ਨੂੰ ਲਿਜਾ ਰਹੀ ਰੇਲਗੱਡੀ ਦੇ 50 ਤੋਂ ਵੱਧ ਮੁਸਾਫ਼ਰਾਂ ਦੀਆਂ ਮੌਤਾਂ ਦਾ ਬਦਲਾ ਲੈਣ ਲਈ ਕੀਤਾ ਗਿਆ। ਰੇਲਗੱਡੀ ਨੂੰ ਰਹੱਸਮਈ ਹਾਲਾਤ 'ਚ ਅੱਗ ਲੱਗ ਗਈ ਸੀ ਅਤੇ ਮੋਦੀ ਨੇ ਤੁਰੰਤ ਇਸ ਦਾ ਦੋਸ਼ ਮੁਸਲਮਾਨਾਂ ਅਤੇ ਪਾਕਿਸਤਾਨ 'ਤੇ ਮੜ੍ਹ ਦਿੱਤਾ ਸੀ। ਇਸ ਤੋਂ ਬਾਦ ਕਰਵਾਈਆਂ ਚੋਣਾਂ ਵਿਚ ਉਹ ਭਾਰੀ ਬਹੁਮਤ ਨਾਲ ਦੁਬਾਰਾ ਚੁਣਿਆ ਗਿਆ। ਉਸ ਤੋਂ ਬਾਅਦ ਭਾਜਪਾ ਕਦੇ ਵੀ ਨਹੀਂ ਹਾਰੀ, ਕਿਉਂਕਿ ਮੋਦੀ ਉੱਚ ਅਹੁਦੇ 'ਤੇ ਪਹੁੰਚਣ ਲਈ ਆਪਣੀ ਚੜ੍ਹਤ ਨੂੰ ਯਕੀਨੀ ਬਣਾਉਣ ਲਈ ਕਾਫ਼ੀ ਹਿੰਦੂ ਸੱਜੇਪੱਖੀ ਹਮਾਇਤ ਪ੍ਰਾਪਤ ਕਰ ਲਈ ਸੀ।

ਹਾਲੀਆ ਚੋਣਾਂ ਦੌਰਾਨ ਵੀ, ਭਾਜਪਾ ਨੇ ਮੁਸਲਮਾਨਾਂ ਵਿਰੋਧੀ ਤੁਅੱਸਬ ਭੜਕਾ ਕੇ ਅਤੇ ਡਰ ਫੈਲਾ ਕੇ ਉਨ੍ਹਾਂ ਦਾ ਲਾਹਾ ਲੈਣ ਲਈ 2002 ਦੇ ਪ੍ਰੇਤਾਂ ਨੂੰ ਬੁਲਾਉਣ ਦਾ ਕੋਈ ਮੌਕਾ ਨਹੀਂ ਗੁਆਇਆ ਅਤੇ ਇਸ ਦਾ ਰੱਜ ਕੇ ਫ਼ਾਇਦਾ ਉਠਾਇਆ। ਚੋਣਾਂ ਤੋਂ ਪਹਿਲਾਂ ਇਕ ਮੁਸਲਿਮ ਔਰਤ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਅਤੇ ਉਨ੍ਹਾਂ ਦਾ 'ਬਹਾਦਰੀ' ਨਾਲ ਗੁਣਗਾਨ ਕੀਤਾ ਗਿਆ। ਮੁਸਲਿਮ ਦੇ ਕਤਲੇਆਮ 'ਚ ਬਾਨੋ ਦੇ ਪਰਿਵਾਰ ਦੇ ਕਈ ਮੈਂਬਰ ਮਾਰ ਦਿੱਤੇ ਗਏ ਸਨ ਅਤੇ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ ਸਨ। ਉਸ ਨੇ ਹੌਸਲਾ ਕੀਤਾ ਅਤੇ ਉਸ ਦੀ ਗਵਾਹੀ ਨਾਲ ਦੋਸ਼ੀਆਂ ਵਿਰੁੱਧ ਮੁਕੱਦਮਾ ਚੱਲਿਆ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਪਰ ਮੋਦੀ ਸਰਕਾਰ ਵੱਲੋਂ ਉਨ੍ਹਾਂ ਦੀ ਸਜ਼ਾ ਮਾਫ਼ ਕਰ ਦਿੱਤੀ ਗਈ। ਫਿਰ ਗੁਜਰਾਤ ਦੇ ਮੁਸਲਮਾਨਾਂ ਲਈ ਨਿਆਂ ਲਈ ਮੁਹਿੰਮ ਚਲਾਉਣ ਵਾਲੀ ਇਕ ਕਾਰਕੁਨ ਤੀਸਤਾ ਸੀਤਲਵਾੜ ਨੂੰ ਝੂਠੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜੇਲ੍ਹ ਵਿਚ ਡੱਕ ਦਿੱਤਾ ਗਿਆ।

ਜਿਵੇਂ ਕਿ ਇਹ ਕਾਫ਼ੀ ਨਹੀਂ ਸੀ, ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੋਟਰਾਂ ਨੂੰ ਕਿਹਾ ਕਿ ਭਾਜਪਾ ਨੇ 2002 ਦੀ ਹਿੰਸਾ 'ਚ ਸ਼ਾਮਲ ਲੋਕਾਂ (ਉਸ ਦੀ ਮੁਰਾਦ ਮੁਸਲਮਾਨਾਂ ਤੋਂ ਸੀ) ਨੂੰ ਸਬਕ ਸਿਖਾ ਕੇ ਪੱਕਾ ਅਮਨ-ਅਮਾਨ ਸਥਾਪਤ ਕੀਤਾ ਗਿਆ ਹੈ। ਇਸ ਸਭ ਦੇ ਬਾਵਜੂਦ ਜਿਨ੍ਹਾਂ ਵੋਟਰਾਂ ਨੇ ਭਾਜਪਾ ਨੂੰ ਚੁਣਿਆ, ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਸੰਦੇਸ਼ ਦੇ ਦਿੱਤਾ ਕਿ ਉਹ ਕਿਹੋ ਜਿਹਾ ਸਮਾਜ ਚਾਹੁੰਦੇ ਹਨ।

ਇਸ ਦੌਰਾਨ, ਕਾਰਪੋਰੇਟ ਜਗਤ ਵਿਕਾਸ ਦੇ ਅਖੌਤੀ ਗੁਜਰਾਤ ਮਾਡਲ ਤੋਂ ਮੋਹਿਆ ਹੋਇਆ ਸੀ, ਜੋ ਹਕੀਕਤ ਘੱਟ ਅਤੇ ਪ੍ਰਚਾਰ ਵਧੇਰੇ ਹੈ। ਕਿਉਂਕਿ ਵਿਰੋਧੀ-ਧਿਰ ਕਾਂਗਰਸ ਪਾਰਟੀ ਜੋ ਪਹਿਲਾਂ ਸੱਤਾ 'ਚ ਰਹਿ ਚੁੱਕੀ ਹੈ, ਕਈ ਮੁੱਦਿਆਂ 'ਤੇ ਆਪਣੀ ਖਿੱਚ ਅਤੇ ਭਰੋਸੇਯੋਗਤਾ ਗੁਆ ਚੁੱਕੀ ਸੀ, ਇਸ ਲਈ ਮੋਦੀ ਹਿੰਦੂ ਬਹੁਗਿਣਤੀ ਅਤੇ ਕੁਲੀਨ ਵਰਗ ਲਈ ਇਕ ਪੋਸਟਰ ਬੁਆਏ ਬਣ ਗਿਆ, ਜਿਸ ਨਾਲ ਉਸ ਲਈ ਮੁਲਕ ਦਾ ਭਵਿੱਖੀ ਆਗੂ ਬਣਨ ਦਾ ਰਾਹ ਪੱਧਰਾ ਹੋ ਗਿਆ।

ਵੱਡਾ ਮੁੱਦਾ ਇਹ ਹੈ ਕਿ ਮੋਦੀ ਆਰ.ਐੱਸ.ਐੱਸ. ਦਾ ਬੰਦਾ ਹੈ ਜਦੋਂ ਕਿ ਉਸਦੀ ਪਾਰਟੀ ਭਾਜਪਾ ਸੰਘ ਦਾ ਰਾਜਨੀਤਿਕ ਵਿੰਗ ਹੈ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਨੇ 1925 'ਚ ਇਕ ਹਿੰਦੂ ਧਰਮਤੰਤਰੀ ਰਾਜ ਦੀ ਸਥਾਪਨਾ ਕਰਨ ਦੇ ਉਦੇਸ਼ ਆਪਣੀ ਯਾਤਰਾ ਸ਼ੁਰੂ ਕੀਤੀ ਸੀ। ਇਹ ਸ਼ੁਰੂ 'ਚ ਇਕ ਹਾਸ਼ੀਏ ਦੀ ਤਾਕਤ ਰਹੀ, ਪਰ ਹੌਲੀ-ਹੌਲੀ ਇਹ "ਡੀਪ ਸਟੇਟ" ਬਣਦੀ ਗਈ ਜਿਸ ਦਾ ਸੱਤਾ ਦੇ ਢਾਂਚੇ ਅਤੇ ਪੜ੍ਹੇਲਿਖੇ ਹਿੱਸੇ ਉੱਪਰ ਪੂਰਾ ਕੰਟਰੋਲ ਹੈ। ਉਨ੍ਹਾਂ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਰੋਜ਼ਾਨਾ ਇਕੱਠਾਂ ਰਾਹੀਂ ਜਨਤਾ ਦੀ ਸੋਚ ਨੂੰ ਬਦਲਿਆ ਹੈ ਜਾਂ ਨੌਜਵਾਨਾਂ ਦੇ ਮਨਾਂ 'ਚ ਜ਼ਹਿਰ ਘੋਲਿਆ ਹੈ। ਸੋਸ਼ਲ ਇੰਜਨੀਅਰਿੰਗ ਦੁਆਰਾ ਲੋੜੀਂਦੇ ਨਤੀਜੇ ਪ੍ਰਾਪਤ ਕਰਨ ਲਈ ਕਾਫ਼ੀ ਚਲਾਕ ਆਰ.ਐੱਸ.ਐੱਸ. ਦੇ ਖ਼ਤਰੇ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਮੋਦੀ ਅਤੇ ਉਸ ਦੇ ਜੋਟੀਦਾਰ ਸੰਘੀ ਕਿਸੇ ਵੀ ਹੋਰ ਰਾਜਨੀਤਕ ਕਰੀਅਰ ਵਾਲੇ ਸਿਆਸਤਦਾਨਾਂ ਵਾਂਗ ਨਹੀਂ ਹਨ। ਉਹ ਭਾਰਤ ਨੂੰ ਮੁੜ ਪਰਿਭਾਸ਼ਿਤ ਕਰਨ ਲਈ ਦ੍ਰਿੜ ਹਨ।

ਜਿਉਂ ਜਿਉਂ ਅਸੀਂ ਸੰਨ 2025 ਵੱਲ ਜਾ ਰਹੇ ਹਾਂ, ਆਰ.ਐੱਸ.ਐੱਸ. ਮੋਦੀ ਦੀ ਅਗਵਾਈ ਹੇਠ ਇਕ ਸਦੀ ਬਾਅਦ ਭਾਰਤ ਨੂੰ ਇਕ ਅਧਿਕਾਰਤ ਹਿੰਦੂ ਰਾਜ ਬਣਦੇ ਦੇਖ ਕੇ ਬਹੁਤ ਖ਼ੁਸ਼ ਹੋਵੇਗਾ।

ਗੁਜਰਾਤ ਮਾਡਲ ਦਰ ਅਸਲ ਹਿੰਦੂ ਭਾਰਤ ਲਈ ਆਰ.ਐੱਸ.ਐੱਸ. ਦੀ ਸੋਚ ਦੀ ਤਸਵੀਰ ਹੀ ਹੈ, ਇਹ ਟੀਚਾ ਲੱਗਭੱਗ ਪ੍ਰਾਪਤ ਕਰ ਲਿਆ ਗਿਆ ਹੈ। ਮੋਦੀ ਦੇ ਅਧੀਨ ਪੂਰੇ ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ, ਖ਼ਾਸ ਤੌਰ 'ਤੇ ਮੁਸਲਮਾਨਾਂ ਅਤੇ ਈਸਾਈਆਂ 'ਤੇ ਹਮਲੇ ਵਧੇ ਹਨ। ਜੋ ਸਥਿਤੀ ਪਹਿਲਾਂ ਗੁਜਰਾਤ 'ਚ ਸੀ ਉਹ ਹੁਣ ਪੂਰੇ ਭਾਰਤ ਵਿਚ ਬਣਾਈ ਗਈ ਹੈ।

ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ-ਇਕੱਲੇ ਗੁਜਰਾਤ ਦਾ ਧਰੁਵੀਕਰਨ ਨਹੀਂ ਹੋਇਆ। ਪੂਰਾ ਭਾਰਤ ਗੁਜਰਾਤ ਦੇ ਰਾਹ 'ਤੇ ਹੈ ਅਤੇ ਸਾਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਸਾਲ 2023 ਨੂੰ ਵੰਨ-ਸੁਵੰਨਤਾ ਅਤੇ ਬਹੁਲਵਾਦ ਦੀ ਖ਼ਾਤਰ ਆਰ.ਐੱਸ.ਐੱਸ. ਮੁਕਤ ਭਾਰਤ ਲਈ ਹੋਰ ਵਧੇਰੇ ਸੰਘਰਸ਼ਾਂ ਨੂੰ ਸਮਰਪਿਤ ਕਰਨ ਦੀ ਲੋੜ ਹੈ, ਤਾਂ ਜੁ 2024 'ਚ ਮੋਦੀ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਇਸ ਵਾਸਤੇ ਸਾਰੇ ਧਰਮ ਨਿਰਪੱਖ ਸਮੂਹਾਂ ਅਤੇ ਘੱਟ ਗਿਣਤੀਆਂ ਨੂੰ ਇਕ ਝੰਡੇ ਹੇਠ ਇਕਜੁੱਟ ਹੋਣ ਦੀ ਲੋੜ ਹੈ। ਇਹ ਸਾਡੇ ਲਈ ਨਵੇਂ ਸਾਲ ਦਾ ਸੰਕਲਪ ਹੋਣਾ ਚਾਹੀਦਾ ਹੈ।

# ਕੀ ਦਰਸਾਉਂਦਾ ਹੈ ਰਵੀਸ਼ ਕੁਮਾਰ ਦਾ ਅਸਤੀਫਾ ?





ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਅਡਾਨੀ ਗਰੁੱਪ ਵਲੋਂ ਐਨਡੀਟੀਵੀ ਨੂੰ ਹਥਿਆ ਲੈਣ ਪਿਛੋਂ ਪੱਤਰਕਾਰ ਰਵੀਸ਼ ਕੁਮਾਰ ਨੇ ਅਸਤੀਫਾ ਦੇ ਦਿੱਤਾ ਹੈ, ਜਿਸ ਪਿਛੋਂ ਜਿਥੇ ਉਸ ਦੀ ਪੱਤਰਕਾਰਤਾ ਤੋਂ ਪ੍ਰੇਸ਼ਾਨ ਸਤਾ ਦੇ ਸਹਿਯੋਗੀ ਪੱਤਰਕਾਰ/ਚੈਨਲ ਖੁਸ਼ ਹਨ,ਉਥੇ ਅਨੇਕਾਂ ਲੋਕ ਰਵੀਸ਼ ਦੀ ਰੁਖਸਤੀ ਤੋਂ ਦੁਖੀ ਹਨ ਤੇ ਉਸ ਨਾਲ ਹਮਦਰਦੀ ਜਤਾ ਰਹੇ ਹਨ। ਆਪਣੇ ਯੂ-ਟਿਊਬ ਚੈਨਲ ਤੇ ਦਿੱਤੇ ਭਾਵੁਕ ਸੰਦੇਸ਼ ਵਿੱਚ ਖੁਦ ਰਵੀਸ਼ ਕੁਮਾਰ ਨੇ ਆਪਣਾ ਦਰਦ ਬਿਆਨ ਕਰਦਿਆਂ ਕਿਹਾ ਕਿ ਜਿਸ ਆਹਲਣੇ ਦੀ ਉਹ ਚਿੜੀ ਸਨ, ਉਹ ਅਹਲਣਾ ਕੋਈ ਹੋਰ ਲੈ ਗਿਆ ਹੈ। ਜਾਹਰ ਹੈ ਉਹਨਾਂ ਦਾ ਇਸ਼ਾਰਾ ਏਸੀਆ ਦੇ ਸਭ ਤੋਂ ਅਮੀਰ ਵਿਅਕਤੀ ਗੌਤਮ ਅਡਾਨੀ ਵੱਲ ਸੀ। ਕਾਰਪੋਰੇਟ ਚੈਨਲਾਂ ਦਾ ਕੰਮ ਖਬਰਾਂ ਵਿਖਾ ਕੇ ਮੁਨਾਫਾ ਕਮਾਉਣਾ ਰਿਹਾ ਹੈ। ਭਾਰਤ ਵਿੱਚ ਜਦੋਂ ਤੋਂ ਟੀਵੀ ਦੇ ਖੇਤਰ ਵਿੱਚ ਦੂਰਦਰਸਨ ਦਾ ਏਕਾਧਿਕਾਰ ਖਤਮ ਹੋਇਆ ਅਤੇ ਨਿਜੀ ਟੀਵੀ ਚੈਨਲਾਂ ਨੂੰ ਕੰਮ ਕਰਨ ਦੀ ਇਜਾਜਤ ਮਿਲੀ,ਉਦੋਂ ਤੋਂ ਕਿੰਨੇ ਹੀ ਨਿਉਜ ਟੀਵੀ ਚੈਨਲ ਹੋਂਦ ਵਿੱਚ ਆ ਗਏ। ਟੀਵੀ ਚੈਨਲ ਸਰਮਾਏਦਾਰੇ ਦੇ ਸਹਿਯੋਗ/ਹਮਾਇਤ ਬਿਨਾਂ ਨਹੀਂ ਖੁਲ੍ਹ ਸਕਦੇ ਸਰਮਾਏਦਾਰ ਜਾਂ ਤਾਂ ਲੁਕਵੇਂ ਤਰੀਕੇ ਨਾਲ ਇਹਨਾਂ ਤੇ ਕੰਟਰੋਲ ਰਖਦੇ ਸਨ। ਯਾਨੀ ਉਹ ਭਾਰੀ ਇਸ਼ਤਿਹਾਰ ਮੁਹਈਆ ਕਰਵਾ ਕੇ ਇਹਨਾਂ ਮੀਡੀਆ ਚੈਨਲਾਂ ਨੂੰ ਪ੍ਰਭਾਵਿਤ ਕਰਦੇ ਸਨ ਜਾਂ ਫਿਰ ਮੀਡੀਆ ਚੈਨਲਾਂ ਵਿੱਚ ਹਿਸੇਦਾਰ ਹੁੰਦੇ ਸਨ। ਪਿਛੋਂ ਜਦ ਟੀਵੀ ਚੈਨਲਾਂ ਦਾ ਮੁਨਾਫਾ ਕਾਫੀ ਵਧ ਗਿਆ ਤਾਂ ਸਰਮਾਏਦਾਰ ਇਹਨਾਂ ਨੂੰ ਪੂੱਖ ਤੌਰ ਤੇ ਕੰਟਰੋਲ ਕਰਨ ਯਾਨੀ ਇਹਨਾਂ ਦੀ ਮਾਲਕੀ ਹਾਸਲ ਕਰਨ ਵੱਲ ਵਧਦੇ ਗਏ। ਟਾਟਾ-ਅਬਾਨੀ ਵਰਗੇ ਚੋਟੀ ਦੇ ਸਰਮਾਏਦਾਰ ਜਿਥੇ ਇਹਨਾਂ ਖੇਤਰਾਂ ਵਿੱਚ ਪਹਿਲਾਂ ਤੋਂ ਸਰਗਰਮ ਸਨ ਉਥੇ ਅਡਾਨੀ ਗਰੁੱਪ ਨੇ ਆਪਣੇ ਸਰਗਰਮੀ ਪਿਛੇ ਜਿਹੇ ਹੀ ਵਧਾਈ ਹੈ। ਸਰਮਾਏਦਾਰ ਦੇ ਸਿੱਧੇ/ਅਸਿੱਧੇ ਕੰਟਰੋਲ ਵਿੱਚ ਰਹਿਣ ਕਾਰਨ ਇਹਨਾਂ ਕਾਰਪੋਰੇਟ ਚੈਨਲਾਂ ਦੀ ਰਿਪੋਰਟਿੰਗ ਦੀ ਹੱਦ ਤਹਿ ਹੋ ਜਾਂਦੀ ਹੈ। ਚਾਹੇ ਉਹ ਪ੍ਰਣਵ ਰਾਏ-ਰਾਧਿਕਾ ਰਾਏ ਵਰਗੇ ਚੋਟੀ ਦੇ ਕੁੱਝ ਉਚ ਸਿਖਿਅਤ ਲੋਕਾਂ ਵਲੋਂ ਸ਼ੁਰੂ ਕੀਤਾ ਗਿਆ ਐਨਡੀਟੀਵੀ ਹੋਵੇ ਜਾਂ ਫਿਰ ਸਰਮਾਏਦਾਰਾਂ ਦੇ ਸਿੱਧੇ ਕੰਟਰੋਲ ਵਾਲਾ ਕੋਈ ਚੈਨਲ,ਸਾਰੇ ਇਸ ਹੱਦ ਵਿੱਚ ਬੱਝ ਜਾਂਦੇ ਹਨ। ਇਹ ਹੱਦ ਹੁੰਦੀ ਹੈ ਕਿ ਭੁਲ ਕੇ ਵੀ ਸਰਮਾਏਦਾਰਾਂ ਦੀ ਇਸ ਲੁੱਟ ਵਾਲੇ ਪ੍ਰਬੰਦ ਤੇ ਕਦੀ ਸੁਆਲ ਨਾ ਉਠਾਏ ਜਾਣ। ਅਕਸਰ ਲੋਕਾਂ ਨਾਲ ਜੁੜੇ ਮੁਦਿਆਂ,ਸੰਘਰਸਾਂ,ਦੁਖ/ਤਕਲੀਫਾਂ ਨਿਊਜ ਚੈਨਲ ਇਸ ਤਰ੍ਹਾਂ ਪੇਸ਼ ਕਰਦੇ ਰਹਿਣ ਕਿ ਉਹ ਕਿਸੇ ਸਰਕਾਰ ਕਾਰਨ ਪੈਦਾ ਹੋਣ ਵਾਲੀਆਂ ਦਿਕਤਾਂ ਹਨ, ਜਿਹਨਾਂ ਨੂੰ ਇਸ ਪ੍ਰਬੰਦ ਅੰਦਰ ਰਹਿ ਦਰੁਸਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਨਿਊਜ ਚੈਨਲ ਆਪਣੀ ਰਿਪੋਰਟਿੰਗ ਨਾਲ ਲੋਕਾਂ ਨੂੰ ਇਸ ਵਿਵਸਥਾ ਸਰਮਾਏਦਾਰੀ ਜਮਹੂਰੀਅਤ ਤੋਂ ਉਮੀਦ ਰੱਖਣ ਦਾ ਦਮ ਭਰਦੇ ਹਨ। ਜਦ ਕਿ ਅਸਲੀਅਤ ਇਹ ਹੈ ਕਿ ਮੌਜੂਦਾ ਵਿਵਸਥਾ ਵਿੱਚ ਮਜਦੂਰਾਂ,ਮਿਹਨਤਕਸ਼ਾਂ ਦੇ ਹਿਤਾਂ ਨੂੰ ਨਹੀਂ ਸਾਧਿਆ ਜਾ ਸਕਦਾ। ਉਹਨਾਂ ਦੇ ਹਿਤ ਇਸ ਵਿਵਸਥਾ ਨੂੰ ਬਦਲ ਕੇ ਹੀ ਸਾਧੇ ਜਾ ਸਕਦੇ ਹਨ। ਸ਼ਿਰਫ ਸਰਕਾਰ,ਨੇਤਾ,ਅਫਸਰ ਬਦਲ ਕੇ ਲੋਕਾਂ ਦੇ ਹਿਤ ਨਹੀਂ ਸਾਧੇ ਜਾ ਸਕਦੇ। ਇਸ ਸਾਰੇ ਕੁੱਝ ਦਰਮਿਆਨ ਇਹ ਵੀ ਹੁੰਦਾ ਰਿਹਾ ਹੈ ਕਿ ਸਰਮਾਏਦਾਰਾਂ ਦਾ ਕੋਈ ਧੜਾ ਕਿਸੇ ਪਾਰਟੀ ਦੀ ਹਮਾਇਤ ਕਰਦਾ ਰਿਹਾ ਹੈ ਜਾਂ ਕੋਈ ਦੂਜਾ ਦੂਜੀ ਪਾਰਟੀ ਦੀ। ਅਜੇਹੇ ਵਿੱਚ ਟੀਵੀ ਚੈਨਲ ਵੀ ਕਿਸੇ ਪਾਰਟੀ ਜਾਂ ਸਰਕਾਰ ਪ੍ਰਤੀ ਘੱਟ ਜਾਂ ਵੱਧ ਅਲੋਚਕ ਰਹੇ ਹਨ। ਪਰ 2014 ਤੋਂ ਪਹਿਲਾਂ ਤੱਕ ਇਹ ਸੂਖਮ ਪੱਧਰ ਤੇ ਹੀ ਹੁੰਦਾ ਸੀ ਜਾਂ ਇਸ ਨੂੰ ਆਸਾਨੀ ਨਾਲ ਨਾਲ ਪਹਿਚਾਣਨਾ ਮੁਸ਼ਕਲ ਹੁੰਦਾ ਸੀ। ਪਰ 2014 ਵਿੱਚ ਫਾਸ਼ੀਵਾਦੀ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਕੁੱਝ ਸਮਾਂ ਪਹਿਲਾਂ ਹੀ ਇਹ ਸਾਰਾ ਕੁੱਝ ਤੇਜੀ ਨਾਲ ਬਦਲਣ ਲੱਗਿਆ। 2012-13 ਵਿੱਚ ਹੀ ਦੇਸ਼ ਦੀ ਸਤਾ ਦੇ ਮਾਲਕ ਚੋਟੀ ਦੀ ਇਜਾਰੇਦਾਰ ਸਰਮਾਏਦਾਰ ਜਮਾਤ ਨੇ ਫਾਸ਼ੀਵਾਦੀ ਸੰਗਠਨ ਨਾਲ ਗੱਠਜੋੜ ਕਾਇਮ ਕਰ ਲਿਆ ਅਤੇ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁੱਦੇ ਲਈ ਪਹਿਲੀ ਪਸੰਦ ਬਣਾ ਲਿਆ। ਫਿਰ ਕੀ ਸੀ। ਸਰਮਾਏਦਾਰਾਂ ਵਲੋਂ ਕੰਟਰੋਲ ਕੀਤੇ ਜਾਂਦੇ ਕਾਰਪੋਰੇਟ ਚੈਨਲਾਂ ਨੇ 2002 ਦੇ ਦੰਗਿਆਂ ਦੇ ਦੋਸ਼ੀ ਰਹੇ ਮੋਦੀ ਦੀ ਛਵੀ ਨੂੰ ਸਿਰੇ ਤੋਂ ਨਿਖਾਰਨਾ ਸ਼ੁਰੂ ਕਰ ਦਿੱਤਾ। ਮੋਦੀ ਨਾਲ ਜੁੜੀ ਹਰ ਗੱਲ ਨੂੰ ਮਹਾਨਤਾ ਦੱਸ ਕੇ ਪੇਸ਼ ਕੀਤਾ ਗਿਆ। ਇਸ ਭਾਰੀ ਪ੍ਰਚਾਰ ਨਾਲ ਅਡਾਨੀ-ਅੰਮਬਾਨੀ ਦੇ ਅਸ਼ੀਰਵਾਦ ਨਾਲ ਮੋਦੀ ਪ੍ਰਧਾਨ ਮੰਤਰੀ ਬਣ ਗਏ। 2014 ਤੋਂ ਅੱਜ ਤੱਕ ਸੰਘ ਤੇ ਅਜਾਰੇਦਾਰ ਜਮਾਤ ਦਾ ਇਹ ਗੱਠਜੋੜ ਬਦਸਤੂਰ ਜਾਰੀ ਹੈ। ਸਤਾ ਵਿੱਚ ਆਉਣ ਪਿਛੋਂ ਮੋਦੀ ਸਰਕਾਰ ਨੇ ਮਜਦੂਰਾਂ,ਕਿਸਾਨਾਂ ਖਿਲਾਫ ਇੱਕ ਪਿਛੋਂ ਇੱਕ ਕਦਮ ਉਠਾਏ। ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਵਿੱਚ ਕਟੌਤੀ ਕੀਤੀ ਅਤੇ ਸਰਮਾਏਦਾਰਾਂ ਦੀ ਸੇਵਾ ਵਿੱਚ ਸਾਰੇ ਕੁਦਰਤੀ ਤੋਂ ਲੈ ਕੇ ਜਨਤਕ ਸਾਧਨ ਲੁਟਾਉਣੇ ਸ਼ੁਰੂ ਕਰ ਦਿੱਤੇ। ਸਰਕਾਰ ਦੇ ਲੋਕ ਵਿਰੋਧੀ ਉਸ ਨੰਗੇ ਨਾਚ ਨਾਲ ਸਰਮਾਏਦਾਰ ਜਮਾਤ ਖੁਸ਼ ਹੈ। ਅਜੇਹੇ ਵਿੱਚ ਸਰਮਾਏਦਾਰ ਜਮਾਤ ਨੇ ਮੀਡੀਆ ਚੈਨਲਾਂ ਨੂੰ ਇਸ ਵੱਲ ਧੱਕਿਆ ਕਿ ਸਰਕਾਰ ਦੀ ਹਰ ਕਰਤੂਤ ਦੇਸ਼ ਦੇ ਵਿਕਾਸ ਵਜੋਂ ਪੇਸ਼ ਕਰੇ। ਸਰਕਾਰ ਦੀ ਕੋਈ ਅਲੋਚਨਾ ਕਾ ਕਰੇ। ਲੋਕਾਂ ਦੀਆਂ ਦੁੱਖ ਤਕਲੀਫਾਂ ਦੀ ਰਿਪੋਰਟਿੰਗ ਬੰਦ ਕਰੇ। ਸਰਮਾਏਦਾਰ ਜਮਾਤ ਨੂੰ ਡਰ ਸੀ ਕਿ ਉਸ ਵਲੋਂ ਮਚਾਈ ਜਾ ਰਹੀ ਅੰਨ੍ਹੀ ਲੁੱਟ ਨਾਲ ਗ੍ਰਸਿਤ ਲੋਕ ਕਿਤੇ ਉਹਨਾਂ ਦੀ ਭਾਜਪਾ ਖਿਲਾਫ ਜਾਂ ਆਪਣੀਆਂ ਮੰਗਾਂ ਲਈ ਸੜਕਾਂ ਤੇ ਨਾ ਉਤਰਨ ਲੱਗੇ। ਅਜੇਹੇ ਵਿੱਚ ਲੋਕਾਂ ਦੀ ਸੋਚ ਨੂੰ ਬਦਲਣ ਵਿੱਚ ਉਸ ਮੀਡੀਆ ਚੈਨਲਾਂ ਨੂੰ ਮੋਦੀ ਸਰਕਾਰ ਦੀ ਭਗਤੀ ਵਿੱਚ ਲਾ ਦਿੱਤਾ। ਹੁਣ ਇਹ ਗੱਲ ਆਮ ਹੋ ਗਈ ਕਿ ਸਰਕਾਰ ਦੀ ਹਮਾਇਤ ਦੇਸ਼ ਭਗਤੀ ਹੈ ਅਤੇ ਸਰਕਾਰ ਦਾ ਵਿਰੋਧ ਕਰਨਾ ਦੇਸ਼ ਧ੍ਰੋ ਹੈ। ਬਹੁਤੇ ਚੈਨਲ ਇਹੀ ਸਥਾਪਤ ਕਰਨ ਲੱਗੇ ਹਨ।ਇਸੇ ਦੇ ਨਾਲ ਬਹੁਤੇ ਚੈਨਲ ਸੰਘ-ਭਾਜਪਾ ਨਾਲ ਮਿਲ ਕੇ ਫਿਰਕਾਪ੍ਰਸਤੀ ਫੈਲਾਉਣ,ਵਿਰੋਧੀਆਂ ਨੂੰ ਭੰਡਣ ਵਿੱਚ,ਉਹਨਾਂ ਨੂੰ ਵਿਕਾਸ ਵਿਰੋਧੀ ਸਾਬਤ ਕਰਨ ਵਿੱਚ ਜੁਟ ਗਏ। ਗੱਲ ਇਹ ਨਹੀਂ ਹੈ

ਕਿ ਬਹੁਤ ਮੀਡੀਆ ਮੋਦੀ ਦੀ ਗੋਦ ਵਿੱਚ ਬੈਠ ਗਏ ਹਨ,ਬਲਕਿ ਗਲ਼ ਇਹ ਹੈ ਕਿ ਮੋਦੀ ਸਰਕਾਰ ਨੂੰ ਸਰਮਾਏਦਾਰੀ ਜਮਾਤ ਨੇ ਆਪਣੀ ਗੋਦੀ ਵਿੱਚ ਬਿਠਾ ਲਿਆ ਹੈ। ਇਸ ਲਈ ਉਹਨਾਂ ਵਲੋਂ ਕੰਟਰੋਲ ਕੀਤੇ ਜਾਂਦੇ ਮੀਡੀਆ ਚੈਨਲ ਮੋਦੀ ਦੇ ਗੁਣਗਾਣ ਵਿੱਚ ਲੱਗ ਗਏ ਹਨ। ਮੋਦੀ ਭਗਤੀ ਦੇ ਇਸ ਦੌਰ ਦੇ ਸ਼ੁਰੂ ਹੁੰਦਿਆਂ ਹੀ ਅਨੇਕਾਂ ਪੱਤਰਕਾਰਾਂ-ਸੰਪਾਦਕਾਂ ਨੂੰ ਜਿਹਨਾਂ ਨੇ ਆਪਣੀ ਜਮੀਰ ਨੂੰ ਇਸ ਹੱਦ ਤੱਕ ਡੇਗਣ ਨੂੰ ਨਹੀਂ ਮੰਨਿਆ,ਉਹਨਾਂ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਹੁਣ ਜਦ ਐਨਡੀਟੀਵੀ ਅਡਾਨੀ ਦੇ ਕੰਟਰੋਲ ਵਿੱਚ ਆ ਚੁੱਕਿਆ ਹੈ,ਤਾਂ ਰਵੀਸ਼ ਵੀ ਇਸ ਪ੍ਰੀਘਟਨਾ ਦੇ ਨਵੇਂ ਸ਼ਿਕਾਰ ਬਣੇ ਹਨ। ਹੁਣ ਜੇ ਗੱਲ ਐਨਡੀਟੀਵੀ ਤੇ ਰਵੀਸ਼ ਦੀ ਰਿਪੋਰਟਿੰਗ ਦੀ ਕੀਤੀ ਜਾਵੇ ਤਾਂ ਨਿਸ਼ਚੇ ਹੀ ਐਨਡੀਟੀਵੀ ਉਹਨਾਂ ਮੁੱਠੀਭਰ ਚੈਨਲਾਂ ਵਿੱਚੋਂ ਇੱਕ ਸੀ ਜਿਸ ਨੇ ਮੋਦੀ ਭਗਤੀ ਦੇ ਪੈਰੀਂ ਪੈਣ ਤੋਂ ਨਾਂਹ ਕਰ ਦਿੱਤੀ। ਉਸ ਨੇ ਕਿਸੇ ਹੱਦ ਤਕ ਕਾਰਪੋਰੇਟ ਮੀਡੀਆ ਦੀ ਪਹਿਲਾਂ ਦੱਸੀ ਹੱਦ ਚ ਰਹਿ ਕੇ ਖਬਰਾਂ ਦੀ ਰੀਪੋਰਟਿੰਗ ਕਰਨੀ ਜਾਰੀ ਰੱਖੀ। ਹਾਲਾਂਕਿ ਅੱਜ ਦੇ ਫਾਸ਼ੀਵਾਦੀ ਦੌਰ ਵਿੱਚ ਉਸ ਨੇ ਵੀ ਸਰਮਾਏਦਾਰੀ ਜਮਾਤ ਤੇ ਉਸ ਦੀ ਲੁਟੇਰੀ ਵਿਵਸਥਾ ਖਿਲਾਫ ਬੋਲਣ ਤੋਂ ਪਰਹੇਜ ਕੀਤਾ ਅਤੇ ਆਪਣੇ ਹਮਲੇ ਦਾ ਨਿਸ਼ਾਨਾ ਫਾਸ਼ੀਵਾਦੀ ਮੋਦੀ ਸਰਕਾਰ ਤੇ ਚਾਪਲੂਸ ਚੈਨਲਾਂ ਅਤੇ ਉਹਨਾਂ ਦੇ ਰਿਪੋਰਟਾਂ ਨੂੰ ਬਣਾਇਆ। ਰਵੀਸ਼ ਕੁਮਾਰ ਅੱਜ ਦੇ ਮੁੱਖ ਮੀਡੀਆ ਨੂੰ ਮੋਦੀ ਮੀਡੀਆ ਦਾ ਨਾਂ ਦਿੰਦੇ ਹਨ ਤਾਂ ਉਹ ਇਹ ਹਕੀਕਤ ਛੁਪਾ ਲੈਂਦੇ ਹਨ ਕਿ ਇਹਨਾਂ ਮੋਦੀ ਭਗਤ ਮੀਡੀਆ ਤੇ ਖੁਦ ਮੋਦੀ ਸਰਕਾਰ ਦੋਨਾਂ ਨੂੰ ਪਾਲਣ ਵਾਲੀ ਸਿਖਰਲੀ ਸਰਮਾਏਦਾਰ ਜਮਾਤ ਹੈ। ਐਨਡੀਟੀਵੀ ਤਾਂ ਹੋਰ ਦੋ ਹੱਥ ਅੱਗੇ ਵਧ ਕੇ ਆਪਣੇ ਚੈਨਲ ਤੇ ਇਸ਼ਤਿਹਾਰ ਵਿਖਾਉਂਦੇ ਹੋਈਆਂ ਸਰਮਾਏਦਾਰਾਂ ਨੂੰ ਅਪੀਲ ਕਰਨ ਲੱਗ ਜਾਂਦਾ ਹੈ ਕਿ ਉਹ ਰਫਤਰ ਫੈਲਾਉਣ ਵਾਲੇ ਟੀਵੀ ਚੈਨਲਾਂ ਨੂੰ ਇਸ਼ਤਿਹਾਰ ਨਾ ਦੇਣ। ਅਸਲੀਅਤ ਇਹ ਹੈ ਕਿ ਨਫਤਰ ਫੈਲਾਉਣ ਦੀ ਰੀਪੋਰਟਿੰਗ ਤੇ ਮੋਦੀ ਭਗਤੀ ਵੀ ਸਰਮਾਏਦਾਰੀ ਜਮਾਤ ਦੀ ਸਹਿਮਤੀ ਨਾਲ ਹੋ ਰਹੀ ਹੈ। ਅਤੇ ਐਨਡੀਟੀਵੀ ਤੇ ਮੋਦੀ ਸਰਕਾਰ ਦੀ ਅਲੋਚਨਾ ਵੀ ਸਰਮਾਏਦਾਰੀ ਜਮਾਤ ਦੀ ਜਾਣਕਾਰੀ ਵਿੱਚ ਹੀ ਹੋ ਰਹੀ ਹੈ ਅਤੇ ਫਿਰ ਵੀ ਐਨਡੀਟੀਵੀ ਨੂੰ ਇਸ਼ਤਿਹਾਰ ਦੇਣੇ ਜਾਰੀ ਰੱਖੇ ਹੋਏ ਹਨ। ਫਿਰ ਵੀ ਅੱਜ ਦੇ ਬੁਰੇ ਦੌਰ ਵਿੱਚ ਜਿਥੇ ਸਰਕਾਰ ਦੀ ਅਲੋਚਨਾ ਹੀ ਦੇਸ਼ਧ੍ਰੋ ਕਹਿ ਦਿੱਤੀ ਜਾਂਦੀ ਹੋਵੇ,ਉਥੇ ਫਾਸ਼ੀਵਾਦੀ ਸਰਕਾਰ ਦੀ ਵੱਖ ਵੱਖ ਪਹਿਲੂਆਂ ਤੋਂ ਅਲੋਚਨਾ,ਕਰੋਨਾ ਮਹਾਂਮਾਰੀ ਤੋਂ ਲੈਕੇ ਬੇਰੁਜਗਾਰੀ ਦੇ ਮੁੱਦਿਆਂ ਤੇ ਸਰਕਾਰ ਨੂੰ ਘੇਰਨਾ,ਲੋਕ ਘੋਲਾਂ ਨੂੰ ਥਾਂ ਦੇਣੀ ਆਦਿ ਕੰਮ ਦਲੇਰੀ ਵਾਲੇ ਹਨ। ਅਤੇ ਇਹ ਦਲੇਰੀ ਨਿਸ਼ਚੇ ਹੀ ਰਵੀਸ਼ ਕੁਮਾਰ ਨੇ ਵਿਖਾਈ ਹੈ। ਹੁਣ ਜਦ ਕਿ ਰਵੀਸ਼ ਕਾਰਪੋਰੇਟ ਦੀਆਂ ਹੱਦਾਂ ਤੋਂ ਆਜਾਦ ਹੋ ਚੁੱਕੇ ਹਨ ਤਾਂ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਹੁਣ ਵੱਧ ਖੁਲ੍ਹ ਕੇ ਗੱਲ ਕਰਨਗੇ ਅਤੇ ਲੋਕਾਂ ਦੀਆਂ ਦੁੱਖ ਤਕਲੀਫਾਂ ਦੇ ਨੂੰ ਸਰੋਤ ਮੌਜੂਦਾ ਸਰਮਾਏਦਾਰੀ ਵਿਵਸਥਾ ਅਤੇ ਸਰਮਾਏਦਾਰੀ ਜਮਾਤ ਨੂੰ ਆਪਣੇ ਹਮਲੇ ਦਾ ਮੁੱਖ ਨਿਸ਼ਾਨਾ ਬਣਾਉਣਗੇ। ਮੌਜੂਦਾ ਲੁਟੇਰੀ ਵਿਵਸਥਾ ਨੂੰ ਬਦਲਣ ਤੇ ਜੋਰ ਦੇਣਗੇ ਨਾ ਕਿ ਉਹਨਾਂ ਦੀਆਂ ਕੁਝ ਸ਼ਾਖਾਵਾਂ ਵਿੱਚ ਕਾਂਟਛਾਂਟ ਦੀ ਸਲਾਹ ਦੇਣਗੇ। ਦੇਸ਼ ਵਿੱਚ ਉਧਾਰ ਸਰਮਾਏਦਾਰੀ ਜਮਾਤ ਤੇ ਉਹਨਾਂ ਦੀ ਸੋਚ ਤੇ ਖੜਾ ਬੁੱਧੀਜੀਵੀ ਪੱਤਰਕਾਰਾਂ ਦਾ ਛੋਟਾ ਸਮੂਹ ਮੌਜੂਦ ਹੈ। ਇਹ ਤਬਕਾ ਪੂੰਜੀਵਾਦੀ ਲੋਕਤੰਤਰ ਦਾ ਹਮਾਇਤੀ ਹੈ। ਅੱਜ ਜਦ ਮੋਦੀ ਸਰਕਾਰ ਇੱਸ ਲੋਕਤੰਤਰ ਨੂੰ ਲੱਤ ਮਾਰਕੇ ਫਾਸ਼ੀਵਾਦ ਵੱਲ ਵਧ ਰਹੀ ਹੈ ਤਾਂ ਇਹ ਤਬਕਾ ਹੈਰਾਨ ਪ੍ਰੇਸ਼ਾਨ ਹੈ ਅਤੇ ਲੋਕਤੰਤਰ ਨੂੰ ਆਦਰਸ਼ ਰੂਪ ਵਿੱਚ ਸਥਾਪਤ ਕਰਨਾ ਚਾਹੁੰਦਾ ਹੈ। ਇਹ ਇਸ ਹਕੀਕਤ ਨੂੰ ਵੇਖ ਸਕਣ ਵਿੱਚ ਅਸਫਲ ਹੁੰਦਾ ਹੈ ਕਿ ਸਰਮਾਏਦਾਰੀ ਜਮਾਤ ਆਪਣੇ ਮੁਨਾਫੇ ਦੇ ਸੰਕਟ ਅਤੇ ਲੋਕ ਰੋਹ ਤੋਂ ਲੁੱਟੇਰੀ ਵਿਵਸਥਾ ਦੀ ਰਾਖੀ ਲਈ ਫਾਸ਼ੀਵਾਦ ਤੇ ਮੋਦੀ-ਸ਼ਾਹ ਨੂੰ ਸ਼ਹਿ ਦੇ ਰਿਹਾ ਹੈ,ਅੱਗੇ ਵਧਾ ਰਿਹਾ ਹੈ। ਅਜੇਹੇ ਵਿੱਚ ਅੱਜ ਦੇਸ਼ ਦੀ ਸਤਾ ਦੀ ਮਾਲਕ ਅਜਾਰੇਦਾਰ ਸਰਮਾਏਦਾਰੀ ਜਮਾਤ ਨੂੰ ਨਿਸ਼ਾਨੇ ਤੇ ਲਏ ਬਿਨਾਂ ਫਾਸੀਵਾਦੀਆਂ ਨੂੰ ਹਰਾਇਆ ਨਹੀਂ ਜਾ ਸਕਦਾ। ਅਰੁੰਧਤੀ ਰਾਏ ਤੋਂ ਲੈਕੇ ਰਵੀਸ਼ ਕੁਮਾਰ ਹੁਣ ਤੱਕ ਉਧਾਰ ਸਰਮਾਏਦਾਰੀ ਜਮਾਤ ਨੂੰ ਪ੍ਰਸਾਰਿਤ ਕਰਦੇ ਰਹੇ ਹਨ। ਉਸ ਸੋਚ ਦੀ ਦਿੱਕਤ ਇਹ ਹੈ ਕਿ ਉਹ ਇਹ ਨਹੀਂ ਵੇਖ ਸਕਦੀ ਕਿ ਫਾਸੀਵਾਦ ਇੱਕ ਲੋਕ ਅੰਦੋਲਨ ਵਜੋਂ ਸਮਾਜ ਵਿੱਚ ਪੈਰ ਪਸਾਰਦਾ ਹੈ। ਇਸ ਲਈ ਇਸ ਨੂੰ ਸਿਰਫ ਕੁੱਝ ਪ੍ਰਚਾਰ,ਕੁੱਝ ਪ੍ਰਦਾਫਾਸ਼ ਕਰਨ ਨਾਲ ਹਰਾਇਆ ਨਹੀਂ ਜਾ ਸਕਦਾ। ਇਸ ਨੂੰ ਮਜਬੂਤ ਫਾਸ਼ੀਵਾਦੀ ਲੋਕ ਸੰਘਰਸ ਜਿਸ ਦੀ ਅਗਵਾਈ ਮਜਦੂਰ ਜਮਾਤ ਕੋਲ ਹੋਵੇ ਦੇ ਦਮ ਤੇ ਹਰਾਇਆ ਜਾ ਸਕਦਾ ਹੈ,ਤਾਂ ਹੀ ਅਸਲ ਅਰਥਾਂ ਵਿੱਚ ਪ੍ਰਚਾਰ,ਪ੍ਰਦਾਫਾਸ਼ ਵੀ ਕਾਰਗਰ ਭੂਮਿਕਾ ਨਿਭਾ ਸਕਦੇ ਹਨ। ਜਿਥੋਂ ਤੱਕ ਮਜਦੂਰ-ਮਿਹਨਕਸ਼ ਲੋਕਾਂ ਦਾ ਸੁਆਲ ਹੈ ਤਾਂ ਉਸ ਦੇ ਹਿਤ ਨਾ ਤਾਂ ਸਰਮਾਏਦਾਰੀ ਦੀ ਫਾਸ਼ੀਵਾਦੀ ਵਿਵਸਥਾ ਵਿੱਚ ਹਨ,ਤੇ ਨਾ ਹੀ ਸਰਮਾਏਦਾਰੀ ਲੋਕਤੰਤਰ ਵਿੱਚ। ਇਸ ਲਈ ਉਹਨਾਂ ਦੀ ਜਰੂਰਤ ਹੈ ਕਿ ਉਹ ਫਾਸ਼ੀਵਾਦ ਨੂੰ ਹਰਾਉਣ ਦੇ ਅਮਲ ਵਿੱਚ ਸਰਮਾਏਦਾਰੀ ਵਿਵਸਥਾ ਨੂੰ ਹੀ ਖਤਮ ਕਰਕੇ ਮਜਦੂਰ ਰਾਜ-ਸਮਾਜਵਾਦ ਕਾਇਮ ਕਰਨ। ਰਵੀਸ਼ ਕੁਮਾਰ ਨੇ ਆਪਣੀ ਰੀਪੋਰਟਿੰਗ ਨਾਲ ਫਾਸ਼ੀਵਾਦੀ ਮੋਦੀ ਸਰਕਾਰ ਨੂੰ ਇੱਕ ਹੱਦ ਤੱਕ ਬੇਨਕਾਬ ਕਰਨ ਦੀ ਹਿੰਮਤ ਕੀਤੀ ਹੈ। ਹੁਣ ਜਦ ਉਹ ਕਾਰਪੋਰੇਟ ਮੀਡੀਆ ਦੀ ਹੱਦਾਂ ਤੋਂ ਮੁਕਤ ਹਨ ਤਾਂ ਵੇਖਣਾ ਇਹ ਹੋਵੇਗਾ ਕਿ ਉਹ ਆਪ ਖੁਦ ਨੂੰ ਉਧਾਰ ਸਰਮਾਏਦਾਰੀ ਦੇ ਹਮਾਇਤੀ ਵਜੋਂ ਪੇਸ਼ ਕਰਦੇ ਹਨ ਜਾਂ ਫਿਰ ਮਜਦੂਰ-ਮਿਹਨਤਕਸ਼ ਲੋਕਾਂ ਦੇ ਹਿਤਾਂ ਨੂੰ ਅਸਲ ਤੌਰ ਤੇ ਸਮਰਪਤ ਇੰਨਕਲਾਬ ਦੇ ਸਿਪਾਹੀ ਵਜੋਂ ਵਿਕਸਤ ਹੁੰਦੇ ਹਨ ਉਹ ਲਿੰਕਨ ਦੇ ਰਾਹ ਚਲਦੇ ਹਨ ਜਾਂ ਭਗਤ ਸਿੰਘ ਦਾ ਰਾਹ ਅਖਤਿਆਰ ਕਰਦੇ ਹਨ। ਸਮੇਂ ਦੀ ਮੰਗ ਹੈ ਕਿ ਭਗਤ ਸਿੰਘ ਦਾ ਇੰਨਕਲਾਬ ਦਾ ਰਾਹ ਚੁਣਿਆ ਜਾਵੇ। (ਕਰਟਸੀ ਨਾਗਰਿਕ ਦਸੰਬਰ)

*ਸਾਬਕਾ ਡਿਪਟੀ ਮੈਡੀਕਲ ਕਮਿਸਨਰ

# ਪ੍ਰੈਸ ਦੀ ਆਜਾਦੀ ’ਤੇ ਪਾਬੰਦੀਆਂ ਵਿਰੁੱਧ ਲੋਕ ਆਵਾਜ਼ ਬੁਲੰਦ ਕਰਨਾ ਸਮੇਂ ਦੀ ਲੋੜ

ਅਸੀਂ, ਹੇਠਾਂ ਹਸਤਾਖਰਿਤ ਪੰਜਾਬੀ ਲੇਖਕ, ਕਲਾਕਾਰ, ਪੱਤਰਕਾਰ, ਜਮਹੂਰੀ ਹੱਕਾਂ ਦੇ ਰਾਖੇ, ਕਿਸਾਨ ਅਤੇ ਮਜਦੂਰ ਜਥੇਬੰਦੀਆਂ ਦੇ ਨੁਮਾਇੰਦੇ, ਪੰਜਾਬ ਸਰਕਾਰ ਵੱਲੋਂ ਕੁਝ ਅਖਬਾਰਾਂ ਜਿਨ੍ਹਾਂ ਵਿੱਚ ਪੰਜਾਬੀ ਟ੍ਰਿਬਿਊਨ ਅਤੇ ਅਜੀਤ ਸਾਮਲ ਹੈ, ਨੂੰ ਨਿਸਾਨਾ ਬਣਾਏ ਜਾਣ ਤੇ ਗਹਿਰਾ ਰੋਸ ਪਰਗਟ ਕਰਦੇ ਹਾਂ।

ਅਸੀਂ ਪੰਜਾਬ ਸਰਕਾਰ ਦੀ ਇਸ ਬਦਲਾਖੋਰੀ ਦੀ ਕਾਰਵਾਈ ਦਾ ਵਿਰੋਧ ਕਰਦੇ ਹਾਂ। ਸਾਡੀ ਸਮਝ ਹੈ ਕਿ ਇਹ ਕਦਮ ਪ੍ਰੈਸ ਦੀ ਆਜਾਦੀ ਨੂੰ ਖੋਰਾ ਲਾਉਣ ਅਤੇ ਸਪੱਸਟ ਤੌਰ ’ਤੇ ਪ੍ਰੈਸ ਨੂੰ ਡਰਾਉਣ ਅਤੇ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਚੁੱਕਿਆ ਗਿਆ ਹੈ।

ਇਹ ਸਿਰੇ ਦਾ ਅਨੈਤਿਕ, ਧੱਕੜ, ਦਬਾਅ ਪਾਉਣ ਤਰੀਕਾ ਪੰਜਾਬ ਦੇ ਲੋਕ, ਲੋਕ ਸੰਸਥਾਵਾਂ, ਪੱਤਰਕਾਰ, ਕਲਮਕਾਰ ਅਤੇ ਜਮਹੂਰੀ ਕਾਮੇਂ ਕਦਾਚਿਤ ਬਰਦਾਸਤ ਨਹੀਂ ਕਰਨਗੇ। ਸਾਨੂੰ ਇਸ ਗੱਲ ਦੀ ਡੂੰਘੀ ਚਿੰਤਾ ਹੈ ਕਿ ਪ੍ਰੈਸ ਨੂੰ ਡਰਾਉਣ-ਧਮਕਾਉਣ ਦੇ ਨਿੱਤ ਨਵੇਂ ਰੂਪਾਂ ਦੀ ਕਾਢ ਕੱਢੀ ਜਾ ਰਹੀ ਹੈ। ਅੱਜ ਸਾਡਾ ਮੁਲਕ ਪ੍ਰੈਸ ਦੀ ਆਜਾਦੀ ਦੇ ਆਲਮੀ ਸੂਚਕਾਂ ਵਿਚ ਬਹੁਤ ਹੇਠਾਂ ਡਿਗ ਚੁਕਾ ਹੈ। ਸਾਡੇ ਮੁਲਕ ਦੇ ਬਹੁਤ ਸਾਰੇ ਪੱਤਰਕਾਰ ਜੇਲ੍ਹਾਂ ਵਿਚ ਬੰਦ ਹਨ। ਨੌਕਰੀਆਂ ਤੋਂ ਕੱਢੇ ਜਾ ਰਹੇ ਹਨ। ਟੈਕਸ ਅਧਿਕਾਰੀਆਂ ਦੇ ਬਦਲਾਲਊ ਨਿਸਾਨੇ ਦਾ ਸ਼ਿਕਾਰ ਹੋ ਰਹੇ ਹਨ ਅਤੇ ਹਿੰਸਕ ਟਰੋਲਿੰਗ ਦਾ ਨਿਸਾਨਾ ਬਣਾਏ ਜਾ ਰਹੇ ਹਨ। ਇਸਤਿਹਾਰਾਂ ’ਤੇ ਰੋਕ ਅਤੇ ਸਰਕਾਰੀ ਕਾਰਵਾਈਆਂ ਦੀ ਅਜਿਹੀ ਵਰਤੋਂ ਪ੍ਰੈਸ ਦੀ ਅਜਾਦੀ ਦੇ ਘਾਣ ਦਾ ਇੱਕ ਹੋਰ ਖਤਰਨਾਕ ਤਰੀਕਾ ਹੈ। ਇਹ ਪ੍ਰੈਸ ਦੀ ਆਜਾਦੀ ਨੂੰ ਖਤਮ ਕਰਨ ਦੀ ਪ੍ਰਕਿਰਿਆ ਨੂੰ ਹੋਰ ਪ੍ਰਚੰਡ ਕਰਦਾ ਹੈ। ਅਸੀਂ ਪੰਜਾਬ ਸਰਕਾਰ ਦੀ ਇਸ ਕਾਰਵਾਈ ਦੀ ਸਖਤ ਨਿਖੇਧੀ ਕਰਦੇ ਹਾਂ। ਇਹ ਅਖਬਾਰਾਂ ਦੇ ਜਨਤਕ ਹਿੱਤਾਂ ਅਤੇ ਮਹੱਤਤਾ ਵਾਲੀਆਂ ਖਬਰਾਂ ਨੂੰ ਛਾਪਣ ਅਤੇ ਉਨ੍ਹਾਂ ਤੇ ਬਹਿਸ ਚਲਾਣ ਦੀ ਸਮਰੱਥਾ ਤੇ ਘਾਤਕ ਹਮਲਾ ਹੈ।

ਇਸਤਿਹਾਰ ਕਿਸੇ ਰਾਜੇ ਦੀ ਖੈਰਾਤ ਦੀ ਇੱਛਾ ’ਤੇ ਅਧਾਰਤ ਨਹੀਂ ਹੈ । ਦੇਸ ਅੰਦਰ



ਇਸਤਿਹਾਰ ‘ਪ੍ਰਿੰਟ ਮੀਡੀਆ ਵਿਗਿਆਪਨ ਨੀਤੀ’ ਰਾਹੀਂ ਜਾਰੀ ਹੁੰਦੇ ਹਨ ਜਿਸ ਦੇ ਅਖਬਾਰਾਂ ਨੂੰ ਸੂਚੀਬੱਧ ਕਰਨ, ਇਸਤਿਹਾਰ ਜਾਰੀ ਕਰਨ, ਇਸਤਿਹਾਰ ਦਰਾਂ, ਬਿੱਲਾਂ ਦੀ ਅਦਾਇਗੀ ਅਤੇ ਜੁਰਮਾਨੇ ਲਈ ਸਪੱਸਟ ਨਿਯਮ ਹਨ। ਇਸ ਨੀਤੀ ਦਾ ਮੂਲ ਹੈ ਕਿ ਅਖਬਾਰਾਂ ਨੂੰ ਇਸਤਿਹਾਰ ਦਾ ਫੈਸਲਾ ਅਖਬਾਰਾਂ ਦੀ ਸਿਆਸੀ ਪੁਜੀਸਨ ਜਾਂ ਸੰਪਾਦਕੀ ਨੀਤੀ ਤੇ ਅਧਾਰਤ ਨਹੀਂ ਹੈ। ਮੁਅੱਤਲੀ, ਅਯੋਗਤਾ ਅਤੇ ਜੁਰਮਾਨੇ ਲਈ ਨਿਯਮ ਹਨ ਅਤੇ ਕਿਸੇ ਅਖਬਾਰ ਦੇ ਇਸਤਿਹਾਰਾਂ ਨੂੰ ਮੁਅੱਤਲ ਕਰਨ ਤੋਂ ਪਹਿਲਾਂ ਉਲੰਘਣਾ ਦਾ ਕਾਰਨ ਸਬੂਤ ਦੇਣਾ ਜਰੂਰੀ ਹੈ ।

ਕੇਂਦਰ ਅਤੇ ਰਾਜ ਸਰਕਾਰਾਂ ਆਪਣੀਆਂ ਯੋਜਨਾਵਾਂ, ਨੀਤੀਆਂ ਅਤੇ ਲੀਡਰਾਂ ਦਾ ਪ੍ਰਚਾਰ ਕਰਨ ਲਈ ਪ੍ਰਿੰਟ ਮੀਡੀਆ ਵਿੱਚ ਇਸਤਿਹਾਰਾਂ ਦੀ ਵਿਆਪਕ ਵਰਤੋਂ ਕਰਦੀਆਂ ਹਨ। ਇਹ ‘ਸਰਕਾਰੀ’ ਇਸਤਿਹਾਰ ਸਰਕਾਰੀ ਖਜਾਨੇ ਤੋਂ ਜਾਂਦੇ ਹਨ, ਜੋ ਲੋਕਾਂ ਦਾ ਪੈਸਾ ਹੈ ਇਸ ਲਈ ਸੰਵਿਧਾਨ ਦੇ ਤਹਿਤ ਸਰਕਾਰ ਦਾ ਫਰਜ ਹੈ ਕਿ ਉਹ ਇਸਤਿਹਾਰਾਂ ਲਈ ਨਿਰਪੱਖ ਪ੍ਰਕਿਰਿਆ ਦੀ ਪਾਲਣਾ ਕਰੇ। ਇਸ ਵਿੱਚ ਸਿਆਸੀ ਪੱਖਪਾਤ ਜਾਂ ਕਿਸੇ ਵਿਸੇਸ ਅਖਬਾਰ ਪ੍ਰਤੀ ਵਿਤਕਰੇ ਦੀ ਕੋਈ ਥਾਂ ਨਹੀਂ ਹੈ । ਮੀਡੀਆ ਦੀ ਪੱਖਪਾਤੀ ਜਾਂ ਆਪਹੁਦਰੀ ਚੋਣ, ਸੰਵਿਧਾਨ ਦੀ ਧਾਰਾ 14 ਅਧੀਨ ਬਰਾਬਰੀ ਦੇ ਹੱਕ ਦੀ ਉਲੰਘਣਾ ਹੈ।

ਜੇਕਰ ਰਾਜ ਸਰਕਾਰ ਇਹ ਸੋਚਦੀ ਹੈ ਕਿ ਇਸਤਿਹਾਰ ਸਿਰਫ ਉਨ੍ਹਾਂ ਮੀਡੀਆ ਆਉਟਲੈਟਾਂ ਨੂੰ ਦਿੱਤੇ ਜਾਣਗੇ ਜੋ ਉਸ ਦੀ ਸਰਕਾਰ ਦੇ ਹੱਕ ਵਿੱਚ ਖਬਰਾਂ ਪ੍ਰਕਾਸਿ?ਤ ਕਰਦੇ ਹਨ, ਤਾਂ ਇਹ ਗੈਰ-ਵਿਤਕਰੇ ਦੇ ਸਿਧਾਂਤ ਦੀ ਅਤੇ ਪੱਤਰਕਾਰੀ ਦੇ ਨਿਯਮਾਂ ਵਿੱਚ ਸਥਾਪਿਤ ਮਾਡਲ ਦੀ ਸਪੱਸਟ ਉਲੰਘਣਾ ਹੈ। ਕੁਝ ਅਖਬਾਰਾਂ ਦੇ ਇਸਤਿਹਾਰਾਂ ਨੂੰ ਮਨਮਾਨੇ ਢੰਗ ਨਾਲ ਰੋਕਣਾ ਸਾਰੇ ਮੀਡੀਆ ਨੂੰ ਡਰਾਉਣ ਦਾ ਇੱਕ ਲੁਕਵਾਂ ਸੰਦੇਸ ਦੇਂਦਾ ਹੈ ਅਤੇ ਪ੍ਰੈਸ ਦੀ ਆਜਾਦੀ ਤੇ ਹਮਲਾ ਹੈ।

ਅਸੀਂ ਇਸ ਪ੍ਰੈਸ ਬਿਆਨ ਰਾਹੀਂ ਸਰਕਾਰ ਕੋਲ ਆਪਣਾ ਦੁਖ ਅਤੇ ਗੁੱਸਾ ਦਰਜ ਕਰਦੇ ਹਾਂ। ਨੁਕਸਾਨ ਪਹੁੰਚਾਏ ਜਾ ਰਹੇ ਅਖਬਾਰਾਂ ਦੇ ਨਾਲ ਇੱਕਮੁੱਠਤਾ ਵਿੱਚ ਖੜੇ ਹਾਂ ਅਤੇ ਉਹਨਾਂ ਨੂੰ ਆਪਣਾ ਸਮਰਥਨ ਦੇਣ ਦਾ ਵਾਅਦਾ ਕਰਦੇ ਹਾਂ। ਅਸੀਂ ਪੰਜਾਬ ਸਰਕਾਰ ਨੂੰ ਸਥਿਤੀ ਨੂੰ ਬਹਾਲ ਕਰਨ, ਪੱਤਰਕਾਰਾਂ ’ਤੇ

(ਬਾਕੀ ਸਫ਼ਾ 29 ’ਤੇ)

# Wealth tax would raise far more money than previously thought

**By Alex Hemingway**

While the lives of millions of working people have been upended by the COVID-19 pandemic, the wealth of the richest few has continued to balloon in Canada. A wealth tax on the super rich is an important policy needed to address extreme inequality and help raise revenue for sustained, long-term increases in public investment in key areas after the pandemic.

Inequality has reached new heights in Canada in recent years. The richest 1% now control 25% of Canada's wealth, according to a recent Parliamentary Budget Office (PBO) report. Research from the Canadian Centre for Policy Alternatives shows that the 87 richest families in the country each hold, on average, 4,448 times more wealth than the typical family. Together these 87 families hold more wealth than the bottom 12 million Canadians combined.

Inequality is linked to worse performance on a wide range of health and social outcomes, as international epidemiological research shows. High levels of inequality also damage economic growth, as organizations like the IMF and OECD have begun to acknowledge in recent years.

**Inequality has reached new heights in Canada in recent years.**

Tackling inequality with a wealth tax on the super rich is hugely popular, backed by an overwhelming majority of Canadians across party lines in the most recent polling. This approach is also supported by a growing body of economic research and analysis.

This paper provides a new estimate of the revenue potential of a wealth tax using up-to-date national accounts data and estimating tax avoidance and evasion based on the latest academic research. A 1% tax on wealth over $20 million in Canada would generate about $10 billion in revenue in its first year, substantially more than the commonly cited estimate of $5.6 billion.

With a $10 billion boost to annual public revenues, Canada could lift hundreds of thousands of people out of poverty, implement long-term increases to funding for important social programs like child care, health care and seniors care, and help pay for more ambitious climate action.

(See the CCPA's Alternative Federal Budget 2019 and AFB Recovery Plan for program options and costing, as well as a range of other measures to raise additional revenue.)

A moderately more ambitious wealth tax could reduce inequality further and




fund additional investments. For example, a wealth tax with rates of 1% on net worth over $20 million, 2% over $50 million and 3% over $100 million could raise nearly $20 billion in its first year.

**A 1% tax on wealth over $20 million in Canada would generate about $10 billion in revenue in its first year.**

Wealth taxes of these kinds, targeted to net worth over $20 million, would apply to only about 25,000 wealthy families, representing the richest 0.2% of the country. This tiny fraction of Canadians—the richest of the rich—together control $1.8 trillion of the country's wealth.

Notably, these wealth tax rates do not even approach the much higher rates called for by Bernie Sanders and Elizabeth Warren in the United States. Their more aggressive plans would apply rates as high as 6% on wealth over $1 billion and 8% over $10 billion.

A wealth tax is just one piece of the puzzle when it comes to tackling inequality and raising revenue for important public investments. It should be accompanied by a suite of other tax fairness policies, including ending the costly special treatment of capital gains income in the Canadian tax system and closing a range of other tax loopholes that benefit the affluent.

## Updated wealth tax revenue estimates: the details

This paper's updated estimates of wealth tax revenue corrects for two limitations in the most recent and commonly cited wealth tax revenue estimate from the Parliamentary Budget Office (PBO) in July 2020, while maintaining the core of PBO's methodology.

First, the PBO's July 2020 estimate of wealth tax revenues reflected a large drop in asset values early in the pandemic (a factor that the PBO acknowledges in its publication). Asset values have since then rapidly bounced back in Canada. In the current estimates, I use the most recent Statistics Canada data to update the PBO's wealth data set. This is done using the methodology that the PBO provides in an earlier report for updating their wealth distribution data set.1

When the latest aggregate wealth data is used, this adds $800 million to the projected net revenue for a 1% wealth tax compared to the earlier PBO estimate of $5.6 billion.

Second, and more significantly, the PBO assumed that 35% of the wealth tax base would be wiped out by "behavioural responses" such as tax avoidance and evasion. 2 However, this estimated behavioural response rate is out of line with the latest economic research on wealth taxes.

**Levels of tax avoidance and evasion are not laws of nature.**

Surveying academic studies of European wealth taxes, University of California, Berkeley economists Emmanuel Saez and Gabriel Zucman estimate a substantially lower average behavioural response of 16%. Furthermore, they suggest that this figure should be understood as an "upper bound." That is, behavioural responses to these European wealth taxes were higher than they needed to be as a result of policy design flaws that can be readily avoided.

As Saez and Zucman emphasize, levels of tax avoidance and evasion are not laws of nature, but rather they are determined by policy choices. In its published estimates of wealth tax revenues, the PBO rightfully acknowledges a high level of uncertainty about behavioural responses. But much of this uncertainty is driven by policy choices that serve to protect the wealthy and can be changed. I say more on the proper design and enforcement of a wealth tax below.

Notably, Saez and Zucman applied their 16% behavioral response estimate to the much more aggressive wealth tax proposals of Bernie Sanders and Elizabeth Warren, which use higher tax rates than have so far been proposed in Canada. We would expect a smaller behavioural response to a well-enforced wealth tax at the low 1% rate proposed by the federal NDP.

An extensive new body of research produced by the UK Wealth Tax Commission, based out of the London School of Economics, reinforces this view. For a 1% annual wealth tax in the United Kingdom, the Commission's review of the evidence suggests a 7-17% behavioural response rate.

Using behavioural responses that are in line with the scholarly economic research on wealth taxes yields substantially larger projected revenues than the earlier PBO estimate.

**Much of this uncertainty is driven by policy choices that serve to protect the wealthy.**

**Table 1. Revenue from annual wealth tax in first year of implementation**

| | 1% wealth tax (July 2020 PBO estimate) | **1% wealth tax (new estimate)[4]** | Moderate wealth tax (1%, 2% and 3% brackets)[5] |
|---|---|---|---|
| Gross revenue | $5.7 billion | $10.2 billion | $19.8 billion |
| Admin costs | $113 million | $204 million | $395 million |
| Net Revenue | $5.6 billion | **$10 billion** | $19.4 billion |

For a small 1% wealth tax, this paper uses the midpoint of the UK Wealth Tax Commission's 7-17% behavioural response range, applying a 12% reduction in the wealth tax base. This yields net revenues of $10 billion in the first year of the tax. If we use behavioural response estimates across the full 7-17% range, revenues vary from a high of $10.8 billion to a low of $9.2 billion.

Table 1 shows the estimates of the gross revenue, administration costs and net revenue for the 1% annual wealth tax, alongside the PBO's older revenue estimate.

I also include estimated revenues for a moderately more ambitious wealth tax with additional brackets (1% over $20 million, 2% over $50 million and 3% over $100 million), using Saez and Zucman's higher 16% behavioural response to be more conservative in the estimate. This moderate wealth tax would raise an estimated $19.4 billion in net revenue in its first year (net of administration costs), though this estimate has a higher level of uncertainty.3

Following the PBO's methodology, I have deducted 2% of gross revenues for administrative costs. In absolute terms, these estimates allow for administrative costs nearly double those earmarked by the PBO for a small wealth tax ($204 million compared to $113 million), which double again for a moderate wealth tax. This approach adds a layer of conservatism to my net revenue estimates and allows for substantially more investment in enforcement. These administrative costs are a drop in the bucket compared to $10 billion or $20 billion in revenue.

## Enforcing a wealth tax

The use of tax havens and other large-scale tax avoidance and evasion is often assumed to be inevitable, whether it relates to a wealth tax or the existing tax system. But, as economists like Saez and Zucman emphasize, we largely know how to crack down on this behaviour and how to design a wealth tax that minimizes it. What's been missing is the political will to challenge the interests of the wealthy and powerful who oppose these steps.

Would Canada's super rich flee the country to avoid a wealth tax? Some may, but a well-designed wealth tax will not allow them to dodge their tax obligations in this way. As in the Elizabeth Warren and Bernie Sanders wealth tax proposals, a steep "exit tax" can be applied on expatriation, in recognition of Canadian society's contributions to these fortunes. Exit tax rates are set at a rate of 40% in the Warren and Sanders plans and could be set even higher.6 The UK Wealth Tax Commission suggests a similar policy design in which wealth tax obligations continue to apply to the super rich for a set number of years after emigration.7

Nor will simply shifting assets to low-tax jurisdictions get the super rich off the hook—at least in terms of legal obligations. Modern wealth tax proposals apply to net worth worldwide.

The biggest concern is that the wealthy will engage in outright criminal tax evasion, flouting the law to hide or misreport their wealth in tax havens. Ramping up tax enforcement and cracking down on tax avoidance and evasion is critical if we are going to make a wealth tax work. The good news is that, as Saez and Zucman emphasize, we already know how to crack down.

**The biggest concern is that the wealthy will engage in outright criminal tax evasion.**

Key measures include increasing funding for enforcement efforts focused on the rich, steeper penalties for tax

evasion, enforcement against financial services providers that help organize and enable evasion, and imposing stronger transparency and third-party reporting requirements on financial institutions doing business with Canada. Focusing a wealth tax on a narrow band of the richest 0.2% also facilitates a high rate of audits. The growing body of economic research on wealth taxes outlines the various practicalities of enforcement in more detail.

The scope of a wealth tax is also important to enforcement. A modern wealth tax should be applied equally to all types of assets, so there is no benefit to shifting wealth between asset classes. This is a lesson learned from some older European wealth taxes, which often made the mistake of exempting certain assets like primary residences. This was done with the intention of protecting the upper middle class because these taxes applied at much lower wealth thresholds.

However, a wealth tax focused on the super rich avoids these problems by exempting the upper middle class and what Saez and Zucman call "the merely rich," eliminating the rationale to exclude certain assets. Of course, the "merely rich" can and should be taxed by other means.

Major new tax enforcement efforts should be undertaken with or without a wealth tax. The PBO estimates that recent federal investments in business tax enforcement alone (which are modest and should go further) have had a fiscal impact of nearly six dollars for each dollar spent on enforcement, plus a further boon to provincial revenues. The fact that these steps weren't taken sooner, and that stronger enforcement efforts aren't being immediately implemented, is a testament to the power of the wealthy in our politics.8 PBO analysis has suggested that the federal "tax gap" relating to tax havens may be as high as $25 billion in lost revenue.

**Tackling the super rich and funding the public good**

When it comes to taking on the super rich and expanding public services, a wealth tax is only one piece of the puzzle. In the area of tax policy, a range of additional measures are needed.

First, Canada needs to end the preferential treatment of income from wealth (i.e., capital gains from stocks, real estate, etc.) compared to income from work. Currently, capital gains are taxed at half the rate of income from work, costing billions of dollars in lost public revenue. Ninety-two per cent of the benefits from this policy flow to the top 10% of income earners. Recent estimates from University of Toronto economist Michael Smart suggest that closing this loophole could raise nearly $16 billion in annual revenue to federal and provincial governments.

Canada should also end a proliferation of other tax expenditures that disproportionately benefit the affluent, reform corporate taxation based on innovative models, implement an inheritance tax on estates over $5 million, and substantially raise the top marginal income tax rate.

But a wealth tax can play a unique role by honing in on the richest of the rich. While a broader group like the top 10% of income earners can afford to pitch in more to help increase public investments, they will be more willing to do so if the wealthiest 0.2% are paying their fair share.

**Canada should also end a proliferation of other tax expenditures that disproportionately benefit the affluent.**

If one of our goals is to begin confronting and reversing the massive concentration of economic power in this country, a wealth tax is needed alongside other tools of fair taxation.

Of course, the tax system itself is only part of the solution. A whole range of other actions are necessary to take on extreme wealth and equalize economic power in Canada, including the strengthening workers' rights and new models of public, employee and community ownership.

Taxing the super rich enjoys overwhelming public support among Canadians across party lines. So why is a wealth tax not front-and-centre in our politics? Governments do pay attention to public opinion, but when the interests of the wealthy few are at stake, the will of the majority often doesn't translate into substantive policy change.

The economic and political power of the super rich is real. But there has always been an answer to organized money: organized people. Building on a deep well of public support and backed by a growing body of research, a wealth tax can be won if Canadians get organized to demand it.

**Acknowledgements**

Thanks to Gabriel Zucman, Rob Gillezeau and Rhys Kesselman for comments on earlier drafts of this paper.

**Notes :** 1. Specifically, I use the latest Statistics Canada population data and the National Balance Sheet Accounts data (Q3 2020) to bring PBO's High-net-worth Family Database (HFD) up to date. See page nine of PBO's June 2020 report for a full description of how they describe updating their 2016 HFD data set using these same population and NBSA data series from Statistics Canada.

2. In brief, they scale down the aggregate wealth totals on their High-income Family Database by 35% before applying the 1% tax.

3. As marginal rates get higher, uncertainty about the magnitude of behavioural responses grows as there are fewer historical cases to draw upon. On the other hand, as Saez and Zucman emphasize, behavioural responses are largely conditioned by policy choices that can be changed. More on this below.

4. As described in the main text, this estimate includes a 12% reduction in the tax base due to behavioural response, which is the midpoint of the UK Wealth Tax Commission's range of 7-17%. Across this full range of behavioural responses, revenues vary from a high of $10.8 billion to a low of $9.2 billion.

5. Rates of 1% on net worth over $20 million, 2% over $50 million and 3% over $100 million. The revenue estimate incorporates a 16% reduction in the tax base due to behavioural response, following Saez and Zucman's estimates for wealth taxes with higher rates.

6. Another design option would be to have the wealth tax continue to apply to super rich Canadian citizens indefinitely even when they live and work abroad (with a credit applied for any foreign wealth tax paid), similar to how the US requires citizens abroad to continue to file and pay taxes.

7. Another set of responses to consider are wealthy foreign citizens considering moving to Canada, or prospective immigrants aspiring to great wealth. Will they be dissuaded from moving to Canada if a wealth tax is implemented? Some may be, particularly if they aim to possess enormous wealth, enjoy the benefits of living in Canada, but balk at making the modest contribution required by the wealth tax. At the same time, other talented prospective migrants may be attracted by the chance to live in a more equitable, productive and well-functioning society that implementing a wealth tax would help fund. Note that migration responses are a separate question from the many existing incentives and reasons to invest in Canada, including access to a highly-skilled and educated workforce, advanced infrastructure, and public health care for employees, among other attractive features. Making new, highly-productive public investments in areas like child care, education, and infrastructure would contribute to further attracting private investment, as well as helping to unleash the economic and human potential of more Canadians.

8. The PBO report also notes that these investments in enforcement are set to decline in the coming years.

# ਮਾਲਬਰੋਜ਼ ਇੰਟਰਨੈਸ਼ਨਲ ਜ਼ੀਰਾ ਵੱਲੋਂ ਸ਼ਰਾਬ ਪਲਾਂਟ ਵਿਚ ਗੈਰ ਕਾਨੂੰਨੀ ਢੰਗ ਨਾਲ ਜ਼ਹਿਰੀਲੀਆਂ ਗੈਸਾਂ ਬਣਾਉਣ ਵਿਰੁੱਧ ਜਮਹੂਰੀ ਅਧਿਕਾਰ ਸਭਾ

ਮਾਲਬਰੋਜ਼ ਇੰਟਰਨੈਸ਼ਨਲ ਜ਼ੀਰਾ ਵੱਲੋਂ ਸ਼ਰਾਬ ਪਲਾਂਟ ਵਿਚ ਗੈਰ ਕਾਨੂੰਨੀ ਢੰਗ ਨਾਲ ਝਹਿਰੀਲੀਆਂ ਗੈਸਾਂ ਬਣਾਉਣ ਵਿਰੁੱਧ ਜਮਹੂਰੀ ਅਧਿਕਾਰ ਸਭਾ ਨੇਂ ਫਿਰੋਜ਼ਪੁਰ ਜ਼ਿਲੇ ਦੇ ਉੱਚ ਪੁਲਸ ਅਤੇ ਪ੍ਰਬੰਧਕੀ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਭੇਜ ਕੇ ਤੁਰੰਤ ਕਾਰਵਾਈ ਦੀ ਮੰਗ ਕੀਤੀ

ਜਮਹੂਰੀ ਅਧਿਕਾਰ ਸਭਾ ਵੱਲੋਂ INDIAN NARRATIVE ਨਾਂ ਦੀ ਛਪੀ ਖ਼ਬਰ ਦੇ ਆਧਾਰ ਤੇ ਫਿਰੋਜ਼ਪੁਰ ਜ਼ਿਲੇ ਦੇ ਉੱਚ ਪੁਲਸ ਅਤੇ ਪ੍ਰਬੰਧਕੀ ਅਧਿਕਾਰੀਆਂ ਨੂੰ, ਮਾਲਬਰੋਜ਼ ਇੰਟਰਨੈਸ਼ਨਲ ਜ਼ੀਰਾ ਦੇ ਪ੍ਰਬੰਧਕਾਂ ਖਿਲਾਫ ਇਸ ਪਲਾਂਟ ਵਿਚ ਗੈਰ ਕਾਨੂੰਨੀ ਤੌਰ ਤੇ ਜ਼ਹਿਰੀਲੀਆਂ ਗੈਸਾਂ ਦਾ ਉਤਪਾਦਨ ਅਤੇ ਵਪਾਰ ਕਰਨ – ਜੋ ਕਿ ਮਨੁਖਾਂ ਅਤੇ ਪਸ਼ੂਆਂ ਲਈ ਅਤਿ ਖਤਰਨਾਕ ਹੋਣ ਦੇ ਨਾਲ ਨਾਲ ਜ਼ਮੀਨ ਹੇਠਲੇ ਪਾਣੀ ਅਤੇ ਮਿੱਟੀ ਨੂੰ ਵੀ ਪੱਕੇ ਤੌਰ ਤੇ ਪਲੀਤ ਕਰਦੀਆਂ ਹਨ , ਬਾਰੇ ਲਿਖਤੀ ਸ਼ਿਕਾਇਤ ਭੇਜ ਕੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ. ਇਹ ਗੈਸਾਂ ਬਣਾਉਣ ਬਾਰੇ ਮਾਲਬਰੋਜ਼ ਪਲਾਂਟ ਨੇਂ ਪੰਜਾਬ ਸਰਕਾਰ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਨਾਂ ਤਾਂ ਪ੍ਰਵਾਨਗੀ ਮੰਗੀ ਹੈ ਅਤੇ ਨਾਂ ਹੀ ਕੋਈ ਜਾਣਕਾਰੀ ਦਿੱਤੀ ਹੈ. ਇਸ ਤਰਾਂ ਇਹਨਾਂ ਗੈਸਾਂ ਦਾ ਉਤਪਾਦਨ ਚੋਰੀ ਛੁਪੇ ਹੋ ਰਿਹਾ ਹੈ. ਸਭਾ ਵੱਲੋਂ ਇਸ ਦੇ ਜਨਰਲ ਸਕੱਤਰ ਪਿਤਪਾਲ ਸਿੰਘ ਅਤੇ ਸਕੱਤਰੇਤ ਮੈਂਬਰ ਐਡਵੋਕੇਟ ਨਰਿੰਦਰ ਜੀਤ ਦੇ ਦਸਖਤਾਂ ਹੇਠ ਭੇਜੀ ਸ਼ਿਕਾਇਤ ਹੇਠ ਲਿਖੇ ਅਨੁਸਾਰ ਹੈ

Subject: COMPLAINT AGAINST M/S MALBOS INTERNATIONAL PVT LIMITED, MANSURWALA TEHSIL ZIRA, DISTRICT FEROZEPUR, FOR ILLEGALY MANUFACTURING HIGHLY TOXIC Ú POISONOUS GASES WITHOUT INFOMING AND OBTAINING PERMISSION FROM COMPETENT AUTHORITY i.e PPCBOARD

Sir,

The applicant is a non-Govt Organisation working for the protection of Democratic Rights of the people, including the right to have a pollution free environment which has been recognized by the HonÒble Supreme Court of India, as an important component of the RIGHT TO LIFE, guaranteed by the Indian Constitution

We have been astonished to learn that Malbros, International Pvt Limited, which has a liquor manufacturing plant at village Mansurwala Tehsil Zira, District Ferozepur, is illegally producing highly toxic and poisonous gases, such as Silver Potassium Cyanide, Fesoterodine, and Monoethano. If these chemicals enter into the sub-soil and underground water they could lead to various incurable diseases like cancer, liver failure, cardiac problems and allergies of different types, according to scientists.

The website of Malbros International Pvt Limited boldly displays the names of five chemicals see screenshots that it deals in, besides two other less harmful chemicals Sodium Sulphate and Sodium Chloride. The website seeks orders from prospective buyers all over the world.

A copy of news-item published in this regard in web-portal ÒÒINDIAN NARRATIVEÓÓ is being enclosed herewoth

As per law all industrial units are required to take permission from the state pollution control board for the specific products that they intend to manufacture and can go ahead with the project only after this permission is granted. But the Malbros International Pvt Limited has neither mentioned it in their Project Report, nor has got Environmental Clearance from the competent authority for this. As such M/S Malbros International Pvt ltd is illegally manufacturing highly toxic and poisonous gasses, which are extremely dangerous to humam, animal and plamt life and also incurably degrades the soil. They have not got permission from the Punjab Pollution Control Board for this, which is mandatory. This activity is an offence under the Environmental Protection Laws as well as under the Indian Penal Code.

We request you to kindly look in to the matter and :-

A. Get the illegal production of above mentioned highly toxic and poisonous gases and seize the means of their production.

B. Initiate necessary penal action as per law, against the guilty persons after conducting a thorogh inquiry/ Investigation.

# BC private schools to collect $491 million in public funding this year

**By Alex Hemingway**



Private schools will collect nearly half a billion dollars in public funding from the provincial government during this school year in British Columbia. This is in addition to further public subsidies to private schools—including elite prep schools—in the form of various tax exemptions and credits.

Provincial operating subsidies to the private school system will rise to $491 million this year, which is more than double the funding level in 2000/01 in inflation-adjusted terms. This far outstrips the rate of growth in funding to public K-12 education over the same period of time. In contrast, half of the provinces in Canada, sensibly enough, don't provide this type of public funding to private schools at all.

The bulk of the private school subsidies in BC flow to two major categories: first and foremost, religious schools, and, second, high-tuition elite prep schools. This public subsidy is allocated using a formula that provides funding at a rate of either 50% or 35% of per-student funding in the public school system (depending on tuition level and overall outlays that private school spends per student).

Additional forms of public subsidy for private schools include property tax exemptions, tax breaks on donations and tuition, and even a child care tax credit on a portion of tuition attributed to recess and lunch, a tax advantage that prep schools like St. George's have promoted to their clientele.

Do most British Columbians want public resources directed to the private school system? The answer, perhaps not surprisingly, is no. Repeated public opinion polls have found that about two thirds of British Columbians oppose public funding for private schools, with this number rising to four in five opposed in the case of elite prep schools.

**Half of the provinces in Canada don't provide this type of public funding to private schools.**

Even as subsidies flow to private schools, funding for public schools has fallen short while educators struggle to do more with less. Inadequate funding for students with special educational needs is one of the most glaring gaps in public schools today. As analysis from the BC Teachers' Federation shows, special education funding from the province only covers about two thirds of school districts' actual special education spending, a shortfall that "creates austerity pressures to ration special education services at the district level and results in the redirection of funds from other areas with their own pressing needs."

Going back at least two decades, public schools have endured chronic underfunding, ripping up of teachers' contracts, school closures, and expansion of class sizes under the previous BC Liberal provincial government. Teacher shortages and recruitment challenges are another long-standing problem that has only been exacerbated by the pandemic. Given BC has among the lowest starting salaries for teachers in the country, about eight thousand dollars lower than in Alberta, this is no surprise.

BC's educators have accomplished a remarkable amount under these circumstances, but there is a cost to pay for underfunding. There is an urgent need to reinvest in our public schools now and fix the broken provincial funding formula, especially as it relates to special educational needs. Few things are more important to a society's long-term success than a strong and inclusive public education system.

BC has more than enough economic and fiscal capacity to make that reinvestment. We're an extremely rich province, but an increasingly unequal one. Taking half a billion dollars in taxpayer funding to private schools and redirecting it to the public system is one measure that could help. This represents about 7% of the total provincial funding levels to public schools and 69% of earmarked special education funding.

Private school backers claim that public savings from the withdrawal of subsidies will be less than that as some students move back into the public system. That may be so, however, there is no straightforward relationship between private school enrolments and public subsidy levels. For example, Alberta has higher private school subsidy rates than BC but lower enrolment levels. Regardless, if there was a trend of private school students returning to public classrooms after the withdrawal of subsidies, that's all to the good. A strong, universal public education system can be one of the great equalizers in our society.

**Few things are more important to a society's long-term success than a strong and inclusive public education system.**

One obvious place to start a phaseout of public funding to private schools would be the high-tuition prep schools classified as "Group 2" under the province's funding rubric. Group 2 schools alone account for more than 10% of private school subsidies.1

Group 2 consists largely of elite prep schools like Vancouver's St. George's, which charges tuition fees of $29,600 per year for "day school" students (rising to over $60,000 per year for boarding students). This is just one of more than two dozen publicly subsidized private prep schools, among them Crofton House School ($27,200), West Point Grey Academy ($26,860), Stratford Hall ($28,670), York House School ($26,250) and Shawnigan Lake School ($33,205).

Public schools have been underfunded for far too long in this province and students, including those with special educational needs, are not receiving the resources they need. The good news is BC has every ability to close the funding gap and reinvest in public education. Rather than continuing to massively subsidize private schools, these resources should be redirected to building stronger public schools for all.

**Notes**

1. To be conservative in this calculation, I'm excluding the more complex cases of a small number of special education-focused private schools and First Nations schools, some of which are also technically included in Group 2 category under the provincial rubric. We'll assume that under a phaseout of public funding to private schools, all the funding currently going to special needs-focused private schools (in both Group 1 and Group 2) and First Nations independent schools (in Group 2) is maintained. These more complex cases represent only 5% of the overall $491 million provincial funding envelope.

# ਉਦਯੋਗਿਕ ਪਲਾਂਟਾਂ ਦੇ ਘਪਲੇ ਨੂੰ ਈ.ਡੀ. ਤੋਂ ਲੁਕਾਉਣ ਲਈ ਰਿਕਾਰਡ ਨੂੰ ਅੱਗ ਲਗਾਉਣ ਦਾ ਖਦਸ਼ਾ

ਮੌਹਾਲੀ : ਪੰਜਾਬ ਰਾਜ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਭ੍ਰਿਸਟ ਅਧਿਕਾਰੀ ਹੁਣ ਉਦਯੋਗ ਪਲਾਟਾਂ ਦੇ ਘਪਲੇ ਨੂੰ ਲੁਕਾਉਣ ਲਈ ਰਿਕਾਰਡ ਨਸਟ ਕਰ ਸਕਦੇ ਹਨ। ਵਿਭਾਗ ਵਿਚਲੇ ਸੂਤਰਾਂ ਨੇ ਖਦਸਾ ਜਾਹਰ ਕੀਤਾ ਹੈ ਚੰਡੀਗੜ੍ਹ ਸੈਕਟਰ 17 ਵਿੱਚ ਇਸ ਨਿਗਮ ਦੀ ਇਮਾਰਤ ਦੀ ਛੇਵੀਂ ਮੰਜਿਲ ਤੇ ਉਦਯੋਗਿਕ ਪਲਾਟਾਂ ਦਾ ਬਹੁਤ ਸਾਰਾ ਰਿਕਾਰਡ ਪਿਆ ਹੈ ਜਿਸ ਨੂੰ ਅੱਗ ਲਗਾਉਣ ਦੀ ਸੰਭਾਵਨਾ ਹੈ। ਕਿਉਂਕਿ ਹੁਣ ਵਿਜੀਲੈਂਸ ਬਿਊਰੋ ਦੀ ਜਾਂਚ ਤੋਂ ਇਲਾਵਾ ਇੰਫੋਰਸਮੈਂਟ ਡਾਇਰੈਕੋਰੇਟ ਵੱਲੋ ਨਿਗਮ ਕੋਲੋ ਘਪਲੇ ਨਾਲ ਸਬੰਧਤ ਸਾਰਾ ਰਿਕਾਰਡ ਮੰਗਿਆ ਹੈ। ਇਹ ਖਦਸਾ ਇਸ ਲਈ ਜਾਹਰ ਕੀਤਾ ਗਿਆ ਹੈ ਕਿਉਂਕਿ ਇਸ ਤੋਂ ਪਹਿਲਾਂ ਵੀ ਨਿਗਮ ਦੇ ਅਧਿਕਾਰੀ ਵਿਜੀਲੈਂਸ ਬਿਊਰੋ ਦੀ ਜਾਂਚ ਤੋਂ ਬਚਣ ਲਈ ਘਪਲਾ ਕੀਤੇ ਪਲਾਟਾਂ ਦਾ ਰਿਕਾਰਡ ਸਿਉਂਕ ਨੇ ਖਾ ਲਿਆ ਹੈ ਦੀਆਂ ਝੂਠੀਆਂ ਰਿਪੋਰਟਾਂ ਭੇਜ ਕੇ ਜਾਂਚ ਅਧਿਕਾਰੀਆਂ ਨੂੰ ਗੁਮਰਾਹ ਕਰ ਚੁੱਕੇ ਹਨ। ਜਦੋਂ ਕਿ ਭ੍ਰਿਸਟ ਅਧਿਕਾਰੀਆਂ ਦੇ ਸਾਥੀ ਪ੍ਰਾਪਟਰੀ ਡੀਲਰ ਉਨ੍ਹਾਂ ਪਲਾਟਾਂ ਨੂੰ ਅੱਜ ਵੀ ਵੇਚ ਰਹੇ ਹਨ ਜਿਸਦਾ ਖੁਲਾਸਾ ਪੰਜਾਬ ਅਗੇਂਸਟ ਕੁਰੱਪਸਨ ਸੰਸਥਾ ਇੱਕ ਪ੍ਰੈਸ ਕਾਨਫਰੰਸ ਵਿੱਚ ਕੁਝ ਰਿਕਾਰਡ ਪੇਸ ਕਰਕੇ ਕਰ ਚੁੱਕੇ ਹਨ। ਇੱਥੇ ਹੀ ਬਸ ਨਹੀਂ ਸਗੋਂ ਸੰਨ 2018 ਵਿੱਚ ਵਿਜੀਲੈਂਸ ਜਾਂਚ ਨੰਬਰ ਤਿੰਨ ਜਿਸ ਵਿੱਚ ਦੋਸੀ ਅਧਿਕਾਰੀਆਂ ਖਿਲਾਫ ਠੱਗੀ ਦੀਆਂ ਧਾਰਾਵਾਂ ਲਗਾ ਕੇ ਪਰਚਾ ਦਰਜ ਕਰਨ ਦੀ ਸਿਫਾਰਿਸ ਕੀਤੀ ਗਈ ਸੀ ਨੂੰ ਰੋਕਣ ਲਈ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਲਪਨਿਕ ਚਿੱਠੀ ਦਾ ਹਵਾਲਾ ਦੇ ਕੇ ਦੋਸੀਆਂ ਨੇ ਜਾਂਚ ਬੰਦ ਕਰਵਾ ਦਿੱਤੀ ਸੀ। ਬਾਅਦ ਵਿੱਚ ਫਿਰ ਜਾਂਚ ਨੰਬਰ 4 ਵਿੱਚ ਦੁਬਾਰਾ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਲਪਨਿਕ ਚਿੱਠੀ ਦਾ ਹਵਾਲਾ ਦੇ ਕੇ ਦੋਸੀਆਂ ਨੇ ਜਾਂਚ ਬੰਦ ਕਰਵਾ ਦਿੱਤੀ ਸੀ। ਹੁਣ ਤੀਜੀ ਵਾਰ ਵੀ ਜਾਂਚ ਬੰਦ ਕਰਨ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ ਅਤੇ ਜੋ ਚਿੱਠੀ ਕਦੇ ਲਿਖੀ ਹੀ ਨਹੀਂ ਗਈ ਦੇ ਗੰਮ ਹੋਣ ਦੀ ਝੂਠੀ ਐਫ ਆਈ ਆਰ ਦਰਜ ਕਰਵਾਉਣ ਲਈ ਚੰਡੀਗੜ੍ਹ ਪੁਲਿਸ ਨੂੰ ਵਾਰ ਵਾਰ ਲਿਖ ਰਹੇ ਹਨ ਅਤੇ ਫਸਣ ਤੋਂ ਬਚਣ ਲਈ ਪੁਲਿਸ ਨੂੰ ਸਹਿਯੋਗ ਵੀ ਨਹੀਂ ਦੇ ਰਹੇ, ਇਸ ਸਾਰੀ ਕਾਰਵਾਈ ਨਾਲ ਦੋਸੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਚੰਡੀਗੜ੍ਹ ਪੁਲਿਸ ਦਾ ਕੀਮਤੀ ਸਮਾਂ ਅਤੇ ਪੈਸਾ ਦੋਵੇਂ ਬਰਬਾਦ ਕਰਕੇ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਦੂਜੇ ਪਾਸੇ ਸੰਸਥਾ ਦੇ ਨੁਮਾਇੰਦਿਆਂ ਨੇ ਵਿਜੀਲੈਂਸ ਦੇ ਕੁਝ ਅਧਿਕਾਰੀਆਂ ਤੇ ਵੀ ਸੱਕ ਜਾਹਿਰ ਕੀਤਾ ਹੈ ਕਿ ਵਿਜੀਲੈਂਸ ਅਧਿਕਾਰੀ ਕਿਸੇ ਦਬਾਓ ਵਿੱਚ ਜਾਂ ਮਿਲੀਭੁਗਤ ਕਰਕੇ ਪਰਚਾ ਦਰਜ ਕਰਨ ਦੀ ਕਾਰਵਾਈ ਕਰਨ ਤੋਂ ਕੰਨੀ ਕਤਰਾ ਰਹੇ ਹਨ ਜਦੋਂ ਕਿ ਵਿਜੀਲੈਂਸ ਦੀ ਜਾਂਚ ਨੰਬਰ 3 ਅਤੇ 4 ਵਿੱਚ ਕਾਰਵਾਈ ਕਰਨ ਦੀ ਇਜਾਜਤ ਚੀਫ ਸੈਕਟਰੀ ਵੱਲੋ ਦਿੱਤੀ ਹੋਈ ਹੈ। ਪਰ ਫਿਰ ਵੀ ਨਿਗਮ ਦੇ ਅਧਿਕਾਰੀ ਸਾਬਕਾ ਮੁੱਖ ਮੰਤਰੀ ਦੀ ਕਾਲਪਨਿਕ ਚਿੱਠੀ ਅਤੇ ਅਦਾਲਤ ਦੇ ਉਸ ਕੇਸ ਦਾ ਹਵਾਲਾ ਦੇ ਕੇ ਜਾਂਚ ਰੁਕਵਾਉਣ ਦੀ ਕੋਸ਼ਿ?ਸ ਕਰ ਰਹੇ ਹਨ ਜੋ ਕੇਸ ਸੰਸਥਾ ਦੇ ਨੁਮਾਇਦਿਆਂ ਵੱਲੋਂ ਦੋਸੀ ਅਧਿਕਾਰੀਆਂ ਦੇ ਵਿਰੁੱਧ ਪਰਚਾ ਦਰਜ ਕਰਨ ਲਈ ਪਾਇਆ ਗਿਆ ਹੈ। ਜਦ ਕਿ ਇਸ ਸਬੰਧ ਵਿੱਚ ਵਿਜੀਲੈਂਸ ਜਾਂਚ ਵਿੱਚ ਪਰਚਾ ਦਰਜ ਕਰਨ ਦੀਆਂ ਸਿਫਾਰਸਾਂ ਹੋ ਚੁੱਕੀਆਂ ਹਨ।

ਵਿਜੀਲੈਂਸ ਜਾਂਚ ਨੰਬਰ 10 ਜੋ ਕਿ ਮੌਹਾਲੀ ਦੀ ਮਸਹੂਰ ਕੰਪਨੀ ਆਨੰਦ ਲੈਂਪ, ਜਿਸ ਵਿੱਚ ਫਿਲਿਪਸ ਕੰਪਨੀ ਦਾ ਸਮਾਨ ਬਣਦਾ ਸੀ, ਦੇ ਘਪਲੇ ਬਾਰੇ ਹੈ। ਇਸ ਕੰਪਨੀ ਦਾ 700 ਕਰੋੜ ਰੁਪਏ ਦੇ ਪਲਾਟ ਨੂੰ ਕੋਡੀਆ ਦੇ ਭਾਅ ਤੇ ਹੜੱਪਣ ਲਈ ਪਹਿਲਾਂ ਉਪਰੋਕਤ ਅਨੰਦ ਲੈਂਪ ਕੰਪਨੀ ਨੇ ਸਿੱਧੇ ਆਪਣੇ 1500 ਮੁਲਾਜਮਾਂ ਨੂੰ ਬੇਰੁਜਗਾਰ ਕੀਤਾ। ਇਸ ਦੇ ਨਾਲ ਹੀ ਫਿਲਿਪਸ ਦੀਆਂ ਦਰਜਨਾਂ ਹੋਰ ਸਹਾਇਕ ਫੈਕਟਰੀਆਂ ਬੰਦ ਕਰਕੇ ਹਜਾਰਾਂ ਲੋਕਾਂ ਨੂੰ ਬੇਰੁਜਗਾਰ ਕੀਤਾ ਗਿਆ। ਬਾਅਦ ਵਿੱਚ ਵੱਡੇ ਪਲਾਟ ਦੇ 12 ਟੁਕੜੇ ਪਾਸ ਕਰਕੇ ਅਤੇ ਸਰਕਾਰੀ ਰਿਕਾਰਡ ਨਾਲ ਛੇੜਛਾੜ ਕਰਕੇ 12 ਪਲਾਟਾ ਨੂੰ 125 ਪਲਾਟ ਬਣਾ ਕੇ ਵੇਚਿਆ ਗਿਆ ਜਿਸਦੀ ਪੁਸਟੀ ਫੋਰੈਂਸਿਕ ਜਾਂਚ ਵਿੱਚ ਵੀ ਹੋ ਗਈ ਹੈ ਪਰ ਫਿਰ ਵੀ ਪਤਾ ਨਹੀਂ ਕਿਹੜੇ ਦਬਾਓ ਕਾਰਨ ਵਿਜੀਲੈਂਸ ਵੱਲੋ ਪਰਚਾ ਦਰਜ ਨਹੀਂ ਕੀਤਾ ਜਾ ਰਿਹਾ।

ਇਸ ਸਾਰੀ ਕਾਰਵਾਈ ਕਾਰਨ ਪੰਜਾਬ ਸਰਕਾਰ ਅਤੇ ਵਿਜੀਲੈਂਸ ਤੋਂ ਨਿਰਾਸ ਹੋ ਕੇ ਪੰਜਾਬ ਅਗੇਂਸਟ ਸੰਸਥਾ ਦੇ ਨੁਮਾਇੰਦਿਆਂ ਨੇ ਇੰਫੋਰਸਮੈਂਟ ਡਾਇਰੈਕੋਰੇਟ ਨਾਲ ਸੰਪਰਕ ਕਰਕੇ ਸ਼ਿ?ਕਾਇਤਾਂ ਦਿੱਤੀਆਂ ਗਈਆਂ। ਜਿਸ ਤੇ ਕਾਰਵਾਈ ਕਰਦੇ ਹੋਏ ਇੰਫੋਰਸਮੈਂਟ ਡਾਇਰੈਕੋਰੇਟ ਵੱਲੋਂ ਸਬੰਧਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਸੰਸਥਾ ਦੇ ਮੈਂਬਰਾਂ ਨੇ ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪੁਲਿਸ ਤੋਂ ਇਸ ਘਪਲੇ ਨਾਲ ਸਾਰੇ ਰਿਕਾਰਡ ਨੂੰ ਸਾਭਣ ਦੀ ਮੰਗ ਕੀਤੀ। ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੋਣ ਤੇ ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪੁਲਿਸ ਜਿੰਮੇਵਾਰ ਹੋਵੇਗੀ ਅਤੇ ਨਾਲ ਹੀ ਉਨ੍ਹਾਂ ਇੰਫੋਰਸਮੈਂਟ ਡਾਇਰੈਕੋਰੇਟ ਤੋਂ ਮੰਗ ਕੀਤੀ ਕਿ ਘਪਲੇ ਦਾ ਸਾਰਾ ਰਿਕਾਰਡ ਆਪਣੇ ਕਬਜੇ ਵਿੱਚ ਲੈ ਕੇ ਸੀਲ ਕੀਤਾ ਜਾਵੇ।


ਸਤਨਾਮ ਦਾਊਂ
85281-25021

26 ਦਸੰਬਰ ਜਨਮ ਦਿਵਸ ਮੌਕੇ ਵਿਸ਼ੇਸ਼

# ਸ਼ਹੀਦ ਊਧਮ ਸਿੰਘ ਸੁਨਾਮ-ਸਾਮਰਾਜਵਾਦ ਨੂੰ ਜਾਗੀ ਕੌਮ ਦੀ ਲਲਕਾਰ



ਜਸਦੇਵ ਸਿੰਘ ਲਲਤੋਂ
96464-02470




ਊਧਮ ਸਿੰਘ ਨੇ ਆਪਣੀ ਉਕਤ ਫੋਟੋ 13.03.1940 ਤੋਂ ਕੁੱਝ ਦਿਨ ਪਹਿਲਾਂ ਬਾਵਾ ਨਨਕਾਣਾ ਮਿਸ਼ਨ ਦੇ ਕੈਲੀਫੋਰਨੀਆਂ ਵਾਲੇ ਪਤੇ ਤੇ ਭੇਜੀ ਸੀ, ਜਿਸਦੇ ਪਿਛਲੇ ਪਾਸੇ ਲਿਖਿਆ ਹੈ, "ਆਪਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ।"

ਸ਼ੇਰ ਸਿੰਘ (ਊਧਮ ਸਿੰਘ) ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਮਾਤਾ ਨਰੈਣੀ (ਹਰਨਾਮ ਕੌਰ) ਤੇ ਪਿਤਾ ਚੂਹੜ ਰਾਮ (ਟਹਿਲ ਸਿੰਘ) ਦੇ ਘਰ ਹੋਇਆ । ਆਪ ਦੇ ਪਿਤਾ ਪਹਿਲਾਂ ਸਬਜ਼ੀਆਂ ਦੀ ਖੇਤੀ, ਫਿਰ ਨਹਿਰੀ ਮਹਿਕਮੇ ਦੀ ਨੌਕਰੀ, ਉਪਲੀ ਰੇਲਵੇ ਫਾਟਕ ਦੀ ਨੌਕਰੀ ਕਰਦੇ ਸਨ ਪ੍ਰੰਤੂ ਪਿਛੋਂ ਇਹ ਨੌਕਰੀ ਛੱਡ ਕੇ ਅੰਮ੍ਰਿਤਸਰ ਕੰਮ ਦੀ ਭਾਲ ਲਈ ਚਲੇ ਗਏ। ਜਿੱਥੇ ਜਾ ਕੇ ਉਨ੍ਹਾਂ ਦੀ ਮੌਤ ਹੋ ਗਈ । ਮਾਤਾ ਪਹਿਲਾਂ ਹੀ ਗੁਜ਼ਰ ਚੁੱਕੀ ਸੀ। 24.10.1907 ਤੋਂ ਊਧਮ ਸਿੰਘ ਤੇ ਵੱਡਾ ਭਰਾ ਸਾਧੂ ਸਿੰਘ ਸਿੱਖ ਸੈਂਟਰਲ ਯਤੀਮ ਘਰ ਅੰਮ੍ਰਿਤਸਰ ਵਿਖੇ ਦਾਖਲ ਹੋ ਗਏ। ਯਤੀਮ ਘਰ 'ਚ ਬੱਚਿਆਂ ਨੂੰ ਪੜ੍ਹਾਈ, ਖੇਡਾਂ ਤੋਂ ਇਲਾਵਾ ਤਰਖਾਣਾ, ਰੰਗ ਰੋਗਨ ਆਦਿ ਕੰਮ ਵੀ ਸਿਖਾਏ ਜਾਂਦੇ ਸਨ । ਊਧਮ ਸਿੰਘ ਤਾਕਤਵਰ, ਬੁੱਧੀ ਤੌਰ ਤੇ ਤੇਜ਼, ਮਿਹਨਤੀ ਤੇ ਸਿਰੜੀ ਹੋਣ ਕਰਕੇ ਆਪਣੇ ਗਰੁੱਪ ਦੇ ਬੱਚਿਆਂ ਦਾ ਮੋਹਰੀ ਬਣ ਗਿਆ। ਉਸਦਾ ਆਪਣਾ ਬਿਆਨ ਹੈ ਕਿ ਉਸਨੇ ਕੋਈ ਪੜ੍ਹਾਈ ਨਹੀਂ ਕੀਤੀ। ਬੇਸ਼ੱਕ ਉਹ ਤਿੰਨ ਬੋਲੀਆਂ – ਗੁਰਮੁੱਖੀ, ਉਰਦੂ, ਅੰਗਰੇਜ਼ੀ ਲਿਖਣ ਬੋਲਣ ਦਾ ਵਧੀਆ ਮਾਹਰ ਸੀ। ਯਤੀਮਖਾਨੇ ਰਹਿੰਦਿਆਂ ਉਸ ਨੇ ਸਿੱਖ ਇਤਿਹਾਸ 'ਚ ਹੋਈਆਂ ਕੁਰਬਾਨੀਆਂ ਦਾ ਭਰਪੂਰ ਗਿਆਨ ਪ੍ਰਾਪਤ ਕੀਤਾ। ਉਹ ਸਥਾਨਕ ਦੇਸ਼ ਭਗਤ ਪੰਡਤ ਹਰੀ ਚੰਦ ਦੀਆਂ ਸਭਾਵਾਂ 'ਚ ਤੇ ਗੁਪਤ ਮੀਟਿੰਗਾਂ 'ਚ ਵੀ ਜਾਣ ਲੱਗਿਆ । 1917 'ਚ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਏ ਨਾਲ ਹੋਈ ਮੌਤ ਨੇ ਉਸ ਨੂੰ ਕਾਫੀ ਵੱਡਾ ਸਦਮਾ ਪਹੁੰਚਾਇਆ । ਯਤੀਮ ਘਰ ਦੀ ਸਹਾਇਤਾ ਨਾਲ ਉਹ ਉਤੱਰੀ ਪੱਛਮੀ ਰੇਲਵੇ 'ਚ ਡਰਾਈਵਰ ਦੇ ਸਹਾਇਕ ਦੇ ਰੂਪ 'ਚ ਕੰਮ ਕਰਨ ਲੱਗਿਆ।

1918 'ਚ ਪੂਰਬੀ ਅਫਰੀਕਾ ਦੇ ਸ਼ਹਿਰ ਮੋਬਾਸਾ ਪੁੱਜਾ। ਨੈਰੋਬੀ 'ਚ ਇੱਕ ਜਰਮਨ ਕੰਪਨੀ 'ਚ ਮੋਟਰ ਮਨੈਨਿਕ ਦੀ ਨੌਕਰੀ ਕੀਤੀ 18 ਮਹੀਨੇ। ਜੂਨ 1919 ਨੂੰ ਭਾਰਤ ਵਾਪਸ ਆਇਆ। ਅੰਮ੍ਰਿਤਸਰ ਆ ਕੇ ਉਸ ਨੇ 13 ਅਪ੍ਰੈਲ 1919 ਜਲਿਆਂ ਵਾਲੇ ਬਾਗ ਦੇ ਕਤਲੇਆਮ ਦੀ ਅਤੇ ਪੂਰਾ ਅਪ੍ਰੈਲ ਮਹੀਨਾ ਪੰਜਾਬ ਦੇ ਜ਼ਿਲਿਆਂ-ਅੰਮ੍ਰਿਤਸਰ, ਲਹੌਰ, ਗੁਜਰਾਂਵਾਲਾ, ਲਾਇਲਪੁਰ ਤੇ ਗੁਜਰਾਤ ਦੇ ਸ਼ਹਿਰਾਂ ਅਤੇ ਸੈਂਕੜੇ ਪਿੰਡਾਂ 'ਚ ਲੱਗੇ ਮਾਰਸ਼ਲ ਲਾਅ ਦੌਰਾਨ ਹੋਈ ਬੇਦੋਸ਼ੇ ਤੇ ਮਾਸੂਮ ਲੋਕਾਂ ਤੇ ਹੋਈ ਗੋਲੀਬਾਰੀ, ਕਤਲੋਗਾਰਦ, ਜਬਰ-ਤਸ਼ੱਦਦ, ਗ੍ਰਿਫਤਾਰੀਆਂ ਦਾ ਦਮਨ ਚੱਕਰ ਬਾਰੇ ਮੁਕੰਮਲ ਤੇ ਦਰਦਨਾਕ ਕਹਾਣੀ ਸੁਣ ਕੇ ਉਸਦਾ ਕੋਮਲ ਭਾਵੀ ਹਿਰਦਾ ਵਲੂੰਧਰਿਆ ਗਿਆ ਤੇ ਉਸ ਨੇ ਆਪਣੇ ਮਨ ਦੇ ਅੰਦਰ ਹੀ ਇਸ ਦਾ ਬਦਲਾ ਚੁਕਾਉਣ ਦੀ ਸੌਂਹ ਖਾਧੀ। (ਉਸ ਨੇ ਆਪਣੇ 5 ਜੂਨ 1940 ਦੇ ਬਿਆਨ 'ਚ ਦੱਸਿਆ ਕਿ ਜਲਿਆਂ ਵਾਲੇ ਬਾਗ ਦੇ ਸਾਕੇ ਵੇਲੇ ਉਹ ਪੂਰਬੀ ਅਫਰੀਕਾ 'ਚ ਸੀ ਤੇ ਉਸ ਨੂੰ ਇਸਦੀ ਜਾਣਕਾਰੀ ਵਾਪਸ ਆ ਕੇ ਹੀ ਮਿਲੀ ਸੀ)

ਦਸੰਬਰ 1919 'ਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਅੰਮ੍ਰਿਤਸਰ ਸੈਸ਼ਨ 'ਚ ਬਤੌਰ ਵਲੰਟੀਅਰ ਸ਼ਾਮਲ ਹੋਇਆ ਅਤੇ ਬਹੁਤ ਹੀ ਤਿਖੀ ਸੂਝ ਦਾ ਮਾਲਕ ਹੋਣ ਕਰਕੇ ਇਸ ਸਿੱਟੇ ਤੇ ਪੁੱਜਿਆ ਕਿ ਕਾਂਗਰਸ ਪਾਰਟੀ ਅੰਗਰੇਜ਼ਾਂ ਲਈ ਕੋਈ ਚੁਨੌਤੀ ਨਹੀਂ। ਸੋ ਇਸ ਨਾਲੋਂ ਨਾਤਾ ਤੋੜ ਲਿਆ ।

ਊਧਮ ਸਿੰਘ ਗਦਰ ਸਾਹਿਤ ਦੀ ਪ੍ਰਾਪਤੀ ਲਈ ਤੇ ਮਾਸਟਰ ਮੋਤਾ ਸਿੰਘ ਨੂੰ ਮਿਲਣ ਲਈ ਪਤਾਰਾ (ਜ਼ਿਲ੍ਹਾ ਜਲੰਧਰ) ਗਿਆ, ਲੇਕਿਨ ਫੜੋ-ਫੜੀ ਦਾ ਦੌਰ ਹੋਣ ਕਰਕੇ, ਕੋਈ ਭੇਤ ਨਾ ਲੱਗ ਸਕਿਆ ।

ਕੁੱਝ ਮਹੀਨਿਆਂ ਬਾਅਦ ਊਧਮ ਸਿੰਘ ਮੁੜ ਪੂਰਬੀ ਅਫਰੀਕਾ ਗਿਆ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ 'ਚ ਮਕੈਨਿਕ ਵਜੋਂ ਨੌਕਰੀ ਕੀਤੀ । ਮੁੜ ਫੇਰ ਭਾਰਤ ਪਰਤ ਆਇਆ । ਜਲਦੀ ਹੀ 1922 'ਚ ਪ੍ਰੀਤਮ ਸਿੰਘ ਨਾਲ ਲੰਡਨ, ਫਿਰ ਮੈਕਸੀਕੋ ਗਿਆ । 2 ਸਾਲ ਕੈਲੇਫੋਰਨੀਆਂ ਕੰਮ ਕੀਤਾ, ਕੁੱਝ ਮਹੀਨੇ ਡੈਟਰੋਇਟ, ਸ਼ਿਕਾਗੋ ਤੇ ਨਿਊ ਯਾਰਕ ਵੀ। ਕੈਲੇਫੋਰਨੀਆਂ 'ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਇਸ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਲੱਗਾ, ਜੋ ਕਿ ਅੰਤ ਤੱਕ ਜਾਰੀ ਰਿਹਾ । 1923 'ਚ ਸੈਫ-ਉਦ-ਦੀਨ ਕਿਚਲੂ ਰਾਹੀਂ ਉਸਦੀ ਮਿਲਣੀ ਕਾਬਲ ਵਿੱਚ ਮਾਸਟਰ ਮੋਤਾ ਸਿੰਘ ਨਾਲ ਹੋਈ। ਵਾਪਸ ਸੁਨਾਮ ਆ ਕੇ ਆਪਣੇ ਮਿੱਤਰਾਂ ਤੇ ਸਕੇ ਸੰਬਧੀਆਂ ਨਾਲ ਮਿਲਣੀਆਂ ਕੀਤੀਆਂ। ਅੰਮ੍ਰਿਤਸਰ ਆ ਕੇ ਇੱਕ ਦੁਕਾਨ ਲਈ ਜਿਸ ਤੇ 'ਰਾਮ ਮੁਹੰਮਦ ਸਿੰਘ ਅਜ਼ਾਦ' ਲਿਖਿਆ ਹੋਇਆ ਸੀ। ਇਹ ਦੁਕਾਨ ਕਾਫੀ ਦੇਰ ਇਨਕਲਾਬੀਆਂ ਦੇ ਤਾਲਮੇਲ ਦਾ ਕੇਂਦਰ ਬਣੀ ਰਹੀ। ਊਧਮ ਸਿੰਘ ਇਨਕਲਾਬੀ ਸਾਹਿਤ ਪੜ੍ਹਦਾ ਤੇ ਵੱਡੀ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰਦਾ । ਇੱਥੇ ਹੀ ਉਸਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ ।

ਇਸ ਤੋਂ ਬਾਅਦ ਊਧਮ ਸਿੰਘ ਬਬਰ ਅਕਾਲੀ ਲਹਿਰ 'ਚ ਸ਼ਾਮਲ ਹੋ ਗਿਆ । ਉਸ ਨੇ ਤੇ ਸ਼ੇਰਜੰਗ ਨੇ ਆਪਣੇ ਨਾਲ 15-16 ਸਾਥੀ ਹੋਰ ਤਿਆਰ ਕਰ ਲਏ ਤੇ ਬੱਬਰ ਸਰਗਰਮੀਆਂ 'ਚ ਰੋਲ ਨਿਭਾਉਣ ਲੱਗੇ । ਇਸ ਤੋਂ ਬਾਅਦ ਊਧਮ ਸਿੰਘ ਨੇ ਮੁੜ ਭਗਤ ਸਿੰਘ ਨਾਲ ਸੰਪਰਕ ਕਾਇਮ ਕੀਤਾ। ਇਨ੍ਹਾਂ ਦਿਨਾਂ 'ਚ ਉਹ ਗਦਰ ਪਾਰਟੀ ਦੇ ਆਗੂ ਬਾਬਾ ਭਾਗ ਸਿੰਘ ਨੂੰ ਵੀ ਮਿਲੇ। ਰਾਵਲ ਪਿੰਡੀ ਵਿਖੇ ਆਪ ਦੀ ਬਸੰਤ ਸਿੰਘ ਤੇ ਸ. ਅਜੀਤ ਸਿੰਘ ਮੁਲਾਕਾਤ ਹੋਈ । ਊਧਮ ਸਿੰਘ ਨੂੰ ਇਨਕਲਾਬੀ ਸਾਹਿਤ ਦੀ ਸਪਲਾਈ ਲਈ ਅਮਰੀਕਾ ਭੇਜਣ ਦਾ ਫੈਸਲਾ ਹੋਇਆ। ਸੋ ਆਪ 1924 'ਚ ਅਮਰੀਕਾ ਪੁੱਜੇ। ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਗਦਰ ਪਾਰਟੀ ਦੇ ਕਾਰਕੁੰਨਾਂ ਨਾਲ ਮੁੜ ਸੰਪਰਕ ਬਹਾਲ ਕੀਤੇ ਤੇ ਗਦਰ ਸਾਹਿਤ ਭੇਜਣਾ ਸ਼ੁਰੂ ਕੀਤਾ। ਅਮਰੀਕਾ 'ਚ ਰਹਿੰਦਿਆਂ ਊਧਮ ਸਿੰਘ ਨੇ "ਆਜ਼ਾਦ ਪਾਰਟੀ" ਕਾਇਮ ਕੀਤੀ ਜੋ ਕਿ ਗਦਰ ਪਾਰਟੀ ਦੀ ਹੀ ਸਹਾਇਕ ਸੀ । ਉਹ ਗੁਜਾਰੇ ਲਈ 6 ਘੰਟੇ ਕੰਮ ਕਰਦਾ ਤੇ ਬਾਕੀ ਸਮਾਂ ਪਾਰਟੀ ਲਈ ਲਗਾਉਂਦਾ । 1927 ਦੇ ਸ਼ੁਰੂ 'ਚ ਉਸ ਨੂੰ ਭਗਤ ਸਿੰਘ ਦਾ ਪੱਤਰ ਮਿਲਿਆ। ਜਿਸ ਬਾਰੇ ਉਸ ਨੇ ਆਪਣੀ ਪਾਰਟੀ ਨਾਲ ਵਿਚਾਰ ਕੀਤੀ ਤੇ ਫੈਸਲਾ ਕੀਤਾ ਕਿ ਉਸਦੇ ਨਾਲ 25 ਮੈਂਬਰ ਭਾਰਤ ਜਾਣਗੇ, ਜਿੰਨਾਂ 'ਚ ਇੱਕ ਜਰਮਨ ਔਰਤ ਵੀ ਸੀ। ਵਰਣਨਯੋਗ ਹੈ ਕਿ ਉਸ ਨੇ ਦੱਖਣੀ ਇੰਗਲੈਂਡ ਦੇ ਆਈਲ ਆਫ ਵਾਈਟ 'ਚ ਇੰਗਲਿਸ਼ ਚੈਨਲ ਦੇ ਸਮੁੰਦਰੀ ਡਾਕੂਆਂ ਤੋਂ ਹੱਥਿਆਰ ਖਰੀਦੇ ਤੇ ਜਮ੍ਹਾਂ ਕੀਤੇ । ਭਾਰਤ ਵਾਪਸੀ ਮੌਕੇ ਉਹ ਲਾਲਾ ਹਰਦਿਆਲ ਦਾ ਇੱਕ ਪੱਤਰ ਸੁਭਾਸ਼ ਚੰਦਰ ਬੋਸ ਦੇ ਨਾਮ ਲੈ ਕੇ ਆਇਆ । ਆਪਣੇ ਜੱਥੇ ਸਮੇਤ ਉਹ ਸੁਨਾਮ ਪੁੱਜੇ ਤੇ ਆਪਣੇ ਘਰ ਹੀ ਦਫਤਰ ਕਾਇਮ ਕੀਤਾ । ਉਹ ਮੋਟਰ ਸਾਈਕਲ ਤੇ ਅੰਮ੍ਰਿਤਸਰ ਤੇ ਲਾਹੌਰ ਜਾਂਦਾ ਉਸ ਨੇ ਮਾਨਾਂ ਵਾਲਾ ਸਟੇਸ਼ਨ ਦੇ ਨੇੜੇ ਰਾਤ ਨੂੰ ਇੱਕ ਵੱਡਾ ਬਕਸਾ ਸੌਂਪਿਆ ਜਿਸ ਵਿੱਚ ਭਾਰੀ ਕਰੰਸੀ ਤੇ ਪਿਸਤੌਲ ਸਨ । 30.08.1927 ਨੂੰ ਅੰਗਰੇਜ਼ੀ ਭੇਸ ਵਿੱਚ ਉਹ ਅਸਲੇ ਸਮੇਤ ਕਟੜਾ ਸ਼ੇਰ ਸਿੰਘ (ਅੰਮ੍ਰਿਤਸਰ) ਤੋਂ ਫੜਿਆ ਗਿਆ । ਅੰਗਰੇਜ਼ ਪੁਲਿਸ ਨੇ ਉਸ ਤੇ ਭਾਰੀ ਤਸ਼ਦਦ ਢਾਹਿਆ ਪਰ ਉਹ ਆਪਣੇ ਮਿਸ਼ਨ ਤੇ ਅਡੋਲ ਰਿਹਾ। ਮੁਕੱਦਮੇ ਉਪਰੰਤ 1928 'ਚ ਨੂੰ 5 ਸਾਲ ਦੀ ਕੈਦ ਹੋਈ । ਜੇਲ੍ਹ 'ਚ ਤਿੰਨ ਵਾਰ ਕੋਰੜੇ ਮਾਰੇ ਗਏ । ਉਹ ਪਿਸ਼ਾਵਰ ਤੇ ਮੁਲਤਾਨ ਜੇਲਾਂ 'ਚ ਰਿਹਾ ਜਿੱਥੇ ਉਹ ਗਦਰੀ ਬਾਬਾ ਜਵਾਲਾ ਸਿੰਘ ਵੱਲੋਂ ਪੜ੍ਹਾਏ ਗਦਰ ਸਾਹਿਤ ਨੂੰ ਬਹੁਤ ਧਿਆਨ ਨਾਲ ਸੁਣਦਾ । 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਫਾਂਸੀ ਤੇ ਉਹ ਰੋਇਆ, ਉਦਾਸ ਤੇ ਗੰਭੀਰ ਹੋਇਆ। 23.10.1931 ਨੂੰ ਰਿਹਾਈ ਤੋਂ ਬਾਅਦ ਉਹ ਸਿੱਧਾ ਹੁਸੈਨੀਵਾਲੇ ਤੇ ਫਿਰ ਸੁਨਾਮ ਪੁੱਜਿਆ ।

ਮਨੁੱਖੀ ਸਬੰਧ ਕਲਾ ਦਾ ਉਹ ਚੋਟੀ ਦਾ ਕਲਾਕਾਰ ਸੀ। ਪਹਿਲਾਂ ਵਰਣਨ ਕੀਤੀਆਂ ਹਸਤੀਆਂ ਤੋਂ ਬਿਨ੍ਹਾਂ ਮਹਾਨ ਇਨਕਲਾਬੀ ਅਬਦੁਲ ਸਿੰਧੀ ਨੇ ਉਸ ਨੂੰ ਰਾਜਾ ਮਹਿੰਦਰ ਪ੍ਰਤਾਪ ਕੋਲ ਚਿੱਠੀ ਦੇ ਕੇ ਮਦਦ ਵਾਸਤੇ ਭੇਜਿਆ। ਨਾਨਾ ਫਰਨਵੀਸ, ਸੁਭਾਸ਼ ਚੰਦਰ ਬੋਸ, ਪ੍ਰਜਾ ਮੰਡਲ ਲਹਿਰ ਦੇ ਭਗਵਾਨ ਸਿੰਘ, ਡਾ. ਕਿਚਲੂ ਨਾਲ ਉਸ ਦੇ ਨੇੜਲੇ ਸਬੰਧ ਸਨ। ਸਬੰਧ ਕਲਾ ਦੀ ਇਹ ਸਿਖਰ ਹੀ ਸੀ ਕਿ ਉਸਨੇ ਗੁਪਤ ਭੇਦ ਹਾਸਲ ਕਰਨ ਲਈ ਉਸਨੇ ਜਰਨਲ ਡਾਇਰ ਦੀ ਲੜਕੀ ਨਾਲ ਸਮਾਜਿਕ ਸਬੰਧ ਸਥਾਪਿਤ ਕੀਤੇ ਤੇ ਆਪਣੇ ਸ਼ਿਕਾਰ-ਅਡਵਾਇਰ ਨਾਲ 6-7 ਮੁਲਾਕਾਤਾਂ ਕੀਤੀਆਂ ਤੇ ਇੱਕ ਵਾਰ ਉਸ ਨੂੰ ਆਪਣੀ ਕਾਰ 'ਚ ਸਮੁੰਦਰੀ ਕੰਢੇ ਸੈਰ ਵੀ ਕਰਵਾਈ । ਉਸ ਦੇ ਆਇਰਿਸ਼ ਦੇਸ਼ ਭਗਤਾਂ ਨਾਲ ਵੀ ਗੁਪਤ ਸਬੰਧ ਸਨ ।

ਜੂਨ 1932 'ਚ ਊਧਮ ਸਿੰਘ ਸਾਧੂ "ਬਾਵਾ" ਦੇ ਭੇਸ 'ਚ ਜੰਮੂ ਤੋਂ ਸ਼੍ਰੀ ਨਗਰ ਪੈਦਲ ਗਿਆ । 20.03.1933 ਉਹ ਲਾਹੌਰ ਤੋਂ ਊਧਮ ਸਿੰਘ ਦੇ ਨਾਮ ਤੇ ਨਵਾਂ ਪਾਸਪੋਰਟ ਹਾਸਲ ਕਰਨ 'ਚ ਸਫਲ ਹੋਇਆ । 1934 'ਚ ਉਹ ਮੁੜ ਇੰਗਲੈਂਡ ਪੁੱਜਾ। ਉਹ ਇੰਨਾਂ ਸਾਧਨ ਸੰਪੰਨ, ਆਕਰਸ਼ਕ, ਤਕੜਾ ਤੇ ਘੁਮੱਕੜ ਸੀ ਕਿ ਉਹ 4 ਮਹਾਦੀਪਾਂ ਦੇ ਕਰੀਬ 40 ਦੇਸ਼ਾਂ 'ਚ ਘੁੰਮਿਆ। ਹਰ ਥਾਂ ਗੁਜ਼ਾਰੇ ਲਈ ਨਵੇਂ-ਨਵੇਂ ਕੰਮ ਲੱਭ ਲੈਂਦਾ । ਕੰਮ ਤੋਂ ਵੱਧ ਕੇ ਨਵੇਂ-ਨਵੇਂ ਲੋਕਾਂ ਨਾਲ ਸਬੰਧ ਬਣਾਉਣ ਤੇ ਘੁੰਮਣ ਤੇ ਜ਼ੋਰ ਰੱਖਦਾ। 1937 'ਚ ਗੋਰਿਆਂ ਦੀ ਸੀ.ਆਈ.ਡੀ. ਨੂੰ ਪਤਾ ਲੱਗਾ ਕਿ ਸ਼ੇਰ ਸਿੰਘ, ਉਦੈ ਸਿੰਘ, ਊਧਮ ਸਿੰਘ, ਮੁਹੰਮਦ ਸਿੰਘ ਅਜ਼ਾਦ ਇੱਕੋ ਹੀ ਬੰਦਾ ਹੈ। ਆਪਣੀ ਰਣ ਨੀਤੀ ਅਨੁਸਾਰ ਭਾਰਤੀ ਵਸੋਂ ਦੀ ਬਜਾਏ ਗੋਰਾਂ ਵਸੋਂ 'ਚ ਹੀ ਕਿਰਾਏ ਦੇ ਮਕਾਨਾਂ 'ਚ ਰਹਿੰਦਾ । ਸਰਕਾਰ ਵਿਰੋਧੀ ਖੁੱਲੇ ਇੱਕਠਾਂ 'ਚ ਆਉਣ ਦੀ ਬਜਾਏ ਭਾਰਤੀ ਆਗੂਆਂ ਨੂੰ ਇੱਕਲੇ ਤੌਰ ਤੇ ਹੀ ਮਿਲਦਾ।

ਊਧਮ ਸਿੰਘ ਨੇ 12 ਮਾਰਚ 1940 ਨੂੰ ਆਪਣੇ ਨਜ਼ਦੀਕੀ ਦੋਸਤਾਂ ਨੂੰ ਰਸਮੀ ਵਿਦਾਇਗੀ ਦਿੱਤੀ ਤੇ ਆਖਿਆ, "ਕਲ ਦੀ ਸ਼ਾਮ ਲੰਡਨ ਦੇ ਲੋਕ ਇੱਕ ਅਦਭੁੱਤ ਨਜ਼ਾਰਾ ਦੇਖਣਗੇ ਜੋ ਅੰਗਰੇਜ਼ ਸਾਮਰਾਜ ਦੀ ਨੀਂਹ ਹਿਲਾ ਕੇ ਰੱਖ ਦੇਵੇਗਾ । ਇਹ ਤੁਹਾਡੇ ਪਿਆਰੇ "ਬਾਵੇ" ਲਈ ਸ਼ੁਭ ਦਿਨ ਹੋਵੇਗਾ।" 13 ਮਾਰਚ ਸ਼ਾਮ ਨੂੰ ਨਵਾਂ ਸੂਟ ਪਹਿਨ ਕੇ, ਹੈਟ ਲੈ ਕੇ, ਉਵਰਕੋਟ ਦੀ ਅੰਦਰਲੀ ਜੇਬ 'ਚ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਊਧਮ ਸਿੰਘ ਮੀਟਿੰਗ ਤੋਂ ਪਹਿਲਾਂ ਕੈਕਸਟਨ ਹਾਲ (ਲੰਡਨ) ਵਿਖੇ ਪੁੱਜਾ। ਸੀਟਾਂ ਦੀ ਘਾਟ ਕਾਰਨ ਉਹ ਖੜੇ ਲੋਕਾਂ 'ਚ ਸੱਜੇ ਪਾਸੇ ਪਹਿਲੀ ਕਤਾਰ ਦੇ ਨੇੜੇ ਖੜਾ ਹੋਇਆ। ਹੋਰਨਾਂ ਤੋਂ ਇਲਾਵਾ ਸਰ ਮਾਈਕਲ ਓਡਵਾਇਰ ਨੇ 1913-16 'ਚ ਭਾਰਤ 'ਚ ਆਪਣੇ ਰੋਲ ਬਾਰੇ ਹੰਕਾਰੀ ਭਾਸ਼ਨ ਕੀਤਾ। ਮੀਟਿੰਗ ਮੁੱਕਦੇਸਾਰ ਹੀ ਊਧਮ ਸਿੰਘ ਨੇ ਕੱਢ ਕੇ ਪਿਸਤੌਲ ਚਲਾਈਆਂ 6 ਗੋਲੀਆਂ ਓਡਵਾਇਰ ਮੌਕੇ ਤੇ ਹੀ ਮਾਰਿਆ ਗਿਆ। ਲਾਰਡ ਜੈਟ ਲੈਂਡ, ਲਾਰਡ ਲਮਿੰਗਟਨ, ਸਰ ਲੂਇਸ ਡੇਨ ਫੱਟੜ ਹੋਏ। ਗੋਰਿਆਂ 'ਚ ਭਗਦੜ ਮਚੀ, ਊਧਮ ਸਿੰਘ ਗੇਟ ਤੇ ਫੜਿਆ ਗਿਆ। ਉਹ ਪੂਰਾ ਸ਼ਾਂਤ, ਖੁਸ਼ ਤੇ ਸੰਤੁਸ਼ਟ ਸੀ। ਉਸ ਨੇ ਓਡਵਾਇਰ ਦੀ ਲਾਸ਼ ਵੱਲ ਇਸ਼ਾਰਾ ਕਰਕੇ ਕਿਹਾ, "ਆਹ ਪਿਆ"। ਰਾਤ ਨੂੰ 9 ਵਜੇ ਬੀਬੀਸੀ ਨੇ ਪਹਿਲੀ ਸੰਖੇਪ ਖਬਰ ਦਿੱਤੀ । 9:15 ਤੇ ਜਰਮਨ ਰੇਡੀਓ ਨੇ ਵੱਡੀ ਖਬਰ ਦਿੱਤੀ। ਅਗਲੇ ਦਿਨ ਅਖਬਾਰਾਂ, ਰੇਡੀਓ ਰਾਹੀਂ ਇਹ ਖਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ । 13 ਮਾਰਚ ਦੀ ਰਾਤ ਨੂੰ 10:30 ਵਜੇ ਊਧਮ ਸਿੰਘ ਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ । ਮਹੀਨਾ ਭਰ ਉਸਨੂੰ ਅੰਗਰੇਜ਼ੀ ਪੁਲਿਸ ਨੇ ਭਾਰੀ ਤਸੀਹੇ ਦਿੱਤੇ ਪ੍ਰੰਤੂ ਉਹ ਆਪਣੇ ਮਿਸ਼ਨ ਤੇ ਡਟਿਆ ਰਿਹਾ। 26 ਅਪ੍ਰੈਲ ਤੋਂ 7 ਜੂਨ ਤੱਕ ਭੁੱਖ ਹੜਤਾਲ ਕਾਰਨ ਉਸਦਾ ਵਜਨ 24 ਪੌਂਡ ਘੱਟ ਗਿਆ । 5-6 ਜੂਨ ਨੂੰ ਹੋਈ ਅਦਾਲਤੀ ਕਾਰਵਾਈ ਦੌਰਾਨ ਉਸ ਨੇ ਆਪਣਾ ਲਿਖਤੀ ਬਿਆਨ 12 ਮੈਂਬਰੀ ਜਿਊਰੀ ਸਾਹਮਣੇ ਪੜ੍ਹਨਾ ਸ਼ੁਰੂ ਕੀਤਾ, ਪਰੰਤੂ ਉਸਨੂੰ ਜੱਜਾਂ ਨੇ ਬਾਰ-ਬਾਰ ਟੋਕਿਆ। ਊਧਮ ਸਿੰਘ ਗਰਜਿਆ, ਉਅਸੀ ਅੰਗਰੇਜ਼ੀ ਗੁਲਾਮੀ ਤੋਂ ਪੀੜ੍ਹਤ ਹਾਂ ਮੈਨੂੰ ਮਰਨ ਦਾ ਕੋਈ ਡਰ ਨਹੀ ਹੈ।..... ਮੈਨੂੰ ਆਪਣੀ ਇਸ ਮੌਤ 'ਤੇ ਨਾਜ਼ ਹੈ, ਜੋ ਮੇਰੀ ਮਾਤਭੂਮੀ ਦੀ ਆਜ਼ਾਦੀ ਖਾਤਰ ਹੈ, ਅਤੇ ਆਸ ਕਰਦਾ ਹਾਂ ਕਿ ਜਦੋਂ ਮੈ ਜਾ ਚੁੱਕਾ ਹੋਵਾਂਗਾ, ਤਾਂ ਮੇਰੀ ਥਾਂ ਮੱਲਣ ਲਈ ਮੇਰੇ ਹਜ਼ਾਰਾਂ ਹਮਵਤਨ ਮੈਦਾਨ ਵਿਚ ਨਿਤਰਨਗੇ। ਤਾਂ ਜੁ ਤੁਹਾਨੂੰ (ਅੰਗਰੇਜ਼ੀ) ਗੰਦੇ ਕੁਤਿਆਂ ਨੂੰ ਮਾਰ ਭਜਾ ਕੇ ਮੇਰੇ ਵਤਨ ਨੂੰ ਆਜ਼ਾਦ ਕਰਾ ਸਕਣ।.... ਤੁਸੀ ਲੋਕ ਜਦੋਂ ਹਿੰਦ ਤੋਂ ਵਾਪਸ ਪਰਤਦੇ ਹੋ, ਤਾਂ ਤੁਹਾਨੂੰ ਸਨਮਾਨਿਤ ਕੀਤਾ ਜਾਂਦਾ ਹੈ, ਤੇ ਪਾਰਲੀਮੈਂਟ ਵਿਚ ਨਿਵਾਜਿਆ ਜਾਂਦਾ ਹੈ। ਅਸੀ ਇੰਗਲੈਂਡ ਆਉਂਦੇ ਹਾਂ, ਤਾਂ ਮੌਤ ਦੀ ਸਜਾ ਪਾਉਂਦੇ ਹਾਂ।..... ਅੰਤ 'ਚ ਊਧਮ ਸਿੰਘ ਨੇ ਨਾਅਰਾ ਲਾਇਆ, ਉਅੰਗਰੇਜ਼ ਸਾਮਰਾਜ ਵਾਦ ਮੁਰਦਾਬਾਦ। "ਉਨਾ ਦਲੀਲ, ਨਾ ਵਕੀਲ, ਨਾ ਅਪੀਲ" ਵਾਲੇ ਸਾਮਰਾਜੀ ਪ੍ਰਬੰਧ ਨੇ ਉਸ ਨੂੰ ਫਾਂਸੀ ਦੇਣਾ ਪਹਿਲਾਂ ਹੀ ਤਹਿ ਕਰ ਲਿਆ ਸੀ । ਸੋ ਐਨਕਿਨਸਨ ਨੇ ਜਿਊਰੀ ਵਲੋਂ ਫਾਂਸੀ ਦਾ ਹੁਕਮ ਸੁਣਾ ਦਿੱਤਾ । ਆਖਰ 31.07.1940 ਨੂੰ ਸਵੇਰੇ 9:00 ਵਜੇ ਪੈਨਟਨਵਿਲ ਜੇਲ ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ । ਦੇਸ਼ ਲਈ ਦਿੱਤੀਆਂ ਮਹਾਨ ਸੇਵਾਵਾਂ ਤੇ ਕੀਤੀਆਂ ਭਾਰੀ ਕੁਰਬਾਨੀਆਂ ਬਦਲੇ ਗਦਰੀ ਸ਼ਹੀਦ ਊਧਮ ਸਿੰਘ ਸਦਾ-ਸਦਾ ਲਈ ਅਮਰ ਰਹੇਗਾ। ਸਾਮਰਾਜੀ ਲੁੱਟ, ਜ਼ੁਲਮ ਤੇ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਜੂਝਨ ਦਾ ਪੈਗਾਮ ਦਿੰਦਾ ਰਹੇਗਾ।

# ਪ੍ਰੈਸ ਦੀ ਆਜਾਦੀ 'ਤੇ ਪਾਬੰਦੀਆਂ ਵਿਰੁੱਧ ਲੋਕ ਆਵਾਜ਼ ਬੁਲੰਦ ਕਰਨਾ ਸਮੇਂ ਦੀ ਲੋੜ

(ਸ.ਫ਼ਾ 25 ਦੀ ਬਾਕੀ)

ਵੰਨ ਸੁਵੰਨੀਆਂ ਰੋਕਾਂ ਹਟਾਉਣ ਅਤੇ ਇਨ੍ਹਾਂ ਅਖਬਾਰਾਂ ਦੇ ਇਸਤਿਹਾਰ ਬਹਾਲ ਕਰਨ ਦੀ ਪੁਰਜੋਰ ਮੰਗ ਕਰਦੇ ਹਾਂ।

ਅਸੀਂ ਦੇਸ ਬਦੇਸ ਵਸਦੇ ਸਮੂਹ ਪੰਜਾਬੀਆਂ ਨੂੰ ਵਿਸੇਸ ਤੌਰ ਤੇ ਅਪੀਲ ਕਰਦੇ ਹਾਂ ਕਿ ਅਜਿਹੇ ਆਪ ਹੁਦਰੇ ਅਤੇ ਜਮਹੂਰੀਅਤ ਵਿਰੋਧੀ ਕਦਮਾਂ ਖਿਲਾਫ ਆਵਾਜ ਬੁਲੰਦ ਕਰਨ ਦੇ ਸਿਲਸਲੇ ਨੂੰ ਸੰਸਥਾਵਾਂ,ਵੱਖ ਵੱਖ ਸਹਿਰਾਂ, ਖੇਤਰਾਂ ਵਿੱਚ ਲੜੀ ਵਾਰ ਜਾਰੀ ਰੱਖਣ। ਵਿਚਾਰ ਚਰਚਾਵਾਂ ਕਰਦੇ ਹੋਏ ਜੋਰਦਾਰ ਜਨਤਕ ਦਬਾਅ ਪਾਉਣ ਲਈ ਡਟਕੇ ਅੱਗੇ ਆਉਣ।

1. ਡਾ. ਨਵਸਰਨ ਕੌਰ, 2. ਡਾ. ਪਰਮਿੰਦਰ ਸਿੰਘ, 3. ਡਾ. ਸੁਖਦੇਵ ਸਿੰਘ ਸਿਰਸਾ, 4. ਡਾ. ਹਰਬਾਗ ਸਿੰਘ, 5. ਡਾ. ਜਗਜੀਤ ਸਿੰਘ ਚੀਮਾ, 6. ਡਾ. ਸੁਰਿੰਦਰ ਧੰਜਲ, 7. ਪ੍ਰੋ. ਜਗਮੋਹਣ ਸਿੰਘ, 8. ਪ੍ਰੋ. ਏ. ਕੇ. ਮਲੇਰੀ, 9. ਅਤਰਜੀਤ, 10. ਗੁਰਮੀਤ ਕੜਿਆਲਵੀ, 11. ਡਾ. ਗੁਰਚਰਨ ਨੂਰਪੁਰ, 12. ਕੇਵਲ ਧਾਲੀਵਾਲ, 13. ਡਾ. ਸਾਹਿਬ ਸਿੰਘ, 14. ਮਨਜੀਤ ਔਲਖ, 15. ਅਮੋਲਕ ਸਿੰਘ, 16. ਕੰਵਲਜੀਤ ਖੰਨਾ, 17. ਕਸਤੂਰੀ ਲਾਲ, 18. ਹਰਕੇਸ ਚੌਧਰੀ, 19. ਮਾਸਟਰ ਰਾਮ ਕੁਮਾਰ, 20. ਨਰਾਇਣ ਦੱਤ, 21. ਸੱਤਪਾਲ ਬੰਗਾ ਪਟਿਆਲਾ, 22. ਜਸਵਿੰਦਰ ਪੱਪੀ, 23. ਕੁਲਵਿੰਦਰ, 24. ਡਾ. ਸੈਲੇਸ, 25. ਡਾ. ਮੰਗਤ ਰਾਏ, 26. ਰਾਜਿੰਦਰ ਭਦੌੜ, 27. ਲਛਮਣ ਸਿੰਘ ਸੇਵੇਵਾਲਾ, 28. ਜੋਰਾ ਸਿੰਘ ਨਸਰਾਲੀ, 29. ਹਰਮੇਸ ਮਾਲੜੀ, 30. ਜੋਗਿੰਦਰ ਸਿੰਘ ਉਗਰਾਹਾਂ, 31. ਸੁਖਦੇਵ ਸਿੰਘ ਕੋਕਰੀ ਕਲਾਂ, 32. ਡਾ. ਅਰੀਤ ਕੌਰ, 33. ਜਸਪਾਲ ਜੱਸੀ, 34. ਪਾਵੇਲ ਕੁੱਸਾ, 35. ਅਸਵਨੀ ਕੁਮਾਰ, 36. ਹੁਸ਼ਿਆਰ ਸਿੰਘ ਸਲੇਮਗੜ੍ਹ, 37. ਜਤਿੰਦਰ ਮੌਹਰ, 38. ਰਣਦੀਪ ਮੱਦੋਕੇ, 39. ਮੇਘ ਰਾਜ ਮਿੱਤਰ, 40. ਸੁਰਿੰਦਰ ਕੁਮਾਰੀ ਕੋਛੜ, 41. ਚਰੰਜੀ ਲਾਲ ਕੰਗਣੀਵਾਲ, 42. ਵਿਜੈ ਬੰਬੇਲੀ, 43. ਤਲਵਿੰਦਰ ਸਿੰਘ, 44. ਡਾ.ਸਰਬਜੀਤ ਸਿੰਘ, 45. ਪ੍ਰੋ. ਸੁਰਜੀਤ ਜੱਜ, 46. ਡਾ. ਸੁਰਜੀਤ ਬਰਾੜ, 47. ਕਿਰਪਾਲ ਕਜਾਕ, 48. ਬਲਦੇਵ ਸਿੰਘ ਮੋਗਾ, 49. ਸੁਵਰਨ ਸਿੰਘ ਵਿਰਕ, 50. ਡਾ. ਸੁਰਿੰਦਰ ਗਿੱਲ, 51. ਜੁਗਿੰਦਰ ਸਿੰਘ ਨਿਰਾਲਾ, 52. ਡਾ. ਅਨੂਪ ਸਿੰਘ, 53. ਸੁਰਿੰਦਰ ਕੈਲੇ, 54. ਸੁਰਿੰਦਰ ਰਾਮਪੁਰੀ, 55. ਡਾ. ਲਾਭ ਸਿੰਘ ਖੀਵਾ, 56. ਦਰਸਨ ਸਿੰਘ ਜੋਗਾ, 57. ਪਰਮਜੀਤ ਸਿੰਘ ਮਾਨ, 58. ਜਸਵੀਰ ਝੱਜ, 59. ਜਸਪਾਲ ਮਾਨਖੇੜਾ, 60. ਰਣਵੀਰ ਰਾਣਾ, 61. ਲਛਮਣ ਸਿੰਘ ਮਲੂਕਾ, 62. ਡਾ. ਗੁਲਜਾਰ ਪੰਧੇਰ, 63. ਤਰਲੋਚਨ ਸਿੰਘ ਝਾਂਡੇ, 64. ਹਰਮੀਤ ਵਿਦਿਆਰਥੀ, 65. ਡਾ. ਗੁਰਮੀਤ ਕੱਲਰਮਾਜਰੀ, 66. ਡਾ. ਭੀਮਇੰਦਰ ਸਿੰਘ, 67. ਡਾ. ਹਰਵਿੰਦਰ ਸਿਰਸਾ, 68. ਹਰਬੰਸ ਹੀਂਉ, 69. ਮਦਨਵੀਰਾ, 70. ਸਬਦੀਸ, 71. ਜਸਵੀਰ ਕਲਸੀ, 72. ਬਲਕਾਰ ਸਿੱਧੂ, 73. ਸੰਜੀਵਨ ਸਿੰਘ, 74. ਮੱਖਣ ਮਾਨ, 75. ਭੋਲਾ ਸਿੰਘ ਸੰਘੇੜਾ, 76. ਮੇਜਰ ਸਿੰਘ ਗਿੱਲ, 77. ਤਰਸੇਮ ਬਰਨਾਲਾ, 78. ਡਾ. ਕੁਲਦੀਪ ਸਿੰਘ ਦੀਪ, 79. ਡਾ. ਗੁਰਮੇਲ ਸਿੰਘ, 80. ਡਾ.ਸਮਸੇਰ ਮੋਹੀ, 81. ਸਤਪਾਲ ਭੀਖੀ, 82. ਡਾ. ਸੰਤੋਖ ਸਿੰਘ ਸੁੱਖੀ, 83. ਬਲਵਿੰਦਰ ਭੱਟੀ, 84. ਪ੍ਰੋ. ਕੁਲਦੀਪ ਸਿੰਘ ਫਿਰੋਜਪੁਰ, 85. ਕਰਮ ਸਿੰਘ ਜਖਮੀ, 86. ਜੈਪਾਲ ਡੇਰਾਬਸੀ, 87. ਭਜਨਵੀਰ, 88. ਡਾ. ਮਨਦੀਪ ਸਰਮਾ, 89. ਡਾ. ਹਰਦੀਪ ਸਿੰਘ, 90. ਡਾ. ਚਰਨਦੀਪ ਸਿੰਘ, 91. ਭੁਪਿੰਦਰ ਸੰਧੂ, 92. ਕਮਲ, 93. ਰਮੇਸ ਯਾਦਵ, 94. ਧਰਮਿੰਦਰ ਔਲਖ, 95. ਦਿਲਬਾਗ ਸਿੰਘ ਸਰਕਾਰੀਆ, 96. ਗੁਰਬਾਜ ਸਿੰਘ ਛੀਨਾ, 97. ਡਾ. ਹੀਰਾ ਸਿੰਘ, 98. ਪ੍ਰੋ. ਲਖਵੀਰ ਸਿੰਘ ਮੁਕਤਸਰ, 99. ਬਲਦੇਵ ਰਹਿਪਾ ਟੋਰੰਟੋ ਕਨੇਡਾ, 100. ਭਜਨ ਗਿੱਲ ਕੈਲਗਰੀ ਕਨੇਡਾ, 101. ਭਗਵੰਤ ਸਿੰਘ ਬਰਮਿੰਘਮ ਯੂ. ਕੇ., 102. ਤਰਲੋਚਨ ਮੁਠੱਡਾ ਸਕਾਟਲੈਂਡ, 103. ਅਵਤਾਰ ਸਿੰਘ ਬਾਈ ਵੈਨਕੂਵਰ ਕਨੇਡਾ, 104. ਸਰਵਜੀਤ ਸੋਹੀ ਆਸਟ੍ਰੇਲੀਆ, 105. ਰਾਮ ਸਵਰਨ ਲੱਖੇਵਾਲੀ, 106. ਸੀਤਾ ਰਾਮ ਬਾਂਸਲ, 107. ਪ੍ਰੋ ਲੋਕ ਨਾਥ, 108. ਡਾ. ਪਰਮਜੀਤ ਸਿੰਘ ਢੀਂਗਰਾ।

## ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਪ੍ਰੇਰਨਾ

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ।
ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ,
ਅਸੀ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਗੇ ਖੰਡੇ ਦੀ ਧਾਰ ਬਣ ਕੇ।

ਬਾਪੂ ! ਸੱਚੇ ਇਕ ਕੌਮੀ ਸਰਦਾਰ ਤਾਈਂ,
ਪੀਰ ਉੱਚ ਦਾ ਵੀ ਬਣਨਾ ਪੈ ਸਕਦੈ।
ਖ਼ੂਨ ਜਿਗਰ ਦੇ ਨਾਲ ਤਾਂ ਜਫਰਨਾਮਾ,
ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ।


(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏਂ,
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ।
ਗੂਠਾ ਲਾਇਆ ਨਹੀ ਜਿਨ੍ਹਾਂ ਬੇਦਾਵਿਆਂ 'ਤੇ,
ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ।

ਆਪਣੇ ਛੋਟਿਆਂ ਪੁੱਤਾਂ ਦੀ ਵੇਲ ਤਾਈਂ,
ਜੇਕਰ ਅੱਗ 'ਤੇ ਚੜ੍ਹੇ ਤਾਂ ਚੜ੍ਹਨ ਦੇਵੀ।
ਸਾਡੀ ਮੜ੍ਹੀ 'ਤੇ ਉੱਗੇ ਹੋਏ ਘਾਹ ਅੰਦਰ,
ਠਾਹਰ ਸਿੰਘਾਂ ਦੀ ਬਣੇ ਤਾਂ ਬਣਨ ਦੇਵੀਂ।

ਐਪਰ ਜਬਰ ਅੱਗੇ ਕਿੱਦਾਂ ਸਬਰ ਕਰੀਏ,
ਅਸੀ ਇਹੋ ਜੀ ਜ਼ਹਿਰ ਨਾ ਪੀ ਸਕਦੇ।
ਨੱਕ ਮਾਰ ਕੇ ਡੰਗਰ ਵੀ ਜਿਉਣ ਜਿਸਨੂੰ,
ਅਸੀ ਜੂਨ ਅਜਿਹੀ ਨਾ ਜੀ ਸਕਦੇ।

**ਸੰਤ ਰਾਮ ਉਦਾਸੀ**




## ਕ੍ਰਿਸਮਿਸ ਗਿਫਟ

ਮੌਮ ਡੈਡ ਸਾਡੇ ਲਈ
ਕ੍ਰਿਸਮਿਸ ਗਿਫਟ ਲੈ ਕੇ ਆਏ
ਸਾਨੂੰ ਬਿਨਾਂ ਦਿਖਾਏ
ਛੁਪਾ ਕੇ ਰੱਖ ਦਿੱਤੇ

ਚਲੋ, ਉਡੀਕ ਉਡੀਕ
ਖੋਲਣ ਦਾ ਦਿਨ ਵੀ ਆ ਗਿਆ
ਮੇਰੇ ਭਰਾ ਨੂੰ ਟੈਲੀਸਕੋਪ ਮਿਲੀ
ਬਹੁਤ ਵਧੀਆ ਉੱਚੀ ਜਿਹੀ
ਆਪਣੇ ਪੈਰਾਂ ਤੇ ਖੜ੍ਹੀ ਹੋਣ ਵਾਲੀ
ਮੈਨੂੰ ਸੋਨੇ ਦੀਆਂ ਝਾਂਜਰਾਂ ਮਿਲੀਆਂ
ਮੈਂ ਉਤਲੇ ਮਨੋਂ
ਚਿਹਰੇ ਤੇ ਸਮਾਈਲ ਲਿਆ ਕੇ ਹੱਸੀ
ਮੌਮ ਡੈਡ ਨੂੰ 'ਥੈਂਕ. ..ਯੂ ' ਕਿਹਾ
ਪਰ ਮੇਰੇ ਅੰਦਰ ਲਾਵਾ ਫੁੱਟ ਰਿਹਾ ਸੀ

ਮੈਂ ਡੈਡ ਨੂੰ ਕਿਹਾ,
"ਮੈਂ ਝਾਂਜਰਾਂ ਨਹੀਂ ਲੈਣੀਆਂ "
ਉਹ ਕਹਿੰਦੇ, " ਤੂੰ ਬਹੁਤਾ ਬੋਲਿਆ ਨਾ ਕਰ
ਪੰਜਾਬੀ ਕੁੜੀਆਂ ਝਾਂਜਰਾਂ ਹੀ ਪਾਉਂਦੀਆਂ ਨੇ "

ਫਿਰ ਮੈਂ ਮੌਮ ਨੂੰ ਵੀ ਕਿਹਾ ,
"ਮੈਂ ਝਾਂਜਰਾਂ ਨਹੀਂ ਲੈਣੀਆਂ "
"ਹਾਏ ਕੁੜੇ, ਅਸਲੀ ਸੋਨੇ ਦੀਆਂ ਨੇ
ਪਤੈ ਕਿੰਨੀਆਂ ਮਹਿੰਗੀਆਂ ਨੇ ?

ਨਰਸਿੰਗ ਹੋਮ ਵਿਚ ਤਿੰਨ ਮਹੀਨੇ
ਓਵਰ ਟਾਈਮ ਲਾ ਕੇ ਖਰੀਦੀਆਂ

"ਮੌਮ ਪਲੀਜ਼ ਨਹੀਂ
ਮੈਂ ਵੀ ਉਤਾਹਾਂ ਨੂੰ ਦੇਖਣੈ
ਮਾਣ ਨਾਲ ਵੀਰੇ ਵਾਂਗ
ਮੈਂ ਚੰਦ ਨੂੰ ਨੇੜਿਓਂ ਦੇਖਣੈ
ਮੈਂ ਤਾਰਿਆਂ ਨਾਲ ਲੁਕਣਮੀਟੀ ਖੇਡਣੈ
ਉਹਨਾਂ ਨਾਲ ਨੱਚਣਾ ਟੱਪਣੈ
ਮੈਂ ਧਰਤੀ ਤੇ
ਬਾਹ -ਬਈਆ ਨਹੀਂ ਕਰਨਾ
ਮੈਂ ਜੰਜੀਰਾਂ ਨਹੀਂ ਪਾਉਣੀਆਂ
ਮੈਂ ਉਡਣਾ ਹੈ, ਮੈਨੂੰ ਉੱਡਣ ਦਿਓ
ਮੈਂ ਰੰਗ-ਬਿਰੰਗੀ ਦੁਨੀਆਂ ਦੇਖਣੀ ਹੈ
ਸਤਰੰਗੀ ਪੀਂਘ ਝੂਟਣੀ ਹੈ
ਖੁੱਲ੍ਹੇ ਅਸਮਾਨ ਵਿੱਚ
ਉਡਾਰੀਆਂ ਲਾ ਕੇ ਨਜ਼ਾਰੇ ਦੇਖਣੇ ਨੇ "

ਮੌਮ ਫਿਰ ਬੋਲੇ,

"ਜਿਵੇਂ 'ਵਾਰ' ਅਤੇ 'ਪਿਆਰ' ਵਿੱਚ
ਸਭ ਜਾਇਜ਼ ਹੈ
ਕ੍ਰਿਸਮਿਸ ਤੇ ਵੀ ਹਰ ਗਿਫਟ ਜਾਇਜ਼ ਹੈ"

" ਓ.. ਨੋ ਮੌਮ
ਮੈਨੂੰ ਪੈਰਾਂ ਨੂੰ ਧਰਤੀ ਤੇ ਬੰਨ੍ਹਣ ਵਾਲਾ ਨਹੀਂ
ਉਤਾਹਾਂ ਉਡਾਉਣ ਵਾਲਾ
ਸੁਪਨੇ ਦਿਖਾਉਣ ਵਾਲਾ
ਨਵੀਂ ਦੁਨੀਆਂ ਵਿੱਚ ਲੈ ਜਾਣ ਵਾਲਾ
ਗਿਫਟ ਚਾਹੀਦਾ ਹੈ "

"ਮੌਮ ਮੈਨੂੰ ਸਮਝ ਨਹੀਂ ਆਉਂਦੀ
ਤੂੰ ਮੇਰੇ ਤੇ ਵੀਰੇ ਵਿੱਚ ਫਰਕ ਕਿਉਂ ਸਮਝਦੀ ਹੈਂ ?
ਇਹ ਤਾਂ ਕੇਵਲ ਅਤੇ ਦੀ
ਲੱਗੀ ਰੇਸ ਦਾ ਫਰਕ ਹੈ
ਕਦੇ 'ਐਕਸ' ਜਿੱਤ ਜਾਂਦਾ ਹੈ
ਕਦੇ 'ਵਾਈ' ਜਿੱਤ ਜਾਂਦੀ ਹੈ
ਤੂੰ ਮੇਰੇ ਤੇ ਵੀਰੇ ਵਿੱਚ
ਫਰਕ ਨਾਂਹ ਰੱਖਿਆ ਕਰ "

"ਮੌਮ ਤੂੰ ਨੌਂ ਮਹੀਨੇ
ਕੋਈ ਡਿਸਕਰਿਮੀਨੇਸ਼ਨ ਨਹੀਂ ਕੀਤੀ
ਹੁਣ ਕਿਉਂ ਕਰਦੀ ਹੈਂ ?
ਮੈਨੂੰ ਵੀ ਬੈਂਫ, ਜੈਸਪਰ ਤੇ ਵਿੰਸਲਰ ਦੀਆਂ
ਬਰਫੀਲੀਆਂ ਪਹਾੜੀਆਂ ਦਾ ਅਨੰਦ ਮਾਨਣ ਦੇਹ"

"ਕੀ ਕਰਨਾ ਸੀ ਕੈਨੇਡਾ ਆ ਕੇ
ਜੇ ਮੇਰੇ ਪੈਰਾਂ ਵਿੱਚ ਜੰਜੀਰਾਂ ਹੀ
ਪਾਉਣੀਆਂ ਸਨ ?

ਮੈਂ ਤਾਂ ਕਹਿਨੀ ਆਂ
ਵਕਤ ਆ ਗਿਆ
ਤੂੰ ਵੀ ਲਾਹ ਸੁੱਟ
ਇਹ ਜੰਜੀਰਾਂ
ਜ਼ਿੰਦਗੀ ਕੋਈ ਕ੍ਰਿਸਮਿਸ ਗਿਫਟ ਥੋੜੀ ਆ
ਜਿਹੜੀ ਵਾਰ ਵਾਰ ਮਿਲੇਗੀ
ਤੂੰ ਵੀ ਉਡ ! ਉੱਚੀ ਉਡ !
'ਸੰਨੀ ਡੇਅ ' ਦੇ ਨਜ਼ਾਰੇ ਲੈ
ਇਹ ਵਕਤ ਮੁੜ ਕੇ ਨਹੀਂ ਆਉਣਾ "

" ਮੌਮੀ ਮੈਂ ਇਹ ਝਾਂਜਰਾਂ ਨਹੀਂ ਪਾਉਣੀਆਂ
ਤੂੰ ਭਾਵੇਂ ਗੁੱਸੇ ਰਹਿ ਜਾਂ ਰਾਜ਼ੀ
ਮੈਂ ਵੀਰੇ ਦੇ ਬਰਾਬਰ ਉੱਡਾਂਗੀ
ਇਹ ਭਾਵੇਂ ਸੋਨੇ ਦੀਆਂ ਹੋਣ
ਜਾਂ ਡਾਇਮੰਡ ਦੀਆਂ
ਮੈਂ ਨਹੀਂ ਪਾਉਣੀਆਂ
ਨਹੀਂ ਪਾਉਣੀਆਂ"

**ਸਨੀ ਧਾਲੀਵਾਲ**

## ਬਗਾਵਤ

ਬਗਾਵਤ ਰੁਕ ਨਹੀਂ ਸਕਦੀ, ਵਾਵਾਂ ਫੇਰ ਬਾਗੀ ਨੇ।
ਤੇਰੇ ਸੂਰਜ ਇਹ ਝੂਠੇ ਨੇ, ਚੰਨ ਤਾਰੇ ਵੀ ਦਾਗੀ ਨੇ।

ਉਜਾੜੇ ਦੇਸ ਦਾ ਹਾਕਮ, ਤਾਂ ਛਾਉਣੀਆਂ ਪਾ ਲੈਂਦੇ,
ਮਾਰੂ ਮੌਸਮਾ ਅੰਦਰ ਵੀ, ਉੱਘ ਆਉਂਦੇ ਵੈਰਾਗੀ ਨੇ।

ਕਿਤੇ ਨਾਨਕ ਵੰਡਿਆ ਹੈ, ਕਿਤੇ ਬੁੱਲਾ ਵੰਡਿਆ ਹੈ,
ਫੜ ਸੂਲੀ ਟੰਗਿਆ ਹੈ, ਅਬਦੁੱਲਾ ਤੇਰੇ ਕਾਜ਼ੀ ਨੇ।

ਕਿਤੇ ਗੱਲ ਕਤਲਾਂ ਦੀ ਹੋਵੇ, ਕਿਤੇ ਗੱਲ ਵਸਲਾਂ ਦੀ,
ਬੇਦਰਦ ਸ਼ਹਿਰ ਦੇ ਅੰਦਰ, ਕੈਸੇ ਇਸ਼ਕ ਮਜਾਜ਼ੀ ਨੇ ?

ਮਿਸਰਾ ਤੱਕ ਵੀ ਉਹ, ਕਿਸੇ ਸੁਰ ਵਿੱਚ ਨ ਕਰ ਪਾਏ,
ਇੱਕ ਕਲਮਕਾਰ ਸਾਹਵੇਂ, ਉਂਝ ਸਾਰੇ ਰਬਾਬੀ ਨੇ।





**ਹਰਬੰਸ ਹਮਾਇਤੀ**

## ਜਦੋਂ ਕਾਮਰੇਡ ਕਹਿੰਦੇ ਸੀ

ਜਦੋਂ ਕਾਮਰੇਡ ਕਹਿੰਦੇ ਸੀ
ਦੇਸ ਦੇ ਲੀਡਰਾਂ ਨੇ
ਗੈਟ ਸਮਝੌਤੇ ਤੇ
ਦਸਤਖਤ ਕਰਕੇ
ਆਪਣੇ ਹੱਥ ਵਢਾ ਲਏ,
ਡੰਕਲ ਤਜਵੀਜਾਂ,
ਨਿੱਜੀਕਰਨ,
ਵਪਾਰੀਕਰਨ ਦੇ
ਬੜੇ ਮਾਰੂ ਪ੍ਰਭਾਵ ਪੈਣਗੇ
ਸਾਨੂੰ ਉਹ ਗੱਲਾਂ
ਫਜ਼ੂਲ ਲਗਦੀਆਂ।

ਜਦੋਂ ਤਸਲੀਮਾ ਨਸਰੀਨ ਨੂੰ
ਜਲਾਵਤਨੀ ਕੱਟਣੀ ਪਈ
ਅਰੁੰਧਤੀ ਰਾਏ ਨੂੰ
ਤਸ਼ੱਦਦ ਸਹਿਣਾ ਪਿਆ
ਅਸੀਂ ਚੁੱਪ ਚਾਪ
ਤਮਾਸ਼ਾ ਦੇਖਦੇ ਰਹੇ।

ਜਦੋਂ ਜੰਮੂ ਕਸ਼ਮੀਰ ਦੇ
ਹਰ ਘਰ ਨੂੰ
ਜੇਲ੍ਹ ਵਿੱਚ ਬਦਲ ਦਿੱਤਾ ਗਿਆ
ਅਸੀਂ ਅਜ਼ਾਦੀ ਦਿਵਸ ਮਨਾਉਂਦੇ ਰਹੇ।

ਜਦੋਂ ਨਿੱਜੀਕਰਨ ਦੀ ਆੜ ਵਿੱਚ
ਸਾਡੇ ਬੱਚਿਆਂ ਦਾ
ਸਿਰਫ ਰੋਟੀ ਬਦਲੇ
ਸ਼ੋਸ਼ਣ ਸ਼ੁਰੂ ਹੋਇਆ
ਅਸੀਂ ਬਾਹਰ ਵੱਲ
ਵਹੀਰਾਂ ਘੱਤ ਲਈਆਂ।

ਜਦੋਂ ਰੇਲਾਂ ਵੇਚੀਆਂ ਗਈਆਂ
ਸੜਕਾਂ ਵੇਚੀਆਂ ਗਈਆਂ
ਹਵਾਈ ਅੱਡੇ ਵੇਚੇ ਗਏ
ਬੈਂਕ ਵੇਚੇ ਗਏ
ਪਹਾੜ ਵੇਚੇ ਗਏ
ਦਰਿਆ ਵੇਚੇ ਗਏ
ਜੰਗਲ ਵੇਚੇ ਗਏ
..........
ਸਾਨੂੰ ਇਹ ਵਿਸ਼ੇ
ਆਪਣੇ ਹੀ ਨਹੀਂ ਲੱਗੇ।

ਜਦੋਂ ਜਾਗਰੂਕ ਲੋਕ
ਸ਼ਹਿਰ ਦੀਆਂ ਸੜਕਾਂ ਉੱਤੇ
ਥੋੜੀ ਜਿਹੀ ਗਿਣਤੀ ਵਿੱਚ
ਰੋਸ ਮੁਜਾਹਰੇ ਕੱਢਦੇ
ਸਾਨੂੰ ਉਹ ਵਿਹਲੜ ਜਾਪਦੇ।

ਆਖਰ ਉਹੀ ਹੱਥ
ਸਾਡੇ ਗਲਮਿਆਂ ਤੱਕ
ਪੁੱਜ ਚੁੱਕੇ ਹਨ।

ਆਓ ਹੁਣ ਆਪਾਂ
ਲੜਦੇ ਹਾਂ
ਇੱਕਜੁੱਟ ਹੋ ਕੇ
ਆਪਣੇ ਹਿੱਸੇ ਦੀ ਲੜਾਈ
ਇਤਿਹਾਸ ਗਵਾਹ ਹੈ
ਲੜਨ ਵਾਲਿਆਂ ਦੀ ਜਿੱਤ
ਯਕੀਨਨ ਹੁੰਦੀ ਹੈ।

**ਜਗਜੀਤ ਗੁਰਮ**
9915264836

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ
ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ :
ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਸ਼ਹੀਦ ਊਧਮ ਸਿੰਘ ਦਾ ਜਨਮ ਦਿਨ ਮਨਾਉਂਦੇ ਸ਼ਹਿਰ ਵਿੱਚ ਕੀਤਾ ਰੋਸ ਮਾਰਚ

## *ਕੈਬਨਿਟ ਮੰਤਰੀ ਅਮਨ ਅਰੋੜਾ ਦੀ ਕੋਠੀ ਜਾ ਕੇ ਦਿੱਤਾ ਮੰਗ ਪੱਤਰ*





ਸੁਨਾਮ, (ਬਲਜਿੰਦਰ ਸਿੰਘ ਪਟਿਆਲਾ) : ਗਦਰੀ ਸਹੀਦ ਊਧਮ ਸਿੰਘ ਵਿਚਾਰ ਮੰਚ ਵੱਲੋਂ ਸਹੀਦ ਊਧਮ ਸਿੰਘ ਨਾਲ ਸੰਬੰਧਤ ਲੰਮੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਮੰਨਵਾਉਣ ਲਈ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ਼ ਸ਼ਹਿਰ ਵਿੱਚ ਇਹ ਰੋਸ ਮਾਰਚ ਕਰਕੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਅਮਨ ਅਰੋੜਾ ਜੀ ਨੂੰ ਮੰਗ ਪੱਤਰ ਦਿੱਤਾ ਹੈ। ਆਗੂਆਂ ਨੇ ਦੱਸਿਆ ਕਿ ਅਸੀਂ ਪਹਿਲਾਂ ਵੀ ਸ੍ਰੀ ਅਮਨ ਅਰੋੜਾ ਨੂੰ ਪਹਿਲਾਂ ਵੀ ਮੰਗ ਦੇ ਚੁੱਕੇ ਹਾਂ ਪਰ ਅਫਸੋਸ ਹੈ ਹੁਣ ਤੱਕ ਕੋਈ ਕੰਮ ਨਹੀਂ ਕੀਤਾ ਜਿਸ ਕਰਕੇ ਸਾਨੂੰ ਰੋਸ ਮਾਰਚ ਕਰਨ ਲਈ ਮਜਬੂਰ ਹੋਣਾ ਪਿਆ ਹੈ।

ਦੇਸ ਦੀ ਆਜਾਦੀ ਲਈ ਹੱਸ ਹੱਸ ਕੇ ਫਾਂਸੀ ਚੜ੍ਹਨ ਵਾਲੇ ਸਾਡੇ ਸਹੀਦ ਊਧਮ ਸਿੰਘ ਨੂੰ ਲੰਮੇ ਸਮੇਂ ਤੋਂ ਅਣਗੌਲਿਆਂ ਕੀਤਾ ਹੋਇਆ ਹੈ। ਅਸੀ ਭੁੱਲ ਗਏ ਹਾਂ ਕਿ ਜੇਕਰ ਅਸੀ ਅੱਜ ਕੁਝ ਆਜਾਦ ਹਾਂ ਇਸ ਲਈ ਇਹਨਾਂ ਦਾ ਖ਼ੂਨ ਡੁੱਲਿਆ ਹੈ। ਇਹਨਾਂ ਨੂੰ ਅਣਗੌਲੇ ਕਰਨਾ ਸਰਮਨਾਕ ਹੈ। ਮਿਊਜੀਅਮ ਬਣਨ ਦੇ ਸਵਾ ਸਾਲ ਬਾਅਦ ਵੀ ਇਹਨਾਂ ਦਾ ਸਮਾਨ ਥਾਂ ਥਾਂ ਦੇਸ- ਵਿਦੇਸ ਵਿੱਚ ਰੁਲ ਰਿਹਾ ਹੈ। ਮੈਮੋਰੀਅਲ ਵਿਚ ਵੀ ਕਿਸੇ ਹੋਰ ਦਾ ਬੁੱਤ ਲਗਾ ਦਿੱਤਾ ਹੈ ਮੁੱਖ ਮੰਤਰੀ ਭਗਵੰਤ ਮਾਨ ਜੀ ਨੇ ਕਿਹਾ ਸੀ ਕਿ ਜਲਦੀ ਉਹਨਾਂ ਦੀ ਸਕਲ ਨਾਲ ਮਿਲਦਾ ਬੁੱਤ ਚੰਗੇ ਘਾੜੇ ਤੋ ਬਣਵਾ ਕੇ ਲਗਾਇਆ ਜਾਵੇਗਾ ਪਰ ਅਜੇ ਤੱਕ ਕੁਝ ਨਹੀ ਹੋਇਆ। ਮੰਚ ਆਗੂਆਂ ਨੇ ਦੱਸਿਆ ਕਿ ਜਦੋਂ ਤੱਕ ਸਹੀਦ ਦੀਆਂ ਮੰਗਾਂ ਸਰਕਾਰ ਵੱਲੋਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ ਸਾਡਾ ਸੰਘਰਸ ਲਗਾਤਾਰ ਜਾਰੀ ਰਹੇਗਾ। ਅਸੀ ਸਹੀਦ ਨਾਲ ਹੋ ਰਹੀ ਬੇਇਨਸਾਫੀ ਦੀ ਗੱਲ ਇਲਾਕੇ ਦੇ ਲੋਕਾਂ ਵਿੱਚ ਲੈਕੇ ਜਾਵਾਂਗੇ ਵਿਦਿਆਰਥੀਆਂ ਵੱਲੋ ਇਨਕਲਾਬੀ ਗੀਤ ਪੇਸ ਕੀਤੇ ਗਏ। ਮਾਰਚ ਵਿੱਚ ਮੰਚ ਦੇ ਮੈਂਬਰਾਂ ਸਮੇਤ ਹੋਰ ਕਈ ਲੋਕ ਪੱਖੀ ਜੱਥੇਬੰਦੀਆਂ ਦੇ ਆਗੂਆਂ ਅਨਿਲ ਕੁਮਾਰ, ਰਾਕੇਸ ਕੁਮਾਰ, ਪੀ ਐਸ ਯੂ (ਲਲਕਾਰ) ਵੱਲੋਂ ਬਬਲੂ ਤੇ ਅਮਨ, ਬੀਕੇਯੂ ਉਗਰਾਹਾਂ ਦੇ ਆਗੂ ਗੁਰਚਰਨ ਲਹਿਰਾਂ, ਡੀਟੀਐਫ ਦੇ ਜਿਲ਼ਾ ਪ੍ਰਧਾਨ ਬਲਵੀਰ ਲੌਂਗੋਵਾਲ ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ ਸਮੇਤ ਜਿਲ੍ਹਾ ਆਗੂ ਟੀਮ ਪਹੁੰਚੀ। ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਦੇ ਧਰਮਪਾਲ, ਬਲਜੀਤ, ਵਿਦਿਆਰਥੀ ਆਗੂ ਸੰਦੀਪ, ਸੁਖਜੀਤ, ਤਰਕਸ਼ੀਲ ਦੇ ਜੋਨ ਆਗੂ ਪਰਮਵੇਦ, ਜਮਹੂਰੀ ਅਧਿਕਾਰ ਸਭਾ ਵਲੋਂ ਇਕਬਾਲ ਕੌਰ ਤੇ ਅਮਰੀਕ ਖੋਖਰ ਸਮੇਤ ਹੋਰ ਕਈ ਆਗੂ ਸਾਮਲ ਹੋਏ।

# ਇੱਕ ਵਿਅਕਤੀ ਵੀ ਇਤਿਹਾਸ ਬਦਲ ਸਕਦਾ ਹੈ !

## *(ਅਮਰੀਕਾ ਦੇ ਕਾਲੇ ਇਨਕਲਾਬ ਦੀ ਦਾਸਤਾਨ)*

**ਹਰਜੋਤ**

ਸਾਲ 1955 ਦੀ ਇੱਕ ਸਾਮ ਨੂੰ ਰੋਜਾ ਪਾਰਕਸ ਰੋਜਾਨਾ ਦੀ ਤਰ੍ਹਾਂ ਕੰਮ ਤੋਂ ਥੱਕੀ ਟੁੱਟੀ ਮੌਂਟਗੁਮਰੀ (ਅਮਰੀਕਾ) ਬਸ ਦੀ ਮੂਹਰਲੀ ਖਿੜਕੀ ਤੋਂ ਚੜ੍ਹ ਕੇ ਗੋਰਿਆਂ ਲਈ ਸਭ ਰਾਖਵੀਆਂ ਸੀਟਾਂ ਛੱਡ ਕੇ ਅਖੀਰਲੀ ਕਾਲਿਆਂ ਵਾਲੀਆਂ ਸੀਟਾਂ ਤੇ ਬੈਠ ਗਈ।

ਅਮਰੀਕਾ ਦਾ ਇਹ ਉਹ ਸਮਾਂ ਸੀ ਜਦੋਂ ਗੋਲੇ ਤੇ ਕਾਲੇ ਕਦੇ ਕੱਠੇ ਨਹੀਂ ਸੀ ਬੈਠ ਸਕਦੇ। ਇਕੱਠੇ ਘਰ ਨਹੀਂ ਲੈ ਸਕਦੇ ਖਾ ਨਹੀਂ ਸੀ ਸਕਦੇ ਤੇ ਹੋਰ ਬਹੁਤ ਕੁਝ। ਕਾਲਿਆਂ ਨੂੰ ਗੁਲਾਮੀ ਤੋਂ ਮੁਕਤੀ ਮਿਲੇ ਨੂੰ 100 ਸਾਲ ਹੋ ਗਿਆ ਸੀ। ਪਰ ਰੋਜ ਦੀ ਜ਼ਿੰਦਗੀ ਚ ਗੁਲਾਮੀ ਬਰਕਰਾਰ ਸੀ। ਇਸਲਈ ਬੱਸ ਚ ਕਾਲੇ ਲੋਕਾਂ ਨੂੰ ਸੀਟ ਬੱਸ ਦੇ ਬਿਲਕੁਲ ਪਿੱਛੇ ਮਿਲਦੀ ਸੀ ਤੇ ਜੇ ਕਿਸੇ ਗੋਰੇ ਨੂੰ ਅੱਗੇ ਸੀਟ ਨਾ ਮਿਲੇ ਤਾਂ ਉਸ ਲਈ ਸੀਟ ਛੱਡਣੀ ਪੈਂਦੀ ਸੀ।

ਉਸ ਦਿਨ ਰੋਜਾ ਬੇਹੱਦ ਥੱਕੀ ਹੋਈ ਸੀ। ਇੱਕ ਗੋਰਾ ਆਇਆ ਤੇ ਉਸਨੂੰ ਸੀਟ ਛੱਡਣ ਲਈ ਕਿਹਾ ਤੇ ਉਸ ਸੀਟ ਤੋਂ ਹੋਰ ਪਿੱਛੇ ਹੋਣ ਲਈ ਕਿਹਾ। ਨਿਯਮ ਮੁਤਾਬਿਕ ਸੀਟ ਛੱਡਣੀ ਬਣਦੀ ਸੀ। ਪਰ ਉਸ ਦਿਨ ਅਚਾਨਕ ਕਿ ਖਿਆਲ ਆਇਆ ਰੋਜਾ ਨੇ ਸੀਟ ਛੱਡਣ ਤੋਂ ਨਾ ਕਰ ਦਿੱਤੀ।

ਗੋਰੇ ਉਸਦੀ ਹਿਮਾਕਤ ਦੇਖ ਕੇ ਦੰਗ ਰਹਿ ਗਏ। ਡਰਾਈਵਰ ਖੁਦ ਆਇਆ ਤੇ ਉਸਨੂੰ ਸੀਟ ਛੱਡਣ ਲਈ ਕਿਹਾ। ਪਰ ਉਸਨੇ ਨਾ ਛੱਡੀ। ਪੂਰੀ ਬੱਸ ਦੇ ਗੋਰੇ ਉਸਨੂੰ ਬੁਰਾ ਭਲਾ ਆਖਣ ਲੱਗੇ, ਪਰ ਉਸਨੇ ਫਿਰ ਵੀ ਸੀਟ ਨਾ ਛੱਡੀ। ਪਰ ਉਸਦੇ ਅੰਦਰ ਦਾ ਡਰ ਖਤਮ ਸੀ। ਪਹਿਲੇ ਇਨਕਾਰ ਮਗਰੋਂ ਹੀ ਉਸਨੇ ਉਹ ਖਤਮ ਕਰ ਲਿਆ ਸੀ।

ਡਰਾਈਵਰ ਨੇ ਪੁਲਿਸ ਬੁਲਾਈ ਤੇ



ਉਸਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸਦੀ ਗ੍ਰਿਫਤਾਰੀ ਦੀ ਗੱਲ ਅੱਗ ਵਾਂਗ ਫੈਲੀ। ਸਾਮ ਤੱਕ ਉਸਨੂੰ ਭਾਵੇਂ ਜਮਾਨਤ ਮਿਲ ਗਈ। ਪਰ ਕਾਲੇ ਲੋਕਾਂ ਲਈ ਜਿਵੇਂ ਇਹ ਇੱਕ ਨਵੀ ਚੋਟ ਸੀ। ਉਹਨਾਂ ਨੇ ਉਸ ਦਿਨ ਤੋਂ ਇਸ ਭੇਦਭਾਵ ਕਾਨੂੰਨ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ।

ਅਗਲੇ ਦਿਨ ਤੋਂ ਬੱਸਾਂ 'ਚ ਨਾ ਜਾਣ ਦੀ ਅਪੀਲ ਹੋਈ। ਕਿਸੇ ਵੀ ਕਾਲੇ ਨੇ ਬੱਸ ਦੀ ਵਰਤੋਂ ਨਾ ਕੀਤੀ। ਰੋਜਾ ਪਾਰਕਸ ਤੇ ਮੁਕੱਦਮਾ ਹੋਇਆ। ਉਸਨੂੰ ਜੁਰਮਾਨਾ ਵੀ ਹੋਇਆ ਤੇ ਕੇਸ ਉੱਪਰੀ ਅਦਾਲਤ ਚ ਚਲਾ ਗਿਆ। ਪਰ ਬੱਸਾ 'ਚ ਨਾ ਚੜਨ ਦਾ ਫੈਸਲਾ ਬਰਕਰਾਰ ਰਿਹਾ। ਬਹੁਤ ਬੱਸਾਂ ਬੇਕਾਰ ਹੋ ਗਈਆ ਤੇ ਇਹ ਹੜਤਾਲ 381 ਦਿਨ ਚੱਲੀ। ਅਖੀਰ ਸਰਕਾਰ ਨੂੰ ਉਹ ਕਾਨੂੰਨ ਬਦਲਣਾ ਪਿਆ। ਜੋ ਬੱਸਾਂ ਵਿੱਚ ਗੋਰਿਆਂ ਤੇ ਕਾਲਿਆਂ ਨੂੰ ਅੱਡ ਬੈਠਣ ਲਈ ਕਹਿੰਦਾ ਸੀ। ਇੰਝ ਪੱਖਪਾਤ ਦਾ ਪਹਿਲਾਂ ਕਾਨੂੰਨ ਰੱਦ ਹੋਇਆ ਫਿਰ ਉਸ ਤੋ ਮਗਰੋਂ ਅੱਡ ਰਹਿਣ ਖਾਣ ਪੀਣ ਤੇ ਹੋਰ ਵੀ ਕਿੰਨਾ ਹੀ ਕੁਝ ਹੌਲੀ ਹੌਲੀ ਰੱਦ ਹੋਇਆ।

ਤੇ ਰੋਜਾ ਪਾਰਕਸ ਉਹਨਾਂ ਸਭ ਅੰਦੋਲਨਾਂ ਦੀ ਇੱਕ ਪ੍ਰਮੁੱਖ ਹਸਤੀ ਬਣ ਗਈ, ਜਿਸਨੇ ਅਮਰੀਕਾ 'ਚ ਇਸ ਭੇਦਭਾਵ ਨੂੰ ਖਤਮ ਕਰਨ ਲਈ ਅਹਿਮ ਭੂਮਿਕਾ ਨਿਭਾਈ। ਇਸ ਤੋਂ ਬਾਅਦ ਸਿਵਲ ਰਾਈਟਸ ਲਈ ਚੱਲ ਰਹੀ ਮੁਹਿੰਮ ਨੂੰ ਵੀ ਵੱਡਾ ਹੁੰਗਾਰਾ ਮਿਲਿਆ ਤੇ 10 ਸਾਲਾਂ ਬਾਅਦ ਕਾਲਿਆਂ ਦੀ ਗੁਲਾਮੀ ਦੇ ਸਾਰੇ ਕਨੂੰਨ ਖਤਮ ਹੋਏ ਤੇ ਸਭ ਨੂੰ ਬਰਾਬਰਤਾ ਦੇ ਹੱਕ ਮਿਲੇ।


ਦੋਸਤੋ ਡਰ ਨੂੰ ਜਿੱਤਕੇ ਹੀ ਬਰਾਬਰਤਾ ਤੇ ਤਰੱਕੀ ਹਾਸਿਲ ਹੀ ਸਕਦੀ ਹੈ। ਜੇ ਤੁਸੀਂ ਆਪਣੇ ਡਰ ਨੂੰ ਨਹੀਂ ਹਰਾ ਸਕਦੇ, ਕਿਸੇ ਹੋਰ ਨੂੰ ਹਰਾਉਣਾ ਮੁਮਕਿਨ ਨਹੀਂ।

ਜੋ ਤੁਹਾਡੇ ਨਾਲ ਜਿੰਦਗੀ 'ਚ ਗਲਤ ਹੋ ਰਿਹਾ ਉਸ ਤੇ ਅਵਾਜ ਉਠਾ ਕੇ ਹੀ ਅੱਗੇ ਵਧਿਆ ਜਾ ਸਕਦਾ। ਜਦੋਂ ਤੱਕ ਆਵਾਜ ਨਹੀਂ ਉਠੇਗੀ, ਕੋਈ ਤੁਹਾਡੀ ਨਹੀਂ ਸੁਣੇਗਾ। ਪਰ ਜੇਕਰ ਆਵਾਜ ਉਠੇਗੀ ਤਾਂ ਤੁਹਾਡੇ ਮਨ ਦਾ ਉਹ ਡਰ ਖਤਮ ਹੋ ਜਾਏਗਾ।

ਆਪਣੀ ਤਾਕਤ ਨੂੰ ਘੱਟ ਨਾ ਜਾਣੋ। ਤੁਸੀਂ ਆਪਣੀ ਵਿਲੱਖਣ ਸਖਸੀਅਤ ਨਾਲ ਬਹੁਤ ਕੁਝ ਕਰਨ ਦੇ ਕਾਬਿਲ ਹੋ। ਆਪਣੀ ਕਾਬਲੀਅਤ ਨੂੰ ਪਛਾਣੋ।










# ਪੰਜਾਬੀ ਕਮਿਊਨਿਟੀ ਹੈਲਥ ਐਡਮਿੰਟਨ ਵੱਲੋਂ ਮਾਨਸਿਕ ਸਿਹਤ ਬਾਰੇ ਸੈਮੀਨਾਰ






ਐਡਮਿੰਟਨ, (ਸਤੀਸ ਸਚਦੇਵਾ) ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ ਐਡਮਿੰਟਨ ਵਲੋ ਮਿਲਵੁਡ ਕਲਚਰਲ ਸੁਸਾਇਟੀ ਆਫ ਦੀ ਰਿਟਾਇਰਡ ਐਡ ਸੈਮੀ ਰਿਟਾਇਰਡ 48 ਸਟਰੀਟ1560 ਦਫਤਰ ਵਿਖੇ "ਮਾਨਸਿਕ ਸਿਹਤ" ਸਬੰਧੀ ਪਰੋਗਰਾਮ ਕੀਤਾ ਗਿਆ। ਜਿਸ ਵਿੱਚ ਸੁਸਾਇਟੀ ਦੇ ਮੈਬਰਾਂ, ਆਹੁਦੇਦਾਰਾਂ ਅਤੇ ਯੂਨੀਵਰਸਿਟੀ ਆਫ ਅਲਬਰਟਾ ਦੇ ਵਿਦਿਆਰਥੀ ਸਾਮਲ ਹੋਏ। ਮੁੱਖ ਮਹਿਮਾਨ ਵਜੋਂ ਸੀ ਬਲਦੇਵ ਮੱਟਾ ਚੀਫ ਐਗਜੈਕਟਿਵ ਅਫਸਰ ਪਹੁੰਚੇ। ਉਹਨਾਂ ਬਜੁਰਗਾਂ, ਵਿਦਿਆਰਥੀਆਂ ਨੂੰ ਮਾਨਸਿਕ ਸਿਹਤ ਬਾਰੇ ਬੋਲਦਿਆਂ ਦੱਸਿਆ ਕਿ ਬਜੁਰਗਾਂ, ਦਾਦੇ, ਦਾਦੀਆਂ ਨਾਨੇ ਨਾਨੀਆਂ ਨੂੰ ਇਸ ਉਮਰ ਵਿੱਚ ਵਿਸੇਸ ਧਿਆਨ ਦੇਣ ਦੀ ਲੋੜ ਹੈ। ਜੇਕਰ ਡਾਕਟਰ ਇਹ ਕਹਿਣ ਪੌੜੀਆਂ ਬੱਚੇ, ਬੱਚੀਆਂ ਨੂੰ ਲੈ ਕੇ ਨਹੀ ਚੜ੍ਹਣਾਂ, ਜਿਸ ਨਾਲ ਸਰੀਰਿਕ ਅੰਗਾਂ ਦੀ ਟੁੱਟ ਭੱਜ ਹੋ ਸਕਦੀ ਹੈ, ਬਚਾਅ ਰੰਖਣਾਂ ਚਾਹੀਦਾ ਹੈ, ਅਮਲ ਕਰਨਾਂ ਚਾਹੀਦਾ ਹੈ, ਜੈਸਾ ਦੇਸ ਵੈਸਾ ਭੇਸ। ਅਗਰ ਪਿਛਲੇ ਨੂੰ ਬਾਰ ਬਾਰ ਯਾਦ ਕਰਕੇ ਵਰਤਮਾਨ ਨੂੰ ਝੂਰਦੇ ਰਹੋਗੇ, ਇਸ ਤੋ ਬਚਣਾਂ ਚਾਹੀਦਾ ਹੈ ਇਸ ਸਮੇ ਸਨੋ ਦੇ ਮੌਸਮ ਵਿੱਚ ਖਾਸ ਖਿਆਲ ਰੰਖਣ ਦੀ ਲੋੜ ਹੈ। ਪੌਸਟਿਕ ਭੋਜਨ ਖਾਣਾ, ਕਸਰਤ ਕਰਨ ਵੱਲ ਵਧੇਰੇ ਧਿਆਨ ਦਿੱਤਾ ਜਾਵੇ, ਮੰਨਿਆ ਕਿ ਬੱਚਿਆਂ ਤੇ ਬਹੁਤ ਜ਼ਿੰਮੇਵਾਰੀਆਂ ਹਨ, ਪਰ ਰਿਲੈਕਸ ਰਹਿ ਕੇ ਆਪਣਾ ਤੇ ਪਰਿਵਾਰ ਦਾ ਸੰਤੁਲਨ ਬਣਾਈ ਰੱਖਣ। ਇਸ ਸਮੇ ਸਵਾਲ, ਜਵਾਬ ਵੀ ਕੀਤੇ ਗਏ। ਬੱਚਿਆ ਵਿੱਚ ਮੋਬਾਇਲ ਸਕਰੀਨ ਦੇ ਵਧਦੇ ਰੁਝਾਣ ਤੇ, ਸੀਮਿਤ ਸਮੇ ਲਈ ਦੇਣਾ ਅਤੇ ਬੱਚਿਆਂ ਨੂੰ ਖੇਡਾਂ ਵੱਲ ਉਤਸਾਹਿਤ ਕੀਤਾ ਜਾਵੇ, ਤਾਂ ਜੋ ਮਾਨਸਿਕ, ਸਰੀਰਿਕ, ਸਮਾਜਿਕ ਤੰਦਰੁਸਤੀ ਬਣੀ ਰਹੇ। ਇਸ ਮੌਕੇ ਦੇਸ ਪਰਦੇਸ ਅਖਬਾਰ ਦੇ ਸਹਾਇਕ ਸੰਪਦਕ ਸੀ ਦਵਿੰਦਰ ਦੀਪਤੀ ਵਲੋ ਉਘੇ ਵਿਦਵਾਨ, ਪਰੋਫੈਸਰ ਤੇ ਮੁੱਖੀ ਸਰਕਾਰੀ ਮੈਡੀਕਲ ਕਾਲਜ ਅੰਮਰਿਤਸਰ" ਡਾਕਟਰ ਸਾਮਸੁੰਦਰ ਦੀਪਤੀ ਦੀ ਨਵੀ ਕਿਤਾਬ ਇਕ ਭਰਿਆ-ਪੂਰਾ ਦਿਨ, ਮੁੱਖ ਮਹਿਮਾਨ ਸੀ ਬਲਦੇਵ ਮੱਟਾ ਜੀ, ਐਮ ਐਲ ਏ ਸੀ ਜਸਬੀਰ ਦਿਉਲ, ਸੰਸਥਾ ਮੁਖੀ ਸੁਦਾਗਰ ਸਿੰਘ, ਕੈਸੀਅਰ ਸੁਰਜੀਤ ਸਿੰਘ, ਜਤਿੰਦਰ ਸਮਰਾ (ਪੰਜਾਬੀ ਕਮਿਊਨਟੀ ਹੈਲਥ ਐਡਮਿੰਟਨ) ਸਤੀਸ ਸਚਦੇਵਾ ਮੈਂਬਰ ਨੂੰ ਭੇਟ ਕੀਤੀ ਗਈ। ਮੁੱਖ ਮਹਿਮਾਣ ਜੀ ਨੇ ਆਉਣ ਵਾਲੇ ਸਮੇ ਹੋਰ ਪਰੋਗਰਾਮ ਕਰਨ ਬਾਰੇ ਦੱਸਿਆ।

# ਲਤੀਫ਼ਪੁਰਾ ਬਸਤੀ ਨੂੰ ਉਜਾੜਨ ਦੀ ਦੇਸ਼ ਭਗਤ ਯਾਦਗਾਰੀ ਕਮੇਟੀ ਵਲੋਂ ਨਿੰਦਾ





ਜਲੰਧਰ, (ਬਲਜਿੰਦਰ ਸਿੰਘ ਪਟਿਆਲਾ): ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੈਂਬਰਾਂ ਤੇ ਹਮਦਰਦਾਂ ਨੇ ਪੰਜਾਬ ਸਰਕਾਰ ਵੱਲੋਂ ਜਲੰਧਰ ਸ਼ਹਿਰ ਵਿੱਚ ਘੁੱਗ ਵਸਦਾ ਇਲਾਕਾ ਲਤੀਫਪੁਰਾ ਜ਼ੋਰ ਜ਼ਬਰ ਨਾਲ ਉਜਾੜਣ ਅਤੇ ਪੰਜਾਬ ਸਰਕਾਰ ਨੇ ਪੰਜਾਬੀ ਦੀ ਅਜੀਤ ਤੇ ਪੰਜਾਬੀ ਟ੍ਰਿਬਿਊਨ ਅਖ਼ਬਾਰ ਨੂੰ ਮਿਲਦੇ ਸਰਕਾਰੀ ਇਸ਼ਤਿਹਾਰ ਬੰਦ ਕਰਕੇ ਪ੍ਰੈੱਸ ਦਾ ਜਮਹੂਰੀ ਅਧਿਕਾਰ ਖੋਹਣ ਦੀ ਕੋਸ਼ਿਸ਼ ਵਿਰੁੱਧ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਲਤੀਫਪੁਰਾ ਬਸਤੀ ਵਸਦੀ ਨੂੰ 76 ਸਾਲ ਦੇ ਕਰੀਬ ਹੋ ਗਏ ਹਨ ਤੇ ਹੁਣ ਸਰਕਾਰ ਨੇ ਉਨ੍ਹਾਂ ਦਾ ਉਜਾੜਾ ਇਸ ਕਰਕੇ ਕੀਤਾ ਹੈ ਕਿ ਸੜਕ ਚੌੜੀ ਕਰਨੀ ਹੈ। ਸਰਕਾਰ ਕਹਿ ਰਹੀ ਹੈ ਕਿ ਇਸ ਬਸਤੀ ਦੇ ਲੋਕ ਇਸ ਜਗਾ 'ਤੇ ਜ਼ਬਰਦਸਤੀ ਬੈਠੇ ਹਨ ਅਤੇ ਇਨ੍ਹਾਂ ਕੋਲ ਆਪਣੀਆਂ ਥਾਂਵਾਂ ਦੇ ਕੋਈ ਵੀ ਕਾਗਜ਼ਾਤ ਨਹੀਂ ਹਨ। ਇਹ ਲੋਕ ਇਥੇ ਗੈਰ ਕਾਨੂੰਨੀ ਵੱਸੇ ਹੋਏ ਹਨ। ਸਰਕਾਰ ਇਹ ਕਹਿ ਰਹੀ ਹੈ ਕਿ ਇਥੋਂ ਦੀ ਵਸੋਂ ਨੂੰ ਕੋਰਟ ਦੇ ਫੈਸਲੇ ਅਨੁਸਾਰ ਉਠਾਇਆ ਗਿਆ ਹੈ।

ਕਮੇਟੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਦੀਆਂ ਥਾਵਾਂ ਦੇ ਕਾਗਜ਼ਾਤ ਸਰਕਾਰ ਨੂੰ ਬਣਾ ਕੇ ਦੇਣ ਚਾਹੀਦੇ ਸਨ। ਜੇ ਫਿਰ ਵੀ ਲਤੀਫਪੁਰਾ ਦੀ ਵਸੋਂ ਨੂੰ ਉਠਾਉਣਾ ਜ਼ਰੂਰੀ ਸੀ ਤਾਂ ਉਨ੍ਹਾਂ ਦੇ ਵਸਾਉਣ ਦਾ ਪ੍ਰਬੰਧ ਪਹਿਲਾਂ ਕਰਨਾ ਚਾਹੀਦਾ ਸੀ। ਕਮੇਟੀ ਨੇ ਇਹ ਵੀ ਪੁਰਜ਼ੋਰ ਮੰਗ ਕੀਤੀ ਹੈ ਕਿ ਜਿਨ੍ਹਾਂ ਨੂੰ ਘਰਾਂ ਤੋਂ ਉਜਾੜਿਆ ਗਿਆ ਹੈ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ ਅਤੇ ਜਿਹੜੇ ਪੁਲਸ ਮੁਲਾਜ਼ਮਾਂ ਨੇ ਔਰਤਾਂ, ਬੱਚਿਆਂ, ਬਜ਼ੁਰਗਾਂ ਆਦਿ ਵਿਅਕਤੀਆਂ 'ਤੇ ਜ਼ਬਰ ਢਾਇਆ ਹੈ ਉਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਕਮੇਟੀ ਨੇ ਇਹ ਵੀ ਮੰਗ ਕੀਤੀ ਕਿ ਕਿਸੇ ਵੀ ਹਾਲਤ ਵਿੱਚ ਪ੍ਰੈੱਸ ਦੀ ਆਜ਼ਾਦੀ ਨੂੰ ਦਬਾਉਣਾ ਨਹੀਂ ਚਾਹੀਦਾ। ਖ਼ਬਰ ਦਾ ਬਹਾਨਾ ਬਣਾ ਕਿ ਅਖ਼ਬਾਰਾਂ ਦੇ ਸਰਕਾਰੀ ਇਸ਼ਤਿਹਾਰ ਬੰਦ ਕਰਨੇ ਗਲਤ ਹਨ। ਸਰਕਾਰ ਆਪਣਾ ਇਹ ਹੁਕਮ ਵਾਪਸ ਲਏ ਤੇ ਅਖ਼ਬਾਰਾਂ ਦੇ ਇਸ਼ਤਿਹਾਰ ਚਾਲੂ ਕੀਤੇ ਜਾਣ। ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਵਾਲੇ ਮੁੱਖ ਸਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ, ਪ੍ਰਗਟ ਸਿੰਘ ਜਾਮਾਰਾਏ, ਪ੍ਰੋ. ਗੋਪਾਲ ਸਿੰਘ ਬੁੱਟਰ, ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ, ਕਿਰਤੀ ਕਿਸਾਨ ਤੇ ਮਜ਼ਦੂਰ ਯੂਨੀਅਨ ਤੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਤੋਂ ਇਲਾਵਾ ਕਸ਼ਮੀਰ ਘੁੱਗਸ਼ੋਰ, ਸੰਤੋਖ ਸਿੰਘ ਸੰਧੂ, ਕੁਲਵੰਤ ਸਿੰਘ ਕਾਕਾ, ਤੇ ਰਾਜੇਸ਼ ਥਾਪਾ ਵੀ ਸ਼ਾਮਿਲ ਸਨ।












ਗੋਬਿੰਦਰ ਸਿੰਘ ਬਰੜ੍ਹਵਾਲ

# ਸਾਵਧਾਨੀ ਹਟੀ, ਦੁਰਘਟਨਾ ਘਟੀ



ਸਰਦੀਆਂ ਦੀ ਆਮਦ ਹੋ ਚੁੱਕੀ ਹੈ ਅਤੇ ਧੁੰਦ ਨੇ ਵੀ ਸੰਘਣੀ ਹੋਣਾ ਸ਼ੁਰੂ ਕਰ ਦਿੱਤਾ ਹੈ। ਅਖ਼ਬਾਰਾਂ ਅਤੇ ਚੈਂਨਲਾਂ ਉੱਪਰ ਰੋਜ਼ਾਨਾਂ ਹੀ ਸੜਕੀ ਹਾਦਸੇ ਖ਼ਬਰਾਂ ਦੀਆਂ ਸੁਰਖੀਆਂ ਬਣਦੇ ਹਨ ਅਤੇ ਕਿਸੇ ਨਾ ਕਿਸੇ ਘਰ ਸੱਥਰ ਵਿਛਾ ਛੱਡਦੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੇ ਅੰਕੜਿਆਂ ਅਨੁਸਾਰ ਸਾਲ 2021 ਦੌਰਾਨ ਦੇਸ ਵਿੱਚ 403116 ਸੜਕ ਹਾਦਸੇ ਵਾਪਰੇ ਅਤੇ 155622 ਮੌਤਾਂ ਹੋਈਆਂ। ਪੰਜਾਬ ਰੋਡ ਸੇਫਟੀ ਅਤੇ ਟ੍ਰੈਫਿਕ ਰਿਸਰਚ ਸੈਂਟਰ ਦੁਆਰਾ ਤਿਆਰ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 2011 ਤੋਂ 2020 ਤੱਕ 56,959 ਹਾਦਸੇ ਹੋਏ ਅਤੇ 46,550 ਲੋਕ ਸੜਕ ਹਾਦਸਿਆਂ ਵਿੱਚ ਮਾਰੇ ਗਏ। ਸੜਕ ਹਾਦਸਿਆਂ ਤੋਂ ਬਚਾਅ ਅਤੇ ਆਵਾਜਾਈ ਨੂੰ ਸੁਚਾਰੂ ਰੂਪ ਵਿੱਚ ਬਣਾਈ ਰੱਖਣ ਲਈ ਯਾਤਾਯਾਤ ਦੇ ਨਿਯਮ ਬਣਾਏ ਗਏ ਹਨ। ਇਹ ਨਿਯਮ ਹਰ ਵਿਅਕਤੀ ਦੁਆਰਾ ਪਾਲਣਾ ਕਰਨ ਲਈ ਹੁੰਦੇ ਹਨ ਜੋ ਸੜਕਾਂ ਤੇ ਚਲਦੇ ਹਨ ਅਤੇ ਟ੍ਰੈਫਿਕ ਦਾ ਹਿੱਸਾ ਬਣਦੇ ਹਨ।

ਸੜਕੀ ਹਾਦਸਿਆਂ ਪਿੱਛੇ ਜ਼ਿਆਦਾਤਰ ਸਿੱਧੇ ਤੌਰ ਤੇ ਲੋਕਾਂ ਦੀ ਯਾਤਾਯਾਤ ਨਿਯਮਾਂ ਸੰਬੰਧੀ ਵਰਤੀ ਜਾਂਦੀ ਅਣਗਹਿਲੀ ਅਤੇ ਪ੍ਰਸ਼ਾਸਨ ਦੀ ਦਿੱਤੀ ਜਾਂਦੀ ਢਿੱਲ ਜਿੰਮੇਵਾਰ ਹੈ। ਪੰਜਾਬ ਵਿੱਚ ਲੋਕਾਂ ਨੂੰ ਦੋ-ਪਹੀਆ ਵਾਹਨਾਂ ਨੂੰ ਬਿਨ੍ਹਾਂ ਹੈਲਮੈੱਟ ਚਲਾਉਂਦੇ ਆਮ ਵੇਖਿਆ ਜਾਂਦਾ ਹੈ ਅਤੇ ਸੂਬੇ ਵਿੱਚ ਪੁਲਿਸ ਪ੍ਰਸ਼ਾਸਨ ਤਰਫੋਂ ਵੀ ਹੈਲਮੈੱਟ ਦਾ ਚਾਲਾਨ ਨਾ ਮਾਤਰ ਹੀ ਹੁੰਦਾ ਹੈ। ਇਹ ਵੀ ਕੋਈ ਅੱਤਕੱਥਨੀ ਨਹੀਂ ਕਿ ਸੜਕਾਂ ਉੱਤੇ ਵਾਹਨਾਂ ਨੂੰ ਚਲਾ ਰਹੇ ਲੋਕ ਬਹੁਤੇ ਆਵਾਜਾਈ ਦੇ ਨਿਯਮਾਂ ਤੋਂ ਅਣਜਾਣ ਹੀ ਹੁੰਦੇ ਹਨ ਅਤੇ ਪਿੰਡਾਂ ਸ਼ਹਿਰਾਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਵਾਹਨ ਚਲਾਉਂਦੇ ਆਮ ਨਜਰੀਂ ਪੈ ਜਾਂਦੇ ਹਨ।

ਮੌਜੂਦਾ ਸਮੇਂ ਧੁੰਦ ਕਾਰਨ ਵਿਜੀਵਿਲਿਟੀ ਉਂਞ ਹੀ ਘੱਟ ਹੋ ਜਾਂਦੀ ਹੈ ਸੋ ਆਵਾਯਾਈ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਸੁਰੱਖਿਅਤ ਸਫਰ ਕੀਤਾ ਜਾ ਸਕੇ। ਜ਼ਰੂਰਤ ਅਨੁਸਾਰ ਹੀ ਨਿੱਜੀ ਵਾਹਨ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜੇਕਰ ਸੰਭਵ ਹੋਵੇ ਤਾਂ ਸਫ਼ਰ ਲਈ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇ। ਕਦੇ ਵੀ ਤੇਜ ਰਫ਼ਤਾਰ ਜਾਂ ਨਸ਼ਾ ਆਦਿ ਕਰਕੇ ਕੋਈ ਵਾਹਨ ਨਹੀਂ ਚਲਾਉਣਾ ਚਾਹੀਦਾ। ਯਾਤਾਯਾਤ ਦੇ ਹੋਰ ਨਿਯਮਾਂ ਦੇ ਨਾਲ ਨਾਲ ਹਾਰਨਾਂ ਦੀ ਢੁੱਕਵੀਂ ਵਰਤੋਂ, ਗੱਡੀਆਂ ਵਿੱਚ ਸੀਟ ਬੈਲਟਾਂ ਦੀ ਵਰਤੋਂ, ਚੌਂਕਾਂ ਵਿੱਚ ਲੱਗੀਆਂ ਬੱਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਪੈਦਲ ਚੱਲਦੇ ਸਮੇਂ ਜੈਬਰਾ ਕਰਾਸਿੰਗ ਤੋਂ ਮੁੱਖ ਸੜਕਾਂ ਨੂੰ ਪਾਰ ਕਰਨਾ ਚਾਹੀਦਾ ਹੈ ਕਿਉਂਕਿ ਕਿਸੇ ਹੋਰ ਥਾਂ ਤੋਂ ਸੜਕ ਪਾਰ ਕਰਨਾ ਦੁਰਘਟਨਾ ਨੂੰ ਸਿੱਧਾ ਸੱਦਾ ਸਾਬਤ ਹੋ ਸਕਦੀ ਹੈ।

ਸਰਦੀਆਂ ਦੇ ਮੌਸਮ ਵਿੱਚ ਵੱਖੋ ਵੱਖਰੇ ਸਮਾਗਮ ਚੱਲਦਿਆਂ ਸੜਕਾਂ ਤੇ ਚਾਹ ਆਦਿ ਦਾ ਲੰਗਰ ਲਾਉਣਾ ਆਮ ਗੱਲ ਹੈ ਪਰੰਤੂ ਇੱਥੇ ਜ਼ਰੂਰੀ ਹੈ ਕਿ ਮੁੱਖ ਸੜਕ ਤੋਂ ਥੋੜਾ ਪਿੱਛੇ ਹੱਟਕੇ ਲੰਗਰ ਲਾਇਆ ਜਾਵੇ ਅਤੇ ਲੋਕਾਂ ਨੂੰ ਰੋਕਣ ਲਈ ਜੋ ਮਿੱਟੀ ਦੇ ਉੱਚੇ ਉੱਚੇ ਬੰਨ੍ਹਨੁਮਾ ਹੰਪ ਬਣਾਏ ਜਾਂਦੇ ਹਨ ਉਹਨਾਂ ਤੋਂ ਪਰਹੇਜ਼ ਕੀਤਾ ਜਾਵੇ ਤਾਂ ਜੋ ਕੋਈ ਸੜਕ ਦੁਰਘਟਨਾ ਨਾ ਵਾਪਰੇ।

ਸਿਹਤ ਪ੍ਰਤੀ ਸੁਚੇਤ ਨਾਗਰਿਕ ਚੰਗੀ ਗੱਲ ਹੈ ਪਰੰਤੂ ਸੜਕਾਂ ਤੇ ਸੈਰ ਕਰਨਾ ਕਦੇ ਵੀ ਸਹੀ ਨਹੀਂ ਕਿਹਾ ਜਾ ਸਕਦਾ, ਇਸਦੇ ਲਈ ਮੈਦਾਨ ਜਾਂ ਪਾਰਕ ਆਦਿ ਵਿੱਚ ਸੈਰ, ਟਹਿਲ ਕਦਮੀ ਆਦਿ ਕੀਤੀ ਜਾ ਸਕਦੀ ਹੈ। ਲੋਕਾਂ ਵਿੱਚ ਸਵੈ ਜਾਗਰੂਕਤਾ, ਅਨੁਸ਼ਾਸਨ ਅਤੇ ਜਿੰਮੇਵਾਰੀ ਦੀ ਭਾਵਨਾ ਦੀ ਭਾਰੀ ਘਾਟ ਰੜਕਦੀ ਹੈ। ਸੜਕੀ ਨਿਯਮਾਂ ਸੰਬੰਧੀ ਅਣਗਹਿਲੀ ਲੋਕਾਂ ਦੇ ਸੁਭਾਅ ਦਾ ਹਿੱਸਾ ਬਣ ਗਈ ਹੈ ਪਰੰਤੂ ਜਿੱਥੇ ਸਖਤੀ ਹੁੰਦੀ ਹੈ ਉੱਥੇ ਇਹ ਤੀਰ ਵਾਂਗੂੰ ਸਿੱਧੇ ਹੋ ਜਾਂਦੇ ਹਨ ਕਿਉਂਕਿ ਚੰਡੀਗੜ ਵਿੱਚ ਪ੍ਰਸ਼ਾਸਨਿਕ ਸਖਤੀ ਦੇ ਚੱਲਦਿਆਂ ਆਪਣੇ ਵਾਹਨਾਂ ਨੂੰ ਚੰਡੀਗੜ ਦੇ ਖੇਤਰ ਵਿੱਚ ਲੈ ਕੇ ਜਾਂਦਿਆਂ ਹੀ ਇੱਕ ਦਮ ਜਿਆਦਾਤਰ ਲੋਕ ਯਾਤਾਯਾਤ ਦੇ ਨਿਯਮਾਂ ਦੀ ਪਾਲਣਾ ਕਰਨ ਲੱਗ ਜਾਂਦੇ ਹਨ ਅਤੇ ਪੰਜਾਬ ਵਿੱਚ ਉਹੀ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਰੱਖਦੇ ਹਨ।

ਸੜਕੀ ਨਿਯਮਾਂ ਦੀ ਪਾਲਣਾ ਦੂਜਿਆਂ ਦੇ ਨਾਲ ਨਾਲ ਸਾਡੀ ਆਪਣੀ ਜਾਨ ਦੀ ਸੁਰੱਖਿਆ ਲਈ ਜਰੂਰੀ ਹੈ। ਸੜਕੀ ਨਿਯਮਾਂ ਨੂੰ ਅਣਗੋਲਿਆਂ ਕਰਨ ਤੇ ਆਪਣੀ ਜਾਨ ਦੇ ਨਾਲ ਨਾਲ ਦੂਜੇ ਵਿਅਕਤੀਆਂ ਲਈ ਵੀ ਅਸੀਂ ਖਤਰਾ ਬਣ ਜਾਂਦੇ ਹਾਂ। ਆਦਰਸ਼ ਨਾਗਰਿਕ ਲਈ ਜ਼ਰੂਰੀ ਹੈ ਕਿ ਉਹ ਸੜਕੀ ਨਿਯਮਾਂ ਪ੍ਰਤੀ ਸੁਚੇਤ ਰਹੇ ਅਤੇ ਪਾਲਣਾ ਯਕੀਨੀ ਬਣਾਏ।

ਧੁੰਦ ਵਿੱਚ ਡ੍ਰਾਈਵਿੰਗ ਕਰਦਿਆਂ ਵਾਹਨ ਤੋਂ ਵਾਹਨ ਦਾ ਫਾਸਲਾ ਜਰੂਰ ਰੱਖਿਆ ਜਾਣਾ ਜ਼ਰੂਰੀ ਹੈ ਅਤੇ ਓਵਰਟੇਕ ਕਰਨ ਲੱਗਿਆਂ ਅੱਗੇ ਪਿੱਛੇ ਧਿਆਨ ਜਰੂਰ ਰੱਖਿਆ ਜਾਵੇ। ਡ੍ਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਨਾ ਕਰੋ, ਧੁੰਦ ਵਿੱਚ ਵਹੀਕਲ ਚਲਾਉਣ ਲੱਗਿਆ ਪੂਰਾ ਧਿਆਨ ਅੱਗੇ ਰੱਖੋ, ਧੁੰਦ ਵਿੱਚ ਕਦੀ ਵੀ ਸੜਕ ਦੇ ਵਿਚਕਾਰ ਵਹੀਕਲ ਨਾ ਰੋਕੋ ਜਦੋਂ ਵਹੀਕਲ ਰੋਕਣਾ ਹੋਵੇ ਤਾਂ ਇੰਡੀਕੇਟਰ ਜਾਰੀ ਰੱਖੋ ਤੇ ਵਹੀਕਲ ਨੂੰ ਸੜਕ ਤੋਂ ਸਾਇਡ ’ਤੇ ਹੀ ਰੋਕੋ ਅਤੇ ਵਹੀਕਲ ਚਲਾਉਂਦੇ ਸਮੇਂ ਲਾਇਟਾਂ ਚਲਾ ਕੇ ਰੱਖੋ। ਵਾਹਨਾਂ ਤੇ ਰਿਫਲੈਕਟਰ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਧੁੰਦ ਅਤੇ ਰਾਤ ਸਮੇਂ ਸੜਕ ਤੇ ਚਲਦੇ ਵਾਹਨ ਦਾ ਪਤਾ ਲੱਗ ਸਕੇ।

ਸੁਰੱਖਿਅਤ ਸਫਰ ਅਤੇ ਸੁਚੱਜੀ ਆਵਾਜਾਈ ਲਈ ਯਾਤਾਯਾਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜਰੂਰੀ ਹੈ ਕਿ ਲੋਕਾਂ ਵਿੱਚ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕੀਤੀ ਜਾਵੇ ਅਤੇ ਪ੍ਰਸ਼ਾਸਨ ਤਰਫੋਂ ਵਰਤੀ ਜਾਂਦੀ ਢਿੱਲ ਦੀ ਥਾਂ ਪੂਰੀ ਸਖਤੀ ਨੂੰ ਵੀ ਲਾਗੂ ਕੀਤਾ ਜਾਵੇ, ਇਹੀ ਸਮਾਜ ਅਤੇ ਲੋਕਾਂ ਦੇ ਹਿੱਤ ਵਿੱਚ ਹੈ ਅਤੇ ਵਾਹਨ ਚਲਾਉਂਦੇ ਸਮੇਂ ਟਰੈਫਿਕ ਨਿਯਮਾਂ ਦੀ ਕੀਤੀ ਪਾਲਣਾ ਨਾਲ ਸੜਕੀ ਹਾਦਸਿਆਂ ਨੂੰ ਬਹੁਤ ਹੱਦ ਤੱਕ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਕਈ ਘਰਾਂ ਵਿੱਚ ਸੋਗ ਪਸਰਨ ਤੋਂ ਬਚਾ ਹੋ ਸਕਦਾ ਹੈ।












# Homelife Silvercity Christmas Party and Awards Night 2022.





Homelife Silvercity Christmas Party and Awards Night 2022. Our Team Ajit Garcha, Baljit Garcha, Myself and all team would like to thank all Homelife Silvercity Family, our staff, political leaders, media and all supporters for your blessings to us. Special Thanks to Mr Andrew Cimerman and Homelife International.

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਸਲਾਨਾ ਡਿਨਰ ਸਮਾਗ਼ਮ 'ਚ ਕੀਤਾ ਮਲੂਕ ਸਿੰਘ ਕਾਹਲੋਂ ਤੇ ਮਕਸੂਦ ਚੌਧਰੀ ਨੂੰ ਸਨਮਾਨਿਤ

## ਗੀਤਾਂ, ਗ਼ਜ਼ਲਾਂ ਤੇ ਕਵਿਤਾਵਾਂ ਦੀ ਤਿੰਨ ਘੰਟੇ ਦੀ ਛਹਿਬਰ ਦੌਰਾਨ ਕਈਆਂ ਨੇ ਆਪਣੇ ਵਿਚਾਰ ਵੀ ਸਾਂਝੇ ਕੀਤੇ






ਬਰੈਂਪਟਨ, (ਸਰੋਕਾਰਾਂ ਦੀ ਆਵਾਜ਼ ਬਿਊਰੋ) ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕਈ ਸਾਲਾਂ ਤੋਂ ਚਲੀ ਆ ਰਹੀ ਆਪਣੀ ਪਰੰਪਰਾ ਜੋ ਕਰੋਨਾ ਕਾਲ ਦੌਰਾਨ ਪਿਛਲੇ ਦੋ ਸਾਲ ਦੁਹਰਾਈ ਨਾ ਜਾ ਸਕੀ, ਨੂੰ ਮੁੜ ਬਹਾਲ ਕਰਦਿਆਂ ਲੰਘੇ ਸ਼ਨੀਵਾਰ 17 ਦਸੰਬਰ ਨੂੰ 2250 ਬੋਵੇਰਡ ਡਰਾਈਵ ਸਥਿਤ ਇਮਾਰਤ ਦੀ ਪਾਰਕਿੰਗ-1 ਵਿਚ ਸਥਿਤ 'ਹੋਮ ਲਾਈਫ਼ ਰਿਆਲਟੀ' ਦੇ ਖੁੱਲ੍ਹੇ-ਡੁੱਲ੍ਹੇ ਮੀਟਿੰਗ-ਹਾਲ ਵਿਚ ਸਲਾਨਾ ਡਿਨਰ ਦਾ ਆਯੋਜਨ ਕੀਤਾ ਗਿਆ ਜਿਸ ਨੂੰ ਸਾਹਿਤ-ਪ੍ਰੇਮੀਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਦੌਰਾਨ ਪ੍ਰਧਾਨਗੀ-ਮੰਡਲ ਵਿੱਚ ਸਭਾ ਵੱਲੋਂ ਸਨਮਾਨਿਤ ਕੀਤੀਆਂ ਜਾਣ ਵਾਲੀਆਂ ਸ਼ਖ਼ਸੀਅਤਾਂ ਮਲੂਕ ਸਿੰਘ ਕਾਹਲੋਂ ਤੇ ਮਕਸੂਦ ਚੌਧਰੀ ਦੇ ਨਾਲ ਸਭਾ ਦੇ ਸਰਪ੍ਰਸਤ ਬਲਰਾਮ ਚੀਮਾ ਅਤੇ ਲਾਹੌਰ ਤੋਂ ਆਈ ਮੋਹਤਰਿਮਾ ਨਬੀਲ ਮੀਰਾ ਬਿਰਾਜਮਾਨ ਹੋਏ। ਸਮਾਗ਼ਮ ਦੀ ਕਾਰਵਾਈ ਆਰੰਭ ਕਰਦਿਆਂ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੂੰ ਆਏ ਮਹਿਮਾਨਾਂ ਤੇ ਸਾਹਿਤ-ਪ੍ਰੇਮੀਆਂ ਦਾ ਸੁਆਗ਼ਤ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਸਾਰਿਆਂ ਦਾ ਹਾਰਦਿਕ ਸੁਆਗ਼ਤ ਕਰਦੇ ਹੋਏ ਬੜੇ ਭਾਵਪੂਰਤ ਸ਼ਬਦਾਂ 'ਚ ਬੋਲਚਾਲ ਵਿੱਚ ਆਉਂਦੇ ਆਮ ਸ਼ਬਦਾਂ ਅਤੇ ਗੁਰਬਾਣੀ ਦੇ ਸੰਦਰਭ ਵਿਚਲੇ 'ਸ਼ਬਦ' ਦੀ ਮਹਿਮਾ ਦੀ ਚਰਚਾ ਛੇੜੀ ਜਿਸ ਨੂੰ ਹੋਰ ਵਿਸਥਾਰ ਦਿੰਦਿਆਂ ਹੋਇਆਂ ਉੱਘੇ ਵਿਦਵਾਨ ਪ੍ਰੋ. ਰਾਮ ਸਿੰਘ ਨੇ ਦੱਸਿਆ ਕਿ 'ਬੋਲੀ' ਤੋਂ ਬਾਅਦ ਬਣੀ 'ਭਾਸ਼ਾ' ਵਿਚ ਸੱਭ ਤੋਂ ਪਹਿਲਾਂ ਚਿੰਨ੍ਹ ਅਤੇ ਫਿਰ ਅੱਖਰ ਆਏ ਜਿਨ੍ਹਾਂ ਦੇ ਸੁਮੇਲ ਨਾਲ 'ਸ਼ਬਦ' ਦੀ ਬਣਤਰ ਹੋਈ। ਇਨ੍ਹਾਂ ਸ਼ਬਦਾਂ ਤੋਂ ਵਾਕ ਬਣੇ ਜੋ ਪੁਸਤਕ ਰੂਪ ਵਿੱਚ ਆਏ ਅਤੇ ਫਿਰ 'ਗ੍ਰੰਥਾਂ' ਦੀ ਰਚਨਾ ਹੋਈ। 'ਰਮਾਇਣ', 'ਭਗਵਤ ਗੀਤਾ', 'ਬਾਈਬਲ' ਤੇ 'ਪਵਿੱਤਰ ਕੁਰਾਨ' ਵਰਗੇ ਧਾਰਮਿਕ ਗ੍ਰੰਥ ਹੋਂਦ ਵਿਚ ਆਏ ਅਤੇ ਫਿਰ ਇਸ ਤੋਂ ਅੱਗੇ ਜਾ ਕੇ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ 'ਗੁਰੂ ਗ੍ਰੰਥ ਸਾਹਿਬ ਜੀ' ਨੂੰ 'ਸ਼ਬਦ ਗੁਰੂ' ਦਾ ਦਰਜਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਹ ਸਾਰੀ ਸ਼ਬਦ ਦੀ ਹੀ ਮਹਿਮਾ ਅਤੇ ਉਸ ਦਾ ਅੱਗੋਂ ਵਿਸਥਾਰ ਹੈ। ਕਵੀ-ਦਰਬਾਰ ਨੂੰ ਆਪਣੇ ਹਿਸਾਬ ਨਾਲ ਤਰਤੀਬ ਦਿੰਦਿਆਂ ਤਲਵਿੰਦਰ ਮੰਡ ਨੇ ਸੱਭ ਤੋਂ ਪਹਿਲਾਂ ਮਲਵਿੰਦਰ ਨੂੰ ਆਪਣੀ ਕਵਿਤਾ ਸੁਨਾਉਣ ਦਾ ਸੱਦਾ ਦਿੱਤਾ ਜਿਸ ਨੇ ਉਸ ਦਿਨ ਦੀ 'ਪੰਜਾਬੀ ਟ੍ਰਿਬਿਊਨ' ਵਿਚ ਆਪਣੇ ਤਾਜ਼ੇ ਛਪੇ ਦੋਹਿਆਂ ਵਿੱਚੋਂ ਕੁਝ ਬਾਖ਼ੂਬੀ ਪੇਸ਼ ਕੀਤੇ। ਉਸ ਤੋਂ ਬਾਅਦ ਪਰਮਜੀਤ ਢਿੱਲੋਂ ਦੀ ਵਾਰੀ ਆ ਗਈ ਜਿਸ ਦੇ ਗੀਤ ਦੇ ਬੋਲਾਂ ਨੇ ਸਰੋਤਿਆਂ ਦੀ ਖ਼ੂਬ 'ਵਾਹ-ਵਾਹ' ਖੱਟੀ। ਫਿਰ ਵਾਰੋ ਵਾਰੀ ਕਵੀ-ਕਵਿੱਤਰੀਆਂ ਤੇ ਗਾਇਕ ਮੰਚ 'ਤੇ ਆਉਂਦੇ ਗਏ ਅਤੇ ਆਪਣੀਆਂ ਕਵਿਤਾਵਾਂ, ਗੀਤਾਂ ਤੇ ਗ਼ਜ਼ਲਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰਦੇ ਗਏ। ਉਨ੍ਹਾਂ ਨੂੰ ਸਮਾਗ਼ਮ ਵਿਚ ਜਿੱਥੇ ਪ੍ਰੋ. ਆਸ਼ਿਕ ਰਹੀਲ, ਜਨਾਬ ਅਬਦੁਲ ਹਮੀਦੀ, ਮੋਹਤਰਿਮਾ ਨਬੀਲਾ ਮੀਰ, ਭੁਪਿੰਦਰ ਦੁਲੇ ਤੇ ਦੀਪ ਕੁਲਦੀਪ ਦੀਆਂ ਖ਼ੂਬਸੂਰਤ ਉਰਦੂ ਤੇ ਪੰਜਾਬੀ ਗ਼ਜ਼ਲਾਂ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ, ਉੱਥੇ ਇਕਬਾਲ ਬਰਾੜ, ਰਿੰਟੂ ਭਾਟੀਆ, ਮੀਤਾ ਖੰਨਾ, ਹਰਜੀਤ ਭੰਵਰਾ, ਪਰਮਜੀਤ ਸਿੰਘ ਗਿੱਲ ਅਤੇ ਐਂਜਲਾ ਬ੍ਰਦਰਜ਼ ਦੇ ਗੀਤ ਵੀ ਦਿਲਾਂ ਨੂੰ ਟੁੰਬਣ ਵਾਲੇ ਸਨ। ਇਕਬਾਲ ਬਰਾੜ ਦੇ ਗੀਤ 'ਸਾਰਾ ਸਾਰਾ ਦਿਨ ਤੇਰੇ ਬਿਨ, ਹੁਣ ਨਹੀਂ ਗੁਜ਼ਰਦਾ ਯਾਰਾ' ਅਤੇ ਰਿੰਟੂ ਭਾਟੀਆ ਦੇ ਗੀਤ 'ਵੇ ਮੈਂ ਤੇਰਾ ਨਾਲ ਲੱਗੀਆਂ ਵੇ ਰਾਂਝਣਾਂ, ਵੇ ਤੂੰ ਕਰਨਾਂ ਏ ਠੱਗੀਆਂ ਵੇ ਰਾਂਝਣਾਂ' ਨੇ ਤਾਂ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ।








# CWCA ਦੀ ਮੀਟਿੰਗ ਸਿੱਖ ਕੌਮ ਦੀਆਂ ਸ਼ਹਾਦਤਾਂ, ਕ੍ਰਿਸਮਿਸ ਅਤੇ ਨਵੇਂ ਸਾਲ ਦੇ ਆਗਮਨ ਨੂੰ ਸਮਰਪਿਤ



(ਸਰੋਕਾਰਾਂ ਦੀ ਆਵਾਜ਼ ਬਿਊਰੋ)

ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਸਾਲ 2022 ਦੀ ਆਖਰੀ ਮੀਟਿੰਗ ਜੈਨੇਸਸ ਸੈਂਟਰ ਕੈਲਗਰੀ ਵਿੱਚ 17 ਦਸੰਬਰ 2022 ਨੂੰ ਕੀਤੀ ਗਈ। ਮੀਟਿੰਗ ਸਿੱਖ ਕੌਮ ਦੀਆਂ ਸ਼ਹਾਦਤਾਂ, ਕ੍ਰਿਸਮਿਸ ਤੇ ਨਵੇ ਸਾਲ ਦੇ ਆਗਮਨ ਨੂੰ ਸਮਰਪਿਤ ਰਹੀ। ਮੀਟਿੰਗ ਦੀ ਸ਼ੁਰੂਆਤ ਸਭਾ ਸਕੱਤਰ ਸੁਖਜੀਤ ਸਿਮਰਨ ਦੁਆਰਾ ਸਿੱਖ ਕੌਮ ਦੀਆਂ ਸ਼ਹਾਦਤਾਂ, ਸਾਕਾ ਚਮਕੌਰ ਤੇ ਸਰਹੰਦ ਦੇ ਸ਼ਹੀਦਾਂ ਦੀ ਸ਼ਹੀਦੀ ਨੂੰ ਕੋਟਾਨ ਕੋਟਿ ਪ੍ਰਣਾਮ ਕਰਦਿਆਂ ਕੀਤੀ ਗਈ। ਸਭਾ ਪ੍ਰਧਾਨ ਡਾ. ਬਲਵਿੰਦਰ ਕੌਰ ਬਰਾੜ ਵੱਲੋਂ ਹਾਜ਼ਰ ਭੈਣਾਂ ਨੂੰ ਸੰਬੋਧਨ ਕਰਦਿਆਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਪਰਿਵਾਰ ਦੀਆਂ ਕੌਮ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ, ਨਵੀਂ ਪੀੜੀ ਨੂੰ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ ਗਈ। Leela Aheer (MLA Chestermere) ਸਭਾ ਦੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਭੈਣਾਂ ਦੀ ਭਰਵੀਂ ਹਾਜ਼ਰੀ ਵਿਚ ਸਭਾ ਵੱਲੋਂ ਸਮਾਜਿਕ ਮੁੱਦਿਆਂ ਤੇ ਕੀਤੇ ਜਾ ਰਹੇ ਨਿਰੰਤਰ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਮੈਂਬਰਾਂ ਦੇ ਮਿਲ ਜੁਲ ਕੇ ਕੰਮ ਕਰਨ ਪ੍ਰਤੀ ਖੁਸ਼ੀ ਪ੍ਰਗਟ ਕੀਤੀ। ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਸੁਖਵਿੰਦਰ ਕੌਰ ਬਾਠ ਅਤੇ ਸਿਟੀ ਕੌਂਸਲਰ ਰਾਜ ਧਾਲੀਵਾਲ ਦੇ ਮਾਤਾ ਜੀ ਨੇ ਵੀ ਕੁਰਬਾਨੀਆਂ ਦੇ ਮਹੀਨੇ ਦਸੰਬਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸਭਾ ਕੁਆਰਡੀਨੇਟਰ ਗੁਰਚਰਨ ਕੌਰ ਥਿੰਦ ਵੱਲੋਂ ਦਸੰਬਰ ਮਹੀਨੇ ਨੂੰ ਹਰ ਸੱਭਿਆਚਾਰ, ਰੀਤੀ ਰਿਵਾਜਾਂ, ਕੁਰਬਾਨੀਆਂ ਅਤੇ ਪ੍ਰੰਪਰਾਵਾਂ ਨਾਲ ਜੁੜਿਆ ਦੱਸਦਿਆਂ ਇੱਕ ਦੂਸਰੇ ਪ੍ਰਤੀ ਸਤਿਕਾਰ ਦੀ ਭਾਵਨਾਂ ਨੂੰ ਬਰਕਰਾਰ ਰੱਖਣ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਸਭਾ ਉਪ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਨੇ ਮਾਤਾ ਗੁਜਰੀ ਜੀ ਦੀ ਕੌਮ ਲਈ ਸ਼ਹਾਦਤ ਅਤੇ ਦਲੇਰ ਸਖਸ਼ੀਅਤ ਬਾਰੇ ਸਵੈ ਲਿਖਤ ਗੀਤ ਸੁਣਾਇਆ। ਗੁਰਜੀਤ ਬੈਦਵਾਨ, ਗੁਰਤੇਜ ਸਿੱਧੂ, ਜਸਮਿੰਦਰ ਕੌਰ ਬਰਾੜ, ਸਤਵਿੰਦਰ ਕੌਰ ਪਰਵਾਹਾ, ਹਰਚਰਨ ਕੌਰ ਤੇ ਬਾਸੀ ਵੱਲੋਂ ਵੀ ਧਾਰਮਿਕ ਗੀਤ ਅਤੇ ਸ਼ਬਦ ਪੇਸ਼ ਕੀਤੇ ਗਏ। ਸਭਾ ਪ੍ਰਧਾਨ ਡਾ ਬਲਵਿੰਦਰ ਕੌਰ ਬਰਾੜ ਵੱਲੋਂ ਸ:ਸੁਖਵਿੰਦਰ ਸਿੰਘ ਥਿੰਦ ਨੂੰ ਸਭਾ ਦੀ ਕਾਰਜਕਾਰੀ ਕਮੇਟੀ ਦੇ ਨਿਰੰਤਰ ਸਹਿਯੋਗ ਲਈ ਧੰਨਵਾਦ ਕਰਦਿਆਂ ਸਨਮਾਨਤ ਕੀਤਾ ਗਿਆ। ਗੁਰਚਰਨ ਕੌਰ ਥਿੰਦ ਵੱਲੋਂ ਇੱਕ ਸਵੈਲਿਖਤ ਗੀਤ "ਆ ਸੱਜਣ ਇੱਕ ਗੀਤ ਸੁਣਾਵਾਂ" ਪੇਸ਼ ਕੀਤਾ ਗਿਆ। ਸੁਰਜੀਤ ਢਿੱਲੋਂ ਨੇ ਬਾਬਲ ਤੇ ਧੀ ਦੇ ਰਿਸ਼ਤੇ ਦੀ ਸਾਂਝ ਨੂੰ ਬਿਆਨਦਿਆਂ ਇਕ ਗੀਤ ਸੁਣਾਇਆ । ਸਰਬਜੀਤ ਉਪਰ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਲੋਕ ਗੀਤ "ਕਿਥੇ ਗੁਜ਼ਾਰੀ ਰਾਤ" ਗਾਇਆ ਗਿਆ।ਸਭਾ ਵਿਚ ਆਏ ਨਵੇਂ ਮੈਂਬਰਾਂ ਦਯਾ ਕੌਰ ਅਤੇ ਪਰਮਜੀਤ ਕੌਰ ਦਾ ਸੁਆਗਤ ਕੀਤਾ ਗਿਆ। ਸਭਾ ਖ਼ਜ਼ਾਨਚੀ ਕਿਰਨ ਕਲਸੀ ਵੱਲੋਂ ਸਲਾਨਾ ਖਰਚ ਰਿਪੋਰਟ ਪੜ੍ਹੀ ਗਈ। ਸਭਾ ਵੱਲੋਂ ਹਰ ਇਕ ਸਭਾ ਮੈਂਬਰ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਤੋਹਫ਼ੇ ਵੰਡੇ ਗਏ ਅਤੇ lunch ਦਾ ਅਨੰਦ ਮਾਣਿਆ ਗਿਆ। ਸਭਾ ਦੀ ਸਮਾਪਤੀ ਸਭਾ ਪ੍ਰਧਾਨ ਡਾ ਬਲਵਿੰਦਰ ਕੌਰ ਬਰਾੜ ਅਤੇ ਸਭਾ ਕੋਆਡੀਨੇਟਰ ਗੁਰਚਰਨ ਕੌਰ ਥਿੰਦ ਵੱਲੋਂ ਹਾਜ਼ਰ ਮੈਂਬਰਾਂ ਦਾ ਧੰਨਵਾਦ ਕਰਦਿਆਂ ਨਵੇਂ ਸਾਲ ਦੀਆਂ ਸ਼ੁਭ ਇੱਛਾਵਾਂ ਨਾਲ ਕੀਤੀ ਗਈ।

# ਬਾਬਾ ਜੀਵਨ ਸਿੰਘ ਜੀ ਦੀ ਸ਼ਹਾਦਤ, ਅੱਜ ਉਹਨਾਂ ਦੇ ਵਾਰਿਸਾਂ ਦੇ ਹੁੰਦੇ ਸਮਾਜਿਕ ਬਾਈਕਾਟ, ਜਾਤੀ-ਜਬਰ, ਨਜਾਇਜ਼ ਪਰਚਿਆ ਅਤੇ ਜੇਲਾਂ ਆਦਿ ਤੇ ਵੀ ਝਾਤ ਮਾਰੀਏ

ਬਾਬਾ ਜੀਵਨ ਸਿੰਘ ਦੀ ਸਹੀਦੀ ਇਤਿਹਾਸ ਚ ਕਿਸੇ ਨਾਲੋ ਕੋਈ ਘੱਟ ਨਹੀ ਹੈ। ਅੱਜ ਜਦੋਂ ਅਸੀ ਸਾਰੇ ਛੋਟੇ ਸਹਿਬਜਾਦਿਆ ਦੀ ਸ਼ਹਾਦਤ ਨੂੰ ਚੇਤੇ ਕਰ ਰਹੇ ਹਾ ਤਾਂ ਬਾਬਾ ਜੀਵਨ ਸਿੰਘ ਉਰਫ ਭਾਈ ਜੈਤਾ ਜੀ ਨੂੰ ਵੀ ਜਰੂਰ ਚੇਤੇ ਰੱਖਣਾ ਚਾਹੀਦਾ ਹੈ ਕਿਉਂਕਿ ਬਾਬਾ ਜੀਵਨ ਸਿੰਘ ਜੀ ਨੇ ਇਤਿਹਾਸ ਚ ਉਹ ਮਹਾਨ ਕੰਮ ਕੀਤੇ ਜਿਸ ਕਰਕੇ ਅਸੀ ਅੱਜ ਫਕਰ ਨਾਲ ਸਿਰ ਉੱਚਾ ਕਰਕੇ ਚਲਦੇ ਹਾਂ।ਚਾਂਦਨੀ ਚੋਂਕ ਚੋ ਗੁਰੂ ਤੇਗ ਬਹਾਦਰ ਦਾ ਸੀਸ ਚੁੱਕ ਕੇ ਲਿਆਉਣ ਦਾ ਜੇਰਾ ਬਾਬਾ ਜੀ ਨੇ ਕੀਤਾ ਅਤੇ ਨਾਲ ਹੀ ਅਪਨੇ ਪਿਤਾ ਦਾ ਸੀਸ ਬਰਾਬਰ ਰੱਖ ਕੇ ਆਉਣ ਦਾ। ਗੁਰੂ ਜੀਆ ਨੇ ਉਹਨਾ ਨੂੰ ਰੰਗਰੇਟੇ ਗੁਰੂ ਕੇ ਬੇਟੇ ਕਹਿ ਕੇ ਨਵਾਜਿਆ।

ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਅੱਜ ਓਹਨਾਂ ਦੇ ਵਾਰਿਸਾ ਦੀ ਜਿੰਦਗੀ ਨਰਕ ਬਣਾ ਦਿੱਤੀ ਗਈ ਹੈ ਸਮੇਂ ਦੇ ਹਾਕਮਾ ਨੇ ਮੰਗਤੇ ਬਣਾ ਦਿੱਤੇ ਹਨ।ਨਿੱਕੇ ਨਿੱਕੇ ਘਰਾ ਚ ਚਾਰ ਚਾਰ ਪੀੜ੍ਹੀਆਂ ਜਿੰਦਗੀ ਗੁਜਾਰਨ ਲਈ ਮਜਬੂਰ ਹੋਏ ਪਏ ਹਾ। ਜ਼ਿੰਦਗੀ ਜਿਉਣ ਲਈ ਰੁਜਗਾਰ ਦਾ ਪਰਬੰਧ ਨਹੀ ਹੈ।ਜਮੀਨਾ ਦਾ ਖੁੱਡ ਤੱਕ ਨਹੀ ਹੈ ਤਾਂਹੀ ਤਾ ਪੇਂਡੂ ਚੋਧਰੀਆ ਤੋ ਮੁੱਠੀ ਭਰ ਕੱਖਾ ਲਈ ਗਾਲਾ,ਕੁੱਟਾ-ਮਾਰਾ,ਤਾਹਣੇ ਸੁਣ ਨੇ ਪੇਂਦੇ ਹਨ।ਪੇਂਡੂ ਚੋਧਰੀਆ ਦੀਆ ਵਗਾਰਾ ਕਰਨੀਆ ਪੇਂਦੀਆ ਹਨ। ਜਦੋ ਅਪਣੀ ਹੋਣੀ ਦੇ ਮਾਲਕ ਬਣਨ ਲਈ ਅਪਣੇ ਹਿੱਸੇ ਦੀ ਗੱਲ ਕਰਦੇ ਹਾ ਤਾ ਪੇਂਡੂ ਚੋਧਰੀਆ ਨੂੰ ਹਜਮ ਨਹੀ ਆਉਦਾ। ਜਦੋਂ ਜ਼ਮੀਨਾਂ ਦੀ ਵੰਡਣ ਦੀ ਗੱਲ ਕਰਦੇ ਹਾਂ, ਪਲਾਟਾਂ ਦੀ ਮੰਗ ਕਰਦੇ ਹਾਂ, ਰੁਜ਼ਗਾਰ ਦੀ ਗੱਲ ਕਰਦੇ ਹਾਂ, ਕਰਜ਼ਾ ਮੁਆਫੀ ਦੀ ਗੱਲ ਕਰਦੇ ਹਾਂ, ਦਿਹਾੜੀ ਵਧਾਉਣ ਦੀ ਮੰਗ ਕਰਦੇ ਹਾਂ, ਝੋਨੇ ਦੀ ਲਵਾਈ ਦਾ ਰੇਟ ਵਧਾਉਣ ਦੀ ਮੰਗ ਕਰਦੇ ਹਾਂ ਤਾਂ ਫਿਰ ਅਸੀਂ ਸਭ ਦੇ ਅੱਖਾਂ 'ਚ ਰੜਕਦੇ ਹਾਂ। ਪੇਂਡੂ ਚੋਧਰੀ, ਅਫਸਰਸਾਹੀ ਰਲ ਕੇ ਮਜਦੂਰਾਂ ਦੇ ਗੁਰਦੁਆਰਿਆਂ ਅਤੇ ਹੋਰ ਥਾਵਾਂ ਤੋ ਸਾਡੇ ਬਾਈਕਾਟ ਕਰਵਾਉਦੇ ਹਨ, ਸਾਡੇ ਤੇ ਨਜਾਇਜ ਪਰਚੇ ਕਰਵਾਏ ਜਾਂਦੇ ਹਨ, ਜੇਲੀ ਡੱਕਿਆ ਜਾਦਾ ਹੈ। ਗੁੰਡਾ ਅਨਸਰਾ ਨਾਲ ਰਲਕੇ ਹਮਲੇ ਕਰਵਾਏ ਜਾਦੇ ਹਨ। ਕਤਲ ਵੀ ਕੀਤੇ ਜਾਦੇ ਹਨ।

ਸੋ ਆਪਾ ਸਿੱਟਾ ਕੱਢ ਸਕਦੇ ਹਾ ਕਿ ਬੇਸ਼ੱਕ ਸਾਡੇ ਪੁਰਖਿਆ ਨੇ ਸਾਡੇ ਲਈ ਬਹੁਤ ਸਾਰੀਆ ਕੁਰਬਾਨੀਆਂ ਕੀਤੀਆਂ ਸਾਡੇ ਗੁਰੂਆਂ ਨੇ ਸਾਨੂੰ "ਮਾਨਸ ਕਿ ਜਾਤ ਸਭੈ ਏਕ ਪਹਿਚਾਨਵੋ" ਦਾ ਸੰਦੇਸ ਦਿੱਤਾ ਪਰ ਅੱਜ ਦੇ ਸਿੱਖ ਧਰਮ ਦੇ ਬਣੇ ਠੇਕੇਦਾਰ ਸਾਨੂੰ ਨੀਚ ਹੀ ਰੱਖਣਾ ਚਾਹੁੰਦੇ ਹਨ। ਆਓ ਬਾਬਾ ਜੀਵਨ ਸਿੰਘ ਨੂੰ ਚੇਤੇ ਕਰਦਿਆਂ ਸਮੇਂ ਦੇ ਹਾਕਮਾ ਨਾਲ ਜਮੀਨਾਂ ਦੀ ਕਾਣੀ ਵੰਡ ਖਤਮ ਕਰਨ ਲਈ ਅਤੇ ਜਾਤੀ -ਪਾਤੀ ਪਰਬੰਧ ਦੇ ਖਿਲਾਫ ਮੱਥਾ ਲਾਈਏ ਤੇ ਅਪਣੀ ਹੋਣੀ ਦੇ ਮਾਲਕ ਬਣੀਏ।





















# ਭਾਰਤ-ਚੀਨ ਸਰਹੱਦੀ ਵਿਵਾਦ : ਪਿਛਾਖੜੀ ਮਕਸਦਾਂ ਦਾ ਹੱਥਾ



ਪਾਵੇਲ ਕੁੱਸਾ
62807-22965



ਭਾਰਤ ਤੇ ਚੀਨ ਦਰਮਿਆਨ ਸਰਹੱਦੀ ਵਿਵਾਦ ਮੁੜ ਭਖਿਆ ਹੋਇਆ ਹੈ। ਪਿਛਲੇ ਕਈ ਮਹੀਨਿਆਂ ਤੋਂ ਮੁਲਕ ਦੀ ਪ੍ਰੈਸ ਅੰਦਰ ਇਹ ਮੁੱਖ ਸੁਰਖੀਆਂ 'ਚ ਰਹਿ ਰਿਹਾ ਹੈ। ਜੂਨ ਮਹੀਨੇ 'ਚ ਦੋਹਾਂ ਮੁਲਕਾਂ ਦੀਆਂ ਫੌਜਾਂ ਦਰਮਿਆਨ ਲੱਦਾਖ ਖੇਤਰ ਅੰਦਰ ਬਿਨਾਂ ਗੋਲੀਬਾਰੀ ਤੋਂ ਹੋਈ ਹਿੰਸਕ ਝੜਪ 'ਚ 20 ਭਾਰਤੀ ਫੌਜੀ ਮਾਰੇ ਗਏ ਸਨ, ਚੀਨ ਵੱਲੋਂ ਆਪਣੇ ਫੌਜੀਆਂ ਦੀ ਅਧਿਕਾਰਤ ਪੁਸਟੀ ਨਹੀਂ ਕੀਤੀ ਗਈ ਸੀ। ਉਸਤੋਂ ਮਗਰੋਂ ਸਰਹੱਦ ਤੇ ਟਕਰਾਅ ਬਣਿਆ ਰਹਿ ਰਿਹਾ ਹੈ। ਇਹਨਾਂ ਸਾਰੇ ਮਹੀਨਿਆਂ ਦੌਰਾਨ ਭਾਰਤੀ ਫੌਜ ਦੀ ਪੱਧਰ ਤੋਂ ਲੈ ਕੇ, ਮੁੱਖ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਤੇ ਸਰਕਾਰ ਦੇ ਮੰਤਰੀਆਂ ਤੱਕ ਦੀ ਗੱਲਬਾਤ ਚੀਨੀ ਅਧਿਕਾਰੀਆਂ ਨਾਲ ਹੋਈ ਹੈ। ਰੂਸ 'ਚ ਦੋਹਾਂ ਮੁਲਕਾਂ ਦੇ ਮੰਤਰੀ ਵੀ ਇੱਕਠੇ ਹੋਏ ਹਨ ਤੇ ਵਾਰ-ਵਾਰ ਸਰਹੱਦ 'ਤੇ ਸਾਂਤੀ ਬਣਾਈ ਰੱਖਣ ਦੇ ਐਲਾਨ ਹੋਏ ਹਨ, ਪਰ ਹਾਲਤ ਜਿਉਂ ਦੀ ਤਿਉਂ ਕਾਇਮ ਰਹਿ ਰਹੀ ਹੈ। ਤਿੰਨ ਵਰੇ ਪਹਿਲਾਂ ਵੀ ਡੋਕਲਾਮ 'ਚ ਇਉਂ ਹੀ ਟਕਰਾਅ ਦੀ ਹਾਲਤ ਬਣੀ ਹੋਈ ਸੀ। ਪਰ ਹੁਣ ਤਾਂ ਟਕਰਾਅ ਉਦੋਂ ਨਾਲੋਂ ਵਧ ਚੁੱਕਿਆ ਹੈ। ਕਰੋਨਾ ਸੰਕਟ ਦੇ ਇਸ ਦੌਰ 'ਚ ਮਹਾਂਮਾਰੀ ਨਾਲ ਸਫਲਤਾ ਨਾਲ ਨਜਿੱਠਣ ਦੇ ਗੰਭੀਰ ਯਤਨਾਂ ਦੀ ਥਾਂ ਦਹਾਕਿਆਂ ਪੁਰਾਣੇ ਸਰਹੱਦੀ ਵਿਵਾਦ 'ਤੇ ਉਲਝ ਕੇ, ਦੋਹੇਂ ਹਕੂਮਤਾਂ ਹੀ ਆਪਣੇ ਪਿਛਾਖੜੀ ਕਿਰਦਾਰ ਦੀ ਨੁਮਾਇਸ ਲਾ ਰਹੀਆਂ ਹਨ ਤੇ ਸਬੂਤ ਦੇ ਰਹੀਆਂ ਹਨ ਕਿ ਉਹਨਾਂ ਦੀਆਂ ਤਰਜੀਹਾਂ ਲੋਕਾਂ ਨਾਲੋਂ ਵੱਖਰੀਆਂ ਹਨ। ਖਾਸ ਕਰਕੇ ਭਾਰਤੀ ਹਾਕਮਾਂ ਨੇ ਸਾਰੀ ਸੰਗ ਸਰਮ ਲਾਹ ਰੱਖੀ ਹੈ। ਕਰੋਨਾ ਕੇਸਾਂ ਦੇ ਮਾਮਲੇ ਚ ਮੁਲਕ ਸੰਸਾਰ ਭਰ ਚੋਂ ਦੂਜੇ ਨੰਬਰ ਤੇ ਪਹੁੰਚ ਗਿਆ ਹੈ ਤੇ ਪਹਿਲੇ 'ਤੇ ਜਾਣ ਦੀ ਤਿਆਰੀ "ਚ ਹੈ ਤੇ ਮੋਦੀ ਹਕੂਮਤ ਸਿਹਤ ਢਾਂਚਾ ਵਿਸਥਾਰਨ ਦੀ ਥਾਂ ਰਫੇਲ ਜਹਾਜਾਂ ਦੇ ਮੁਲਕ "ਚ ਪੁੱਜਣ ਦੇ ਜਸਨ ਮਨਾ ਰਹੀ ਹੈ ਤੇ ਹੁਣ ਇਹਨਾਂ ਜਹਾਜਾਂ ਦੇ ਜੋਰ ਚੀਨੀ ਫੌਜ ਨੂੰ ਸਬਕ ਸਿਖਾ ਦੇਣ ਦੇ ਦਮਗਜੇ ਮਾਰ ਰਹੀ ਹੈ।

ਭਾਰਤ ਚੀਨ ਸਰਹੱਦੀ ਝਗੜਾ ਦਹਾਕਿਆਂ ਪੁਰਾਣਾ ਹੈ ਤੇ ਦੋਹਾਂ ਮੁਲਕਾਂ 'ਚ 1962 ਦੀ ਜੰਗ ਵੀ ਇਸ ਸਰਹੱਦ ਨੂੰ ਲੈ ਕੇ ਲੜੀ ਜਾ ਚੁੱਕੀ ਹੈ। ਉਦੋਂ ਚੀਨ ਇੱਕ ਸਮਾਜਵਾਦੀ ਮੁਲਕ ਸੀ ਤੇ ਉਸਦੀ ਗੁਆਂਢੀ ਮੁਲਕਾਂ ਨਾਲ ਚੰਗੇ ਰਿਸਤੇ ਉਸਾਰਨ ਤੇ ਸਹਿਯੋਗ ਦੀ ਨੀਤੀ ਸੀ। ਇਸ ਲਈ 50ਵਿਆਂ ਚ ਹੀ ਉਹਨਾਂ ਨੇ ਭਾਰਤ ਨਾਲ ਲਗਦੀ ਵਿਵਾਦਤ ਸਰਹੱਦ ਦਾ ਰੌਲਾ ਨਿਪਟਾਉਣ ਲਈ ਗੰਭੀਰ ਯਤਨ ਕਰਨੇ ਸੁਰੂ ਕਰ ਦਿੱਤੇ ਸਨ। ਇਸ ਸਰਹੱਦੀ ਵਿਵਾਦ ਦੀ ਅਸਲ ਜੜ ਤਾਂ ਬਸਤੀਵਾਦੀ ਵਿਰਾਸਤ 'ਚ ਪਈ ਸੀ ਜਦੋਂ ਭਾਰਤ ਅੰਗਰੇਜਾਂ ਦੇ ਅਧੀਨ ਹੁੰਦਾ ਸੀ। ਉਦੋਂ ਅੰਗਰੇਜਾਂ ਨੇ ਆਪਣੇ ਸਾਮਰਾਜੀ ਪਸਾਰ ਲਈ ਭਾਰਤ ਤੋਂ ਅੱਗੇ ਚੀਨ 'ਤੇ ਮੁਕੰਮਲ ਕਬਜੇ ਦੇ ਮਨਸੂਬੇ ਪਾਲੇ ਹੋਏ ਸਨ। ਇਹਨਾਂ ਦੀ ਪੂਰਤੀ ਲਈ ਅੰਗਰੇਜਾਂ ਨੇ 1914 'ਚ ਸ਼ਿਮਲੇ ਅੰਦਰ ਕਾਨਫਰੰਸ ਕਰਕੇ ਸਰਹੱਦ ਨੂੰ ਭਾਰਤ ਦੇ ਹੱਕ 'ਚ ਮੁੜ-ਵਲਗਣ ਦਾ ਯਤਨ ਕੀਤਾ ਸੀ। ਇਸ ਕਾਨਫਰੰਸ "ਚ ਚੀਨ ਤੇ ਤਿੱਬਤ ਦੇ ਨੁਮਾਇੰਦੇ ਸੱਦੇ ਗਏ ਸਨ। ਅੰਗਰੇਜਾਂ ਨੇ ਇੱਕ ਪਾਸੜ ਤੌਰ "ਤੇ ਭਾਰਤ ਤੇ ਤਿੱਬਤ ਵਿਚਕਾਰ ਇੱਕ ਸਰਹੱਦੀ ਸੰਧੀ ਐਲਾਨ ਦਿੱਤੀ ਸੀ ਜਿਸਨੂੰ ਚੀਨੀ ਹਕੂਮਤ ਦੀ ਹਾਜਰੀ 'ਚ ਕਰਨ ਦਾ ਦਾਅਵਾ ਕੀਤਾ ਸੀ। ਚਾਹੇ ਉਸ ਵੇਲੇ ਚੀਨ ਅੰਦਰ ਇੱਕ ਕਮਜੋਰ ਕੇਂਦਰੀ ਹਕੂਮਤ ਸੀ ਤੇ ਉਹ ਯੂਰਪੀ ਸਾਮਰਾਜੀ ਤਾਕਤਾਂ ਦੇ ਭਾਰੀ ਦਬਾਅ ਹੇਠ ਵੀ ਸੀ, ਪਰ ਤਾਂ ਵੀ ਉਸਨੇ ਅੰਗਰੇਜ ਬਸਤੀਵਾਦੀਆਂ ਵੱਲੋਂ ਪਾਲਤੂ ਤਿੱਬਤੀ ਆਗੂਆਂ ਰਾਹੀਂ ਕਰਵਾਏ ਜਾ ਰਹੇ ਇਸ ਇਕਪਾਸੜ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਉਹਨਾਂ ਨੇ ਤਿੱਬਤ ਨੂੰ ਵੀ ਕੋਈ ਵੱਖਰਾ ਮੁਲਕ ਨਹੀਂ ਸੀ ਮੰਨਿਆ ਤੇ ਉਹਨਾਂ ਦਾ ਬ੍ਰਿਟਿਸ ਸਾਮਰਾਜੀਆਂ ਨਾਲ ਸਮਝੌਤਾ ਕਰਨ ਦਾ ਹੱਕ ਵੀ ਰੱਦ ਕਰ ਦਿੱਤਾ ਸੀ। ਉਸ ਵੇਲੇ ਦੇ ਅੰਗਰੇਜ ਸਾਮਰਾਜੀਆਂ ਦੇ ਵਿਦੇਸ ਸਕੱਤਰ ਨੇ ਚੀਨੀ ਹਕੂਮਤ ਨੂੰ ਧਮਕਾਉਂਦਿਆ ਹੋਇਆਂ ਇਸਦੇ ਤਬਾਹਕੁਨ ਨਤੀਜੇ ਭੁਗਤਣ ਲਈ ਤਿਆਰ ਹੋਣ ਨੂੰ ਕਿਹਾ ਸੀ। ਅਜਿਹੇ ਪਿਛੋਕੜ ਵਾਲੇ ਸਰਹੱਦੀ ਵਿਵਾਦ ਨੂੰ ਹੱਲ ਕਰਨ ਲਈ ਮਾਉ-ਜੇ-ਤੁੰਗ ਦੀ ਅਗਵਾਈ ਹੇਠਲੀ ਚੀਨੀ ਹਕੂਮਤ ਨੇ ਗੰਭੀਰ ਤੇ ਇਕਤਾਰ ਕੋਸ਼ਿਸ਼ਾਂ ਕੀਤੀਆਂ। ਚੀਨੀ ਪ੍ਰਧਾਨ ਮੰਤਰੀ ਚਾਉ-ਇਨ-ਲਾਈ 1960 'ਚ ਆਪ ਕਈ ਤਰ੍ਹਾਂ ਦੀਆਂ ਪੇਸ਼ਕਸਾਂ ਲੈ ਕੇ ਭਾਰਤ ਆਇਆ ਤੇ ਵੱਖ-ਵੱਖ ਖੇਤਰਾਂ ਦੇ ਆਦਾਨਪ੍ਰਦਾਨ ਦੀ ਪਹੁੰਚ ਨਾਲ ਮਸਲਾ ਨਿਬੇੜਨ ਦੀ ਅਪੀਲ ਕੀਤੀ, ਪਰ ਉਦੋਂ ਨਹਿਰੂ ਹਕੂਮਤ ਦੀਆਂ ਤਰਜੀਹਾਂ ਹੋਰ ਸਨ। ਉਹ ਤਾਂ ਪਹਿਲਾਂ ਹੀ ਇਕਪਾਸੜ ਤੌਰ 'ਤੇ ਨਕਸ਼ਿਆਂ ਦੀ ਤਬਦੀਲੀ ਦਾ ਅਮਲ ਸੁਰੂ ਕਰ ਚੁਕੀ ਸੀ। ਹਲਾਂਕਿ ਪਾਰਲੀਮੈਂਟ 'ਚ ਭਾਰੀ ਬਹੁਸੰਮਤੀ ਹੋਣ ਕਾਰਨ ਤੇ ਸਰਹੱਦੀ ਮਸਲੇ ਦੇ ਬਹੁਤੇ ਚਰਚਿਤ ਨਾ ਹੋਣ ਕਾਰਨ ਉਹ ਕਿਸੇ ਵੀ ਤਰਾਂ ਦਾ ਹੱਲ ਕਰਨ ਦੀ ਹਾਲਤ 'ਚ ਸੀ ਪਰ ਉਸਨੇ ਅਜਿਹਾ ਕਰਨ ਦੀ ਥਾਂ ਚੀਨੀ ਸਰਕਾਰ ਦੀਆਂ ਸਭ ਤਰਾਂ ਦੀਆਂ ਪੇਸਕਸਾਂ ਠੁਕਰਾ ਦਿੱਤੀਆਂ। ਆਪਣੀਆਂ ਪਸਾਰਵਾਦੀ ਲਾਲਸਾਵਾਂ ਦੀ ਪੂਰਤੀ ਲਈ ਨਹਿਰੂ ਹਕੂਮਤ ਰੂਸੀ ਤੇ ਅਮਰੀਕੀ ਸਾਮਰਾਜੀਆਂ ਦੀ ਚੁੱਕ 'ਚ ਆ ਕੇ ਚੀਨ ਨਾਲ ਆਢਾ ਲਾਉਣ ਦੇ ਰਾਹ ਪੈ ਗਈ। ਉਸਨੇ ਤਿੱਬਤ ਨੂੰ ਚੀਨ ਨਾਲੋਂ ਤੋੜਨ 'ਚ ਸਾਮਰਾਜੀਆਂ ਦੇ ਸਥਾਨਕ ਥਾਣੇਦਾਰਾਂ ਵਾਲਾ ਰੋਲ ਸਾਂਭ ਲਿਆ। ਲਾਮਿਆਂ ਦੀ ਜਲਾਵਤਨ ਹਕੂਮਤ ਸਥਾਪਿਤ ਕੀਤੀ ਤੇ ਭਗੌੜੇ ਤਿੱਬਤੀ ਲੀਡਰ ਦਲਾਈਲਾਮਾ ਨੂੰ ਮੁਲਕ 'ਚ ਪਨਾਹ ਦਿੱਤੀ। ਤਿੱਬਤ ਅੰਦਰ ਬਗਾਵਤ ਉਕਸਾਉਣ ਲਈ ਸਾਮਰਾਜੀ ਫੰਡਾਂ ਦੀ ਭਰਪੂਰ ਵਰਤੋਂ ਕੀਤੀ। ਭਾਰਤੀ ਹਾਕਮਾਂ ਦੇ ਅਜਿਹੇ ਪਿਛਾਖੜੀ ਰੋਲ 'ਤੇ ਦੁਸਮਣੀ ਭਰੇ ਅਮਲ ਦੇ ਬਾਵਜੂਦ ਚੀਨੀ ਕਮਿਊਨਿਸਟ ਹਕੂਮਤ ਇਸ ਸਰਹੱਦੀ ਮਸਲੇ ਦੇ ਨਿਪਟਾਰੇ ਲਈ ਉਦੋਂ ਤੱਕ ਸਿਰਤੋੜ ਕੋਸ਼ਿਸ਼ਾਂ ਕਰਦੀ ਰਹੀ ਜਦੋਂ ਤੱਕ ਨਹਿਰੂ ਹਕੂਮਤ ਨੇ ਚੀਨ 'ਤੇ ਹਮਲਾ ਨਾ ਕਰ ਦਿੱਤਾ। ਇਸ ਹਮਲੇ ਦਾ ਚੀਨੀ ਸਰਕਾਰ ਨੇ ਮੂੰਹ ਤੋੜ ਜਵਾਬ ਦਿੱਤਾ, ਨਹਿਰੂ ਹਕੂਮਤ ਦੀਆਂ ਗਿਣਤੀਆਂ ਪੁੱਠੀਆਂ ਪੈ ਗਈਆਂ ਤੇ ਆਖਰ ਨੂੰ 1962 ਦੀ ਜੰਗ 'ਚ ਭਾਰਤ ਨੂੰ ਮੂੰਹ ਦੀ ਖਾਣੀ ਪਈ। ਉਦੋਂ ਚੀਨੀ ਫੌਜ ਨੇ ਭਾਰਤੀ ਫੌਜ ਨੂੰ ਚਾਹੇ ਬਹੁਤ ਪਿੱਛੇ ਧੱਕ ਦਿੱਤਾ ਸੀ, ਪਰ ਆਪ ਹੀ ਭਾਰਤੀ ਅਧਿਕਾਰ ਵਾਲੇ ਖੇਤਰ ਛੱਡ ਕੇ ਇੱਕਤਰਫਾ ਗੋਲੀਬੰਦੀ ਦਾ ਐਲਾਨ ਕੀਤਾ ਸੀ ਤੇ ਚੀਨੀ ਫੌਜ ਕਈ ਵਿਵਾਦਤ ਥਾਵਾਂ ਤੋਂ ਵੀ ਪਿੱਛੇ ਹਟ ਗਈ ਸੀ।

ਭਾਰਤੀ ਹਾਕਮਾਂ ਦੀ ਪਹੁੰਚ ਸਦਕਾ ਇਹ ਸਰਹੱਦੀ ਵਿਵਾਦ ਬਿਨਾਂ ਨਿਪਟਾਰੇ ਦੇ ਜਿਉਂ ਦੀ ਤਿਉਂ ਖੜਾ ਹੈ। ਉਸਤੋਂ ਮਗਰੋਂ ਵੀ ਵੱਖ-ਵੱਖ ਮੌਕਿਆਂ 'ਤੇ ਇਹ ਟਕਰਾਅ ਬਣਦਾ ਆ ਰਿਹਾ ਹੈ ਪਰ ਹੁਣ ਬਣੇ ਹਾਲਾਤ ਇਸ ਸਾਰੇ ਅਰਸੇ 'ਚ ਸਭ ਤੋਂ ਤਣਾਅਪੂਰਨ ਹਨ। ਹੁਣ ਦੋਹਾਂ ਪਾਸਿਉਂ ਤੋਂ ਇੱਕ ਦੂਜੇ 'ਤੇ ਪੁਰਾਣੀਆਂ ਪੁਜੀਸਨਾਂ ਤੋਂ ਭਾਵ ਅਸਲ ਕੰਟਰੋਲ ਰੇਖਾ ਤੋਂ ਅੱਗੇ ਵਧਣ ਦੇ ਦੋਸ ਲਾਏ ਜਾ ਰਹੇ ਹਨ ਤੇ ਆਪੋ ਆਪਣੀ ਜਮੀਨ ਦੀ ਰਾਖੀ ਦੇ ਹੋਕਰੇ ਮਾਰੇ ਜਾ ਰਹੇ ਹਨ। ਦੋਹਾਂ ਮੁਲਕਾਂ ਦੇ ਵਿਚਾਲੇ ਲਗਭਗ 4 ਹਜਾਰ ਕਿਲੋਮੀਟਰ ਲੰਮੀ ਸਰਹੱਦ ਹੈ। ਮੰਜੂਦਾ ਟਕਰਾਅ ਲੱਦਾਖ ਖੇਤਰ "ਚ ਹੈ ਜਿੱਥੇ ਕਈ ਪੁਆਇੰਟ ਅਜਿਹੇ ਹਨ ਜੋ ਵਿਵਾਦਤ ਖੇਤਰ 'ਚ ਪੈਂਦੇ ਹਨ। ਇਹਨਾਂ ਪੁਆਇੰਟਾਂ 'ਤੇ ਕਬਜਾ ਕਰਨ ਤੇ ਛੁਡਾਉਣ ਦੇ ਦਾਅਵੇ ਦੋਹਾਂ ਪਾਸਿਆਂ ਵੱਲੋਂ ਕੀਤੇ ਜਾ ਰਹੇ ਹਨ। ਮੰਜੂਦਾ ਹਾਲਤ "ਚ ਕੰਣ ਕਿੰਨੇ ਕਿ: ਮੀ: ਅੱਗੇ ਜਾਂ ਪਿੱਛੇ ਹੈ, ਦਾਅਵਾ ਕਰਨਾ ਔਖਾ ਹੈ, ਕਿਉਕਿ ਦੋਹਾਂ ਪਾਸਿਆਂ ਦੀਆਂ ਹਕਮੂਤਾਂ ਦੇ ਦਾਅਵੇ ਆਪੋ ਆਪਣੇ ਹਨ। ਪਰ ਇਹ ਸੌਖ ਨਾਲ ਹੀ ਕਿਹਾ ਜਾ ਸਕਦਾ ਹੈ ਕਿ ਦੋਹਾਂ ਮੁਲਕਾਂ ਦੀਆਂ ਹਕੂਮਤਾਂ ਦੀ ਅਜਿਹੀ ਪਹੁੰਚ ਹੈ ਜਿਹੜੀ ਇਸ ਝਗੜੇ ਨੂੰ ਸਾਂਤਮਈ ਤਰੀਕੇ ਨਾਲ ਨਿਪਟਾਉਣ ਦੀ ਥਾਂ ਵਧਾਉਂਦੇ ਜਾਣ ਦੀ ਹੈ ਤੇ ਜਿਸਦੀਆਂ ਦੋਹਾਂ ਮੁਲਕਾਂ ਦੇ ਲੋਕਾਂ ਲਈ ਮਾਰੂ ਅਰਥ- ਸੰਭਾਵਨਾਵਾਂ ਬਣਦੀਆਂ ਹਨ।

ਇਸ ਮੌਜੂਦਾ ਟਕਰਾਅ "ਚ ਕਈ ਤਰਾਂ ਦੇ ਕਾਰਨ ਹਰਕਤਸੀਲ ਹਨ। ਜਿਵੇਂ ਕਿ ਭਾਰਤੀ ਹਾਕਮਾ ਵੱਲੋਂ ਪ੍ਰਭਾਵ ਸਿਰਜਿਆ ਜਾ ਰਿਹਾ ਹੈ, ਮਸਲਾ ਅਜਿਹਾ ਨਹੀਂ ਹੈ। ਮੋਦੀ ਹਕੂਮਤ ਤਾਂ ਚੀਨੀ ਐਪਸ 'ਤੇ ਪਾਬੰਦੀਆਂ ਲਾਉਣ ਤੇ ਚੀਨੀ ਸਮਾਨ 'ਤੇ ਰੋਕਾਂ ਲਾਉਣ ਦੇ ਚੱਕਵੇਂ ਐਲਾਨ ਇਉ ਕਰ ਰਹੀ ਹੈ ਜਿਵੇਂ ਫੌਰੀ ਪ੍ਰਸੰਗ 'ਚ ਇਹ ਦੋ ਮੁਲਕਾਂ ਦੇ ਵਪਾਰ ਤੇ ਆਰਥਿਕ ਹਿੱਤਾਂ ਦੇ ਟਕਰਾਅ ਦਾ ਮਸਲਾ ਹੋਵੇ। ਹਾਲਤ 'ਚ ਕਈ ਤਰਾਂ ਦੇ ਰਲਵੇਂ ਕਾਰਨ ਹੋ ਕੇ ਵੀ, ਇਹ ਹਾਲਤ ਦਾ ਕੋਈ ਉੱਭਰਵਾਂ ਪਹਿਲੂ ਨਹੀਂ ਹੈ। ਉੱਭਰਵਾਂ ਪੱਖ ਸਾਮਰਾਜੀ ਯੁੱਧਨੀਤਿਕ ਵਿਉਂਤਾਂ ਹਨ ਜਿਹੜੀਆਂ ਇਹਨਾ ਦੋਹਾਂ ਮੁਲਕਾਂ ਦੇ ਪੁਰਾਣੇ ਸਰਹੱਦੀ ਵਿਵਾਦ ਨੂੰ ਮੁੜ ਭਖਾਉਣ ਤੇ ਵਰਤਣ ਲਈ ਜਿੰਮੇਵਾਰ ਹਨ। 1962 ਦੀ ਭਾਰਤ-ਚੀਨ ਜੰਗ ਵੀ ਅਮਰੀਕੀ ਤੇ ਰੂਸੀ ਸਾਮਰਾਜੀਆਂ ਵੱਲੋ ਭਾਰਤੀ ਪਿਛਾਖੜੀ ਹਕੂਮਤ ਨੂੰ ਸਮਾਜਵਾਦੀ ਚੀਨ ਦੀ ਘੇਰਾਬੰਦੀ ਲਈ ਵਰਤਣ ਦੇ ਸਾਮਰਾਜੀ ਮਨਸੂਬਿਆਂ ਦਾ ਸਿੱਟਾ ਸੀ। ਉਦੋਂ ਨਾਲੋਂ ਹਾਲਤ 'ਚ ਤਬਦੀਲੀ ਹੋ ਚੁੱਕੀ ਹੈ। ਮਾਉ-ਜੇ-ਤੁੰਗ ਦੀ ਮੌਤ ਮਗਰੋਂ ਚੀਨ 'ਚ ਉਲਟ ਇਨਕਲਾਬੀ ਰਾਜ ਪਲਟਾ ਹੋ ਗਿਆ ਸੀ ਤੇ ਉਥੇ ਬੁਰਜੂਆਜੀ ਸੱਤਾ 'ਚ ਆ ਗਈ ਸੀ। ਹੁਣ ਚੀਨ 'ਚ ਵੀ ਪਿਛਾਖੜੀ ਹਕੂਮਤ ਹੈ ਜਿਸਦੇ ਭਾਰਤੀ ਦਲਾਲ ਹਾਕਮਾਂ ਵਾਂਗ ਪਸਾਰਵਾਦੀ ਮਨਸੂਬੇ ਹਨ ਤੇ ਜਿਹੜੀ ਆਲੇ ਦੁਆਲੇ ਦੇ ਕਮਜੋਰ ਤੇ ਛੋਟੇ ਮੁਲਕਾਂ 'ਤੇ ਦਾਬਾ ਪਾਉਣਾ ਚਾਹੁੰਦੀ ਹੈ। ਚੀਨੀ ਰਾਜ ਦਾ ਅਜਿਹਾ ਪਿਛਖੜੀ ਕਿਰਦਾਰ ਹੋ ਕਿ ਵੀ ਇਹ ਆਪਣੇ ਆਪ 'ਚ ਹੀ ਭਾਰਤ ਨਾਲ ਸਰਹੱਦੀ ਟਕਰਾਅ ਦੇ ਵਧਣ ਦੀ ਵਜਾ ਨਹੀਂ ਬਣਦੀ ਕਿਉਂਕਿ ਭਾਰਤ ਸ੍ਰੀਲੰਕਾ ਜਾਂ ਨੇਪਾਲ ਵਰਗੇ ਛੋਟੇ ਮੁਲਕਾਂ 'ਚ ਨਹੀਂ ਆਉਂਦਾ। ਸਗੋਂ ਕਿਸੇ ਹੱਦ ਤੱਕ ਮੰਜੂਦਾ ਦੌਰ 'ਚ ਤਾਂ ਚੀਨ ਦਾ ਭਾਰਤ ਨਾਲ ਵਪਾਰਕ ਕਾਰੋਬਾਰਾਂ ਦੇ ਵਧਾਰੇ "ਚ ਹਿੱਤ ਮੌਜੂਦ ਹੈ। ਘੱਟੋ ਘੱਟ ਚੀਨੀ ਹਾਕਮਾਂ ਲਈ ਫੌਰੀ ਪ੍ਰਸੰਗ "ਚ ਭਾਰਤ ਨਾਲ ਅਜਿਹੇ ਟਕਰਾਅ ਦਾ ਲਾਹਾ ਨਹੀਂ ਜਾਪਦਾ। ਸਗੋਂ ਇਸਤੋਂ ਉਲਟ ਉਸਦੇ ਕਾਰੋਬਾਰੀ ਹਿੱਤਾਂ ਦੇ ਮੌਜੂਦਾ ਦੌਰ ਅਨੁਸਾਰ ਤਾਂ ਉਹ ਭਾਰਤ ਵਰਗੇ ਵਿਸਾਲ ਸੋਮਿਆਂ ਤੇ ਵਿਸਾਲ ਮੰਡੀ ਵਾਲੇ ਮੁਲਕ ਨਾਲ ਇੱਕ ਵਾਰ ਸਹਿਯੋਗ ਸਥਾਪਿਤ ਕਰਕੇ ਪੱਛਮੀ ਸਾਮਰਾਜੀ ਤਾਕਤਾਂ ਨਾਲ ਮੁਕਾਬਲੇਬਾਜੀ 'ਚ ਅੱਗੇ ਵਧਣਾ ਚਾਹੁੰਦਾ ਹੈ। ਹੁਣ ਤੱਕ ਉਸਦੀ ਏਸੀਆ ਦੇ ਖਿੱਤੇ ਦੇ ਅਜਿਹੇ ਮੁਲਕਾਂ ਦੇ ਸਾਂਝੇ ਵਪਾਰਕ ਗੱਠਜੋੜਾਂ ਰਾਹੀਂ ਅੱਗੇ ਵਧਣ ਦੀ ਪਹੁੰਚ ਦਿਖਦੀ ਹੈ।

ਇਹ ਪਹੁੰਚ ਇੱਕ ਸੜਕ ਇੱਕ ਪੱਟੀ ਦੇ ਪ੍ਰੋਜੈਕਟ, ਤੇ ਚੀਨ ਪਾਕਿਸਤਾਨ ਆਰਥਿਕ ਲਾਂਘੇ ਦੇ ਪ੍ਰਦਜੈਕਟ ਚ ਭਾਰਤ ਨੂੰ ਸਾਮਿਲ ਕਰਨ ਦੀ ਦਿਲਚਸਪੀ "ਚੋਂ ਜਾਹਰ ਹੁੰਦੀ ਰਹੀ ਹੈ। ਸਾਂਝੀ ਬੈਂਕ ਉਸਾਰਨ ਦੇ ਪ੍ਰੋਜੈਕਟਾਂ "ਚ ਭਾਰਤ ਨੂੰ ਹਿੱਸੇਦਾਰ ਬਣਾਉਣ ਦੇ ਯਤਨਾਂ 'ਚੋਂ ਦਿਖਦੀ ਰਹੀ ਹੈ। ਇਉਂ ਚੀਨੀ ਬੁਰਜੂਆ ਹਕੂਮਤ ਦੇ ਵੱਡੀ ਸਕਤੀ ਵਜੋਂ ਉਭਰਨ ਦੇ ਮਨਸੂਬਿਆਂ ਦੀ ਵਿਉਂਤਬੰਦੀ 'ਚ ਭਾਰਤ ਨਾਲ ਫੌਰੀ ਟਕਰਾਅ ਦੀ ਨੀਤੀ ਦੀ ਝਲਕ ਨਹੀਂ ਮਿਲਦੀ ਸਗੋਂ ਵਪਾਰਕ ਸਹਿਯੋਗ ਦੇ ਅਮਲ ਨੂੰ ਅੱਗੇ ਵਧਾਉਣ ਦੀ ਨੀਤੀ ਝਲਕਦੀ ਹੈ।

ਭਾਰਤ ਦੀ ਵੱਡੀ ਮੰਡੀ ਚੀਨ ਲਈ ਵੀ ਮਹੱਤਵਪੂਰਨ ਹੈ, ਖਾਸ ਕਰਕੇ ਇਸ ਦੌਰ 'ਚ ਜਦੋਂ ਮੰਡੀਆਂ ਤੱਕ ਰਸਾਈ ਸੀਮਤ ਹੋ ਰਹੀ ਹੈ ਤਾਂ ਆਪਣੇ ਗੁਆਂਢ 'ਚ ਮੌਜੂਦ ਵੱਡੀ ਮੰਡੀ ਦਾ ਲਾਹਾ ਚੀਨ ਕਿਉਂ ਨਹੀਂ ਲੈਣਾ ਚਾਹੇਗਾ। ਇਸ ਹਾਲਤ ਅਨੁਸਾਰ ਚੀਨ ਨੂੰ ਭਾਰਤ ਨਾਲ ਅਜਿਹੇ ਤਣਾਅ ਗ੍ਰਸਤ ਰਿਸਤਿਆਂ ਦੀ ਜਰੂਰਤ ਨਹੀਂ ਹੈ ਜਿਹੜੇ ਸਰਹੱਦੀ ਟਕਰਾਅ ਨਾਲ ਬਣ ਸਕਦੇ ਹਨ।

ਇਹ ਅਮਰੀਕੀ ਸਾਮਰਾਜੀ ਮਹਾਂਸਕਤੀ ਦੀ ਦਿਲਚਸਪੀ ਹੈ ਕਿ ਭਾਰਤਚੀਨ ਸਰਹੱਦੀ ਵਿਵਾਦ ਨੂੰ ਆਪਣੇ ਪਿਛਾਖੜੀ ਯੁੱਧਨੀਤਕ ਮਕਸਦਾਂ ਲਈ ਵਰਤਿਆ ਜਾਵੇ। ਆਪਣੇ ਲੁਟੇਰੇ ਆਰਥਿਕ ਹਿੱਤਾਂ ਦੇ ਵਧਾਰੇ ਪਸਾਰੇ ਲਈ ਅਮਰੀਕੀ ਸਾਮਰਾਜੀਏ ਸੰਸਾਰ ਦੇ ਹਰ ਕੋਨੇ 'ਚ ਨਿਗਾ ਰੱਖਦੇ ਤੇ ਦਖਲ ਅੰਦਾਜੀ ਕਰਦੇ ਹਨ। ਵੱਖ-2 ਮੁਲਕਾਂ ਦੀਆਂ ਹਕੂਮਤਾਂ ਉਲਟਾਉਂਦੇ, ਹਮਲੇ ਕਰਦੇ ਤੇ ਨਾਬਰ ਮੁਲਕਾਂ ਨੂੰ ਜੰਗਾਂ ਨਾਲ ਤਬਾਹ ਕਰਦੇ ਆ ਰਹੇ ਹਨ। ਹੁਣ ਅਮਰੀਕੀ ਸਾਮਰਾਜ ਲਈ ਸਭ ਤੋਂ ਵਧੇਰੇ ਮਹੱਤਵਪੂਰਨ ਖੇਤਰ ਏਸੀਆ ਦਾ ਇਹ ਖਿੱਤਾ ਹੈ। ਇਸ ਖੇਤਰ ਨੂੰ ਅਮਰੀਕਾ ਨੇ ਆਪਣੀ ਸੰਸਾਰ ਯੁੱਧਨੀਤਕ ਵਿਉਂਤ ਧੁਰੀ ਦਾ ਸਥਾਨ ਦਿੱਤਾ ਹੋਇਆ ਹੈ। ਜਿੱਥੇ ਚੀਨ ਨੂੰ ਇੱਕ ਉੱਭਰ ਰਹੀ ਆਰਥਿਕ ਸਕਤੀ ਵਜੋਂ ਉਹ ਆਪਣੇ ਹਿੱਤਾਂ ਦੇ ਟਕਰਾਅ 'ਚ ਦੇਖਦਾ ਹੈ ਤੇ ਉਸਨੂੰ ਡੱਕਣ ਲਈ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਲਾਉਂਦਾ ਆ ਰਿਹਾ ਹੈ। ਕਰੋਨਾ ਸੰਕਟ ਦੇ ਉੱਭਰ ਆਉਣ ਮਗਰੋਂ ਅਮਰੀਕਾ ਵੱਲੋਂ ਚੀਨ ਖਿਲਾਫ ਵਪਾਰਕ ਪਾਬੰਦੀਆਂ ਨੂੰ ਹੋਰ ਵਧੇਰੇ ਤਿੱਖੇ ਰੂਪ "ਚ ਲਾਗੂ ਕੀਤਾ ਜਾ ਰਿਹਾ ਹੈ। ਚੀਨ ਨੂੰ ਫੌਜੀ ਢੰਗਾਂ ਨਾਲ ਵੀ ਘੇਰ ਕੇ ਰੱਖਣ ਦੀ ਨੀਤੀ 'ਤੇ ਚੱਲਿਆ ਜਾ ਰਿਹਾ ਹੈ। ਅਮਰੀਕਾ ਅੰਦਰ ਰਾਸਟਰਪਤੀ ਦੀ ਚੋਣ ਦਾ ਵਿਸੇਸ ਪ੍ਰਸੰਗ ਵੀ ਹੈ ਜਿਸ ਕਾਰਨ ਮੁਲਕ ਅੰਦਰ ਕੌਮੀ ਸਾਵਨਵਾਦ ਉਭਾਰ ਕੇ ਟਰੰਪ ਮੁੜ ਗੱਦੀ 'ਤੇ ਕਾਬਜ ਹੋਣ ਦੀਆਂ ਵਿਉਂਤਾਂ ਘੜ ਰਿਹਾ ਹੈ। ਇਹ ਕੌਮੀ ਸਾਵਨਵਾਦ ਉਭਾਰਨ ਲਈ ਹੀ ਉਹ ਚੀਨ ਨੂੰ ਲਗਾਤਾਰ ਧਮਕੀਆਂ ਦੇਣ ਤੇ ਸਬਕ ਸਿਖਾਉਣ ਦੇ ਐਲਾਨ ਕਰ ਰਿਹਾ ਹੈ। ਮੁਲਕ ਅੰਦਰ ਕਰੋਨਾ ਸੰਕਟ ਨੂੰ ਨਜਿੱਠਣ ਚ ਟਰੰਪ ਹਕੂਮਤ ਦੀ ਸਿਰੇ ਦੀ ਨਲਾਇਕੀ ਨੂੰ ਚੀਨ ਵਿਰੋਧੀ ਗਰਦੋ-ਗੁਬਾਰ ਹੇਠ ਢਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁਲਕ ਦੀਆਂ ਚੋਣਾਂ ਜਿੱਤਣ ਦੀਆਂ ਜਰੂਰਤਾਂ ਨੇ ਚਾਹੇ ਟਰੰਪ ਦੀ ਚੀਨ ਵਿਰੋਧੀ ਬਿਆਨਬਾਜੀ ਨੂੰ ਤੇ ਅਮਰੀਕੀ ਸਾਮਰਾਜੀ ਮੀਡੀਏ ਦੀ ਚੀਨ ਦੇ ਭੰਡੀ ਪ੍ਰਚਾਰ ਦੀ ਮੁਹਿੰਮ ਨੂੰ ਤੇਜ ਕੀਤਾ ਹੋਇਆ ਹੈ ਪਰ ਉਂਝ ਸਮੁੱਚੇ ਤੌਰ "ਤੇ ਹੀ ਅਮਰੀਕਾ ਚੀਨ ਨੂੰ ਘੇਰ ਕੇ ਰੱਖਣ ਦੀ ਲੰਮੇ-ਦਾਅ ਦੀ ਵਿਉਂਤਬੰਦੀ 'ਚ ਰੁਝਿਆ ਹੋਇਆ ਹੈ। ਇੱਕ ਪਾਸੇ ਕੌਮਾਂਤਰੀ ਪੱਧਰ 'ਤੇ ਚੀਨ ਵਿਰੋਧੀ ਪ੍ਰਚਾਰ ਮੁਹਿੰਮ ਰਾਹੀਂ ਚੀਨ ਨੂੰ ਦੁਨੀਆ ਲਈ ਖਤਰਾ ਕਰਾਰ ਦਿੱਤਾ ਜਾ ਰਿਹਾ ਹੈ। ਚੀਨ ਅੰਦਰਲੇ ਮੁਸਲਿਮ ਧਰਮ ਵਾਲੇ - ਘੱਟਗਿਣਤੀ ਉਈਗਰ ਭਾਈਚਾਰੇ ਤੇ ਹੋਰ ਘੱਟ ਗਿਣਤੀਆਂ "ਤੇ ਚੀਨੀ ਹਕਮੂਤ ਵੱਲੋਂ ਜੁਲਮ ਕਰਨ ਦੇ ਦੋਸ ਅਮਰੀਕੀ ਸਾਮਰਾਜੀ ਪ੍ਰੈਸ ਵੱਲੋਂ ਖੂਬ ਧੁਮਾਏ ਜਾ ਰਹੇ ਹਨ। ਹਾਂਗਕਾਂਗ ਦੇ ਮਸਲੇ ਨੂੰ ਉਚਾਰਿਆ ਜਾ ਰਿਹਾ ਹੈ। ਇਉਂ ਹੀ ਤਾਈਵਾਨ ਦੇ ਮਸਲੇ 'ਤੇ ਚੀਨ ਨੂੰ ਖੂੰਝੇ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਚੀਨ ਨਾਲ ਜੁੜਨ ਦੇ ਉਸਦੇ ਅਮਲ ਨੂੰ ਅਮਰੀਕਾ ਨੇ ਨਾਂਹਪੱਖੀ ਰੁਖ ਪ੍ਰਭਾਵਿਤ ਕੀਤਾ ਹੈ। ਪਿਛਲੇ ਵਰੇ ਜੁਲਾਈ 'ਚ ਟਰੰਪ ਨੇ ਤਾਇਵਾਨ ਨਾਲ ਚੀਨੀ ਇਤਰਾਜਾਂ ਦੇ ਬਾਵਜੂਦ 2 ਬਿਲੀਅਨ ਡਾਲਰ ਦੇ ਹਥਿਆਰਾਂ ਦੇ ਸੌਦਾ ਕੀਤਾ ਹੈ। ਦੋ ਮਹੀਨੇ ਪਹਿਲਾਂ ਅਮਰੀਕਾ ਨੇ ਹਿਊਸਟਨ 'ਚ ਅਮਰੀਕੀ ਕੌਂਸਲੇਟ ਦਾ ਦਫਤਰ ਖਾਲੀ ਕਰਵਾ ਦਿੱਤਾ ਤੇ ਚੀਨੀ ਸਫੀਰ ਨੂੰ ਵਾਪਸ ਤੋਰ ਦਿੱਤਾ। ਟਰੰਪ ਹਕੂਮਤ ਨੇ ਹਜਾਰਾਂ ਚੀਨੀ ਵਿਦਿਆਰਥੀਆਂ "ਤੇ ਰਿਸਰਚ ਸਪੱਸਰਾਂ ਦੇ ਵੀਜੇ ਰੱਦ ਕਰ ਦਿੱਤੇ ਹਨ ਕਿਉਂਕਿ ਟਰੰਪ ਹਕੂਮਤ ਅਨੁਸਾਰ ਉਹਨਾਂ ਦੇ ਚੀਨੀ ਫੌਜ ਤੇ ਹਕੂਮਤ ਨਾਲ ਸੰਬੰਧ ਹਨ। ਅਮਰੀਕਾ ਨੇ ਕੌਮਾਂਤਰੀ ਵਪਾਰ ਮੰਚਾਂ/ਸੰਗਠਨਾਂ 'ਚੋਂ ਚੀਨ ਨੂੰ ਬਾਹਰ ਰੱਖਣ ਲਈ ਅਤੇ ਅਮਲੀ ਤੌਰ 'ਤੇ ਬੇ-ਵੁੱਕਤੇ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਹਨ। ਜੀ-7 ਦੇ ਗਰੁੱਪ ਨੂੰ ਵਧਾ ਕੇ ਜੀ-11 ਕਰਨ ਦੀ ਟਰੰਪ ਦੀ ਤਜਵੀਜ "ਚ ਚੀਨ ਨੂੰ ਸੋਚ ਸਮਝ ਕੇ ਬਾਹਰ ਰੱਖਿਆ ਗਿਆ ਹੈ। ਹੁਣ ਅਮਰੀਕਾ ਨੇ ਜਰਮਨ 'ਚੋਂ ਫੌਜਾਂ ਦੀ ਨਫਰੀ ਘਟਾਈ ਤਾਂ ਉਸਦੇ ਵਿਦੇਸ ਸਕੱਤਰ ਮਾਈਕ ਪੰਪੀਉ ਨੇ ਕਿਹਾ ਕਿ ਇਹ ਫੌਜਾਂ ਹੁਣ ਚੀਨ ਨੂੰ ਘੇਰਨ ਲਈ ਤਾਇਨਾਤ ਕੀਤੀਆਂ ਜਾ ਰਹੀਆਂ ਹਨ। ਇਉਂ ਪਿਛਲੇ ਸਾਲਾਂ ਤੋ ਅਮਰੀਕੀ ਸਮਰਾਜੀਏ ਚੀਨ ਦੀ ਘੇਰਾਬੰਦੀ 'ਚ ਰੁੱਝੇ ਹੋਏ ਹਨ ਤੇ ਇਹਨਾਂ ਵਿਉਤਾਂ "ਚ ਅਮਰੀਕਾ ਲਈ ਭਾਰਤ ਦਾ

ਅਹਿਮ ਸਥਾਨ ਹੈ। ਦੱਖਣੀ ਏਸੀਆ "ਚ ਵਿਸੇਸ ਕਰਕੇ ਚੀਨ ਨਾਲ ਟਕਰਾਅ ਦੇ ਪ੍ਰਸੰਗ "ਚ ਅਮਰੀਕੀ ਸਾਮਰਾਜੀਏ ਭਰਤ ਨੂੰ ਅਹਿਮ ਫੌਜੀ ਚੌਂਕੀ ਵਜੋਂ ਟਿਕਦੇ ਹਨ ਤੇ ਲਗਾਤਾਰ ਭਾਰਤ ਨੂੰ ਆਪਣੀਆਂ ਸਾਮਰਾਜੀ ਯੁੱਧਨੀਤਿਕ ਵਿਉਂਤਾਂ ਦਾ ਅੰਗ ਬਣਾਉਂਦੇ ਆ ਰਹੇ ਹਨ। ਪਿਛਲੇ ਦੋ ਢਾਈ ਦਹਾਕਿਆਂ ਤੋਂ ਭਾਰਤੀ ਹਾਕਮ ਅਮਰੀਕਾ ਨਾਲ ਵੱਖ-2 ਸੰਧੀਆਂ-ਸਮਝੌਤਿਆਂ ਰਾਹੀਂ ਹੋਰ ਵਧੇਰੇ ਨੱਥੀ ਹੁੰਦੇ ਤੁਰੇ ਜਾ ਰਹੇ ਹਨ। ਇਹ ਅਮਲ ਇਸ ਹੱਦ ਤੱਕ ਅੱਗੇ ਵਧ ਚੁੱਕਿਆ ਹੈ ਕਿ ਅਮਰੀਕੀ ਹਾਕਮ ਭਾਰਤੀ ਹਾਕਮਾਂ ਨੂੰ ਆਪਣੇ ਪੱਕੇ ਸਹਿਯੋਗੀ ਤੇ ਕੁੰਜੀਵਤ ਥੰਮ ਐਲਾਨ ਰਹੇ ਹਨ। ਅਮਰੀਕਾ ਦੇ ਇੱਕ ਸੀਨੀਅਰ ਅਧਿਕਾਰੀ ਨੇ ਤਾਂ ਇੱਕ ਟਿੱਪਣੀ 'ਚ ਭਾਰਤ ਨੂੰ ਆਪਣੇ ਨਾਟੋ ਸਹਿਯੋਗੀਆਂ ਵਾਲਾ ਦਰਜਾ ਦਿੱਤਾ। ਦੱਖਣੀ ਏਸੀਆ "ਚ ਭਾਰਤੀ ਹਾਕਮਾਂ ਦੇ ਆਪਣੇ ਪਸਾਰਵਾਦੀ ਮਨਸੂਬੇ ਤੇ ਅਮਰੀਕੀ ਸਾਮਰਾਜੀ ਲੁਟੇਰੇ ਹਿੱਤ ਜੁੜਕੇ, ਭਾਰਤ ਨੂੰ ਚੀਨ ਦਾ ਅਜਿਹਾ ਵਿਰੋਧੀ ਬਣਾ ਦਿੰਦੇ ਹਨ ਜਿਸ ਵਿਰੋਧ ਦਾ ਭਾਰਤੀ ਲੋਕਾਂ ਦੇ ਹਿਤ 'ਤੇ ਕੋਈ ਲਾਹਾ ਨਹੀਂ ਹੈ। ਇਹ ਲਾਹਾ ਸਿਰਫ ਤੇ ਸਿਰਫ ਅਮਰੀਕੀ ਸਾਮਰਾਜੀਆਂ ਲਈ ਹੈ। ਇਸ ਲਈ ਅਮਰੀਕੀ ਸਾਮਰਾਜੀ ਲੁਟੇਰੇ ਹਿਤਾਂ ਖਾਤਰ ਭਾਰਤੀ ਹਾਕਮ ਚੀਨ ਨਾਲ ਆਢਾ ਲਾਉਣ 'ਚ ਪੈ ਰਹੇ ਹਨ। ਅਮਰੀਕੀ ਦਬਾਅ ਹੇਠ ਹੀ ਭਾਰਤੀ ਹਾਕਮ ਦੱਖਣੀ ਏਸੀਆ "ਚ ਚੀਨ ਦੀ ਪਹਿਲਕਦਮੀ ਜਾਂ ਸਮੂਲੀਅਤ ਵਾਲੇ ਆਰਥਿਕ ਸੰਗਠਨਾਂ 'ਚ ਸਾਮਲ ਹੋਣ ਤੋਂ ਕਿਨਾਰਾ ਕਰਦੇ ਰਹੇ ਹਨ। ਇਹ ਫੈਸਲੇ ਉਹ ਭਾਰਤੀ ਲੋਕਾਂ ਦੇ ਹਿੱਤਾਂ ਦੀ ਥਾਂ ਅਮਰੀਕੀ ਸਾਮਰਾਜੀਆਂ ਦੇ ਹਿਤਾਂ ਨੂੰ ਮੂਹਰੇ ਰੱਖ ਕੇ

ਕਰਦੇ ਆ ਰਹੇ ਹਨ। 1996, 2015 ਤੇ 2013 ਦੇ ਸਾਲਾਂ ''ਚ ਭਾਰਤ-ਚੀਨ ਦਰਮਿਆਨ ਸਰਹੱਦ 'ਤੇ ਸਾਂਤੀ ਬਣਾ ਕੇ ਰੱਖਣ ਦੇ ਨਜਰੀਏ ਤੋਂ ਸਮਝੌਤੇ ਹੋਏ ਸਨ। ਚਾਹੇ ਪਿਛਲੇ ਦਹਾਕਿਆਂ ਤੋਂ ਸਰਹੱਦ ਤੇ ਗੰਭੀਰ ਤਣਾਅ ਨਹੀਂ ਸੀ ਬਣਿਆ ਪਰ ਹੁਣ ਅਮਰੀਕੀ ਮਨੋਰਥਾਂ ਦਾ ਨੰਗਾ ਚਿੱਟਾ ਹੱਥਾ ਬਣੇ ਭਾਰਤੀ ਹਾਕਮ ਤੇ ਦੂਜੇ ਪਾਸੇ ਪਹਿਲਾਂ ਨਾਲੋਂ ਵਧੇਰੇ ਤਿੱਖੀ ਸੁਰ ਅਖਤਿਆਰ ਕਰ ਰਹੇ ਚੀਨੀ ਹਾਕਮਾਂ ਦੇ ਤੇਵਰ ਸਰਹੱਦੀ ਰੱਟੇ ਨੂੰ ਨਵਾਂ ਪ੍ਰਸੰਗ ਮੁਹੱਈਆ ਕਰ ਰਹੇ ਹਨ। ਵਾਜਪਾਈ ਹਕੂਮਤ ਨੇ ਪੋਖਰਨ ਪ੍ਰਮਾਣੂ ਤਜਰਬੇ ਵੇਲੇ ਚੀਨ ਨੂੰ ਮੁੱਖ ਯੁੱਧਨੀਤਿਕ ਵਿਰੋਧੀ ਐਲਾਨਿਆ ਸੀ। ਉਸਤੋਂ ਬਾਅਦ ਭਾਰਤੀ ਹਾਕਮ ਅਮਰੀਕੀ ਸਹਿ 'ਤੇ ਚੀਨ ਦੀ ਘੇਰਾਬੰਦੀ ਦੀ ਅਮਰੀਕੀ ਵਿਉਂਤ 'ਚ ਡੂੰਘੇ ਹਿੱਸੇਦਾਰ ਹੁੰਦੇ ਜਾ ਰਹੇ ਹਨ।

ਭਾਰਤ ਸਰਕਾਰ ਨੇ ਚੀਨੀ ਸਰਹੱਦ ਨੇੜੇ ਪਿਛਲੇ ਸਾਲਾਂ 'ਚ ਸੜਕਾਂ ਦੀ ਉਸਾਰੀ ਦਾ ਕੰਮ ਤੇਜੀ ਨਾਲ ਕੀਤਾ ਹੈ। ਪਹਿਲਾਂ ਮਨਮੋਹਨ ਸਿੰਘ ਦੀ ਕਾਂਗਰਸ ਹਕੂਮਤ ਨੇ ਵਿਵਾਦਤ ਸਰਹੱਦੀ ਖੇਤਰ 'ਚ 73 ਸੜਕਾਂ ਬਣਾਉਣ ਦਾ ਕੰਮ ਸੁਰੂ ਕੀਤਾ ਸੀ ਉਦੋਂ ਇਸਨੇ ਚੀਨੀ ਸਰਕਾਰ ਦੇ ਕੰਨ ਖੜੇ ਕੀਤੇ ਸਨ। ਮਗਰੋਂ ਮੋਦੀ ਹਕੂਮਤ ਨੇ ਇਸਨੂੰ ਜਾਰੀ ਰੱਖਿਆ ਹੈ। ਡੋਕਲਾਮ ''ਚ ਟਕਰਾਅ ਤੋਂ ਮਗਰੋਂ ਮੋਦੀ ਹਕੂਮਤ ਨੇ ਇਸਨੂੰ ਹੋਰ ਵੀ ਤੇਜ ਕਰ ਦਿੱਤਾ। ਕਈ ਕੌਮਾਂਤਰੀ ਮਸਲਿਆਂ ਦੇ ਟਿੱਪਣੀਕਾਰ ਗਲਵਾਨ ਘਾਟੀ ਦੇ ਟਕਰਾਅ ਨੂੰ ਭਾਰਤ ਵੱਲੋਂ ਦਰਬਕ-ਸਿਉਕ-ਦੌਲਤ ਬੇਗ-ਓਲਡੀ ਸੜਕ ਬਣਾਉਣ ਨਾਲ ਜੋੜ ਕੇ ਦੇਖਦੇ ਹਨ। ਇਹ ਸੜਕ ਕਾਰਾਕੋਰਮ ਪਾਸ ਅਤੇ ਤਿੱਬਤ ਤੇ ਜਿਆਨਜਿਨ ਹਾਈਵੇ ਦੇ ਨੇੜੇ ਹੈ। ਇਹ ਚੀਨ ਲਈ ਵਪਾਰਕ ਨੁਕਤਾ ਨਜਰ ਤੋਂ ਕਾਫੀ ਅਹਿਮ ਹੈ।

ਸਰਹੱਦੀ ਵਿਵਾਦ ਦੇ ਮੁੜ ਭਖਣ ਤੇ ਟਕਰਾਅ ਦੇ ਬਣੇ ਹਾਲਤਾਂ 'ਚ ਮੋਦੀ ਹਕੂਮਤ ਦੇ ਚੱਕਵੇਂ ਅੰਨੇ ਰਾਸ਼ਟਰਵਾਦੀ ਪੈਂਤੜਿਆਂ ਦਾ ਦਖਲ ਵੀ ਸਾਮਿਲ ਹੈ। ਮੁਲਕ ਅੰਦਰ ਅੰਨੇ ਕੌਮਵਾਦ ਦਾ ਗੁਬਾਰ ਖੜਾ ਰੱਖਣ ਲਈ ਉਸਨੂੰ ਸਰਹੱਦਾਂ 'ਤੇ ਤਣਾਅ ਦਾ ਮਾਹੌਲ ਵੀ ਲੋੜੀਂਦਾ ਹੈ। ਇਹ ਹਕੂਮਤ ਸੁਰੂ ਤੋਂ ਹੀ ਚੀਨ ਨਾਲ ਟਕਰਾਅ ਲੈਣ ਦੀ ਨੀਤੀ ''ਤੇ ਚੱਲੀ ਹੈ। ਪਹਿਲਾਂ ਇਸ ਨੇ 2014 'ਚ ਸਹੁੰ ਚੁੱਕਣ ਵੇਲੇ ਹੀ ਜਲਾਵਤਨੀ ਵਾਲੀ ਤਿੱਬਤੀ ਹਕੂਮਤ ਨੂੰ ਸੱਦਾ ਦੇ ਕੇ ਦੱਸ ਦਿੱਤਾ ਸੀ ਕਿ ਉਹ ਤਿੱਬਤੀ ਪੱਤਾ ਵਰਤਣ 'ਚ ਯੂ.ਪੀ.ਏ. ਹਕੂਮਤ ਤੋਂ ਵੀ ਅੱਗੇ ਜਾਣਾ ਚਾਹੁੰਦੀ ਹੈ। ਦਲਾਈਲਾਮੇ ਨੂੰ ਅਰੁਣਾਚਲ ਪ੍ਰਦੇਸ 'ਚ ਤਵਾਂਗ ਦੀ ਯਾਤਰਾ ਕਰਵਾਈ ਗਈ ਜਿਹੜਾ ਤਿੱਬਤੀ ਬੋਧੀਆਂ ਲਈ ਇੱਕ ਪਵਿੱਤਰ ਸਥਾਨ ਹੈ।

ਜਦਕਿ ਚੀਨ ਅਰੁਣਾਚਲ ਪ੍ਰਦੇਸ ਨੂੰ ਦੱਖਣੀ ਤਿੱਬਤ ਮੰਨਦਾ ਹੈ ਤੇ ਇਸਤੇ ਦਾਅਵਾ ਰੱਖਦਾ ਆ ਰਿਹਾ ਹੈ। ਇਉਂ ਹੀ ਤਾਇਵਾਨ ਨਾਲ ਸੰਬੰਧਾਂ ਦੇ ਮਾਮਲੇ 'ਚ ਵੀ ਭਾਰਤੀ ਹਾਕਮਾਂ ਦਾ ਰਵੱਈਆ ਚੀਨ ਨੂੰ ਜਿੱਚ ਕਰਨ ਵਾਲਾ ਹੀ ਰਿਹਾ ਹੈ। ਭਾਰਤੀ ਹਾਕਮ ਤਾਇਵਾਨ ਨਾਲ ਨੇੜਲੇ ਸਬੰਧ ਬਣਾਉਣ ਲਈ ਉਲਹਦੇ ਰਹੇ ਹਨ। ਇਹ ਪਹਿਲੀ ਵਾਰ ਹੈ ਕਿ ਭਾਰਤ ਨੇ ਤਾਇਵਾਨ 'ਚ ਸੰਯੁਕਤ ਸਕੱਤਰ ਦੇ ਪੱਧਰ ਦਾ ਡਿਪਲੋਮੈਟ ਨਿਯੁਕਤ ਕੀਤਾ ਹੈ। ਤਾਈਵਾਨ ਅਜਿਹਾ ਮੁਲਕ ਹੈ ਜਿਸਨੂੰ ਕੌਮਾਂਤਰੀ ਭਾਈਚਾਰੇ ਨੇ ਪ੍ਰਵਾਨ ਨਹੀਂ ਕੀਤਾ ਹੋਇਆ ਤੇ ਚੀਨ ਉਸਨੂੰ ਆਪਣਾ ਹਿੱਸਾ ਹੀ ਮੰਨਦਾ ਹੈ। ਮੋਦੀ ਦੇ 2014 'ਚ ਸਹੁੰ ਚੁੱਕ ਸਮਾਗਮ ਵੇਲੇ ਭਾਰਤ ਵਿਚਲੇ ਉਸਦੇ ਨੁਮਾਇੰਦੇ ਨੂੰ ਵੀ ਵਿਸੇਸ ਕਰਕੇ ਸੱਦਿਆ ਗਿਆ ਸੀ। ਉਸ ਤੋਂ ਮਗਰੋਂ ਹੁਣ ਅਗਸਤ ਮਹੀਨੇ ਦੇ ਪਹਿਲੇ ਹਫਤੇ ਤਾਇਵਾਨ ਦੇ ਲੀਡਰ ਤੇ ਸਾਬਕਾ ਰਾਸਟਰਪਤੀ ਸੀ-ਡਿੰਗ-ਹੂਈ ਦੀ ਮੌਤ ਵੇਲੇ ਮੋਦੀ ਨੇ ਉਸਨੂੰ ਮਿਸਟਰ ਡੈਮੋਕਰੇਸੀ ਕਰਾਰ ਦਿੱਤਾ ਤੇ ਕਿਹਾ ਕਿ ਉਸਦੀ ਅਗਵਾਈ 'ਚ ਤਾਈਵਾਨ ਅੰਦਰ ਜਮਹੂਰੀ ਤੇ ਆਰਥਿਕ ਖੁਸਹਾਲੀ ਡੂੰਘੀ ਹੋਈ। ਇਹ ਰਾਸਟਰਪਤੀ ਤਾਇਵਾਨ ਨੂੰ ਵੱਖਰੇ ਮੁਲਕ ਦਾ ਦਰਜਾ ਦਵਾਉਣ ਲਈ ਯਤਨਸੀਲ ਸੀ ਜਿਹੜਾ ਚੀਨ ਨਾਲ ਟਕਰਾਅ 'ਚ ਸੀ। ਇਉਂ ਹੀ ਹੋਰਨਾਂ ਮਾਮਲਿਆਂ 'ਚ ਵੀ ਭਾਰਤੀ ਹਾਕਮ ਚੀਨ ਖਿਲਾਫ ਅਮਰੀਕੀ ਸਹਿ 'ਤੇ ਪੈਂਤੜੇ ਲੈਂਦੇ ਆ ਰਹੇ ਹਨ ਜਿਹੜੇ ਚੀਨ ਨਾਲ ਸੰਬੰਧਾਂ ਨੂੰ ਵਿਗਾੜਨ ਦਾ ਕਾਰਨ ਬਣੇ ਹਨ। ਜਿਵੇਂ ਕਿ ਦੱਖਣੀ ਚੀਨ ਸਾਗਰ 'ਚ ਅਮਰੀਕਾ ਵੱਲੋਂ ਚੀਨ ਦੀ ਅਧਿਕਾਰ ਜਤਾਈ ਨੂੰ ਚਣੌਤੀ ਦਿੱਤੀ ਜਾ ਰਹੀ ਹੈ। ਸਾਮਰਾਜੀ ਜਰੂਰਤਾਂ ਲਈ ਅਮਰੀਕਾ ਨੂੰ ਇਸ ਖੇਤਰ ਦੇ ਸਮੁੰਦਰਾਂ ਤੇ ਸਾਨੂੰ ਮੁਕੰਮਲ ਕੰਟਰੋਲ ਚਾਹੀਦਾ ਹੈ। ਏਸੇ ਚੀਨ ਨੂੰ ਘੇਰ ਕੇ ਰੱਖਣ ਲਈ ਉਸਨੇ ਚਹੁੰ ਪਾਸਾ ਸੁਰੱਖਿਆ ਸੰਵਾਦ ਦੇ ਨਾਂ ਦੇ ਹੇਠ ਚੀਨ ਵਿਰੋਧੀ ਗੁੱਟ ਕਾਇਮ ਕੀਤਾ ਹੈ ਜਿਸ ਵਿੱਚ ਉਸ ਨਾਲ ਜਪਾਨ, ਭਾਰਤ ਤੇ ਆਸਟਰੇਲੀਆ ਹਨ। ਇਹਨਾਂ ਮੁਲਕਾਂ ਦੀਆਂ ਫੌਜਾਂ ਨੂੰ ਅਮਰੀਕਾ ਵੱਲੋਂ ਇਹਨਾਂ ਸਮੁੰਦਰਾਂ 'ਚ ਗਸਤ ਲਈ ਵਰਤਿਆ ਜਾ ਰਿਹਾ ਹੈ। ਅਮਰੀਕਾ ਵੱਲੋਂ ਇਸ ਖੇਤਰ 'ਚ ਪ੍ਰਮਾਣੂ ਹਥਿਆਰਾਂ ਵਾਲੇ ਜੰਗੀ ਬੇੜੇ ਬੀੜਨ ਦੀ ਚਰਚਾ ਹੋ ਰਹੀ ਹੈ। 2017 ਤੋਂ ਬਾਅਦ ਇਹ ਗਰੁੱਪ ਹੁਣ ਤੱਕ ਸੱਤ ਵਾਰ ਮਿਲ ਚੁੱਕਿਆ ਹੈ। ਭਾਰਤ, ਅਮਰੀਕਾ ਤੇ ਜਪਾਨ ਦੀਆਂ ਸਮੁੰਦਰੀ ਫੌਜਾਂ ਵੱਲੋਂ ਹਰ ਵਰ੍ਹੇ ਕੀਤੀ ਜਾਂਦੀ ਫੌਜੀ ਮਸਕਾਂ 'ਚ ਇਸ ਵਾਰ ਆਸਟਰੇਲੀਆ ਨੂੰ ਸੱਦਾ ਦਿੱਤਾ ਗਿਆ ਹੈ ਜਿਸ ''ਤੇ ਚੀਨ ਨੇ ਸਖਤ ਇਤਰਾਜ ਜਤਾਇਆ ਹੈ। ਏਥੋਂ ਤੱਕ ਕਿ ਚੀਨ ਨਾਲ ਨਜਿੱਠਣ ਦੇ ਮਾਮਲੇ 'ਚ ਨਾਟੋ ਮੁਲਕਾਂ ਅੰਦਰ ਵੀ ਤਰੇੜਾਂ ਦੇਖੀਆਂ ਜਾ ਸਕਦੀਆਂ ਹਨ ਜਦਕਿ ਭਾਰਤੀ ਹਾਕਮ ਨੰਗੇ-ਚਿੱਟੇ ਤੌਰ 'ਤੇ ਅਮਰੀਕਾ ਦੇ ਇਸਾਰਿਆਂ 'ਤੇ ਨੱਚ ਰਹੇ ਹਨ। ਹੁਣ ਅਮਰੀਕਾ ਇਸ ਸਰਹੱਦੀ ਟਕਰਾਅ ਦੇ ਭਖਣ ਮੌਕੇ ਲਗਾਤਾਰ ਭਾਰਤੀ ਹਾਕਮਾਂ ਨੂੰ ਸਹਿ ਦੇ ਰਿਹਾ ਹੈ ਤੇ ਚੱਕਵੀਂ ਹਮਾਇਤੀ ਬਿਆਨਬਾਜੀ ਕਰ ਰਿਹਾ ਹੈ। ਭਾਰਤ ਨੂੰ ਹੋਰ ਹਥਿਆਰ ਵੇਚਣ ਦੇ ਐਲਾਨ ਕਰ ਰਿਹਾ ਹੈ। ਪਹਿਲਾਂ ਹਥਿਆਰ ਵੇਚਣੇ ਹਨ, ਫਿਰ ਉਹਨਾਂ ਹੀ ਹਥਿਆਰਾਂ ਨਾਲ ਆਪਣੇ ਲੁਟੇਰੇ ਹਿਤਾਂ ਨੂੰ ਅੱਗੇ ਵਧਾਉਣ ਲਈ ਚੀਨ ਨਾਲ ਭੇੜ ਪਵਾਉਣਾ ਹੈ। ਭਾਰਤੀ ਹਾਕਮ ਅਮਰੀਕੀ ਸਹਿ 'ਤੇ ਮੁੱਛ ਮਨਾਉਣ ਦੇ ਰਾਹ ਪੈ ਰਹੇ ਹਨ ਪਰ ਉਸਦੀ ਆਰਥਿਕਤਾ ਅਜਿਹੇ ਕਿਸੇ ਵੀ ਜੰਗੀ ਉਲਝਾਅ ਦੀ ਰੱਤੀ ਭਰ ਵੀ ਗੁੰਜਾਇਸ ਨਹੀਂ ਦੇ ਰਹੀ। ਪਹਿਲਾਂ ਹੀ ਲੜਖੜਾ ਰਹੀ ਮੁਲਕ ਦੀ ਆਰਥਿਕਤਾ ਦਾ ਕਰੋਨਾ ਸੰਕਟ ਦੇ ਬੇ-ਵਿਉਂਤੇ ਲੌਕਡਾਊਨ ਨੇ ਧੂੰਆਂ ਕੱਢ ਦਿੱਤਾ ਹੈ। ਮੁਲਕ ਦੀ ਜੀ ਡੀ ਪੀ ਧੜੰਮ ਥੱਲੇ ਆ ਗਈ ਹੈ। ਬੇ-ਰੁਜਗਾਰੀ ਸਿਖਰਾਂ ਛੂਹ ਰਹੀ ਹੈ। ਮੁਲਕ ਦੀ ਆਰਥਿਕਤਾ ਦੀ ਹਾਲਤ ਤੇ ਗੁਆਂਢੀ ਮੁਲਕਾਂ ਨਾਲ ਰਿਸਤਿਆਂ ਦੀ ਹਾਲਤ ਵਰਗੇ ਕਈ ਅਜਿਹੇ ਪਹਿਲੂ ਹਨ ਜਿਹੜੇ ਭਾਰਤੀ ਹਾਕਮਾਂ ਦੀ ਇਸ ਚੱਕਵੀਂ ਪੈਂਤੜੇਬਾਜੀ ਨੂੰ ਪੁਗਾਉਣ ''ਚ ਭਾਰੀ ਅੜਿੱਕਾ ਬਣਦੇ ਹਨ। ਚੀਨ ਨਾਲ ਭੇੜ ਦੇ ਮਸਲੇ 'ਤੇ ਮੋਦੀ ਸਰਕਾਰ ਦੀ ਹਾਲਤ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਵਾਲੀ ਬਣ ਰਹੀ ਹੈ। ਏਸੇ ਲਈ ਹਕੀਕੀ ਰੂਪ ਚ ਜੰਗ ਨੂੰ ਚਿਤਰਣ ਵੇਲੇ ਭਾਰਤੀ ਹਾਕਮ ਬੇ-ਮੇਚੀ ਚੀਨੀ ਤਾਕਤ ਮੂਹਰੇ ਊਣੇ ਤੇ ਨਿਤਾਣੇ ਮਹਿਸੂਸ ਕਰਕੇ ਆਪਣੀ ਸੁਰ ਨਰਮ ਕਰਦੇ ਹਨ, ਗੱਲਬਾਤ ਦਾ ਅਮਲ ਚਲਾਉਣ ਦਾ ਪ੍ਰਭਾਵ ਦਿੰਦੇ ਹਨ ਪਰ ਨਾਲ ਹੀ ਕਈ ਤਰ੍ਹਾਂ ਦੀਆਂ ਪਿਛਾਖੜੀ ਗਿਣਤੀਆਂ ਮਿਣਤੀਆਂ ਉਹਨਾਂ ਨੂੰ ਜੰਗੀ ਹੋਕਰੇ ਮਾਰਨ ਦਾ ਪਿਛਾਖੜੀ ਪੈਂਤੜਾ ਲੈਣ ਦੇ ਰਾਹ ਪਾਉਂਦੀਆਂ ਹਨ।

ਇਉਂ ਇਹ ਸਰਹੱਦੀ ਰੱਟਾ ਮੁਲਕ ਦੇ ਲੋਕਾਂ ਦਾ ਧਿਆਨ ਭਟਕਾਈ ਰੱਖਣ ਲਈ, ਹੋਰ ਹਥਿਆਰ ਖਰੀਦਣ ਦੀ ਵਾਜਬੀਅਤ ਬਣਾਈ ਰੱਖਣ ਲਈ ਤੇ ਸਾਮਰਾਜੀਆਂ ਦੀ ਸੁਵੱਲੀ ਨਜਰ ਹੇਠ ਰਹਿਣ ਲਈ ਤਾਂ ਹਾਕਮਾਂ ਲਈ ਲਾਹੇਵੰਦ ਹੈ ਪਰ ਗੰਭੀਰ ਜੰਗ 'ਚ ਭਾਰਤੀ ਹਾਕਮਾਂ ਦੀ ਹਾਲਤ ਨਿਭਣ ਜੋਗੀ ਨਾ ਹੋਣ ਕਰਕੇ ਅਮਰੀਕੀ ਹੱਲਾਸੇਰੀਆਂ ਦੇ ਬਾਵਜੂਦ ਉਹ ਝਿਜਕ ਵੀ ਦਿਖਾਉਂਦੇ ਹਨ। ਇਸ ਸਰਹੱਦੀ ਵਿਵਾਦ 'ਤੇ ਜੰਗ ਦੇ ਰਾਹ ਤੁਰਨਾ ਦੋਹਾਂ ਮੁਲਕਾਂ ਦੇ ਲੋਕਾਂ ਦੇ ਹਿੱਤ 'ਚ ਨਹੀਂ ਹੈ, ਪਰ ਹਾਕਮਾਂ ਦੇ ਹਿੱਤ ਇਸਤੋਂ ਵੱਖਰੇ ਹਨ ਤੇ ਏਸੇ ਕਰਕੇ ਗਿਣਤੀਆਂ ਵੀ ਹੋਰ ਹਨ ਪਰ ਲੋਕਾਂ ਲਈ ਇਹ ਜੰਗ ਕਿਸੇ ਤਰਾਂ ਵੀ ਲਾਹੇਵੰਦੀ ਨਹੀਂ। ਮਨੁੱਖੀ ਜਿੰਦਗੀਆਂ ਦੇ ਖੋਅ ਬਣਨ ਤੇ ਆਰਥਿਕ ਬੋਝ ਝੱਲਣ ਪੱਖੋਂ ਇਹ ਲੋਕਾਂ ਲਈ ਮਾਰੂ ਸਾਬਿਤ ਹੋਵੇਗੀ।

ਇਹ ਮੌਜੂਦਾ ਟਕਰਾਅ ਵੀ ਆਪਣੇ ਆਪ 'ਚ ਹੀ ਮੁਲਕ ਦੇ ਖਜਾਨੇ ਤੇ ਵੱਡਾ ਆਰਥਿਕ ਬੋਝ ਪਾਉਂਦਾ ਹੈ। ਹਿਮਾਲਿਆ ਦੀਆਂ ਉੱਚੀਆਂ ਬਰਫੀਲੀਆਂ ਚੋਟੀਆਂ ਤੇ ਕਾਬਜ ਹੋਣ ਲਈ ਅਰਬਾਂ ਰੁਪਏ ਦਹਾਕਿਆਂ ਤੋਂ ਪਾਣੀ ਵਾਂਗ ਵਹਾਏ ਜਾ ਰਹੇ ਹਨ, ਆਏ ਸਾਲ ਇਹਨਾਂ ਬਰਫਾਂ ਹੇਠ ਦੱਬ ਕੇ ਕਿੰਨੇ ਹੀ ਫੌਜੀ ਫੌਤ ਹੋ ਜਾਂਦੇ ਹਨ। ਬੇਥਾਹ ਕੀਮਤੀ ਮਨੁੱਖੀ ਜਿੰਦਗੀਆਂ ਭੰਗ ਦੇ ਭਾਣੇ ਚਲੀਆਂ ਜਾਂਦੀਆਂ ਹਨ। ਹੁਣ ਵੀ ਉੱਥੇ ਫੌਜਾਂ ਦੀ ਨਫਰੀ ਵਧਾ ਕੇ, ਕਰੋੜਾਂ ਰੁਪਏ ਖਰਚੇ ਜਾ ਰਹੇ ਹਨ ਅਤੇ ਭਾਰਤੀ ਜਵਾਨਾਂ ਦਾ ਲਹੂ ਭੇਟ ਕੀਤਾ ਜਾ ਰਿਹਾ ਹੈ। ਜਟਾਉਣ ਦਾ ਹੱਕਦਾਰ ਨਹੀਂ ਹੈ।

ਇਸ ਸਰਹੱਦੀ ਵਿਵਾਦ ਨੂੰ ਨਿਪਟਾਉਣ ਲਈ ਆਪਸੀ ਸਹਿਮਤੀ ਬਣਾਉਣ ਦੀ ਨੀਤੀ ਹੀ ਰਸਤਾ ਹੈ। ਦੋਹਾਂ ਮੁਲਕਾਂ ਦੇ ਲੋਕਾਂ ਵੱਲੋਂ ਆਪਣੇ ਮੁਲਕਾਂ ਦੇ ਹਾਕਮਾਂ ਨੂੰ ਇਸ ਜੰਗ ਦੇ ਰਾਹ ਪੈਣ ਤੋਂ ਵਰਜਣ ਲਈ ਦਬਾਅ ਬਣਾਉਣਾ ਚਾਹੀਦਾ ਹੈ। ਸਾਨੂੰ ਆਪਣੇ ਮੁਲਕ ਦੇ ਹਾਕਮਾਂ ਤੋਂ ਮੰਗ ਕਰਨੀ ਚਾਹੀਦੀ ਹੈ ਕਿ ਉਹ ਝੂਠੇ ਰਾਸਟਰਵਾਦ ਦਾ ਗੁਬਾਰ ਖੜਾ ਕਰਨੋ ਬਾਜ ਆਉਣ ਤੇ ਅਮਰੀਕੀ ਸਾਮਰਾਜੀ ਮਹਾਂਸਕਤੀ ਦੇ ਹਿਤਾਂ ਲਈ ਗੁਆਂਢੀ ਮੁਲਕਾਂ ਨਾਲ ਸੰਬੰਧ ਵਿਗਾੜਨੋਂ ਬਾਜ ਆਉਣ। ਅਮਰੀਕੀ ਸਾਮਰਾਜੀ ਹਿੱਤਾਂ ਲਈ ਮੁਲਕ ਦੇ ਸੋਮੇ ਤੇ ਜਿੰਦਗੀਆਂ ਝੋਕਣੀਆਂ ਬੰਦ ਕਰਨ। ਗੁਆਂਢੀ ਮੁਲਕਾਂ ਨਾਲ ਰਿਸਤੇ ਦੇਸ ਦੇ ਲੋਕਾਂ ਦੇ ਹਿੱਤਾਂ ਦੀ ਲੋੜ ਅਨੁਸਾਰ ਉਸਾਰੇ ਜਾਣ ਨਾ ਕਿ ਸਾਮਰਾਜੀਆਂ ਦੀਆਂ ਲੋੜਾਂ ਅਨੁਸਾਰ। ਮੌਜੂਦਾ ਹਟ ਕੇ, ਗੈਰ ਵਿਵਾਦਤ ਖੇਤਰਾਂ ਤੱਕ ਸੀਮਤ ਹੋਣਾ ਚਾਹੀਦਾ ਹੈ। ਸਰਹੱਦੀ ਰੱਟਾ ਨਿਬੇੜਨ ਲਈ ਦੋਹਾਂ ਮੁਲਕਾਂ ਨੂੰ ਗੰਭੀਰ ਗੱਲਬਾਤ ਦੇ ਰਾਹ ਪੈਣਾ ਚਾਹੀਦਾ ਹੈ।



ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070

# ਜ਼ਹਿਰਾਂ ਘੁਲੀ ਜ਼ਿੰਦਗੀ



ਯੂਨਾਈਟਿਡ ਸਟੇਟਸ ਅਮਰੀਕਾ ਦੇ ਬਾਗ ਬਗੀਚਿਆਂ ਸਬੰਧੀ ਉਥੋਂ ਦੇ ਰਾਸ਼ਟਰੀ ਪਾਰਕ ਸਰਵਿਸ (ਐਨ.ਪੀ.ਐਸ.) ਦੀ ਇਕ ਰਿਪੋਰਟ ਦੱਸਦੀ ਹੈ ਕਿ ਅਵਾਜ਼ ਪ੍ਰਦੂਸ਼ਨ ਸਿਹਤ ਦੇ ਨਾਲ-ਨਾਲ ਵਾਤਾਵਰਨ ਲਈ ਵੀ ਗੰਭੀਰ ਰੂਪ ਵਿਚ ਨੁਕਸਾਨਦੇਹ ਹੈ। ਇਹ ਇਨਸਾਨਾਂ ਦੇ ਨਾਲ-ਨਾਲ ਜੀਵ ਜੰਤੂਆਂ ਨੂੰ ਵੀ ਗੰਭੀਰ ਨੁਕਸਾਨ ਪਹੁੰਚਾਉਂਦਾ ਹੈ। ਕਈ ਵਾਤਾਵਰਣ ਖੋਜੀਆਂ ਦਾ ਮੰਨਣਾ ਹੈ ਕਿ ਜੇਕਰ ਅਵਾਜ਼ ਪ੍ਰਦੂਸ਼ਨ ਲੰਮੇ ਸਮੇਂ ਤੱਕ ਬਣਿਆ ਰਹੇ ਤਾਂ ਕਈ ਦਰੱਖ਼ਤਾਂ, ਪੌਦਿਆਂ ਦੀਆਂ ਪ੍ਰਜਾਤੀਆਂ ਅਲੋਪ ਹੋ ਸਕਦੀਆਂ ਹਨ। ਅਵਾਜ਼ ਪ੍ਰਦੂਸ਼ਨ ਸਰੀਰਕ ਅਤੇ ਮਾਨਸਿਕ ਦੋਵੇਂ ਤਰਾਂ ਹੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਜੇਕਰ ਬਨਾਉਟੀ ਢੰਗਾਂ ਨਾਲ ਵਾਤਾਵਰਨ ਵਿਚ ਰੌਸ਼ਨੀ (ਪ੍ਰਕਾਸ਼) ਦੀ ਮਾਤਰਾ ਇੰਨੀ ਜ਼ਿਆਦਾ ਹੋ ਜਾਂਦੀ ਹੈ ਕਿ ਕੁਦਰਤੀ ਤੌਰ 'ਤੇ ਇਸ ਦਾ ਉਲਟ ਅਸਰ ਪੈਣ ਲੱਗ ਜਾਵੇ ਤਾਂ ਇਸਨੂੰ ਪ੍ਰਕਾਸ਼ ਪ੍ਰਦੂਸ਼ਨ ਕਹਿੰਦੇ ਹਨ। ਇਸ ਪ੍ਰਕਾਸ਼ ਪ੍ਰਦੂਸ਼ਨ ਦਾ ਸਿਰਫ਼ ਮਨੁੱਖ ਜਾਤੀ ਉੱਤੇ ਹੀ ਨਹੀਂ, ਪੌਦਿਆਂ ਅਤੇ ਜਾਨਵਰਾਂ ਉੱਤੇ ਵੀ ਭੈੜਾ ਪ੍ਰਭਾਵ ਪੈਂਦਾ ਹੈ।

ਅੱਜ ਵਧਦੇ ਉਦਯੋਗੀਕਰਨ ਅਤੇ ਆਧੁਨਿਕ ਜੀਵਨ ਸ਼ੈਲੀ ਦੇ ਚਲਦਿਆਂ ਪੂਰੀ ਧਰਤੀ ਦਾ ਸੰਤੁਲਨ ਵਿਗੜ ਰਿਹਾ ਹੈ। ਪ੍ਰਦੂਸ਼ਨ ਪੂਰੀ ਧਰਤੀ ਲਈ ਇਕ ਵੱਡੀ ਸਮੱਸਿਆ ਬਣ ਗਿਆ ਹੈ। ਹਵਾ ਪ੍ਰਦੂਸ਼ਨ, ਪਾਣੀ ਪ੍ਰਦੂਸ਼ਨ, ਅਵਾਜ਼ ਪ੍ਰਦੂਸ਼ਨ ਆਦਿ ਨਾਲ ਦੁਨੀਆਂ ਦੇ ਸਾਰੇ ਦੇਸ਼ ਜੂਝ ਰਹੇ ਹਨ। ਮਨੁੱਖੀ ਗਤੀਵਿਧੀਆਂ ਅਤੇ ਤਕਨੀਕੀ ਉਪਕਰਨਾਂ, ਜਿਨਾਂ 'ਚ ਏ.ਸੀ., ਫਰਿੱਜ਼, ਮੋਬਾਇਲ, ਹਵਾਈ ਜਹਾਜ਼, ਬੱਸਾਂ, ਕਾਰਾਂ ਅਤੇ ਹੋਰ ਵਾਹਨ ਆਦਿ ਦੀ ਬੇਇੰਤਹਾ ਵਰਤੋਂ ਨਾਲ ਹਵਾ ਪ੍ਰਦੂਸ਼ਨ ਵਧ ਰਿਹਾ ਹੈ। ਵਾਯੂਮੰਡਲ ਵਿਚ ਸਾਰੀਆਂ ਗੈਸਾਂ ਸੰਤੁਲਿਤ ਅਤੇ ਨਿਸ਼ਚਿਤ ਹੁੰਦੀਆਂ ਹਨ ਪਰ ਜਦੋਂ ਕਿਸੇ ਕਾਰਨ ਇਹਨਾਂ ਗੈਸਾਂ ਦੀ ਮਾਤਰਾ 'ਚ ਤਬਦੀਲੀ ਹੁੰਦੀ ਹੈ ਤਾਂ ਹਵਾ ਪ੍ਰਦੂਸ਼ਨ ਵਧਦਾ ਹੈ। ਕਾਰਖਾਨਿਆਂ 'ਚੋਂ ਨਿਕਲਦਾ ਧੂੰਆਂ, ਵਾਹਨਾਂ ਕਾਰਨ ਪੈਦਾ ਹੁੰਦਾ ਧੂੰਆਂ, ਪਰਾਲੀ ਆਦਿ ਜਲਾਉਣ ਨਾਲ ਫੈਲਦਾ ਧੂੰਆਂ ਵਾਤਾਵਰਨ ਨੂੰ ਦੂਸ਼ਿਤ ਕਰਦਾ ਹੈ, ਇਸ ਨਾਲ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ, ਇਸੇ ਲਈ ਮਨੁੱਖ ਦਮਾ, ਸਾਹ ਦੀਆਂ ਹੋਰ ਬੀਮਾਰੀਆਂ ਦੀ ਲਪੇਟ ਵਿਚ ਆ ਜਾਂਦਾ ਹੈ। ਵੱਡੀ ਆਬਾਦੀ ਹਵਾ ਪ੍ਰਦੂਸ਼ਨ ਦੀ ਸਮੱਸਿਆ ਦਾ ਗੰਭੀਰਤਾ ਨਾਲ ਸਾਹਮਣਾ ਕਰ ਰਹੀ ਹੈ।

ਹਵਾ ਦੇ ਪ੍ਰਦੂਸ਼ਨ ਦੇ ਵਧਣ ਦੇ ਨਾਲ-ਨਾਲ ਆਧੁਨਿਕ ਵਿਕਾਸ ਕਾਰਨ ਪਾਣੀ ਪ੍ਰਦੂਸ਼ਣ ਵੀ ਵਧ ਰਿਹਾ ਹੈ। ਉਦਯੋਗੀਕਰਨ ਅਤੇ ਸ਼ਹਿਰੀਕਰਨ ਦੇ ਚਲਦਿਆਂ ਸ਼ਹਿਰਾਂ ਵਿਚ ਵੱਖੋ-ਵੱਖਰੇ ਉਦਯੋਗ ਲੱਗ ਰਹੇ ਹਨ। ਘਰਾਂ ਅਤੇ ਕਾਰਖਨਿਆਂ ਵਿਚੋਂ ਨਿਕਲਦਾ ਦੂਸ਼ਿਤ ਪਾਣੀ, ਕਚਰਾ ਅਤੇ ਘਾਤਕ ਰਸਾਇਣ ਨਦੀਆਂ-ਨਾਲਿਆਂ ਨੂੰ ਗੰਦਾ ਤਾਂ ਕਰ ਹੀ ਰਹੇ ਹਨ, ਪ੍ਰਦੂਸ਼ਿਤ ਵੀ ਕਰ ਰਹੇ ਹਨ। ਸਾਫ਼ ਸੁਥਰੀਆਂ ਨਦੀਆਂ, ਬਰਸਾਤੀ ਨਾਲਿਆਂ ਦਾ ਪਾਣੀ ਸੀਵਰੇਜ ਦੇ ਪਾਣੀ ਨੇ ਪੀਣ ਯੋਗ ਨਹੀਂ ਰਹਿਣ ਦਿੱਤਾ ਅਤੇ ਨਾ ਹੀ ਕਿਸੇ ਹੋਰ ਵਰਤੋਂ ਯੋਗ ਛੱਡਿਆ ਹੈ। ਇਸੇ ਗੰਦੇ ਪਾਣੀ ਨਾਲ ਸਾਫ਼-ਸੁਥਰਾ ਪਾਣੀ ਪ੍ਰਦੂਸ਼ਿਤ ਤਾਂ ਹੁੰਦਾ ਹੀ ਹੈ, ਨਾਲ-ਨਾਲ ਕਈ ਬੀਮਾਰੀਆਂ ਨੂੰ ਜਨਮ ਦਿੰਦਾ ਹੈ। ਇਥੇ ਹੀ ਬੱਸ ਨਹੀਂ ਖਾਦਾਂ, ਕੀਟਨਾਸ਼ਕਾਂ ਦੀ ਖੇਤਾਂ ਵਿਚ ਵੱਧ ਵਰਤੋਂ ਨੇ ਮਿੱਟੀ ਦੀ ਗੁਣਵੱਤਾ ਉੱਤੇ ਬੁਰਾ ਪ੍ਰਭਾਵ ਪਾਇਆ ਹੈ ਅਤੇ ਧਰਤੀ ਦਾ ਪ੍ਰਦੂਸ਼ਨ ਵਧਿਆ ਹੈ। ਸ਼ੁੱਧ ਮਿੱਟੀ ਕੁਦਰਤੀ ਖਜ਼ਾਨਾ ਹੈ ਜੋ ਪਸ਼ੂ, ਮਨੁੱਖ ਅਤੇ ਬਨਸਪਤੀ ਦੇ ਜੀਵਨ 'ਚ ਪ੍ਰਮੁੱਖ ਭੂਮਿਕਾ ਨਿਭਾਉਂਦੀ ਹੈ, ਪਰੰਤੂ ਜਿਸ ਢੰਗ ਨਾਲ ਧਰਤੀ ਦੀ ਮਿੱਟੀ ਨਾਲ ਖਿਲਵਾੜ ਹੋਣ ਲੱਗਿਆ ਹੈ, ਉਸ ਨਾਲ ਕਈ ਵੱਖੋ-ਵੱਖਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ, ਜੋ ਕਿ ਧਰਤੀ ਤੇ ਰਹਿਣ ਵਾਲੇ ਪਸ਼ੂ, ਪੰਛੀਆਂ, ਜੀਵਾਂ, ਮਨੁੱਖਾਂ ਆਦਿ ਲਈ ਪ੍ਰੇਸ਼ਾਨੀ ਦਾ ਸਾਧਨ ਬਣ ਰਹੀਆਂ ਹਨ।

ਪ੍ਰਦੂਸ਼ਨ ਕਾਰਨ ਇਕ ਅਧਿਐਨ ਅਨੁਸਾਰ ਹਰ ਸਾਲ ਵਿਸ਼ਵ ਭਰ ਵਿਚ ਲਗਭਗ 90 ਲੱਖ ਲੋਕਾਂ ਦੀ ਮੌਤ ਹੁੰਦੀ ਹੈ। ਸਾਲ 2000 ਤੋਂ ਬਾਅਦ ਹਵਾ ਦੇ ਪ੍ਰਦੂਸ਼ਨ ਕਾਰਨ ਮਰਨ ਵਾਲਿਆਂ ਦੀ ਗਿਣਤੀ ਲਗਭਗ 50 ਫੀਸਦੀ ਵਧ ਗਈ ਹੈ। ਭਾਰਤ ਵਿਚ ਹਰ ਸਾਲ ਲਗਭਗ 24 ਲੱਖ ਲੋਕ, ਚੀਨ ਵਿਚ 22 ਲੱਖ ਲੋਕਾਂ ਦੀ ਪ੍ਰਦੂਸ਼ਨ ਕਾਰਨ ਗ਼ੈਰ ਕੁਦਰਤੀ ਮੌਤ ਹੋਈ। ਇਕ ਸਰਵੇਖਣ ਇਹ ਵੀ ਆਇਆ ਹੈ ਕਿ ਇਕ ਸਾਲ ਵਿਚ ਜਿੰਨੀਆਂ ਮੌਤਾਂ ਸਿਗਰਟ ਪੀਣ ਅਤੇ ਸਿਗਰਟਾਂ, ਤੰਬਾਕੂ ਦਾ ਧੂੰਆਂ ਵਾਤਾਵਰਨ 'ਚ ਰਲਣ ਕਾਰਨ ਹੁੰਦੀਆਂ ਹਨ, ਲਗਭਗ ਉਤਨੀਆਂ ਹੀ ਮੌਤਾਂ ਹਵਾ ਪ੍ਰਦੂਸ਼ਨ ਨਾਲ ਹੁੰਦੀਆਂ ਹਨ। ਯਾਦ ਰਹੇ ਹਵਾ ਪ੍ਰਦੂਸ਼ਨ ਨਾਲ ਲੋਕ ਦਿਲ, ਲਕਵਾ, ਫੇਫੜਿਆਂ ਦੇ ਕੈਂਸਰ, ਫੇਫੜਿਆਂ ਦੀਆਂ ਦੂਜੀਆਂ ਬੀਮਾਰੀਆਂ, ਸ਼ੂਗਰ ਆਦਿ ਦੇ ਸ਼ਿਕਾਰ ਹੋ ਜਾਂਦੇ ਹਨ।

ਅਮਰੀਕਾ ਦੇ ਦਿਲ ਰੋਗਾਂ ਦੀ ਐਸੋਸੀਏਸ਼ਨ ਨੇ ਇਕ ਦਹਾਕਾ ਪਹਿਲਾਂ ਦੱਸਿਆ ਸੀ ਕਿ ਰਹਿੰਦ ਖੂੰਹਦ ਦੇ ਜਲਨ ਨਾਲ ਪੈਦਾ ਹੁੰਦੇ ਪ੍ਰਦੂਸ਼ਨ ਦੇ ਛੋਟੇ-ਛੋਟੇ ਕਣ ਦਿਲ ਦੇ ਰੋਗਾਂ ਅਤੇ ਮੌਤ ਲਈ ਜ਼ਿੰਮੇਵਾਰ ਹੁੰਦੇ ਹਨ। ਮਾਹਿਰ ਇਹ ਵੀ ਮੰਨਦੇ ਹਨ ਕਿ ਜਿਨਾਂ ਥਾਵਾਂ ਉੱਤੇ ਅਬਾਦੀ ਵਧ ਹੈ, ਪ੍ਰਦੂਸ਼ਨ ਦੇ ਨਿਪਟਾਰੇ ਦੇ ਵਿੱਤੀ ਅਤੇ ਸਰਕਾਰੀ ਸਾਧਨਾਂ ਦੀ ਕਮੀ ਹੈ, ਉਥੇ ਪ੍ਰਦੂਸ਼ਨ ਸਥਿਤੀ ਨਾਜ਼ੁਕ ਹੈ। ਸ਼ਹਿਰਾਂ ਦੇ ਵਿਕਾਸ ਨਾਲ ਵੱਧ ਪ੍ਰਦੂਸ਼ਨ ਤਾਂ ਹੁੰਦਾ ਹੀ ਹੈ, ਪਰ ਗਰੀਬ ਇਲਾਕਿਆਂ ਖਾਸ ਕਰਕੇ ਪੇਂਡੂ ਅਤੇ ਸਲੱਮ ਖੇਤਰ ਵਿਚ ਮੌਤਾਂ ਦੀ ਗਿਣਤੀ ਵਧਣ ਦਾ ਮੁੱਖ ਕਾਰਨ ਪ੍ਰਦੂਸ਼ਨ ਹੈ। ਹਵਾ ਪ੍ਰਦੂਸ਼ਨ ਤੋਂ ਪਾਣੀ ਪ੍ਰਦੂਸ਼ਨ ਹੀ ਇਕ ਇਹੋ ਜਿਹਾ ਪ੍ਰਦੂਸ਼ਨ ਹੈ, ਜਿਸ ਨਾਲ ਹਰ ਸਾਲ ਵਿਸ਼ਵ ਭਰ 'ਚ ਮੌਤਾਂ ਦੀ ਗਿਣਤੀ 14 ਲੱਖ ਤੱਕ ਪੁੱਜ ਚੁੱਕੀ ਹੈ।

ਉਦਯੋਗਾਂ ਤੋਂ ਨਿਕਲਦੇ ਘਾਤਕ ਰਸਾਇਣਾਂ ਨਾਲ ਨਾ ਕੇਵਲ ਨਦੀਆਂ ਦਾ ਪਾਣੀ ਦੂਸ਼ਿਤ ਹੁੰਦਾ ਹੈ, ਸਗੋਂ ਪਾਣੀ 'ਚ ਰਹਿਣ ਵਾਲੇ ਜੀਵਾਂ ਦੀ ਮੌਤ ਤੇ ਬੀਮਾਰੀਆਂ ਦਾ ਕਾਰਨ ਵੀ ਬਣਦਾ ਹੈ। ਜਲੇ-ਅਣਜਲੇ ਮ੍ਰਿਤਕ ਮਨੁੱਖੀ ਤੇ ਪਸ਼ੂਆਂ ਦੇ ਸਰੀਰ, ਕੂੜਾ ਕਰਕਟ ਅਤੇ ਕਾਰਬਨ ਪਦਾਰਥਾਂ ਦਾ ਨਦੀਆਂ ਵਿਚ ਸੁੱਟਣਾ ਬਹੁਤ ਹੀ ਹਾਨੀਕਾਰਕ ਬਣਦਾ ਜਾ ਰਿਹਾ ਹੈ।

ਜੀਵ ਜੰਤੂਆਂ ਦੀਆਂ ਕਈ ਪ੍ਰਜਾਤੀਆਂ ਸਿਰਫ਼ ਰਾਤਾਂ ਨੂੰ ਹੀ ਸਕਿਰਿਆ ਹੁੰਦੀਆਂ ਹਨ, ਕਿਉਂਕਿ ਉਹਨਾਂ ਲਈ ਪ੍ਰਕਾਸ਼ ਪ੍ਰਦੂਸ਼ਨ ਗੰਭੀਰ ਸਮੱਸਿਆ ਹੈ। ਇਸ ਨਾਲ ਇਹਨਾਂ ਪਸ਼ੂ-ਪੰਛੀਆਂ ਦੀ ਪ੍ਰਜਨਣ ਕਿਰਿਆ ਉੱਤੇ ਭੈੜਾ ਪ੍ਰਭਾਵ ਪੈ ਰਿਹਾ ਹੈ। ਦਰੱਖਤਾਂ ਪੌਦਿਆਂ ਉੱਤੇ ਵੀ ਇਸ ਦਾ ਅਸਰ ਪੈਂਦਾ ਹੈ। ਇਥੇ ਹੀ ਬਸ ਨਹੀਂ ਕਿ ਮਨੁੱਖ ਦੇ ਡੀ.ਐਨ.ਏ. ਵਿਚ ਵਿਸ਼ੇਸ਼ ਪ੍ਰਕਾਰ ਦੀ ਸਕੇਂਡਿਅਨ ਪਰਤ ਹੁੰਦੀ ਹੈ, ਜਿਸ ਨਾਲ ਇਹ ਤਹਿ ਹੁੰਦਾ ਹੈ ਕਿ ਇਸ ਸਮੇਂ ਮਨੁੱਖ ਨੂੰ ਪ੍ਰਕਾਸ਼ ਦੀ ਜ਼ਰੂਰਤ ਹੈ, ਪ੍ਰਕਾਸ਼ ਪ੍ਰਦੂਸ਼ਨ ਨਾਲ ਕੁਦਰਤੀ ਸਕੇਂਡਿਅਨ ਪਰਤ 'ਚ ਰੁਕਾਵਟ ਆਉਂਦੀ ਹੈ, ਜਿਸ ਨਾਲ ਕੈਂਸਰ, ਦਿਲ ਦੇ ਰੋਗ, ਉਨੀਂਦਰਾ ਆਦਿ ਰੋਗ ਪੈਦਾ ਹੁੰਦੇ ਹਨ। ਜਿਵੇਂ ਕਿ ਆਪਾਂ ਜਾਣਦੇ ਹਾਂ ਕਿ ਪ੍ਰਿਥਵੀ ਤੰਤਰ ਸੂਰਜ ਦੇ ਚੱਕਰਾਂ 'ਤੇ ਨਿਰਭਰ ਹੈ ਅਤੇ ਮਨੁੱਖ ਵੱਲੋਂ ਪੈਦਾ ਕੀਤਾ ਪ੍ਰਕਾਸ਼ ਤੰਤਰ, ਪ੍ਰਿਥਵੀ ਤੰਤਰ ਉੱਤੇ ਬੁਰਾ ਪ੍ਰਭਾਵ ਪਾਉਂਦਾ ਹੈ।

ਮੁੱਖ ਰੂਪ ਵਿਚ ਕਿਸੇ ਵੀ ਖੇਤਰ ਵਿਸ਼ੇਸ਼ ਦੀ ਹਵਾ ਗੁਣਵਤਾ ਅਤੇ ਉਥੇ ਦੇ ਹਵਾ ਪ੍ਰਦੂਸ਼ਨ ਨੂੰ ਮਾਪਣ ਲਈ "ਏਅਰ ਕਵਾਲਿਟੀ ਇੰਡੈਕਸ" ਦੀ ਵਰਤੋਂ ਹੁੰਦੀ ਹੈ। ਇਸ ਦੇ ਅੱਠ ਸੰਕੇਤਕ ਹੁੰਦੇ ਹਨ। ਜਿਸ ਵਿਚ ਮੁੱਖ ਤੌਰ 'ਤੇ ਪੀ.ਐਮ. 2.5 ਅਤੇ ਪੀ.ਐਮ. 10 ਜਿਹੇ ਸੰਕੇਤਕ ਸ਼ਾਮਲ ਹਨ। ਉਦਾਹਰਨ ਦੇ ਤੌਰ ਤੇ ਜੇਕਰ ਏਅਰ ਕਵਾਲਿਟੀ ਇੰਡੈਕਸ 0 ਤੋਂ 50 ਹੈ ਤਾਂ ਮੰਨਿਆ ਜਾਵੇਗਾ ਕਿ ਹਵਾ ਗੁਣਵਤਾ ਚੰਗੀ ਹੈ ਪਰ ਜੇਕਰ 401-500 ਤੋਂ ਜ਼ਿਆਦਾ ਹੈ ਤਾਂ ਹਵਾ ਦੀ ਪ੍ਰਦੂਸ਼ਨ ਦੀ ਹਾਲਤ ਬਹੁਤ ਗੰਭੀਰ ਹੈ। ਹਰ ਵਰ੍ਹੇ ਦੇਸ਼ ਦੀ ਰਾਜਧਾਨੀ ਦਿਲੀ ਦੀ ਹਵਾ ਗੁਣਵੱਤਾ ਬਾਰੇ ਫਿਕਰਮੰਦੀ ਜ਼ਾਹਰ ਕੀਤੀ ਜਾਂਦੀ ਹੈ, ਪਰ ਬਾਵਜੂਦ ਸਖ਼ਤ ਕਾਨੂੰਨ ਦੇ ਹਵਾ ਪ੍ਰਦੂਸ਼ਨ ਨੂੰ ਕਾਬੂ ਕਰਨ ਲਈ ਯਤਨ ਕਰਨ ਦੀ ਬਜਾਏ ਸਿਰਫ਼ ਸਿਆਸੀ ਲਾਹਾ ਲੈਣ ਦਾ ਯਤਨ ਹੁੰਦਾ ਹੈ।

ਪ੍ਰਦੂਸ਼ਨ ਨੂੰ ਮਨੁੱਖ ਜਾਤੀ ਅਤੇ ਸਮੁੱਚੀ ਪ੍ਰਕਿਰਤੀ ਅਤੇ ਜੀਵ ਜੰਤੂਆਂ ਦੀ ਸੁਰੱਖਿਆ ਲਈ ਸਰਕਾਰੀ ਹੰਭਲਿਆਂ ਦੇ ਨਾਲ-ਨਾਲ ਜਨਤਕ ਯਤਨ ਹੋਣੇ ਜ਼ਰੂਰੀ ਹਨ। ਇਲੈਕਟ੍ਰੋਨਿਕ ਵਾਹਣ ਅਤੇ ਸੂਰਜੀ ਯੰਤਰਾਂ ਦੀ ਵਰਤੋਂ 'ਚ ਪਹਿਲ ਹੋਵੇ। ਬਿਜਲੀ ਬਨਾਉਣ ਲਈ ਸੂਰਜੀ ਸ਼ਕਤੀ ਦੀ ਵਰਤੋਂ ਹੋਵੇ। ਏ.ਸੀ. ਯੰਤਰਾਂ ਦੀ ਵਰਤੋਂ ਘੱਟ ਹੋਵੇ। ਉਦਯੋਗਾਂ ਤੋਂ ਨਿਕਲਦੇ ਰਸਾਇਣਾਂ ਨੂੰ ਸੋਧ ਕੇ ਹੀ ਨਦੀਆਂ ਨਾਲਿਆਂ 'ਚ ਪਾਇਆ ਜਾਵੇ। ਖਾਦਾਂ, ਕੀਟਨਾਸ਼ਕਾਂ ਦੀ ਵਰਤੋਂ ਬੰਦ ਕਰਕੇ ਕੁਦਰਤੀ ਖੇਤੀ ਵੱਲ ਧਿਆਨ ਕੇਂਦਰਤ ਹੋਵੇ। ਪ੍ਰਕਾਸ਼ ਸਰੋਤ ਇਸ ਢੰਗ ਨਾਲ ਲਗਾਏ ਜਾਣ ਕਿ ਆਸਪਾਸ ਦੇ ਖੇਤਰਾਂ 'ਚ ਰੌਸ਼ਨੀ ਨਾ ਫੈਲੇ। ਕਚਰੇ, ਪਲਾਸਟਿਕ ਦੇ ਉੱਤੇ ਪਾਬੰਦੀ ਲੱਗੇ। ਇਸੇ ਤਰਾਂ ਹੀ ਕੁਝ ਵਿਸ਼ੇਸ਼ ਯਤਨਾਂ ਦੇ ਜ਼ਰੀਏ ਅਸੀਂ ਆਪਣੇ ਆਪ ਨੂੰ ਅਤੇ ਆਪਣੇ ਵਾਤਾਵਰਣ ਨੂੰ ਪ੍ਰਦੂਸ਼ਨ ਦੇ ਭੈੜੇ ਅਸਰਾਂ ਅਤੇ ਜ਼ਹਿਰਾਂ ਤੋਂ ਬਚਾ ਸਕਦੇ ਹਾਂ। ਇਸ ਸਬੰਧੀ ਆਲਮੀ ਪੱਧਰ ਉੱਤੇ ਉਹਨਾਂ ਦੇਸ਼ਾਂ, ਜਿਹੜੇ ਵੱਧ ਪ੍ਰਦੂਸ਼ਨ ਅਤੇ ਕਚਰਾ ਪੈਦਾ ਕਰਦੇ ਹਨ, ਉਹਨਾਂ ਨੂੰ ਮਜ਼ਬੂਰ ਕਰਨ ਦੀ ਲੋੜ ਹੈ ਕਿ ਉਹ ਪ੍ਰਭਾਵਿਤ ਗਰੀਬ ਮੁਲਕਾਂ ਨੂੰ ਪ੍ਰਦੂਸ਼ਨ ਮੁਕਤ ਹੋਣ ਲਈ ਮਾਇਕ ਸਹਾਇਤਾ ਅਤੇ ਸਹਿਯੋਗ ਦੇਣ।


www.malwatires.ca
NOW OPEN AT
MALWA
TIRES & SERVICES LTD
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

HOMELIFE
HIGHER STANDARDS

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

HOMELIFE
HIGHER STANDARDS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton



# ਅਲਬਰਟਾ ਸੌਵੇਰਨਿਟੀ ਕਾਨੂੰਨ-ਕੈਨੇਡਾ ਦੇ ਫੈਡਰਲ ਢਾਂਚੇ ਨੂੰ ਚੁਣੌਤੀ

ਅਲਬਰਟਾ ਦੀ ਸੱਤਾਧਾਰੀ ਯੂਸੀਪੀ ਪਾਰਟੀ ਦੀ ਪ੍ਰੀਮੀਅਰ ਡੇਨੀਅਲ ਸਮਿੱਥ ਵੱਲੋਂ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਇਸ ਕਾਨੂੰਨ ਸੰਬੰਧੀ ਵਿਧਾਨ ਸਭਾ ਵਿੱਚ 29 ਨਵੰਬਰ 2022 ਨੂੰ ਇਹ ਬਿਲ ਪੇਸ਼ ਕੀਤਾ ਗਿਆ। ਇਸ ਬਿੱਲ ਨੂੰ " Alberta Sovereignty With In United Canada Act" ਭਾਵ "ਸਯੁੰਕਤ ਕੈਨੇਡਾ ਅੰਦਰ ਅਲਬਰਟਾ ਪ੍ਰਭੂਸੱਤਾ ਐਕਟ" ਦਾ ਨਾਮ ਦਿੱਤਾ ਗਿਆ ਅਤੇ ਇਹ ਬਿੱਲ 8 ਦਸੰਬਰ 2022 ਨੂੰ ਸ਼ਾਹੀ ਪ੍ਰਵਾਨਗੀ ਹਾਸਲ ਕਰਕੇ ਕਾਨੂੰਨ ਦਾ ਰੂਪ ਧਾਰਨ ਕਰ ਗਿਆ। ਬਿੱਲ ਪੇਸ਼ ਕਰਨ ਸਮੇਂ ਸਰਕਾਰ ਦਾ ਤਰਕ ਸੀ ਕਿ ਇਹ ਕਾਨੂੰਨ ਅਲਬਰਟਾ ਦੇ ਹਿੱਤਾਂ ਦੀ ਰਾਖੀ ਲਈ ਬਹੁਤ ਜ਼ਰੂਰੀ ਹੈ। ਇਸ ਕਾਨੂੰਨ ਦੇ ਲਾਗੂ ਹੋ ਜਾਣ ਨਾਲ ਅਲਬਰਟਾ ਨੂੰ ਆਪਣੇ ਕੁਦਰਤੀ ਸੋਮਿਆਂ, ਗੰਨ ਕੰਟਰੋਲ,ਖੇਤੀਬਾੜੀ, ਮਹਾਂਮਾਰੀ ਫੈਲਣ ਤੇ ਪਾਬੰਦੀਆਂ ਲਗਾਉਣ ਅਤੇ ਸਿੱਖਿਆ ਆਦਿ ਵੱਖ-ਵੱਖ ਖੇਤਰਾਂ ਵਿਚ ਫੈਡਰਲ ਸਰਕਾਰ ਵੱਲੋਂ ਬਣਾਏ ਗਏ, ਸੂਬੇ ਨੂੰ ਨੁਕਸਾਨ ਪਹੁੰਚਾਉਣ ਅਤੇ ਗੈਰ-ਸੰਵਿਧਾਨਿਕ ਲੱਗਣ ਵਾਲੇ ਕਾਨੂੰਨਾਂ ਅਤੇ ਪਾਲਸੀਆਂ ਕਾਰਨ ਆਰਥਿਕ ਉਨਤੀ ਵਿਚ ਰੁਕਾਵਟ ਪਾਉਣ ਤੋਂ ਸੁਰੱਖਿਅਤ ਕਰੇਗਾ।

ਅਮਲੀ ਤੌਰ 'ਤੇ ਇਸ ਕਾਨੂੰਨ ਦੀ ਮਦਦ ਨਾਲ ਅਲਬਰਟਾ ਦੀ ਸਰਕਾਰ ਨੇ ਸੂਬੇ ਵਿੱਚ ਫੈਡਰਲ ਕਾਰਬਨ ਟੈਕਸ, ਬਿੱਲ 3-48 ਅਤੇ 3-69 ਤਹਿਤ ਤੇਲ ਪਾਈਪ ਵਿਛਾਉਣ ਉਪਰ ਰੋਕ ਲਗਾਉਣ ਅਤੇ ਊਰਜਾ ਖੇਤਰ ਵਿੱਚ ਲੱਗਣ ਵਾਲੀਆਂ ਪਾਬੰਦੀਆਂ ਆਦਿ ਜਿਹੇ ਫੈਡਰਲ ਕਾਨੂੰਨਾਂ ਨੂੰ ਲਾਗੂ ਨਾ ਕਰਨ ਦਾ ਅਧਿਕਾਰ ਹਾਸਲ ਕਰ ਲਿਆ ਪ੍ਰਤੀਤ ਹੁੰਦਾ ਹੈ। ਸਿਆਸੀ ਮਾਹਿਰਾਂ ਮੁਤਾਬਕ ਇਸ ਬਿੱਲ ਨੂੰ ਅਲਬਰਟਾ ਦੇ ਇਤਿਹਾਸ ਦਾ ਸਭ ਤੋਂ ਮਾੜਾ ਬਿੱਲ ਕਿਹਾ ਜਾ ਰਿਹਾ ਹੈ। ਬਿੱਲ ਦੇ ਮੁਢਲੇ ਮਸੌਦੇ ਵਿੱਚ ਇਹ ਅੰਕਤ ਕੀਤਾ ਗਿਆ ਸੀ ਕਿ ਅਲਬਰਟਾ ਸਰਕਾਰ ਦੇ ਮੰਤਰੀ ਮੰਡਲ ਨੂੰ ਵਿਧਾਨ ਸਭਾ ਦੀ ਸਥਾਪਤ ਪ੍ਰਕ੍ਰਿਆ ਤੋਂ ਬਿਨ੍ਹਾਂ ਹੀ ਆਪਣੀ ਮਰਜ਼ੀ ਨਾਲ ਨਵੇਂ ਕਾਨੂੰਨ ਬਣਾਉਣ ਜਾਂ ਪਹਿਲਾਂ ਲਾਗੂ ਕਾਨੂੰਨਾਂ ਵਿਚ ਸੋਧ ਕਰਨ ਦੀਆਂ ਤਾਨਾਸ਼ਾਹੀ ਸ਼ਕਤੀਆਂ ਹਾਸਲ ਹੋ ਜਾਣਗੀਆਂ, ਪਰ ਬਾਅਦ ਵਿੱਚ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਐਨ ਡੀ ਪੀ, ਮੀਡੀਆ, ਵੱਖ-ਵੱਖ ਸਿਆਸੀ ਅਤੇ ਕਾਨੂੰਨੀ ਮਾਹਿਰਾਂ ਵੱਲੋਂ ਕਰੜੀ ਅਲੋਚਨਾ ਕੀਤੇ ਜਾਣ ਤੋਂ ਬਾਅਦ ਬਿਲ ਵਿੱਚੋਂ ਇਸ ਮਦ ਨੂੰ ਸਰਕਾਰ ਵੱਲੋਂ ਬਾਹਰ ਕਰ ਦਿੱਤਾ ਗਿਆ। ਪਰ ਅਜੇ ਵੀ ਪ੍ਰੀਮੀਅਰ ਸਮੇਤ ਸਾਰੇ ਮੰਤਰੀਆਂ ਕੋਲ ਇਹ ਅਖਤਿਆਰ ਹਾਸਲ ਨੇ ਕਿ ਉਹ ਸੁਬਾਈ ਅਧਿਕਾਰ ਖੇਤਰ ਦੀਆਂ ਸੰਸਥਾਵਾਂ/ਸੰਗਠਨਾਂ ਨੂੰ ਫੈਡਰਲ ਕਾਨੂੰਨ ਲਾਗੂ ਨਾਂ ਕਰਨ ਸੰਬੰਧੀ ਹੁਕਮ ਜਾਰੀ ਕਰ ਸਕਣਗੇ ।

ਜ਼ਿਕਰਯੋਗ ਹੈ ਕਿ Alberta Sovereignty Act ਡੇਨੀਅਲ ਸਮਿੱਥ ਦੀ ਲੀਡਰਸ਼ਿਪ ਚੋਣ ਮੁਹਿੰਮ ਪਲੇਟਫਾਰਮ ਦਾ ਅਹਿਮ ਅਤੇ ਪ੍ਰਮੁੱਖ ਨੁਕਤਾ ਸੀ। ਇਸੇ ਕਰਕੇ ਸੂਬੇ ਦੇ ਧੁਰ ਸੱਜੇ ਪੱਖੀ ਤੇ ਕਥਿਤ ਤੌਰ ਤੇ ਅਲਬਰਟਾ ਲਈ ਖੁਦਮੁਖਤਿਆਰੀ ਦੀ ਮੰਗ ਕਰਨ ਵਾਲੇ ਯੂ ਸੀ ਪੀ ਦੇ ਮੈਂਬਰਾਂ ਦਾ ਖੁੱਲ੍ਹਾ ਸਮਰਥਨ ਮਿਲਣ ਕਰਕੇ ਹੀ ਉਹ ਲੀਡਰਸ਼ਿਪ ਚੋਣ ਜਿੱਤਣ ਵਿੱਚ ਕਾਮਯਾਬ ਹੋ ਸਕੀ ਸੀ। ਭਾਵੇਂਕਿ ਡੇਨੀਅਲ ਸਮਿੱਥ ਨੂੰ ਸਮਰਥਨ ਦੇਣ ਵਾਲੇ ਇਹਨਾਂ ਯੂ ਸੀ ਪੀ ਮੈਂਬਰਾਂ ਦੀ ਗਿਣਤੀ ਸੂਬੇ ਦੀ ਕੁੱਲ ਅਬਾਦੀ ਦਾ ਮਾਤਰ ਲਗਭਗ ਇੱਕ ਪ੍ਰਤੀਸ਼ਤ ਹੀ ਬਣਦੀ ਹੈ, ਪਰ ਏਨੇ ਕੁ ਸਮਰਥਨ ਨਾਲ ਡੇਨੀਅਲ ਸਮਿੱਥ ਬਾਕੀ ਦੇ ਲੀਡਰਸ਼ਿਪ ਚੋਣ ਲੜਨ ਵਾਲੇ 6 ਉਮੀਦਵਾਰਾਂ ਨੂੰ ਮਾਤ ਦੇਣ ਵਿੱਚ ਕਾਮਯਾਬ ਹੋ ਗਈ। ਆਪਣੀ ਚੋਣ ਮੁਹਿੰਮ ਦੌਰਾਨ ਡੇਨੀਅਲ ਸਮਿੱਥ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਪ੍ਰੀਮੀਅਰ ਬਣਨ ਸਾਰ ਹੀ ਵਿਧਾਨ ਸਭਾ ਵਿੱਚ ਇਸ ਕਾਨੂੰਨ ਸਬੰਧੀ ਪਹਿਲਾ ਬਿੱਲ ਲੈ ਕੇ ਆਵੇਗੀ। ਲੀਡਰਸ਼ਿਪ ਚੋਣ ਲੜਨ ਵਾਲੇ ਬਾਕੀ ਛੇ ਵਿੱਚੋਂ ਪੰਜ ਉਮੀਦਵਾਰਾਂ ਨੇ ਇਸ ਕਾਨੂੰਨ ਦੀ ਕਰੜੀ ਅਲੋਚਨਾ ਕੀਤੀ ਸੀ, ਇੱਥੋਂ ਤੱਕ ਕਿ ਇਨ੍ਹਾਂ ਵਿੱਚੋਂ ਚਾਰ ਉਮੀਦਵਾਰਾਂ ਜਿਨ੍ਹਾਂ ਵਿਚ ਬਰਾਇਨ ਜੀਨ, ਰਾਜਨ ਸਾਹਨੀ, ਟਰੇਵਸ ਟੇਵਜ ਅਤੇ ਲੀਲਾ ਅਹੀਰ ਵੱਲੋਂ ਤਾਂ ਇੱਕ ਵਿਸ਼ੇਸ਼ ਪ੍ਰੈੱਸ ਕਾਨਫਰੰਸ ਦਾ ਆਯੋਜਨ ਕਰਕੇ ਇਸ ਕਾਨੂੰਨ ਨੂੰ ਬਹੁਤ ਹੀ ਖ਼ਤਰਨਾਕ ਕਿਹਾ ਗਿਆ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਐਲਬਰਟਾ ਦਾ ਕੋਈ ਵੀ ਕਾਨੂੰਨ ਫੈਡਰਲ ਸਰਕਾਰ ਦੇ ਅਧਿਕਾਰ ਖੇਤਰ ਅਧੀਨ ਕੰਟਰੋਲ ਨੂੰ ਨਹੀਂ ਰੋਕ ਸਕੇਗਾ। ਉਸ ਸਮੇਂ ਅਹੁਦਾ ਛੱਡ ਰਹੇ ਸਾਬਕਾ ਪ੍ਰੀਮੀਅਰ ਜੇਸਨ ਕੇਨੀ ਨੇ ਵੀ ਅਜਿਹਾ ਬਿੱਲ ਲਿਆਉਣ ਦੇ ਵਿਚਾਰ ਦੀ ਨਿੰਦਾ ਕੀਤੀ ਸੀ ਤੇ ਕਾਨੂੰਨ ਦੇ ਰਾਜ ਨੂੰ ਸਿੱਧੀ ਚੁਣੌਤੀ ਕਰਾਰ ਦਿੱਤਾ ਸੀ।







